27-DEC-PAGE-1.qxd 12/26/2023 10:24 PM Page 1

ਬੁੱਧਵਾਰ, 27 ਦਸੰਬਰ, 2023

12 ਪੋਹ { ਨਾਨਕਸ਼ਾਹੀ 555 / ਬਿਕਰਮੀ 2080

ਜਿਲਦ/VOL. : 72

ਅੰਕ/NO. : 207

# ਨਵਾਂ ਜ਼ਮਾਨਾ

DAILY NAWAN ZAMANA • WEDNESDAY, 27 DECEMBER, 2023

ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

YouTube nawan zamana TV

ਕੀਮਤ/PRICE : 5.00 ਰੁਪਏ   Regd. No : Pb/JL-123/2021-23, (R.N.I.)-00068/57   E-mail : nawanzamana@gmail.com   www.nawanzamana.in   ਸਫ਼ੇ : 12

## ਭਲਕ ਤੱਕ ਸੀਤ ਲਹਿਰ

**ਚੰਡੀਗੜ੍ਹ :** ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਦੇ ਮੌਸਮ ਵਿਗਿਆਨੀ ਡਾ. ਰਾਜ ਕੁਮਾਰ ਪਾਲ ਮੁਤਾਬਕ 28 ਦਸੰਬਰ ਤੱਕ ਸੀਤ ਲਹਿਰ ਚੱਲਣ ਦੀ ਸੰਭਾਵਨਾ ਹੈ। ਵੱਧ ਤੋਂ ਵੱਧ ਤਾਪਮਾਨ 22-23 ਅਤੇ ਘੱਟ ਤੋਂ ਘੱਟ ਤਾਪਮਾਨ 3 ਡਿਗਰੀ ਸੈਲਸੀਅਸ ਦੇ ਵਿਚਕਾਰ ਰਹਿਣ ਦਾ ਅਨੁਮਾਨ ਹੈ। ਯੂਨੀਵਰਸਿਟੀ ਦੇ ਮੌਸਮ ਵਿਭਾਗ ਵੱਲੋਂ ਜਾਰੀ ਰਿਪੋਰਟ ਮੁਤਾਬਕ ਅੰਮ੍ਰਿਤਸਰ, ਤਰਨ ਤਾਰਨ, ਕਪੂਰਥਲਾ, ਲੁਧਿਆਣਾ, ਪਟਿਆਲਾ 'ਚ ਸੰਘਣੀ ਧੁੰਦ ਲਗਾਤਾਰ 4 ਦਿਨ ਪੈਣ ਦੀਆਂ ਸੰਭਾਵਨਾਵਾਂ ਹਨ, ਜਦੋਂ ਕਿ ਮਾਨਸਾ, ਮੋਗਾ, ਬਠਿੰਡਾ, ਬਰਨਾਲਾ, ਸੰਗਰੂਰ, ਫਾਜ਼ਿਲਕਾ, ਫਰੀਦਕੋਟ, ਮੁਕਤਸਰ, ਫਿਰੋਜ਼ਪੁਰ 'ਚ ਸੀਤ ਲਹਿਰ ਦੇ ਨਾਲ-ਨਾਲ ਸੰਘਣੀ ਧੁੰਦ ਲਗਾਤਾਰ ਪੰਜ ਦਿਨ ਪੈਣ ਦੀਆਂ ਰਿਪੋਰਟਾਂ ਹਨ।

## ਕਿਸ਼ਤਵਾੜ ਤੇ ਲੇਹ 'ਚ ਭੁਚਾਲ

**ਜੰਮੂ :** ਲੱਦਾਖ ਅਤੇ ਜੰਮੂ-ਕਸ਼ਮੀਰ 'ਚ ਮੰਗਲਵਾਰ ਭੁਚਾਲ ਦੇ ਝਟਕੇ ਮਹਿਸੂਸ ਕੀਤੇ ਗਏ। ਕਿਸੇ ਤਰ੍ਹਾਂ ਦੇ ਨੁਕਸਾਨ ਦੀ ਖਬਰ ਨਹੀਂ ਹੈ। ਭੁਚਾਲ ਦਾ ਕੇਂਦਰ ਲੱਦਾਖ ਦੇ ਲੇਹ ਜ਼ਿਲ੍ਹੇ ਅਤੇ ਜੰਮੂ-ਕਸ਼ਮੀਰ ਦੇ ਕਿਸ਼ਤਵਾੜ ਜ਼ਿਲ੍ਹੇ 'ਚ ਸੀ। ਲੱਦਾਖ 'ਚ ਸਵੇਰੇ 4.33 ਵਜੇ 4.5 ਦੀ ਗਤੀ ਨਾਲ ਭੁਚਾਲ ਆਇਆ। ਭੁਚਾਲ ਦੀ ਗਹਿਰਾਈ ਧਰਤੀ ਦੀ ਸਤਹਿ ਤੋਂ ਪੰਜ ਕਿਲੋਮੀਟਰ ਹੇਠਾਂ ਸੀ। ਤੜਕੇ ਆਏ ਭੁਚਾਲ ਕਾਰਨ ਕਾਰਗਿਲ ਅਤੇ ਲੇਹ ਦੋਵੇਂ ਜ਼ਿਲ੍ਹਿਆਂ ਦੇ ਲੋਕ ਘਬਰਾ ਗਏ।

## ਥਾਰ ਦਰਿਆ 'ਚ ਠੇਲ੍ਹ ਕੇ ਕਰਵਾਇਆ ਚਲਾਨ



**ਮਨਾਲੀ :** ਗੱਡੀਆਂ ਦੇ ਲੰਬੇ ਜਾਮ ਨੂੰ ਦੇਖਦਿਆਂ ਇਕ ਸੈਲਾਨੀ ਨੇ ਲਾਹੌਲ-ਸਪਿਤੀ ਵਿਚ ਆਪਣੀ ਥਾਰ ਦਰਿਆ ਚੰਦਰ 'ਚ ਠੇਲ੍ਹ ਦਿੱਤੀ। ਲਾਹੌਲ-ਸਪਿਤੀ ਦੇ ਐੱਸ ਪੀ ਮਯੰਕ ਚੌਧਰੀ ਨੇ ਕਿਹਾ ਕਿ ਉਸ ਦਾ ਚਲਾਨ ਕਰ ਦਿੱਤਾ ਗਿਆ ਹੈ ਤੇ ਉਸ ਥਾਂ 'ਤੇ ਪੁਲਸ ਤਾਇਨਾਤ ਕਰ ਦਿੱਤੀ ਗਈ ਹੈ, ਤਾਂ ਜੋ ਕੋਈ ਹੋਰ ਅਜਿਹੀ ਹਰਕਤ ਨਾ ਕਰੇ।

## ਆਰਾਮ ਫਰਮਾਉਂਦਾ ਸ਼ੇਰ

**ਪੀਲੀਭੀਤ :** ਯੂ ਪੀ ਦੇ ਪੀਲੀਭੀਤ 'ਚ ਸ਼ੇਰਾਂ ਦੀ ਪਨਾਹਗਾਹ ਤੋਂ ਭਟਕ ਕੇ ਸ਼ੇਰ ਅਟਕੋਨਾ ਪਿੰਡ ਪੁੱਜ ਗਿਆ। ਗੁਰਦੁਆਰੇ ਦੀ ਕੰਧ 'ਤੇ ਆਰਾਮ ਕਰਦੇ ਸ਼ੇਰ ਨੂੰ ਦੇਖਣ ਲਈ ਕਾਫੀ ਲੋਕ ਇਕੱਠੇ ਹੋ ਗਏ। ਲੋਕਾਂ ਨੂੰ ਕਿਸੇ ਕਿਸਮ ਦੇ ਨੁਕਸਾਨ ਤੋਂ ਬਚਾਉਣ ਲਈ ਪੁਲਸ ਤੇ ਜੰਗਲਾਤ ਵਿਭਾਗ ਵਾਲੇ ਪੁੱਜ ਗਏ ਸਨ।



## ਇਜ਼ਰਾਈਲੀ ਹਮਲੇ 'ਚ ਈਰਾਨੀ ਜਰਨੈਲ ਦੀ ਮੌਤ

**ਬੈਰੂਤ :** ਸੀਰੀਆ ਦੀ ਰਾਜਧਾਨੀ ਦਮਿਸ਼ਕ ਦੇ ਗੁਆਂਢ 'ਚ ਸੋਮਵਾਰ ਇਜ਼ਰਾਈਲੀ ਹਵਾਈ ਹਮਲੇ 'ਚ ਈਰਾਨ ਦੇ ਜਨਰਲ ਦੀ ਮੌਤ ਹੋ ਗਈ। ਸਈਅਦ ਰਾਜ਼ੀ ਮੌਸਾਵੀ ਸੀਰੀਆ 'ਚ ਈਰਾਨ ਦੇ ਅਰਧ ਸੈਨਿਕ ਬਲ 'ਰੇਵੋਲਿਊਸ਼ਨਰੀ ਗਾਰਡ' 'ਚ ਲੰਬੇ ਸਮੇਂ ਤੋਂ ਸਲਾਹਕਾਰ ਚਲੇ ਆ ਰਹੇ ਸਨ।

## ਸਵੀਰਾ ਪ੍ਰਕਾਸ਼ ਨਿੱਤਰੀ ਚੋਣ ਮੈਦਾਨ 'ਚ



**ਇਸਲਾਮਾਬਾਦ :** ਖੈਬਰ ਪਖਤੂਨਖਵਾ ਸੂਬੇ ਵਿਚ ਸਵੀਰਾ ਪ੍ਰਕਾਸ਼ ਨੇ ਬੁਨੇਰ ਜ਼ਿਲ੍ਹੇ ਦੇ ਜਨਰਲ ਹਲਕੇ ਪੀ ਕੇ-25 ਤੋਂ ਕੌਮੀ ਅਸੰਬਲੀ ਦੀ ਚੋਣ ਲਈ ਨਾਮਜ਼ਦਗੀ ਕਾਗਜ਼ ਦਾਖਲ ਕੀਤੇ ਹਨ। ਉਸ ਨੂੰ ਆਸ ਹੈ ਕਿ ਪਾਕਿਸਤਾਨ ਪੀਪਲਜ਼ ਪਾਰਟੀ ਉਸ ਨੂੰ ਟਿਕਟ ਦੇਵੇਗੀ। ਉਸ ਦੇ ਪਿਤਾ ਓਮ ਪ੍ਰਕਾਸ਼ ਰਿਟਾਇਰਡ ਡਾਕਟਰ ਹਨ ਤੇ 35 ਸਾਲ ਤੋਂ ਪਾਕਿਸਤਾਨ ਪੀਪਲਜ਼ ਪਾਰਟੀ ਦੇ ਮੈਂਬਰ ਚਲੇ ਆ ਰਹੇ ਹਨ। ਸਵੀਰਾ ਬੁਨੇਰ ਜ਼ਿਲ੍ਹੇ ਤੋਂ ਚੋਣ ਲੜਨ ਵਾਲੀ ਪਹਿਲੀ ਬੀਬੀ ਦੱਸੀ ਜਾ ਰਹੀ ਹੈ। ਉਸ ਨੇ ਐਬਟਾਬਾਦ ਦੇ ਇੰਟਰਨੈਸ਼ਨਲ ਮੈਡੀਕਲ ਕਾਲਜ ਤੋਂ 2022 ਵਿਚ ਗ੍ਰੈਜੂਏਸ਼ਨ ਕੀਤੀ ਸੀ। ਉਹ ਬੁਨੇਰ ਵਿਚ ਪਾਕਿਸਤਾਨ ਪੀਪਲਜ਼ ਪਾਰਟੀ ਦੇ ਮਹਿਲਾ ਵਿੰਗ ਦੀ ਜਨਰਲ ਸਕੱਤਰ ਹੈ। ਚੋਣਾਂ 8 ਫਰਵਰੀ ਨੂੰ ਹੋ ਰਹੀਆਂ ਹਨ।

# ਹਿਮਾਚਲ ਦੇ ਡੀ ਜੀ ਤੇ ਕਾਂਗੜਾ ਦੀ ਐੱਸ ਪੀ ਨੂੰ ਬਦਲਣ ਦੇ ਹੁਕਮ

### ਬਿਜ਼ਨਸਮੈਨ ਦੀ ਸ਼ਿਕਾਇਤ 'ਤੇ ਹਾਈ ਕੋਰਟ ਸਖਤ



**ਸ਼ਿਮਲਾ :** ਹਿਮਾਚਲ ਹਾਈ ਕੋਰਟ ਨੇ ਮੰਗਲਵਾਰ ਸਰਕਾਰ ਨੂੰ ਹਦਾਇਤ ਕੀਤੀ ਕਿ ਉਹ ਡੀ ਜੀ ਪੀ ਸੰਜੇ ਕੁੰਡੂ ਤੇ ਕਾਂਗੜਾ ਦੀ ਐੱਸ ਪੀ ਸ਼ਾਲਿਨੀ ਅਗਨੀਹੋਤਰੀ ਨੂੰ ਕਿਤੇ ਹੋਰ ਬਦਲ ਦੇਵੇ, ਤਾਂ ਜੋ ਉਹ ਕਾਂਗੜਾ ਦੇ ਬਿਜ਼ਨਸਮੈਨ ਨੂੰ ਕਥਿਤ ਤੌਰ 'ਤੇ ਪ੍ਰੇਸ਼ਾਨ ਕਰਨ ਦੀ ਪੁਲਸ ਜਾਂਚ ਨੂੰ ਪ੍ਰਭਾਵਤ ਨਾ ਕਰ ਸਕਣ।

ਬਿਜ਼ਨਸਮੈਨ ਵੱਲੋਂ ਕੀਤੀ ਗਈ ਸ਼ਿਕਾਇਤ 'ਤੇ ਚੀਫ ਜਸਟਿਸ ਐੱਮ ਐੱਸ ਰਾਮਚੰਦਰ ਰਾਓ ਤੇ ਜਸਟਿਸ ਜਿਓਤਸਨਾ ਰੇਵਾਲ ਦੂਆ ਦੀ ਡਬਲ ਬੈਂਚ ਨੇ 17 ਸਫਿਆਂ ਦਾ ਹੁਕਮ ਜਾਰੀ ਕੀਤਾ ਹੈ। ਬੈਂਚ ਨੇ ਇਸ ਦੇ ਨਾਲ ਹੀ ਸਪੱਸ਼ਟ ਕੀਤਾ ਕਿ ਉਹ ਕੇਸ ਦੇ ਗੁਣ-ਔਗੁਣ ਬਾਰੇ ਰਾਇ ਨਹੀਂ ਦੇ ਰਹੀ, ਕਿਉਂਕਿ ਜਾਂਚ ਮੁਕੰਮਲ ਨਹੀਂ ਹੋਈ। ਬੈਂਚ ਨੇ ਕਿਹਾ ਕਿ ਉਸ ਦੀ ਰਾਇ ਹੈ ਕਿ ਐੱਫ ਆਈ ਆਰ ਦੀ ਨਿਰਪੱਖ ਜਾਂਚ ਲਈ ਡੀ ਜੀ ਪੀ ਤੇ ਐੱਸ ਪੀ ਨੂੰ ਜ਼ਰੂਰ ਬਦਲਣਾ ਚਾਹੀਦਾ ਹੈ। ਬੈਂਚ ਨੇ ਗ੍ਰਹਿ ਸਕੱਤਰ ਨੂੰ ਇਨ੍ਹਾਂ ਦੀ ਕਿਤੇ ਹੋਰ ਪੋਸਟਿੰਗ ਕਰਨ ਦੀ ਹਦਾਇਤ ਕੀਤੀ ਹੈ।

ਬਿਜ਼ਨਸਮੈਨ ਨਿਸ਼ਾਂਤ ਸ਼ਰਮਾ ਨੇ ਹਾਈ ਕੋਰਟ ਨੂੰ ਮੇਲ ਕਰਕੇ ਕਿਹਾ ਸੀ ਕਿ ਉਸ ਨੂੰ ਤੇ ਉਸ ਦੇ ਪਰਵਾਰ ਨੂੰ ਜਾਨ ਦਾ ਖਤਰਾ ਹੈ, ਕਿਉਂਕਿ ਉਸ 'ਤੇ ਹਰਿਆਣਾ ਦੇ ਗੁਰੂਗਰਾਮ ਤੇ ਮੈਕਲਿਓਡਗੰਜ ਵਿਚ ਹਮਲਾ ਹੋਇਆ ਹੈ। ਉਸ ਨੂੰ ਬਾਰਸੂਖ ਬੰਦਿਆਂ ਤੋਂ ਖਤਰਾ ਹੈ, ਇਸ ਕਰਕੇ ਉਸ ਦੀ ਸੁਰੱਖਿਆ ਕੀਤੀ ਜਾਵੇ। ਹਾਈ ਕੋਰਟ ਨੇ ਸ਼ਿਕਾਇਤ ਦਾ ਨੋਟਿਸ ਲੈਂਦਿਆਂ ਪਹਿਲਾਂ ਸ਼ਿਮਲਾ ਤੇ ਕਾਂਗੜਾ ਜ਼ਿਲ੍ਹਿਆਂ ਦੇ ਪੁਲਸ ਕਪਤਾਨਾਂ ਤੋਂ ਰਿਪੋਰਟ ਮੰਗੀ ਸੀ। ਡੀ ਜੀ ਪੀ ਕੁੰਡੂ ਨੇ ਨਿਸ਼ਾਂਤ ਸ਼ਰਮਾ ਖਿਲਾਫ ਇਹ ਦੋਸ਼ ਲਾਉਂਦਿਆਂ ਐੱਫ ਆਈ ਆਰ ਦਰਜ ਕਰਾਈ ਹੈ ਕਿ ਉਸ ਨੇ ਸ਼ਿਕਾਇਤ ਵਿਚ ਉਸ ਦਾ ਨਾਂਅ ਘੜੀਸ ਕੇ ਉਸ ਨੂੰ ਬਦਨਾਮ ਕਰਨ ਦੀ ਕੋਸ਼ਿਸ਼ ਕੀਤੀ ਹੈ।

## ਮਾਇਆਵਤੀ 'ਤੇ 'ਇੰਡੀਆ' ਨਾਲ ਰਲਣ ਦਾ ਅੰਦਰੂਨੀ ਦਬਾਅ



**ਨਵੀਂ ਦਿੱਲੀ :** ਬਸਪਾ ਪ੍ਰਧਾਨ ਮਾਇਆਵਤੀ ਨੇ ਆਪੋਜ਼ੀਸ਼ਨ ਪਾਰਟੀਆਂ ਦੇ ਗੱਠਜੋੜ 'ਇੰਡੀਆ' ਅਤੇ ਹੁਕਮਰਾਨ ਗੱਠਜੋੜ ਐੱਨ ਡੀ ਏ ਤੋਂ ਦੂਰੀ ਬਣਾਈ ਹੋਈ ਹੈ, ਪਰ ਪਾਰਟੀ ਦਾ ਇਕ ਧੜਾ ਇੰਡੀਆ ਨਾਲ ਜੁੜਨਾ ਚਾਹੁੰਦਾ ਹੈ। ਬਸਪਾ ਦੇ ਕੁਝ ਆਗੂ ਮਹਿਸੂਸ ਕਰਦੇ ਹਨ ਕਿ ਰਵਾਇਤੀ ਜਾਟਵ ਦਲਿਤਾਂ ਦੇ ਰਵਾਇਤੀ ਆਧਾਰ ਤੋਂ ਬਾਹਰ ਨਿਕਲ ਕੇ ਦੂਜੇ ਵੋਟਰਾਂ ਨਾਲ ਜੁੜੇਗੀ ਤਾਂ ਹੀ ਇਸ ਦਾ ਭਲਾ ਹੋਵੇਗਾ। ਜੌਨਪੁਰ ਤੋਂ ਸਾਂਸਦ ਸ਼ਿਆਮ ਸਿੰਘ ਯਾਦਵ ਨੇ ਕਿਹਾ ਹੈ ਕਿ ਉਨ੍ਹਾ ਦੀ ਨਿੱਜੀ ਰਾਇ ਹੈ ਕਿ ਬਸਪਾ ਸਣੇ ਸਾਰੀਆਂ ਪਾਰਟੀਆਂ ਭਾਜਪਾ ਖਿਲਾਫ ਇਕਜੁੱਟ ਹੋਣ। ਆਪੋਜ਼ੀਸ਼ਨ ਵੰਡੀ ● ਬਾਕੀ ਸਫ਼ਾ 2 'ਤੇ

## ਅਯੁੱਧਿਆ ਪੁੱਜਣ ਦਾ ਸੱਦਾ ਯੇਚੁਰੀ ਵੱਲੋਂ ਨਾਮਨਜ਼ੂਰ



**ਨਵੀਂ ਦਿੱਲੀ :** ਸੀ ਪੀ ਆਈ (ਐੱਮ) ਦੇ ਜਨਰਲ ਸਕੱਤਰ ਸੀਤਾ ਰਾਮ ਯੇਚੁਰੀ ਨੇ ਅਯੁੱਧਿਆ ਵਿਚ ਰਾਮ ਮੰਦਰ ਦੇ ਉਦਘਾਟਨ 'ਚ ਸ਼ਾਮਲ ਹੋਣ ਦਾ ਸੱਦਾ ਇਹ ਕਹਿੰਦਿਆਂ ਨਾਮਨਜ਼ੂਰ ਕਰ ਦਿੱਤਾ ਹੈ ਕਿ ਧਰਮ ਕਿਸੇ ਦੀ ਨਿੱਜੀ ਪਸੰਦ ਹੈ। ਉਨ੍ਹਾ ਦੀ ਪਾਰਟੀ ਦੀ ਨੀਤੀ ਧਾਰਮਿਕ ਅਕੀਦਿਆਂ ਅਤੇ ਹਰੇਕ ਵਿਅਕਤੀ ਦੀ ਆਪਣੇ ਅਕੀਦੇ ਮੁਤਾਬਕ ਚੱਲਣ ਦਾ ਸਤਿਕਾਰ ਕਰਨ ਦੀ ਹੈ। ਧਰਮ ਨਿੱਜੀ ਪਸੰਦ ਹੈ ਤੇ ਇਸ ਨੂੰ ਸਿਆਸੀ ਲਾਹਾ ਖੱਟਣ ਲਈ ਨਹੀਂ ਵਰਤਣਾ ਚਾਹੀਦਾ। ਪਾਰਟੀ ਦੇ ਪੋਲਿਟ ਬਿਊਰੋ ਨੇ ਇਹ ਵੀ ਕਿਹਾ ਹੈ ਕਿ ਬੇਹੱਦ ਅਫਸੋਸਨਾਕ ਹੈ ਕਿ ਭਾਜਪਾ ਤੇ ਆਰ ਐੱਸ ਐੱਸ ਨੇ ● ਬਾਕੀ ਸਫ਼ਾ 2 'ਤੇ

## ਪਾਕਿ ਨਾਲ ਗੱਲਬਾਤ ਨਾ ਕੀਤੀ ਤਾਂ ਸਾਡਾ ਵੀ ਗਾਜ਼ਾ ਵਾਲਾ ਹਸ਼ਰ ਹੋਣੈ : ਫਾਰੂਕ



**ਸ੍ਰੀਨਗਰ :** ਜੰਮੂ-ਕਸ਼ਮੀਰ ਦੇ ਸਾਬਕਾ ਮੁੱਖ ਮੰਤਰੀ ਤੇ ਨੈਸ਼ਨਲ ਕਾਨਫਰੰਸ ਦੇ ਪ੍ਰਧਾਨ ਡਾ. ਫਾਰੂਕ ਅਬਦੁੱਲਾ ਨੇ ਕਿਹਾ ਹੈ ਕਿ ਭਾਰਤ ਦਾ ਹਸ਼ਰ ਵੀ ਗਾਜ਼ਾ ਤੇ ਫਲਸਤੀਨ ਵਰਗਾ ਹੋ ਸਕਦਾ ਹੈ, ਜੇ ਇਸ ਨੇ ਪਾਕਿਸਤਾਨ ਨਾਲ ਗੱਲਬਾਤ ਰਾਹੀਂ ਜੰਮੂ-ਕਸ਼ਮੀਰ ਮਸਲੇ ਦਾ ਹੱਲ ਨਾ ਲੱਭਿਆ। ਉਨ੍ਹਾ ਕਿਹਾ-ਜੇ ਅਸੀਂ ਆਪਣੇ ਗਵਾਂਢੀ ਨਾਲ ਦੋਸਤਾਨਾ ਰਿਸ਼ਤੇ ਰੱਖਾਂਗੇ ਤਾਂ ਦੋਨੋਂ ਤਰੱਕੀ ਕਰਾਂਗੇ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਉਨ੍ਹਾ ਦੋਹਾਂ ਦੇਸ਼ਾਂ ਦੇ ਆਗੂਆਂ ਨੂੰ ਗੱਲਬਾਤ ਰਾਹੀਂ ਦੁਵੱਲੇ ਮਸਲਿਆਂ ਦਾ ਹੱਲ ਲੱਭਣ ਦਾ ਸੱਦਾ ਦਿੱਤਾ। ਉਨ੍ਹਾ ਕਿਹਾ-ਅੱਟਲ ਬਿਹਾਰੀ ਵਾਜਪਾਈ (ਸਾਬਕਾ ਪ੍ਰਧਾਨ ਮੰਤਰੀ) ਨੇ ਕਿਹਾ ਸੀ ਕਿ ਅਸੀਂ ਦੋਸਤ ਬਦਲ ਸਕਦੇ ਹਾਂ, ਪਰ ਗਵਾਂਢੀ ਨਹੀਂ। ਜੇ ਅਸੀਂ ਗਵਾਂਢੀ ਨਾਲ ਦੋਸਤ ਬਣ ਕੇ ਰਹੇ ਤਾਂ ਦੋਨੋਂ ਤਰੱਕੀ ਕਰਾਂਗੇ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਵੀ ਕਿਹਾ ਸੀ ਕਿ ਜੰਗ ਇਸ ਵੇਲੇ ਬਦਲ ਨਹੀਂ ਤੇ ਮਾਮਲੇ ਗੱਲਬਾਤ ਰਾਹੀਂ ਹੱਲ ਕਰਨੇ ਚਾਹੀਦੇ ਹਨ। ਉਨ੍ਹਾ ਕਿਹਾ-ਗੱਲਬਾਤ ਹੋ ਨਹੀਂ ਰਹੀ। ਨਵਾਜ਼ ਸ਼ਰੀਫ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਬਣਨ ਵਾਲੇ ਹਨ, ਉਹ ਚਿਲਾ-ਚਿਲਾ ਕੇ ਗੱਲਬਾਤ ਕਰਨ ਲਈ ਕਹਿ ਰਹੇ ਹਨ, ਪਰ ਪਤਾ ਨਹੀਂ ਅਸੀਂ ਗੱਲਬਾਤ ਕਰਨ ਲਈ ਕਿਉਂ ਤਿਆਰ ਨਹੀਂ। ਜੇ ਅਸੀਂ ਗੱਲਬਾਤ ਨਾਲ ਹੱਲ ਨਾ ਕੱਢਿਆ ਤਾਂ ਸਾਡਾ ਹਾਲ ਵੀ ਗਾਜ਼ਾ ਤੇ ਫਲਸਤੀਨ ਵਾਲਾ ਹੋਵੇਗਾ, ਜਿਸ 'ਤੇ ਇਜ਼ਰਾਈਲ ਬੰਬ ਵਰ੍ਹਾ ਰਿਹਾ ਹੈ। ਡਾ. ਅਬਦੁੱਲਾ ਨੇ ਇਹ ਬਿਆਨ ਉਦੋਂ ਦਿੱਤਾ ਹੈ, ਜਦੋਂ ਪਿਛਲੇ ਦਿਨੀਂ ਪੁਣਛ ਵਿਚ ਪੰਜ ਜਵਾਨਾਂ ਨੂੰ ਘਾਤ ਲਾ ਕੇ ਮਾਰ ਦਿੱਤਾ ਗਿਆ, ਬਾਰਾਮੂਲਾ ਜ਼ਿਲ੍ਹੇ ਵਿਚ ਇਕ ਮਸਜਿਦ 'ਚ ਸਾਬਕਾ ਐੱਸ ਪੀ ਦੀ ਹੱਤਿਆ ਕਰ ਦਿੱਤੀ ਗਈ ਅਤੇ ਫੌਜ ਵੱਲੋਂ ਪੁੱਛਗਿੱਛ ਦੌਰਾਨ ਤਿੰਨ ਨਾਗਰਿਕ ਮਾਰੇ ਗਏ। ਡਾ. ਅਬਦੁੱਲਾ ਇਸ ਤੋਂ ਪਹਿਲਾਂ ਕਹਿ ਚੁੱਕੇ ਹਨ ਕਿ ਧਾਰਾ 370 ਖਤਮ ਕਰਕੇ ਦਹਿਸ਼ਤਗਰਦੀ ਦਾ ਖਾਤਮਾ ਕਰਨ ਦੇ ਦਾਅਵੇ ਐਵੇਂ ਹੀ ਹਨ, ਕਿਉਂਕਿ ਦਹਿਸ਼ਤਗਰਦੀ ਅਜੇ ਵੀ ਜਾਰੀ ਹੈ ਅਤੇ ਜਵਾਨ, ਅਫਸਰ ਤੇ ਆਮ ਲੋਕ ਮਾਰੇ ਜਾ ਰਹੇ ਹਨ। ਸਮੱਸਿਆ ਨੂੰ ਜੜ੍ਹ ਤੋਂ ਹੱਲ ਕਰਨਾ ਪੈਣਾ। ਕੇਂਦਰ ਸਰਕਾਰ ਨੂੰ ਸਮਝਣਾ ਚਾਹੀਦਾ ਹੈ ਕਿ ਫੌਜੀ ਤੇ ਪੁਲਸ ਕਾਰਵਾਈਆਂ ਨਾਲ ਦਹਿਸ਼ਤਗਰਦੀ ਖਤਮ ਹੋਣ ਵਾਲੀ ਨਹੀਂ।

# ਸ਼ਹੀਦ ਊਧਮ ਸਿੰਘ ਦੇ ਵਾਰਸਾਂ ਨੂੰ ਸਮਾਜਕ ਤੇ ਆਰਥਕ ਨਾਬਰਾਬਰੀ ਖਿਲਾਫ ਉੱਠਣਾ ਚਾਹੀਦਾ : ਜਗਰੂਪ




**ਫਾਜ਼ਿਲਕਾ (ਕ੍ਰਿਸ਼ਨ ਸਿੰਘ/ਰਣਬੀਰ ਕੌਰ ਢਾਬਾਂ)**

ਮੰਗਲਵਾਰ ਇੱਥੇ ਸਰਬ ਭਾਰਤ ਨੌਜਵਾਨ ਸਭਾ ਅਤੇ ਆਲ ਇੰਡੀਆ ਸਟੂਡੈਂਟਸ ਫੈਡਰੇਸ਼ਨ ਵੱਲੋਂ ਰੁਜ਼ਗਾਰ ਪ੍ਰਾਪਤੀ ਮੁਹਿੰਮ ਦੇ ਬੈਨਰ ਹੇਠ ਸ਼ਹੀਦ ਊਧਮ ਸਿੰਘ ਸੁਨਾਮ ਦੇ ਜਨਮ ਦਿਹਾੜੇ ਮੌਕੇ ਰੁਜ਼ਗਾਰ ਪ੍ਰਾਪਤੀ ਲਈ ਬਨੇਗਾ ਲਈ ਸੰਘਰਸ਼, ਹਰ ਇਕ ਲਈ ਮੁਫਤ ਇਲਾਜ ਅਤੇ ਸਿੱਖਿਆ ਅਤੇ ਪੁਰਾਣੀ ਪੈਨਸ਼ਨ ਸਕੀਮ ਦੀ ਬਹਾਲੀ ਆਦਿ ਵਿਸ਼ਿਆਂ 'ਤੇ ਸੈਮੀਨਾਰ ਅਤੇ ਇਨਕਲਾਬੀ ਸੱਭਿਆਚਾਰਕ ਸਮਾਗਮ ਕਰਵਾਇਆ ਗਿਆ, ਜਿਸ ਦੀ ਅਗਵਾਈ ਸਰਬ ਭਾਰਤ ਨੌਜਵਾਨ ਸਭਾ ਦੇ ਸੂਬਾ ਪ੍ਰਧਾਨ ਪਰਮਜੀਤ ਸਿੰਘ ਢਾਬਾਂ, ਜ਼ਿਲ੍ਹਾ ਪ੍ਰਧਾਨ ਹਰਭਜਨ ਛਪੜੀਵਾਲਾ, ਆਲ ਇੰਡੀਆ ਸਟੂਡੈਂਟਸ ਫੈਡਰੇਸ਼ਨ ਦੇ ਸੂਬਾ ਪ੍ਰਧਾਨ ਰਮਨ ਧਰਮੂ ਵਾਲਾ ਨੇ ਕੀਤੀ। ਇਸ ਸਮਾਗਮ ਵਿੱਚ ਰੁਜ਼ਗਾਰ ਪ੍ਰਾਪਤੀ ਮੁਹਿੰਮ ਦੇ ਮੁੱਖ ਸਲਾਹਕਾਰ ਜਗਰੂਪ ਸਿੰਘ, ਫਿਰੋਜ਼ਪੁਰ-ਫਾਜ਼ਿਲਕਾ ਦੇ ਸਲਾਹਕਾਰ ਅਤੇ ਹੰਸ ਰਾਜ ਗੋਲਡਨ, ਸੂਬਾ ਸਕੱਤਰ ਚਰਨਜੀਤ ਸਿੰਘ ਛਾਂਗਾ ਰਾਏ, ● ਬਾਕੀ ਸਫ਼ਾ 2 'ਤੇ

# ਮੁੱਖ ਮੰਤਰੀ ਵੱਲੋਂ ਪਟਿਆਲਾ ਦਾ ਮੁਹਾਂਦਰਾ ਬਦਲਣ ਦਾ ਐਲਾਨ

**ਚੰਡੀਗੜ੍ਹ (ਗੁਰਜੀਤ ਬਿੱਲਾ)**



ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਸੂਬਾ ਸਰਕਾਰ ਆਉਂਦੇ ਦਿਨਾਂ ਵਿੱਚ ਕਰੋੜਾਂ ਰੁਪਏ ਖਰਚ ਕੇ ਪਟਿਆਲਾ ਦੇ ਸਰਬਪੱਖੀ ਵਿਕਾਸ ਨੂੰ ਵੱਡਾ ਹੁਲਾਰਾ ਦੇਵੇਗੀ, ਜਿਸ ਨਾਲ ਸ਼ਾਹੀ ਸ਼ਹਿਰ ਦਾ ਮੁਹਾਂਦਰਾ ਬਦਲਿਆ ਜਾਵੇਗਾ। ਮੁੱਖ ● ਬਾਕੀ ਸਫ਼ਾ 2 'ਤੇ

# ਮੋਦੀ ਸਰਕਾਰ ਹਰ ਆਵਾਜ਼ ਨੂੰ ਦਬਾਉਣਾ ਚਾਹੁੰਦੀ : ਬੰਤ ਬਰਾੜ




**ਬਹਿਰਾਮ (ਅਵਤਾਰ ਕਲੇਰ)**

ਭਾਰਤੀ ਕਮਿਊਨਿਸਟ ਪਾਰਟੀ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਵੱਲੋਂ ਪਾਰਟੀ ਦਾ 98ਵਾਂ ਪਾਰਟੀ ਸਥਾਪਨਾ ਦਿਵਸ ਸ਼ਹੀਦ ਮਲਕੀਤ ਚੰਦ ਮੇਹਲੀ ਭਵਨ ਬੰਗਾ ਰੋਡ ਨਵਾਂ ਸ਼ਹਿਰ ਵਿਖੇ ਮਨਾਇਆ ਗਿਆ। ਇਸ ਵਿੱਚ ਸੂਬਾ ਸਕੱਤਰ ਬੰਤ ਸਿੰਘ ਬਰਾੜ, ਅਤੇ ਸਟੇਟ ਕੌਂਸਲ ਦੇ ਆਗੂ ਮਹਿੰਦਰ ਪਾਲ ਮੋਹਾਲੀ ਸ਼ਾਮਲ ਹੋਏ। ਸਮਾਗਮ ਦੀ ਪ੍ਰਧਾਨਗੀ ਜਗਤਾਰ ਸਿੰਘ ਨੇ ਕੀਤੀ। ਸਮਾਗਮ ਦੀ ਸ਼ੁਰੂਆਤ ਪਾਰਟੀ ਝੰਡਾ ਚੜ੍ਹਾਉਣ ਦੀ ਰਸਮ ਸੀਨੀਅਰ ਆਗੂ ਨਰੰਜਣ ਦਾਸ ਮੇਹਲੀ ਕਾਰਜਕਾਰੀ ਜ਼ਿਲ੍ਹਾ ਸਕੱਤਰ ਸੀ ਪੀ ਆਈ, ਮੁਕੰਦ ਲਾਲ, ਪਰਵਿੰਦਰ ਕੁਮਾਰ ਮੇਨਕਾ, ਜਸਵਿੰਦਰ ਸਿੰਘ ਭੰਗਲ ਅਤੇ ਸਾਥੀਆਂ ਨੇ ਅਦਾ ਕੀਤੀ। ਸਟੇਜ ਸਕੱਤਰ ਦੀ ਭੂਮਿਕਾ ਮੁਕੰਦ ਲਾਲ ਨੇ ਨਿਭਾਈ। ਇਸ ਮੌਕੇ ਸੂਬਾ ਸਕੱਤਰ ਕਾਮਰੇਡ ਬਰਾੜ ਨੇ ਭਾਰਤੀ ਕਮਿਊਨਿਸਟ ● ਬਾਕੀ ਸਫ਼ਾ 2 'ਤੇ


## ਅੱਜ-ਨਾਮਾ

ਅਕਾਲੀ ਭਾਈ ਆ ਲੱਗ ਪਏ ਹੋਣ 'ਕੱਠੇ,
ਏਕਾ ਕਰਨ ਦੀ ਕਹਿਣ ਸਭ ਬਾਤ ਬੇਲੀ।
ਏਕਾ ਕਰਨਾ ਤੇ ਕਹਿੰਦੇ ਈ ਚੋਣ ਲੜਨੀ,
ਸਾਰੀਆਂ ਧਿਰਾਂ ਨੂੰ ਦੇਣੀ ਆ ਮਾਤ ਬੇਲੀ।
ਸਾਰੇ ਕਹਿਣ ਕਿ ਪਿਆ ਸੀ ਜਦੋਂ ਪਾਟਕ,
ਸਾਂਝੇ ਹਿੱਤਾਂ ਦਾ ਹੋਇਆ ਹੈ ਘਾਤ ਬੇਲੀ।
ਸਿਆਸੀ ਵਿਰੋਧੀਆਂ ਨੂੰ ਦਿੰਦੇ ਦੋਸ਼ ਸਾਰੇ,
ਬੁੱਕਲਾਂ ਅੰਦਰ ਨਾ ਮਾਰ ਰਹੇ ਝਾਤ ਬੇਲੀ।
ਨਿੱਜੀ ਹਿੱਤਾਂ ਲਈ ਆਪੋ ਵਿੱਚ ਲੜੇ ਸੀਗੇ,
ਨਿੱਜੀ ਗਰਜ਼ ਲਈ ਪਿੱਛੇ ਫਿਰ ਮੁੜੇ ਬੇਲੀ।
ਨਾਅਰੇ ਸਿੱਖੀ ਦੇ ਹਿੱਤ ਦੇ ਲਾਉਣ ਬੇਸ਼ੱਕ,
ਕੁਰਸੀ ਮੋਹ ਲਈ ਆਪੋ ਵਿੱਚ ਜੁੜੇ ਬੇਲੀ।


-ਤੀਸ ਮਾਰ ਖਾਂ

## ਸਾਹਿਬਜ਼ਾਦਿਆਂ ਨੇ ਧਰਮ ਨਹੀਂ ਹਾਰਿਆ : ਮਨੋਹਰ ਲਾਲ

**ਚੰਡੀਗੜ੍ਹ (ਕ੍ਰਿਸ਼ਨ ਗਰਗ)-** ਹਰਿਆਣਾ ਦੇ ਮੁੱਖ ਮੰਤਰੀ ਮਨੋਹਰ



ਲਾਲ ਨੇ ਕਿਹਾ ਕਿ ਸਾਨੂੰ ਸਾਰਿਆਂ ਨੂੰ ਗੁਰੂਆਂ ਵੱਲੋਂ ਦਿਖਾਏ ਗਏ ਮਾਰਗ 'ਤੇ ਚਲਦੇ ਹੋਏ ਦੇਸ਼ ਤੇ ਸਮਾਜਕ ਹਿੱਤ ਲਈ ਜਿੰਨਾ ਸਹਿਯੋਗ ਤੇ ਯੋਗਦਾਨ ਕਰ ਸਕਦੇ ਹਾਂ, ਓਨਾ ਕਰਨਾ ਚਾਹੀਦਾ ਹੈ। ਮੁੱਖ ਮੰਤਰੀ ਮੰਗਲਵਾਰ ਜ਼ਿਲ੍ਹਾ ਕੁਰੂਕਸ਼ੇਤਰ ਦੇ ਇਤਿਹਾਸਕ ਗੁਰਦੁਆਰਾ ਛੇਵੀਂ ਪਾਤਸ਼ਾਹੀ ਵਿਚ ਵੀਰ ਬਾਲ ਦਿਵਸ 'ਤੇ ਪ੍ਰੋਗਰਾਮ ਵਿਚ ਸ਼ਾਮਲ ਹੋਣ ਤੋਂ ਬਾਅਦ ਮੌਜੂਦ ਸੰਗਤ ਨੂੰ ਸੰਬੋਧਨ ਕਰ ਰਹੇ ਸਨ। ਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਾਹਿਬਜ਼ਾਦੇ ਜ਼ੋਰਾਵਰ ਸਿੰਘ ਤੇ ਫਤਿਹ ਸਿੰਘ ਦੀ ਸ਼ਹਾਦਤ ਨੂੰ ਸਮਰਪਿਤ ਵੀਰ ਬਾਲ ਦਿਵਸ 'ਤੇ ਉਹਨਾ ਕਿਹਾ ਕਿ ਧਰਮ ਬਦਲਣ ਤੋਂ ਇਨਕਾਰ ਕਰਦੇ ਹੋਏ ਉਹਨਾ ਸ਼ਹਾਦਤ ਨੂੰ ਚੁਣਿਆ।



## ਇਸਤਰੀ ਅਕਾਲੀ ਦਲ ਦੀ ਮੀਟਿੰਗ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਇਸਤਰੀ ਅਕਾਲੀ ਦਲ ਵੱਲੋਂ ਵਾਰਡ ਨੰਬਰ 14 ਗੋਨੇਆਣਾ ਰੋਡ ਵਿਖੇ ਸ਼ਹਿਰੀ ਪ੍ਰਧਾਨ ਅੰਮ੍ਰਿਤਪਾਲ ਕੌਰ ਚੱਕ ਬੀੜ ਸਰਕਾਰ ਦੀ ਅਗਵਾਈ ਹੇਠ ਔਰਤਾਂ ਨਾਲ ਮੀਟਿੰਗ ਕੀਤੀ ਗਈ, ਜਿਸ ਦੌਰਾਨ ਇਸਤਰੀ ਵਿੰਗ ਦੇ ਕੌਮੀ ਪ੍ਰਧਾਨ ਹਰਗੋਬਿੰਦ ਕੌਰ ਵਿਸ਼ੇਸ਼ ਤੌਰ 'ਤੇ ਪਹੁੰਚੇ। ਹਰਗੋਬਿੰਦ ਕੌਰ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਖੇਤਰੀ ਪਾਰਟੀ ਹੈ, ਜਿਸ ਨੇ ਔਰਤਾਂ ਦੀ ਭਲਾਈ ਲਈ ਅਨੇਕਾਂ ਸਕੀਮਾਂ ਚਲਾਈਆਂ ਸਨ ਤੇ ਹਰ ਵਰਗ ਦੇ ਲੋਕਾਂ ਨੂੰ ਲਾਭ ਦਿੱਤਾ ਸੀ। ਇਸ ਮੌਕੇ ਇਸਤਰੀ ਵਿੰਗ ਦੀ ਸਰਬ ਸੰਮਤੀ ਨਾਲ ਚੋਣ ਕਰਾ ਕੇ ਕਸ਼ਮੀਰ ਕੌਰ ਨੂੰ ਪ੍ਰਧਾਨ ਬਣਾਇਆ ਗਿਆ। ਵਾਰਡ ਦੀਆਂ ਬਹੁਤ ਸਾਰੀਆਂ ਔਰਤਾਂ ਨੇ ਮੀਟਿੰਗ ਵਿੱਚ ਸ਼ਮੂਲੀਅਤ ਕੀਤੀ। ਇਸ ਮੌਕੇ ਸ਼੍ਰੋਮਣੀ ਅਕਾਲੀ ਦਲ ਦੇ ਜ਼ਿਲ੍ਹਾ ਸਕੱਤਰ ਬਿੰਦਰ ਗੋਨੇਆਣਾ ਵੀ ਮੌਜੂਦ ਸਨ।

## ਬਿੱਟੂ ਨੇ ਕੀਤਾ ਬਿੱਗ ਕਾਸਕੋ ਕ੍ਰਿਕਟ ਕੱਪ ਦਾ ਉਦਘਾਟਨ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਪਿੰਡ ਬਰੀਵਾਲਾ ਵਿਖੇ ਐਨ.ਆਰ.ਆਈ ਤੇ ਸਮੂਹ ਨਗਰ ਨਿਵਾਸੀਆਂ ਵੱਲੋਂ ਕਰਾਏ ਜਾ ਰਹੇ ਬਿੱਗ ਕਾਸਕੋ ਕ੍ਰਿਕਟ ਕੱਪ ਦੇ ਦੂਜੇ ਦਿਨ ਦਾ ਉਦਘਾਟਨ ਮਨਜਿੰਦਰ ਸਿੰਘ ਬਿੱਟੂ ਸਾਬਕਾ ਚੇਅਰਮੈਨ ਮਾਰਕਿਟ ਕਮੇਟੀ ਬਰੀਵਾਲਾ ਵੱਲੋਂ ਕੀਤਾ ਗਿਆ। ਉਨ੍ਹਾਂ ਕਿਹਾ ਕਿ ਰੋਜ਼ਾਨਾ ਦੀ ਜ਼ਿੰਦਗੀ 'ਚ ਖੇਡਾਂ ਨੂੰ ਉੱਚਿਤ ਸਥਾਨ ਦੇ ਕੇ ਨੌਜਵਾਨਾਂ ਨੂੰ ਖੇਡਾਂ ਪ੍ਰਤੀ ਉਤਸ਼ਾਹਤ ਕਰਨਾ ਚਾਹੀਦਾ ਹੈ। ਇਸ ਮੌਕੇ ਮਨਜਿੰਦਰ ਸਿੰਘ ਬਿੱਟੂ ਵੱਲੋਂ ਨੌਜਵਾਨਾਂ ਦਾ ਉਤਸ਼ਾਹ ਵਧਾਉਣ ਲਈ ਵਿੱਤੀ ਰਾਸ਼ੀ ਕਲੱਬ ਮੈਂਬਰਾਂ ਨੂੰ ਸੌਂਪੀ ਗਈ ਅਤੇ ਕਲੱਬ ਵੱਲੋਂ ਉਨ੍ਹਾਂ ਨੂੰ ਸਨਮਾਨਤ ਵੀ ਕੀਤਾ ਗਿਆ। ਇਸ ਮੌਕੇ ਜਗਵੰਤ ਸਿੰਘ ਲੰਬੀਢਾਬ, ਪੂਰਨ ਸਿੰਘ ਲੰਡੇ ਰੋਡੇ, ਗੁਰਵਿੰਦਰ ਸਿੰਘ ਬਾਜਾ ਮਰਾੜ੍ਹ, ਬਿੰਦਰ ਗੋਨਿਆਣਾ ਜ਼ਿਲ੍ਹਾ ਜਨਰਲ ਸਕੱਤਰ, ਹਰਵਿੰਦਰਪਾਲ ਸਿੰਘ ਸ਼ੈਲੀ, ਮੇਜਰ ਸਿੰਘ, ਜਸਪਾਲ ਸਿੰਘ ਪੀਏ, ਭੁਪਿੰਦਰ ਸਿੰਘ, ਹਰਦੀਪ ਸਿੰਘ, ਰਾਜਨ ਗਿਰਧਰ, ਜੱਗ ਬਰੀਵਾਲਾ, ਪਾਲ ਸੰਧੂ, ਜਸ਼ਨਾ ਤੇ ਗੁਰਪ੍ਰੀਤ ਸਿੰਘ ਆਦਿ ਹਾਜ਼ਰ ਸਨ।

## ਆਈ ਕਿਡਸ ਪ੍ਰੀ ਸਕੂਲ 'ਚ ਕ੍ਰਿਸਮਸ ਡੇਅ ਮਨਾਇਆ




ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ/ਪੂਜਾ)-ਬਠਿੰਡਾ ਰੋਡ 'ਤੇ ਸਥਿਤ ਆਈ ਕਿਡਸ ਪ੍ਰੀ ਸਕੂਲ ਵਿਖੇ ਕ੍ਰਿਸਮਸ ਡੇਅ ਮਨਾਇਆ ਗਿਆ। ਇਸ ਮੌਕੇ ਸਕੂਲ ਦੇ ਵਿਦਿਆਰਥੀ ਸੈਂਟਾ ਕਲਾਜ ਦੇ ਪਹਿਰਾਵੇ 'ਚ ਸਜੇ ਹੋਏ ਬੜੇ ਸੋਹਣੇ ਲੱਗ ਰਹੇ ਸਨ। ਇਸ ਮੌਕੇ ਬੱਚਿਆਂ ਦਾ ਡ੍ਰੈੱਸ ਮੁਕਾਬਲਾ ਵੀ ਕਰਵਾਇਆ ਗਿਆ। ਬੱਚਿਆਂ ਨੂੰ ਗਿਫਟ ਵੰਡ ਕੇ ਕ੍ਰਿਸਮਸ ਦੀ ਮੁਬਾਰਕਬਾਦ ਦਿੱਤੀ ਗਈ।

## ਅਮਰ ਸ਼ਹੀਦ ਸਵਾਮੀ ਸ਼ਰਧਾਨੰਦ ਦਾ ਸ਼ਹੀਦੀ ਦਿਹਾੜਾ ਮਨਾਇਆ



**ਮਲੋਟ (ਗੁਰਮੀਤ ਸਿੰਘ ਮੱਕੜ)**-ਡੀ.ਏ.ਵੀ. ਪਬਲਿਕ ਸਕੂਲ ਵੱਲੋਂ ਅਮਰ ਸ਼ਹੀਦ ਸਵਾਮੀ ਸ਼ਰਧਾਨੰਦ ਜੀ ਦਾ ਸ਼ਹੀਦੀ ਦਿਹਾੜਾ ਪ੍ਰਿੰਸੀਪਲ ਸ਼੍ਰੀਮਤੀ ਸੰਧਿਆ ਬਾਠਲਾ ਦੀ ਅਗਵਾਈ ਹੇਠ ਮਨਾਇਆ ਗਿਆ। ਸਭ ਤੋਂ ਪਹਿਲਾਂ ਰਾਮ ਚੰਦਰ ਸ਼ਾਸਤਰੀ ਦੀ ਹਾਜ਼ਰੀ ਵਿੱਚ ਵਿਸ਼ੇਸ਼ ਹਵਨ ਯੱਗ ਕੀਤਾ ਗਿਆ, ਜਿਸ ਵਿੱਚ ਦੇਸ਼ ਵਾਸੀਆਂ ਦੀ ਖੁਸ਼ਹਾਲੀ, ਲੰਮੀ ਉਮਰ ਤੇ ਖੁਸ਼ਹਾਲੀ ਦੀ ਕਾਮਨਾ ਕੀਤੀ ਗਈ। ਇਸ ਮੌਕੇ ਸਕੂਲ ਦੇ ਵਿਦਿਆਰਥੀਆਂ ਤੇ ਅਧਿਆਪਕਾਂ ਨੇ ਸਵਾਮੀ ਸ਼ਰਧਾਨੰਦ ਜੀ ਦੇ ਜੀਵਨ ਨਾਲ ਸਬੰਧਤ ਆਪਣੇ ਵਿਚਾਰ, ਕਵਿਤਾਵਾਂ ਤੇ ਭਜਨ ਪੇਸ਼ ਕੀਤੇ। ਇਸ ਮੌਕੇ ਸਕੂਲ ਦੀ ਪ੍ਰਿੰਸੀਪਲ ਸ਼੍ਰੀਮਤੀ ਸੰਧਿਆ ਬਾਠਲਾ ਨੇ ਕਿਹਾ ਕਿ ਸਵਾਮੀ ਸ਼ਰਧਾਨੰਦ ਸਰਸਵਤੀ ਇੱਕ ਸਿੱਖਿਆ ਸ਼ਾਸਤਰੀ, ਸੁਤੰਤਰਤਾ ਸੈਨਾਨੀ ਤੇ ਆਰੀਆ ਸਮਾਜ ਦੇ ਸੰਨਿਆਸੀ ਸਨ, ਜਿਨ੍ਹਾਂ ਨੇ ਸਵਾਮੀ ਦਯਾਨੰਦ ਸਰਸਵਤੀ ਦੀਆਂ ਸਿੱਖਿਆਵਾਂ ਦਾ ਪ੍ਰਚਾਰ ਕੀਤਾ। ਉਹ ਭਾਰਤ ਦੇ ਉਨ੍ਹਾਂ ਮਹਾਨ ਦੇਸ਼ ਭਗਤ ਭਿਕਸ਼ੂਆਂ ਵਿਚੋਂ ਇੱਕ ਆਗੂ ਸਨ, ਜਿਨ੍ਹਾਂ ਨੇ ਆਜ਼ਾਦੀ, ਸਵੈ-ਸ਼ਾਸਨ, ਸਿੱਖਿਆ ਤੇ ਵੈਦਿਕ ਧਰਮ ਦੇ ਪ੍ਰਚਾਰ ਲਈ ਆਪਣਾ ਜੀਵਨ ਸਮਰਪਤ ਕਰ ਦਿੱਤਾ। ਉਨ੍ਹਾਂ ਦਾ ਸਿਆਸੀ ਜੀਵਨ ਰੋਲਟ ਐਕਟ ਦਾ ਵਿਰੋਧ ਕਰਕੇ ਇੱਕ ਸੁਤੰਤਰਤਾ ਸੈਨਾਨੀ ਵਜੋਂ ਸ਼ੁਰੂ ਹੋਇਆ। ਕਾਨੂੰਨ ਅਭਿਆਸ ਤੋਂ ਚੰਗੀ ਕਮਾਈ ਨੂੰ ਛੱਡ ਕੇ ਸਵਾਮੀ ਜੀ ਨੇ 'ਦੈਨਿਕ ਵਿਜੈ' ਅਖਬਾਰ ਵਿੱਚ 'ਸੀਨੇ ਉੱਤੇ ਪਿਸਤੌਲ' ਨਾਮਕ ਇੱਕ ਕ੍ਰਾਂਤੀਕਾਰੀ ਲੇਖ ਲਿਖਿਆ। 23 ਦਸੰਬਰ 1926 ਨੂੰ ਉਨ੍ਹਾਂ ਦੇ ਨਵਾਂ ਬਾਜ਼ਾਰ ਸਥਿਤ ਰਿਹਾਇਸ਼ 'ਤੇ ਅਬਦੁਲ ਰਸ਼ੀਦ ਨਾਮ ਦੇ ਇੱਕ ਕੱਟੜ ਵਿਅਕਤੀ ਨੇ ਧਾਰਮਿਕ ਚਰਚਾ ਦੇ ਬਹਾਨੇ ਉਨ੍ਹਾਂ ਦੇ ਕਮਰੇ 'ਚ ਦਾਖਲ ਹੋ ਕੇ ਇਨ੍ਹਾ ਨੂੰ ਗੋਲੀ ਮਾਰ ਦਿੱਤੀ। ਇਸ ਮੌਕੇ ਸਕੂਲ ਦਾ ਸਮੂਹ ਸਟਾਫ਼ ਤੇ ਬੱਚੇ ਹਾਜ਼ਰ ਸਨ।

## ਡੀ ਐੱਸ ਪੀ ਫੂਲ ਵੱਲੋਂ ਖੁਦ ਨਾਕਾਬੰਦੀ ਕਰ ਵਹੀਕਲਾਂ ਦੀ ਚੈਕਿੰਗ



**ਭਗਤਾ ਭਾਈ ਕਾ (ਰਾਜੀਵ ਗੋਇਲ)**-ਸਲਾਬਤਪੁਰਾ ਟੀ-ਪੁਆਇੰਟ 'ਤੇ ਡੀ.ਐੱਸ.ਪੀ. ਫੂਲ ਮੋਹਿਤ ਅਗਰਵਾਲ ਵੱਲੋਂ ਖੁਦ ਨਾਕਾਬੰਦੀ ਕਰਕੇ ਥਾਣਾ ਦਿਆਲਪੁਰਾ ਦੇ ਮੁਖੀ ਅਤੇ ਚੌਂਕੀ ਭਗਤਾ ਦੇ ਮੁਖੀ ਸਮੇਤ ਭਾਰੀ ਪੁਲਸ ਫੋਰਸ ਨਾਲ ਖੁਦ ਵਾਹਨਾਂ ਦੀ ਚੈਕਿੰਗ ਕੀਤੀ ਗਈ। ਇਸ ਮੌਕੇ ਅਧੂਰੇ ਕਾਗਜ਼ਾਤ ਵਾਹਨਾਂ ਦੇ ਚਲਾਨ ਵੀ ਕੱਟੇ ਗਏ। ਉਧਰ ਗੱਲਬਾਤ ਕਰਦੇ ਹੋਏ ਡੀ.ਐੱਸ.ਪੀ. ਵੱਲੋਂ ਇਸ ਨਾਕਾਬੰਦੀ ਨੂੰ ਰੂਟੀਨ ਚੈਕਿੰਗ ਦਾ ਹੀ ਦੱਸਿਆ ਗਿਆ, ਪਰ ਇੰਨੀ ਜ਼ਿਆਦਾ ਗਿਣਤੀ ਵਿੱਚ ਤੇ ਖੁਦ ਉੱਚ ਅਫਸਰ ਵੱਲੋਂ ਚੈਕਿੰਗ ਕਰਨਾ ਸ਼ਾਇਦ ਕੋਈ ਵਜ੍ਹਾ ਜਾਪ ਰਹੀ ਸੀ। ਇਸ ਮੌਕੇ ਡੀ.ਐੱਸ.ਪੀ. ਮੋਹਿਤ ਅਗਰਵਾਲ ਨੇ ਇਲਾਕੇ ਦੇ ਸ਼ਰਾਰਤੀ ਅਨਸਰਾਂ ਨੂੰ ਮੁੜ ਚੇਤਾਵਨੀ ਦਿੱਤੀ ਕਿ ਉਹ ਆਪਣੇ ਗੈਰ-ਕਾਨੂੰਨੀ ਕੰਮਾਂ ਨੂੰ ਬੰਦ ਕਰ ਦੇਣ, ਨਹੀਂ ਤਾਂ ਜੇਲ੍ਹ ਦੀਆਂ ਸਲਾਖਾਂ ਉਨ੍ਹਾਂ ਲਈ ਦੂਰ ਨਹੀਂ ਹਨ। ਇਸ ਮੌਕੇ ਥਾਣਾ ਮੁਖੀ ਜਗਦੀਪ ਸਿੰਘ, ਚੌਂਕੀ ਇੰਚਾਰਜ ਪਰਵਿੰਦਰ ਸਿੰਘ ਸਮੇਤ ਭਾਰੀ ਗਿਣਤੀ ਵਿੱਚ ਪੁਲਸ ਮੁਲਾਜ਼ਮ ਸ਼ਾਮਲ ਸਨ।

## ਖੇਤੀਬਾੜੀ ਮੰਤਰੀ ਨੇ ਹਲਕੇ ਦੇ ਲੋਕਾਂ ਦੀਆਂ ਸੁਣੀਆਂ ਮੁਸ਼ਕਲਾਂ



**ਮਲੋਟ (ਗੁਰਮੀਤ ਸਿੰਘ ਮੱਕੜ)**-ਪੰਜਾਬ ਦੇ ਖੇਤੀਬਾੜੀ ਤੇ ਪਸ਼ੂ ਪਾਲਣ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਨੇ ਪਿੰਡ ਖੁੱਡੀਆਂ ਆਪਣੇ ਗ੍ਰਹਿ ਵਿਖੇ ਹਲਕੇ ਦੇ ਲੋਕਾਂ ਦੀਆਂ ਮੁਸ਼ਕਲਾਂ ਸੁਣੀਆਂ ਅਤੇ ਮੌਕੇ 'ਤੇ ਹੱਲ ਕੀਤੀਆਂ। ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ 28 ਦਸੰਬਰ ਨੂੰ ਐੱਸ.ਵਾਈ.ਐੱਲ. ਮੁੱਦੇ 'ਤੇ ਰੱਖੀ ਜਲ ਸਰੋਤ ਦੀ ਮੀਟਿੰਗ 'ਤੇ ਬੋਲਦਿਆਂ ਖੇਤੀਬਾੜੀ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਕਿਹਾ ਕਿ ਪੰਜਾਬ ਕੋਲ ਪਾਣੀ ਨਹੀਂ ਹੈ, ਜਕਰੇ ਪੰਜਾਬ ਕੋਲ ਵਾਧੂ ਪਾਣੀ ਹੁੰਦਾ ਤਾਂ ਪੰਜਾਬ ਨੇ ਕਿਸੇ ਨੂੰ ਇਨਕਾਰ ਨਹੀਂ ਕਰਨਾ ਸੀ, ਪਰ ਪਾਣੀ ਘੱਟ ਹੋਣ ਕਰਕੇ ਸਾਡੇ ਅਧਿਕਾਰੀ ਤੇ ਸਾਡੇ ਵਕੀਲ ਆਪਣਾ ਪੱਖ ਰੱਖਣਗੇ ਅਤੇ ਸਾਡੀ ਸਰਕਾਰ ਪੰਜਾਬ ਹੱਕ ਵਿੱਚ ਖੜੀ ਹੈ। ਪੰਜਾਬ ਸਰਕਾਰ ਵੱਲੋਂ ਸ਼ਹੀਦੀ ਦਿਹਾੜੇ 'ਤੇ ਮਾਤਮ ਬਿਗੁਲ ਦਾ ਫੈਸਲਾ ਵਾਪਸ ਲਏ ਜਾਣ 'ਤੇ ਉਨ੍ਹਾ ਕਿਹਾ ਕਿ ਵਿਰੋਧੀ ਧਿਰਾਂ ਨੂੰ ਨੁਕਤਾਚੀਨੀ ਕਰਨ ਦੀ ਆਦਤ ਹੈ, ਉਹ ਤਾਂ ਸ਼ਹੀਦਾਂ ਨੂੰ ਸਿਰ ਝੁਕਾ ਕੇ ਨਮਸਕਾਰ ਕਰਦੇ ਹਨ। ਕੇਂਦਰ ਸਰਕਾਰ ਵੱਲੋਂ ਪੰਜਾਬ ਨੂੰ ਮਿਲਣ ਵਾਲੀ ਗ੍ਰਾਂਟ 'ਤੇ ਕਟੌਤੀ ਕੀਤੇ ਜਾਣ 'ਤੇ ਕੈਬਨਿਟ ਮੰਤਰੀ ਨੇ ਕਿਹਾ ਕਿ ਕੇਂਦਰ ਨੇ ਹਮੇਸ਼ਾ ਪੰਜਾਬ ਦੇ ਲੋਕਾਂ ਨਾਲ ਧੱਕਾ ਕੀਤਾ ਅਤੇ ਸਾਨੂੰ ਵੀ ਸਾਡੇ ਮਿਲਣ ਵਾਲੇ ਹੱਕ ਨਹੀਂ ਦੇ ਰਹੀ ਹੈ।

## ਜ਼ਿਲ੍ਹੇ 'ਚ ਚੀਨੀ ਡੋਰ ਦੀ ਵਿਕਰੀ ਰੋਕਣ ਲਈ ਛਾਪੇਮਾਰੀ

**ਸੰਗਰੂਰ (ਪ੍ਰਵੀਨ ਸਿੰਘ)**-ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਚੀਨੀ ਡੋਰ ਦੀ ਵਰਤੋਂ ਨੂੰ ਰੋਕਣ ਲਈ ਸਰਗਰਮ ਕਦਮ ਚੁੱਕਦਿਆਂ ਚੈਕਿੰਗ ਅਭਿਆਨ ਤੇਜ਼ ਕਰ ਦਿੱਤਾ ਹੈ। ਡੀ ਸੀ ਜਤਿੰਦਰ ਜੋਰਵਾਲ ਵੱਲੋਂ ਸਮੂਹ ਉਪ ਮੰਡਲ ਮੈਜਿਸਟ੍ਰੇਟ ਨੂੰ ਸਬ ਡਵੀਜ਼ਨਾਂ ਦੇ ਸ਼ਹਿਰੀ ਤੇ ਦਿਹਾਤੀ ਖੇਤਰਾਂ 'ਚ ਚੀਨੀ ਡੋਰ ਖ਼ਿਲਾਫ਼ ਸਖਤ ਤਲਾਸ਼ੀ ਮੁਹਿੰਮ ਜਾਰੀ ਰੱਖਣ ਦੇ ਹੁਕਮ ਦਿੱਤੇ ਹਨ। ਇਨ੍ਹਾਂ ਹੁਕਮਾਂ ਤਹਿਤ ਵੱਖ-ਵੱਖ ਸਬ ਡਵੀਜ਼ਨਾਂ ਵਿਚ ਉਪ ਮੰਡਲ ਮੈਜਿਸਟ੍ਰੇਟ ਦੀ ਅਗਵਾਈ ਹੇਠ ਟੀਮਾਂ ਵੱਲੋਂ ਡੋਰ ਵਿਕਰੇਤਾਵਾਂ ਦੀਆਂ ਦੁਕਾਨਾਂ 'ਤੇ ਛਾਪੇਮਾਰੀ ਕਰਕੇ ਜਾਂਚ ਕੀਤੀ ਜਾ ਰਹੀ ਹੈ। ਡਿਪਟੀ ਕਮਿਸ਼ਨਰ ਨੇ ਚੀਨੀ ਡੋਰ ਦੀ ਵਿਕਰੀ ਅਤੇ ਭੰਡਾਰ ਨੂੰ ਰੋਕਣ ਲਈ ਅਧਿਕਾਰੀਆਂ ਨੂੰ ਸਮੁੱਚੇ ਜ਼ਿਲ੍ਹੇ ਵਿੱਚ ਛੋਟੇ ਤੇ ਵੱਡੇ ਦੁਕਾਨਦਾਰਾਂ ਦੀ ਨਿਰੰਤਰ ਚੈਕਿੰਗ ਦੇ ਹੁਕਮ ਦਿੱਤੇ ਹਨ। ਡੀ ਸੀ ਨੇ ਪਤੰਗਬਾਜ਼ੀ ਦਾ ਸ਼ੌਕ ਰੱਖਣ ਵਾਲਿਆਂ ਨੂੰ ਅਪੀਲ ਕੀਤੀ ਹੈ ਕਿ ਉਹ ਆਪਣੇ ਸ਼ੌਕ ਦੀ ਪੂਰਤੀ ਲਈ ਕਿਸੇ ਦੀ ਵੀ ਜਾਨ ਜ਼ੋਖ਼ਮ ਵਿੱਚ ਨਾ ਪਾਉਣ। ਉਨ੍ਹਾਂ ਕਿਹਾ ਕਿ ਜਿਹੜੇ ਦੁਕਾਨਦਾਰ ਲੋਕਾਂ ਤੇ ਪਸ਼ੂ ਪੰਛੀਆਂ ਦੀ ਜਾਨ ਨੂੰ ਖਤਰੇ ਵਿੱਚ ਪਾ ਕੇ ਚੀਨੀ ਡੋਰ ਦੀ ਵਿਕਰੀ ਜਾਂ ਭੰਡਾਰ ਕਰਨਗੇ, ਉਨ੍ਹਾਂ ਖਿਲਾਫ਼ ਸਖਤ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ। ਡੀ ਸੀ ਨੇ ਕਿਹਾ ਕਿ ਜ਼ਿਲ੍ਹਾ ਸੰਗਰੂਰ ਵਿੱਚ ਚੀਨੀ ਡੋਰ ਦੀ ਵਿਕਰੀ, ਵਰਤੋਂ ਤੇ ਭੰਡਾਰ ਉਤੇ ਪਾਬੰਦੀ ਹੁਕਮ ਲਾਗੂ ਹਨ ਅਤੇ ਜੇਕਰ ਕੋਈ ਵੀ ਵਿਅਕਤੀ ਇਨ੍ਹਾਂ ਹੁਕਮਾਂ ਨੂੰ ਅਣਦੇਖਿਆ ਕਰਕੇ ਇਸ ਜਾਨਲੇਵਾ ਡੋਰ ਦੀ ਵਰਤੋਂ ਕਰਦਾ ਹੈ ਤਾਂ ਉਸ ਵਿਰੁੱਧ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।

# ਵਿਚਾਰਾਂ ਦੀ ਆਜ਼ਾਦੀ 'ਤੇ ਹਮਲਿਆਂ ਦਾ ਤਿੱਖਾ ਵਿਰੋਧ

### ਊਧਮ ਸਿੰਘ ਦੇ ਜਨਮ ਦਿਹਾੜੇ 'ਤੇ ਵਿਚਾਰ-ਚਰਚਾ



**ਜਲੰਧਰ (ਕੇਸਰ)**-ਸ਼ਹੀਦ ਊਧਮ ਸਿੰਘ ਦੇ ਜਨਮ ਦਿਹਾੜੇ ਮੌਕੇ ਦੇਸ਼ ਭਗਤ ਯਾਦਗਾਰ ਕਮੇਟੀ ਵੱਲੋਂ ਰੱਖੀ ਵਿਚਾਰ-ਚਰਚਾ ਵਿੱਚ ਊਧਮ ਸਿੰਘ ਦੀ ਸੰਗਰਾਮੀ ਜੀਵਨ-ਗਾਥਾ, ਲਿਖਤਾਂ, ਉਦੇਸ਼ਾਂ ਦੀ ਰੌਸ਼ਨੀ 'ਚ ਅਜੋਕੇ ਸਮੇਂ ਦੇ ਮਘਦੇ ਸੁਆਲਾਂ ਨੂੰ ਮੁਖ਼ਾਤਬ ਹੋਣ ਲਈ ਲੋਕ ਮਸਲਿਆਂ ਬਾਰੇ ਚੇਤਨ ਕਰਦਿਆਂ ਲੋਕ ਲਹਿਰਾਂ ਲਈ ਜਰਖ਼ੇਜ਼ ਭੋਇੰ ਤਿਆਰ ਕਰਨ ਦਾ ਅਹਿਦ ਲਿਆ ਗਿਆ।

ਦੇਸ਼ ਭਗਤ ਯਾਦਗਾਰ ਕਮੇਟੀ ਦੇ ਜਨਰਲ ਸਕੱਤਰ ਪ੍ਰਿਥੀਪਾਲ ਸਿੰਘ ਮਾੜੀਮੇਘਾ ਨੇ ਦਸੰਬਰ ਮਹੀਨੇ ਦੇ ਦੇਸ਼ ਭਗਤਾਂ ਅਤੇ ਇਤਿਹਾਸਕ ਘਟਨਾਵਾਂ ਨੂੰ ਸਿਜਦਾ ਕਰਦੇ ਹੋਏ ਕਿਹਾ ਕਿ ਸਾਡੇ ਬੂਹੇ ਦਸਤਕ ਦੇ ਰਹੇ ਨਵੇਂ ਵਰ੍ਹੇ ਤੋਂ ਹਰ ਮਹੀਨੇ ਨਿਰੰਤਰ ਸਰਗਰਮੀਆਂ ਕਰਨ ਦੀ ਸ਼ੁਰੂਆਤ ਲਈ ਸਾਨੂੰ ਸ਼ਹੀਦ ਊਧਮ ਸਿੰਘ ਦੇ ਜੀਵਨ-ਸੰਗਰਾਮ ਅਤੇ ਆਦਰਸ਼ਾਂ ਤੋਂ ਪ੍ਰੇਰਨਾ ਲੈਣੀ ਚਾਹੀਦੀ ਹੈ।

ਦੇਸ਼ ਭਗਤ ਯਾਦਗਾਰ ਕਮੇਟੀ ਦੇ ਸੱਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਵਿਚਾਰ-ਚਰਚਾ 'ਚ ਸਾਮਰਾਜੀ ਕਾਰਪੋਰੇਟ ਘਰਾਣਿਆਂ ਦੁਆਰਾ ਕੁਦਰਤੀ ਸਰੋਤਾਂ, ਮਨੁੱਖੀ ਕਿਰਤ ਉਪਰ ਧਾਵੇ ਦੇ ਨਾਲ-ਨਾਲ ਲੋਕਾਂ ਦੇ ਬੁਨਿਆਦੀ ਜਮਹੂਰੀ ਹੱਕਾਂ ਉਪਰ ਛਾਪਾ ਮਾਰ ਕੇ ਫ਼ਿਰਕੂ, ਫਾਸ਼ੀ ਏਜੰਡਾ ਮੜ੍ਹਨ ਖ਼ਿਲਾਫ਼ ਲੋਕਾਂ ਨੂੰ ਜਾਗਰੂਕ ਕਰਨ ਅਤੇ ਸੰਗਰਾਮ ਦੇ ਰਾਹ ਪੈਣ ਲਈ ਕਲਾ ਅਤੇ ਸਰਗਰਮੀਆਂ ਦੀ ਵੰਨ-ਸੁਵੰਨੀਆਂ ਵਿਧਾਵਾਂ ਉਪਰ ਗੌਰ ਕਰਨ ਦੀ ਲੋੜ 'ਤੇ ਜ਼ੋਰ ਦਿੱਤਾ।

ਵਿਚਾਰ-ਚਰਚਾ ਦਾ ਮਹੱਤਵਪੂਰਨ ਪੱਖ ਇਹ ਰਿਹਾ ਕਿ ਇਸ ਵਿੱਚ ਦੇਸ਼ ਭਗਤ ਯਾਦਗਾਰ ਹਾਲ ਦਾ ਪਰਵਾਰਕ ਘੇਰਾ ਮਜ਼ਬੂਤ ਕਰਨ ਅਤੇ ਪ੍ਰਭਾਵਸ਼ਾਲੀ ਅੰਦਾਜ਼ ਵਿੱਚ ਨਿਰੰਤਰ ਵਿਚਾਰ-ਗੋਸ਼ਟੀਆਂ, ਪੁਸਤਕ ਸੱਭਿਆਚਾਰ, ਗਾਇਨ, ਰੰਗਮੰਚ, ਚਿੱਤਰਕਲਾ, ਪਰਵਾਰਕ ਮਿਲਣੀਆਂ ਕਰਨ, ਪ੍ਰਦੇਸਾਂ 'ਚ ਵਸਦੇ ਅਤੇ ਹਾਲ ਨਾਲ ਜੁੜੇ ਪਰਵਾਰਾਂ ਦਾ ਰੂਬਰੂ, ਸਿਰ ਚੜ੍ਹ ਬੋਲ ਰਹੇ ਫ਼ਿਰਕੂ-ਫਾਸ਼ੀ ਹੱਲੇ ਖ਼ਿਲਾਫ਼ ਜ਼ਬਰਦਸਤ ਲੋਕ ਆਵਾਜ਼ ਖੜ੍ਹੀ ਕਰਨ 'ਤੇ ਚਰਚਾ ਕੇਂਦਰਤ ਹੋਈ। ਵਿਚਾਰ-ਚਰਚਾ 'ਚ ਕਮੇਟੀ ਦੇ ਸਹਾਇਕ ਸਕੱਤਰ ਚਰੰਜੀ ਲਾਲ ਕੰਗਣੀਵਾਲ, ਮੀਤ ਪ੍ਰਧਾਨ ਕੁਲਵੰਤ ਸਿੰਘ ਸੰਧੂ, ਮੰਗਤ ਰਾਮ ਪਾਸਲਾ, ਕਮੇਟੀ ਮੈਂਬਰ ਡਾ. ਸੈਲੇਸ਼, ਰਣਜੀਤ ਸਿੰਘ ਔਲਖ, ਹਰਮੇਸ਼ ਮਾਲੜੀ, ਸੁਰਿੰਦਰ ਕੁਮਾਰੀ ਕੋਛੜ, ਡਾ. ਗੋਪਾਲ ਸਿੰਘ ਬੁੱਟਰ, ਜਰਮਨਜੀਤ, ਡਾ. ਜਗਜੀਤ ਸਿੰਘ ਚੀਮਾ, ਮਾਸਟਰ ਮੁਨੀ ਲਾਲ ਅਵਸਥੀ, ਮਾਸਟਰ ਜੋਗਿੰਦਰ ਸਿੰਘ, ਪਰਮਜੀਤ ਕਲਸੀ, ਜੋਗਾ ਸਿੰਘ, ਬਿਮਲਾ ਰਾਏ ਸਮੇਤ ਕੋਈ ਚਾਰ ਦਰਜਨ ਵਿਚਾਰਵਾਨਾਂ ਨੇ ਹਿੱਸਾ ਲਿਆ। ਵਿਚਾਰ-ਚਰਚਾ 'ਚ ਮਤੇ ਪਾਸ ਕਰਕੇ ਮੰਗ ਕੀਤੀ ਗਈ ਕਿ ਫ਼ਲਸਤੀਨੀ ਲੋਕਾਂ ਦਾ ਨਸਲਘਾਤ ਕਰਨਾ ਤੁਰੰਤ ਬੰਦ ਕੀਤਾ ਜਾਵੇ। ਬੁੱਧੀਜੀਵੀਆਂ ਨੂੰ ਰਿਹਾਅ ਕੀਤਾ ਜਾਵੇ। ਵਿਚਾਰਾਂ ਦੀ ਆਜ਼ਾਦੀ ਅਤੇ ਸੋਸ਼ਲ ਮੀਡੀਆ ਉਪਰ ਸ਼ਿਕੰਜਾ ਕੱਸਣਾ ਬੰਦ ਕੀਤਾ ਜਾਵੇ। ਵਿਚਾਰ-ਚਰਚਾ 'ਤੇ ਸਮੇਟਵੀਂ ਟਿੱਪਣੀ ਕਰਦਿਆਂ ਕਮੇਟੀ ਦੇ ਪ੍ਰਧਾਨ ਅਜਮੇਰ ਸਿੰਘ ਨੇ ਕਿਹਾ ਕਿ ਕਮੇਟੀ ਦੇ ਆਧਾਰ ਚੌਖਟੇ ਦਾ ਧਿਆਨ ਰੱਖਦਿਆਂ ਕਾਰਜ ਨੇਪਰੇ ਚਾੜ੍ਹਨ ਲਈ ਲੋਕਾਂ ਦੇ ਸਹਿਯੋਗ ਦੀ ਬੇਹੱਦ ਲੋੜ ਹੈ। ਉਹਨਾ ਖੁਸ਼ੀ ਦਾ ਇਜ਼ਹਾਰ ਕਰਦਿਆਂ ਕਿਹਾ ਕਿ ਲੋਕਾਂ ਵੱਲੋਂ ਕਮੇਟੀ ਨੂੰ ਮਿਲ ਰਹੇ ਸਮਰਥਨ ਨੂੰ ਹੋਰ ਵੀ ਵਿਸ਼ਾਲ ਕਰਨ ਲਈ ਭਵਿੱਖ ਵਿੱਚ ਤੁਹਾਡੇ ਆਏ ਵਿਚਾਰਾਂ, ਸੁਝਾਵਾਂ ਦੀ ਰੌਸ਼ਨੀ 'ਚ ਹੋਰ ਵੀ ਸੁਹਿਰਦ ਯਤਨ ਕੀਤੇ ਜਾਣਗੇ।

# ਵੈਂਡਿੰਗ ਜ਼ੋਨ ਬਣਨ 'ਚ ਦੇਰੀ ਲੋਕਾਂ ਦੇ ਪੈਸੇ ਨਾਲ ਖਿਲਵਾੜ : ਸੀ ਪੀ ਆਈ

### ਦੇਰੀ ਲਈ ਜ਼ਿੰਮੇਵਾਰ ਵਿਅਕਤੀਆਂ ਦੀ ਨਿਸ਼ਾਨਦੇਹੀ ਕੀਤੀ ਜਾਵੇ

**ਲੁਧਿਆਣਾ (ਐੱਮ ਐੱਸ ਭਾਟੀਆ)**

ਭਾਰਤੀ ਕਮਿਊਨਿਸਟ ਪਾਰਟੀ (ਸੀ ਪੀ ਆਈ) ਜ਼ਿਲ੍ਹਾ ਲੁਧਿਆਣਾ ਨੇ ਇਸ ਗੱਲ ਦਾ ਗੰਭੀਰ ਨੋਟਿਸ ਲਿਆ ਹੈ ਕਿ ਵੈਂਡਿੰਗ ਜ਼ੋਨ ਬਣਾਉਣ ਵਿੱਚ ਦੇਰੀ ਦੇ ਨਾਲ ਇੱਕ ਪਾਸੇ ਤਾਂ ਸਰਕਾਰ ਨੂੰ ਘਾਟਾ ਪੈ ਰਿਹਾ ਹੈ, ਪਰ ਦੂਜੇ ਪਾਸੇ ਮਾਫੀਆ ਗਰੀਬ ਰੇਹੜੀ ਫੜੀ ਵਾਲਿਆਂ ਤੋਂ ਜਬਰਨ ਉਗਰਾਹੀ ਕਰਕੇ ਢੇਰ ਧਨ ਕਮਾ ਰਿਹਾ ਹੈ, ਜਿਸ ਕਰਕੇ ਰੇਹੜੀ ਫੜੀ ਵਾਲਿਆਂ ਨੂੰ ਅਨੇਕਾਂ ਦਿੱਕਤਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਹੁਣੇ ਹੁਣੇ ਅਖਬਾਰਾਂ ਵਿੱਚ ਛਪੀ ਕੈਗ ਦੀ ਰਿਪੋਰਟ ਕਿ 2017 'ਚ ਰੇਹੜੀ ਫੜੀ ਤੇ ਵੈਂਡਿੰਗ ਜ਼ੋਨ ਬਣਾਉਣ ਲਈ ਸਰਵੇ ਕਰਨ 'ਤੇ ਇਕ ਕੰਪਨੀ ਨੂੰ ਨਗਰ ਨਿਗਮ ਵੱਲੋਂ 40 ਲੱਖ ਰੁਪਏ ਤੋਂ ਜ਼ਿਆਦਾ ਦੇਣ ਤੋਂ ਬਾਅਦ ਵੈਂਡਿੰਗ ਜ਼ੋਨ ਬਣਾਉਣ ਬਾਰੇ ਕੋਈ ਉਚਿਤ ਕਾਰਵਾਈ ਹੁਣ ਤੱਕ ਨਹੀਂ ਕੀਤੀ ਗਈ। ਪਾਰਟੀ ਦੇ ਜ਼ਿਲ੍ਹਾ ਸਕੱਤਰ ਕਾਮਰੇਡ ਡੀ ਪੀ ਮੌੜ ਨੇ ਕਿਹਾ ਕਿ ਇਸ ਦੀਆਂ ਸਿਫਾਰਸ਼ਾਂ ਮੁਤਾਬਕ ਫੌਰਨ ਵੈਂਡਿੰਗ ਜ਼ੋਨ ਬਣਾਏ ਜਾਣੇ ਚਾਹੀਦੇ ਸਨ, ਜੋ ਹੁਣ ਤੱਕ ਨਹੀਂ ਬਣੇ। ਦਸੰਬਰ 2020 ਵਿੱਚ ਨਗਰ ਨਿਗਮ ਨੇ 64 ਵੈਂਡਿੰਗ ਜ਼ੋਨਾਂ ਦੀ ਜਗ੍ਹਾ ਦੀ ਪਛਾਣ ਕੀਤੀ ਸੀ, ਜਿੱਥੇ ਕਿ 8989 ਰੇਹੜੀ ਵਾਲਿਆਂ ਨੂੰ ਜਗ੍ਹਾ ਦੇਣੀ ਸੀ। ਦਸੰਬਰ 2017 ਦੇ ਸਰਵੇ ਵਿੱਚ 21725 ਵੈਂਡਰ ਦਿਖਾਏ ਗਏ ਸਨ, ਜਦੋਂ ਕਿ ਹੁਣ ਦੇ ਅੰਦਾਜ਼ੇ ਮੁਤਾਬਕ ਇਨ੍ਹਾਂ ਦੀ ਗਿਣਤੀ ਲਗਭਗ 50 ਹਜ਼ਾਰ ਹੋ ਗਈ ਹੈ। ਇਹ ਸਭ ਨੂੰ ਪਤਾ ਹੈ ਕਿ ਕਿਸ ਤਰੀਕੇ ਨਾਲ ਗਰੀਬ ਰੇਹੜੀ ਫੜੀ ਵਾਲਿਆਂ ਦੇ ਨਾਲ ਮਾਫੀਆ ਦੁਆਰਾ ਧੱਕਾ ਕੀਤਾ ਜਾਂਦਾ ਹੈ ਤੇ ਉਨ੍ਹਾਂ ਤੋਂ ਜਬਰਨ ਪੈਸੇ ਉਗਰਾਹੇ ਜਾਂਦੇ ਹਨ। ਨਗਰ ਨਿਗਮ ਦੇ ਕੁਝ ਅਧਿਕਾਰੀ ਤੇ ਕੁਝ ਪੁਲਸ ਕਰਮੀ ਵੀ ਮਾਫੀਆ ਨਾਲ ਰਲੇ ਹੋਏ ਹਨ, ਜਿਸ ਕਰਕੇ ਇਕ ਪਾਸੇ ਵੈਂਡਿੰਗ ਜ਼ੋਨ ਬਣਾਉਣ ਵਿੱਚ ਦੇਰੀ ਹੋ ਰਹੀ ਹੈ, ਉਥੇ ਦੂਜੇ ਪਾਸੇ ਗਰੀਬ ਰੇਹੜੀ ਫੜੀ ਵਾਲਿਆਂ ਦੀ ਜ਼ਿੰਦਗੀ ਬੜੀ ਦੁੱਭਰ ਹੋਈ ਪਈ ਹੈ। ਜੇਕਰ ਇਹ ਵੈਂਡਿੰਗ ਜ਼ੋਨ ਦੀ ਸਕੀਮ ਲਾਗੂ ਹੋ ਜਾਵੇ ਤਾਂ ਜੋ ਪੈਸਾ ਮਾਫੀਆ ਨਜਾਇਜ਼ ਉਗਰਾਹੀ ਕਰਦਾ ਹੈ, ਉਹ ਰੇਹੜੀ ਫੜੀ ਵਾਲਿਆਂ ਤੋਂ ਫੀਸ ਦੇ ਰੂਪ ਵਿੱਚ ਸਰਕਾਰੀ ਖਜ਼ਾਨੇ ਵਿੱਚ ਜਾਵੇਗਾ, ਜਿੱਥੇ ਰੇਹੜੀ ਫੜੀ ਵਾਲਿਆਂ ਦਾ ਕੰਮ ਕਰਨਾ ਸੁਖਾਲਾ ਹੋ ਜਾਏਗਾ, ਉਥੇ ਨਾਗਰਿਕਾਂ ਨੂੰ ਵੀ ਸਹੂਲਤ ਹੋਏਗੀ ਤੇ ਜੋ ਸੜਕਾਂ 'ਤੇ ਟਰੈਫਿਕ ਦੀ ਸਮੱਸਿਆ ਹੈ, ਉਹ ਵੀ ਹੱਲ ਹੋ ਜਾਏਗੀ। ਕਾਮਰੇਡ ਮੌੜ ਨੇ ਦੱਸਿਆ ਕਿ ਪਿਛਲੀ ਸਰਕਾਰ ਵੇਲੇ ਵੀ ਤੇ ਉਸ ਤੋਂ ਬਾਅਦ ਹੁਣ ਵੀ ਪਾਰਟੀ ਵੱਲੋਂ ਇਸ ਗੱਲ ਨੂੰ ਉਜਾਗਰ ਕੀਤਾ ਗਿਆ ਹੈ ਤੇ ਨਗਰ ਨਿਗਮ ਦੇ ਅਧਿਕਾਰੀਆਂ ਨਾਲ ਵੀ ਮੁਲਾਕਾਤ ਕੀਤੀ ਗਈ ਹੈ, ਪਰ ਸਿੱਟਾ ਕੁਝ ਵੀ ਨਹੀਂ ਨਿੱਕਲਿਆ। ਉਨ੍ਹਾ ਮੰਗ ਕੀਤੀ ਕਿ ਰਿਪੋਰਟ ਦੇ ਮੱਦੇਨਜ਼ਰ ਫੌਰੀ ਵੈਂਡਿੰਗ ਜ਼ੋਨ ਬਣਾਏ ਜਾਣ ਤੇ ਇਸ ਗੱਲ ਦੀ ਪੁਖਤਾ ਜਾਂਚ ਕੀਤੀ ਜਾਏ। ਬਿਆਨ ਜਾਰੀ ਕਰਨ ਵਾਲਿਆਂ ਵਿੱਚ ਜ਼ਿਲ੍ਹਾ ਪਾਰਟੀ ਦੇ ਸਹਾਇਕ ਸਕੱਤਰ ਡਾਕਟਰ ਅਰੁਣ ਮਿੱਤਰਾ, ਕਾਮਰੇਡ ਚਮਕੌਰ ਸਿੰਘ ਤੇ ਲੁਧਿਆਣਾ ਸ਼ਹਿਰੀ ਪਾਰਟੀ ਦੇ ਸਹਾਇਕ ਸਕੱਤਰ ਕਾਮਰੇਡ ਵਿਨੋਦ ਕੁਮਾਰ ਵੀ ਸ਼ਾਮਲ ਸਨ।

## ਬਾਬਾ ਬੰਦਾ ਸਿੰਘ ਬਹਾਦਰ ਅੰਤਰਰਾਸ਼ਟਰੀ ਫਾਊਂਡੇਸ਼ਨ ਅਮਰੀਕਾ ਦੇ ਪ੍ਰਧਾਨ ਸਨਮਾਨਤ

**ਜਗਰਾਓਂ (ਨਛੱਤਰ ਸੰਧੂ)**-ਬੀ.ਬੀ.ਐੱਸ.ਬੀ. ਕਾਨਵੈਂਟ ਸਕੂਲ ਸਿੱਧਵਾਂ ਬੇਟ, ਜੋ ਬੱਚਿਆਂ ਦੇ ਸਰਵਪੱਖੀ ਵਿਕਾਸ ਦੇ ਨਾਲ-ਨਾਲ ਸਮਾਜਿਕ ਤੇ ਧਾਰਮਿਕ ਗਤੀਵਿਧੀਆਂ ਸਕੂਲ ਕੈਂਪਸ ਵਿਖੇ ਕਰਾਉਂਦੀ ਰਹਿੰਦੀ ਹੈ।

ਇਸੇ ਲੜੀ ਤਹਿਤ ਸਕੂਲ ਵਿਖੇ ਬਾਬਾ ਬੰਦਾ ਸਿੰਘ ਬਹਾਦਰ ਅੰਤਰਰਾਸ਼ਟਰੀ ਫਾਊਂਡੇਸ਼ਨ ਅਮਰੀਕਾ ਤੇ ਪੰਜਾਬ ਮਾਰਕਫੈੱਡ ਦੇ ਡਾਇਰੈਕਟਰ ਕਰਨੈਲ ਸਿੰਘ ਗਿੱਲ ਦਾ ਸਕੂਲ ਦੀ ਮੈਨੇਜਮੈਂਟ ਕਮੇਟੀ, ਜਿਸ ਵਿੱਚ ਚੇਅਰਮੈਨ ਸਨੀ ਅਰੋੜਾ, ਵਾਈਸ ਚੇਅਰਮੈਨ ਰਜਿੰਦਰ ਕੁਮਾਰ ਬਾਵਾ, ਪ੍ਰੈਜ਼ੀਡੈਂਟ ਹਰੀਕ੍ਰਿਸ਼ਨ ਭਗਵਾਨ ਦਾਸ, ਮੈਨੇਜਿੰਗ ਡਾਇਰੈਟਰ ਸ਼ਾਮ ਸੁੰਦਰ ਭਾਰਦਵਾਜ, ਜਨਰਲ ਸਕਰੇਟਰੀ ਅੰਜੂ ਬਾਲਾ, ਮੈਨੇਜਰ ਗਗਨਦੀਪ ਬਾਵਾ, ਪ੍ਰਿੰਸੀਪਲ ਮੋਨਾ ਠਾਕੁਰ, ਅਧਿਆਪਕਾਂ ਤੇ ਕ੍ਰਿਸ਼ਨ ਕੁਮਾਰ ਬਾਵਾ (ਪ੍ਰਧਾਨ ਬਾਬਾ ਬੰਦਾ ਸਿੰਘ ਬਹਾਦਰ ਅੰਤਰਰਾਸ਼ਟਰੀ ਫਾਊਂਡੇਸ਼ਨ ਰਕਬਾ) ਵੱਲੋਂ ਸਨਮਾਨਤ ਕੀਤਾ ਗਿਆ। ਗੁਰਮੀਤ ਸਿੰਘ ਗਿੱਲ ਨੇ ਕਿਹਾ ਕਿ ਖੁਸ਼ੀ ਦੀ ਗੱਲ ਹੈ ਕਿ ਮਹਾਨ ਯੋਧੇ ਜਰਨੈਲ ਬਾਬਾ ਬੰਦਾ ਸਿੰਘ ਬਹਾਦਰ ਜੀ ਦੀ ਯਾਦ ਨੂੰ ਸਮਰਪਤ ਸਕੂਲ ਦਾ ਨਿਰਮਾਣ ਕੀਤਾ ਗਿਆ ਹੈ।

ਉਨ੍ਹਾਂ ਕਿਹਾ ਕਿ ਬਾਬਾ ਬੰਦਾ ਸਿੰਘ ਬਹਾਦਰ ਦੀ ਹੀ ਦੇਣ ਹੈ ਕਿ ਅੱਜ ਦੇ ਕਿਸਾਨ ਮੁਜਾਰਿਆਂ ਤੋਂ ਜ਼ਮੀਨਾ ਦੇ ਮਾਲਕ ਬਣੇ ਤੇ ਬਾਬਾ ਜੀ ਨੇ ਹੀ ਸ਼੍ਰੀ ਗੁਰੂ ਨਾਨਕ ਦੇਵ ਜੀ ਤੇ ਸ਼੍ਰੀ ਗੁਰੂ ਗੋਬਿੰਦ ਜੀ ਦੇ ਨਾਂਅ 'ਤੇ ਸਿੱਕਾ ਤੇ ਮੋਹਰ ਜਾਰੀ ਕੀਤੀ।

## ਨਾਕੇ ਦੌਰਾਨ ਸਹਾਇਕ ਥਾਣੇਦਾਰ 'ਤੇ ਗੱਡੀ ਚੜ੍ਹਾਉਣ ਦੀ ਕੋਸ਼ਿਸ਼

### ਗੱਡੀ 'ਚੋਂ ਹਥਿਆਰ ਤੇ ਸਾਮਾਨ ਬਰਾਮਦ, ਮਾਮਲਾ ਦਰਜ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਫਿਰੋਜ਼ਪੁਰ ਵਿਖੇ ਖਾਈ ਵਾਲਾ ਅੱਡਾ ਵਿਖੇ ਪੁਲਸ ਵੱਲੋਂ ਲਗਾਏ ਨਾਕੇ ਦੌਰਾਨ ਸਹਾਇਕ ਥਾਣੇਦਾਰ ਨੂੰ ਮਾਰ ਦੇਣ ਦੀ ਨੀਯਤ ਨਾਲ ਅਣਪਛਾਤੇ ਵਿਅਕਤੀਆਂ ਵੱਲੋਂ ਉਸ 'ਤੇ ਗੱਡੀ ਚੜ੍ਹਾਉਣ ਦੀ ਕੋਸ਼ਿਸ਼ ਕੀਤੀ ਗਈ। ਪੁਲਸ ਨੇ ਗੱਡੀ ਬਰਾਮਦ ਕਰਕੇ ਉਸ ਵਿੱਚੋਂ ਹਥਿਆਰ ਤੇ ਹੋਰ ਸਾਮਾਨ ਬਰਾਮਦ ਕੀਤਾ ਹੈ। ਇਸ ਸੰਬੰਧੀ ਥਾਣਾ ਸਿਟੀ ਫਿਰੋਜ਼ਪੁਰ ਪੁਲਸ ਨੇ 5 ਅਣਪਛਾਤੇ ਵਿਅਕਤੀਆਂ ਖਿਲਾਫ 307, 353, 186, 379, 427, 148, 149 ਆਈਪੀਸੀ ਤਹਿਤ ਮਾਮਲਾ ਦਰਜ ਕੀਤਾ ਹੈ। ਪੁਲਸ ਨੂੰ ਦਿੱਤੇ ਬਿਆਨਾਂ ਵਿੱਚ ਸਹਾਇਕ ਥਾਣੇਦਾਰ ਸ਼ਰਮਾ ਸਿੰਘ ਨੇ ਦੱਸਿਆ ਕਿ ਉਹ ਪੁਲਸ ਪਾਰਟੀ ਸਮੇਤ ਗਸ਼ਤ ਵਾ ਚੈਕਿੰਗ ਦੇ ਸਬੰਧ ਵਿੱਚ ਨੇੜੇ ਖਾਈ ਵਾਲਾ ਅੱਡਾ ਸਿਟੀ ਫਿਰੋਜ਼ਪੁਰ ਵਿਖੇ ਮੌਜੂਦ ਸੀ ਤਾਂ ਇਸ ਦੌਰਾਨ ਖਾਸ ਮੁਖਬਰ ਨੇ ਇਤਲਾਹ ਦਿੱਤੀ ਕਿ 1 ਕਾਰ ਸਵਿਫਟ ਨੰਬਰ ਡੀ ਐੱਲ 3 ਸੀ ਏ ਜੀ 8919 ਕਾਲੇ ਰੰਗ ਦੇ ਸ਼ੀਸ਼ਿਆਂ ਵਾਲੀ, ਜਿਸ ਵਿੱਚ 5 ਨੌਜਵਾਨ ਸਵਾਰ ਸਨ ਤੇ ਉਹ ਮਾਰੂ ਹਥਿਆਰਾਂ ਨਾਲ ਲੈੱਸ ਹੋ ਕੇ ਚੋਰੀ ਦਾ ਸਾਮਾਨ ਲੈ ਕੇ ਜਾ ਰਹੇ ਹਨ। ਜੇਕਰ ਹੁਣੇ ਅੱਡਾ ਖਾਈ 'ਤੇ ਹੀ ਨਾਕਾਬੰਦੀ ਕੀਤੀ ਜਾਵੇ ਤਾਂ ਕਾਬੂ ਆ ਸਕਦੇ ਹਨ, ਜਿਸ 'ਤੇ ਸਹਾਇਕ ਥਾਣੇਦਾਰ ਸ਼ਰਮਾ ਸਿੰਘ ਸਮੇਤ ਸਾਥੀ ਕਰਮਚਾਰੀਆਂ ਨੇ ਨਾਕਾਬੰਦੀ ਕੀਤੀ ਤੇ ਉਕਤ ਗੱਡੀ ਵਿੱਚ ਸਵਾਰ 5 ਨੌਜਵਾਨ ਨਜ਼ਦੀਕ ਆਏ ਤੇ ਇਨ੍ਹਾਂ ਨੂੰ ਰੁਕਣ ਦਾ ਇਸ਼ਾਰਾ ਕੀਤਾ ਤਾਂ ਕਾਰ ਚਾਲਕ ਨੇ ਕਾਰ ਨਹੀਂ ਰੋਕੀ ਤੇ ਸਹਾਇਕ ਥਾਣੇਦਾਰ ਸ਼ਰਮਾ ਸਿੰਘ 'ਤੇ ਮਾਰ ਦੇਣ ਦੀ ਨੀਯਤ ਨਾਲ ਕਾਰ ਚੜ੍ਹਾਉਣ ਦੀ ਕੋਸ਼ਿਸ਼ ਕੀਤੀ ਤੇ ਮੌਕੇ ਤੋਂ ਫਰਾਰ ਹੋ ਗਏ ਅਤੇ ਉਕਤ ਗੱਡੀ ਅੱਗੇ ਜਾ ਕੇ ਨੇੜੇ ਬਜਾਜ ਡੇਅਰੀ ਪਾਸ ਛੱਡ ਕੇ ਫਰਾਰ ਹੋ ਗਏ, ਜਿਸ ਦੀ ਤਲਾਸ਼ੀ ਲੈਣ 'ਤੇ 1 ਬੈਟਰਾ, ਇਨਵੈਰਟਰ, 1 ਪੇਚਕਸ, 1 ਮੋਟਰਸਾਈਕਲ ਦੀ ਗਰਾਰੀ ਲੱਗੀ ਹੋਈ ਪਾਇਪ, 1 ਪਲਾਸ ਬਰਾਮਦ ਹੋਇਆ। ਪੁਲਸ ਨੇ ਦੱਸਿਆ ਕਿ ਉਕਤ ਮੁਲਜ਼ਮਾਂ ਖਿਲਾਫ ਮਾਮਲਾ ਦਰਜ ਕਰ ਲਿਆ ਗਿਆ ਹੈ।

## ਠੇਕਾ ਮੁਲਾਜ਼ਮਾਂ ਨਾਲ 19ਵੀਂ ਵਾਰ ਮੀਟਿੰਗ ਕਰਨ ਤੋਂ ਭੱਜੇ ਮੁੱਖ ਮੰਤਰੀ : ਆਗੂ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**

ਠੇਕਾ ਮੁਲਾਜ਼ਮ ਸੰਘਰਸ਼ ਮੋਰਚਾ ਪੰਜਾਬ ਦੇ ਜ਼ਿਲ੍ਹਾ ਆਗੂ ਬਲਜੀਤ ਸਿੰਘ ਭੱਟੀ, ਸੁਰਜੀਤ ਸਿੰਘ ਤੱਖੀ, ਜਸਬੀਰ ਸਿੰਘ ਕਾਲਾ, ਬਿਕਰਮ ਜੀਤ ਸਿੰਘ ਕਪੂਰ, ਸੌਰਵ ਮਿਗਲਾਨੀ, ਗਗਨਦੀਪ ਸਿੰਘ, ਤਰਲੋਕ ਸਿੰਘ, ਗੁਰਸੇਵਕ ਸਿੰਘ ਅਤੇ ਗੁਰਦੇਵ ਸਿੰਘ ਨੇ ਦੱਸਿਆ ਕਿ ਉਹ ਪਿਛਲੇ 15-20 ਸਾਲਾਂ ਤੋਂ ਸਰਕਾਰੀ ਵਿਭਾਗਾਂ ਵਿੱਚ ਆਊਟਸੋਰਸ/ਇਨਲਿਸਟਮੈਂਟ ਤੇ ਆਪਣੀ ਸੇਵਾਵਾਂ ਨਿਭਾ ਰਹੇ ਹਨ, ਪਰ ਸਮੇਂ-ਸਮੇਂ ਦੀਆਂ ਸਰਕਾਰਾਂ ਵੱਲੋਂ ਉਨ੍ਹਾਂ ਨੂੰ ਰੈਗੂਲਰ ਕਰਨ ਦਾ ਵਾਧਾ ਕੀਤਾ ਜਾਂਦਾ ਹੈ, ਪਰ ਕਿਸੇ ਵੀ ਸਰਕਾਰ ਵੱਲੋਂ ਉਨ੍ਹਾਂ ਦੀ ਸਾਰ ਨਹੀਂ ਲਈ ਗਈ। ਉਨ੍ਹਾਂ ਦੱਸਿਆ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਦੇ ਸਮੇਂ ਵਿੱਚ ਪੰਜਾਬ ਦੇ ਮੁੱਖ ਮੰਤਰੀ ਨਾਲ ਉਨ੍ਹਾਂ ਨੂੰ ਪਿਛਲੇ ਸਮੇਂ ਵਿੱਚ 19 ਵਾਰ ਲਿਖਤੀ ਮੀਟਿੰਗ ਦਿੱਤੀ ਗਈ ਸੀ, ਪਰ ਮੁੱਖ ਮੰਤਰੀ ਵੱਲੋਂ ਵਾਰ-ਵਾਰ ਮੀਟਿੰਗ ਕਰਨ ਤੋਂ ਮੁੱਕਰ ਰਹੇ ਹਨ ਅਤੇ ਉਨ੍ਹਾਂ ਨੂੰ ਰੈਗੂਲਰ ਕਰਨਾ ਤਾਂ ਦੂਰ, ਮੁੱਖ ਮੰਤਰੀ ਉਨ੍ਹਾਂ ਨਾਲ ਮੀਟਿੰਗ ਕਰਨ ਤੋਂ ਵੀ ਭੱਜ ਰਹੇ ਹਨ। ਪਿਛਲੇ ਦਿਨੀਂ ਠੇਕਾ ਮੁਲਾਜ਼ਮ ਸੰਘਰਸ ਮੋਰਚਾ ਪੰਜਾਬ ਵੱਲੋਂ ਲੁਧਿਆਣਾ ਵਿਖੇ ਲਾਡੋਵਾਲ ਟੋਲ ਪਲਾਜ਼ਾ 'ਤੇ ਧਰਨਾ ਦਿੱਤਾ ਗਿਆ ਸੀ, ਜਿਸ ਕਰਕੇ ਉੱਥੇ ਦੇ ਪ੍ਰਸ਼ਾਸਨ ਵੱਲੋਂ ਉਨ੍ਹਾਂ ਨੂੰ ਲਿਖਤੀ ਮੀਟਿੰਗ 20 ਦਸੰਬਰ ਦਿੱਤੀ ਗਈ ਸੀ, ਪਰ ਜਦੋਂ ਮੋਰਚੇ ਦੇ ਆਗੂ ਮੀਟਿੰਗ ਕਰਨ ਗਏ ਤਾਂ ਉਨ੍ਹਾਂ ਨੂੰ ਹਰ ਵਾਰ ਦੀ ਤਰ੍ਹਾਂ 19 ਵੀ ਵਾਰ ਵੀ ਮੁੱਖ ਮੰਤਰੀ ਦੇ ਰੁਝੇਵਿਆਂ ਦਾ ਹਵਾਲਾ ਦੇ ਕੇ ਮੀਟਿੰਗ ਨਹੀਂ ਕੀਤੀ ਗਈ, ਜਿਸ ਦੇ ਰੋਸ ਵਜੋਂ ਪੰਜਾਬ ਭਰ ਵਿੱਚ 30 ਦਸੰਬਰ ਨੂੰ ਮੁੱਖ ਮੰਤਰੀ ਦੇ ਪੁਤਲੇ ਫੂਕੇ ਜਾਣਗੇ।

## ...ਸਫ਼ਾ 1 ਦੇ ਬਾਕੀ

### ਮੋਦੀ ਸਰਕਾਰ ਹਰ ਆਵਾਜ਼..

ਪਾਰਟੀ ਦੀ ਸਥਾਪਨਾ ਅਤੇ ਆਜ਼ਾਦੀ ਦੀ ਲਹਿਰ ਵਿੱਚ ਪਾਏ ਯੋਗਦਾਨ ਬਾਰੇ ਦੱਸਦਿਆਂ ਕਿਹਾ ਕਿ ਪਾਰਟੀ ਦੀ ਸਥਾਪਨਾ 26 ਦਸੰਬਰ 1925 ਨੂੰ ਕਾਨਪੁਰ ਵਿੱਚ ਹੋਈ ਸੀ। ਆਜ਼ਾਦੀ ਤੋਂ ਬਾਅਦ ਕਾਂਗਰਸ ਪਾਰਟੀ ਇੱਕ ਨੰਬਰ ਤੇ ਸੀ ਪੀ ਆਈ ਦੂਜੇ ਨੰਬਰ 'ਤੇ ਸੀ। ਸੀ ਪੀ ਆਈ ਸਮਾਜ ਵਿਚ ਆਰਥਕ ਬਰਾਬਰੀ ਦੀ ਅਲੰਬਰਦਾਰ ਸੀ। ਇਹ ਹਮੇਸ਼ਾ ਬਾਬੇ ਨਾਨਕ ਦੀ ਵਿਚਾਰਧਾਰਾ 'ਤੇ ਅਮਲ ਕਰਦਿਆਂ ਕਿਰਤੀ ਅਤੇ ਕਿਸਾਨ ਵਰਗ ਦੀ ਪ੍ਰਤੀਨਿਧਤਾ ਕਰਦੀ ਰਹੀ ਹੈ, ਇਸ ਨੇ ਤਿਲੰਗਾਨਾ, ਤਿਭਾਗਾ, ਪੈਪਸੂ ਦੀ ਮੁਜ਼ਾਰਾ ਲਹਿਰਾਂ ਵਿੱਚ ਜਿੱਤਾਂ ਪ੍ਰਾਪਤ ਕੀਤੀਆਂ। ਬਾਬਾ ਸਾਹਿਬ ਬੀ ਆਰ ਅੰਬੇਡਕਰ ਵੱਲੋਂ ਆਜ਼ਾਦ ਭਾਰਤ ਦੇ ਗਰੀਬ ਅਤੇ ਲਿਤਾੜੇ ਭਾਰਤੀ ਲੋਕਾਂ ਦੀ ਤਰੱਕੀ ਤੇ ਖੁਸ਼ਹਾਲੀ ਲਈ ਭਾਰਤੀ ਸੰਵਿਧਾਨ ਰਾਹੀਂ ਲੋਕਾਂ ਲਈ ਨਿਯਮ ਬਣਾਏ ਗਏ। ਉਨ੍ਹਾ ਦੱਸਿਆ ਕਿ ਉਸ ਸਮੇਂ ਦੀ ਜਵਾਹਰ ਲਾਲ ਨਹਿਰੂ ਦੀ ਸਰਕਾਰ ਵੱਲੋਂ ਪੰਜ ਸਾਲਾ ਯੋਜਨਾਵਾਂ ਰਾਹੀਂ ਪਬਲਿਕ ਸੈਕਟਰ ਦੀ ਉਸਾਰੀ ਕੀਤੀ ਗਈ। ਰੂਸ ਨੇ ਨਵੇਂ ਆਜ਼ਾਦ ਭਾਰਤ ਦੀ ਹਰ ਤਰੀਕੇ ਮਦਦ ਕੀਤੀ। ਰੂਸ ਦੇ ਟੁੱਟਣ ਤੋਂ ਬਾਅਦ ਸਰਮਾਏਦਾਰਾਂ ਦੀ ਨੁਮਾਇੰਦਗੀ ਕਰਦੇ ਅਮਰੀਕਾ ਨੇ ਹਰ ਇਕ ਦੇਸ਼ ਨੂੰ ਆਪਣੀ ਮੰਡੀ ਵਜੋਂ ਦੇਖਿਆ ਅਤੇ ਛੋਟੇ-ਛੋਟੇ ਦੇਸ਼ਾਂ ਨੂੰ ਆਪਸ ਵਿੱਚ ਲੜਾਉਣ ਲਈ ਹਥਿਆਰ ਵੇਚੇ। ਕਦੇ ਇਰਾਕ ਜੰਗ, ਕਦੇ ਯੂਕਰੇਨ-ਰੂਸ ਲੜਾਈ ਤੇ ਹੁਣ ਇਸਰਾਇਲ-ਫਲਸਤੀਨ ਨੂੰ ਲੜਾ ਕੇ ਆਪਣੀ ਧੌਂਸ ਕਾਇਮ ਰੱਖਣਾ ਚਾਹੁੰਦਾ ਹੈ। ਭਾਰਤੀ ਕਮਿਊਨਿਸਟ ਪਾਰਟੀ ਅਜਿਹੀ ਜੰਗ ਦਾ ਵਿਰੋਧ ਕਰਦੀ ਹੈ। ਭਾਰਤੀ ਜਨਤਾ ਪਾਰਟੀ ਦੀ ਮੋਦੀ ਸਰਕਾਰ ਵੀ ਹਰ ਆਵਾਜ਼ ਨੂੰ ਦਬਾਉਣਾ ਚਾਹੁੰਦੀ ਹੈ। ਦੇਸ਼ ਵਿੱਚ ਸੰਵਿਧਾਨ ਰਾਹੀਂ ਮਿਲੀ ਬੋਲਣ ਦੀ ਆਜ਼ਾਦੀ ਖਤਮ ਕੀਤੀ ਜਾ ਰਹੀ ਹੈ। ਵਿਰੋਧੀਆਂ 'ਤੇ ਫਾਸ਼ੀਵਾਦੀ ਹਮਲੇ ਹੋ ਰਹੇ ਹਨ। ਇਹ ਸਰਕਾਰ ਲੋਕਾਂ ਦੀ ਆਰਥਕ ਲੜਾਈ ਲੜ ਰਹੇ ਕਮਿਊਨਿਸਟਾਂ ਨੂੰ ਆਪਣੇ ਦੁਸ਼ਮਣ ਮੰਨ ਰਹੀ ਹੈ। ਘੱਟ ਗਿਣਤੀਆਂ 'ਤੇ ਹਮਲੇ ਕੀਤੇ ਜਾ ਰਹੇ ਹਨ। ਅੱਜ ਸੀ ਪੀ ਆਈ ਦੇ ਸਥਾਪਨਾ ਦਿਵਸ 'ਤੇ ਇਹ ਪ੍ਰਣ ਕਰੀਏ ਕਿ ਇਸ ਫਾਸ਼ੀਵਾਦੀ ਸਰਕਾਰ ਨੂੰ ਚਲਦਾ ਕਰਕੇ ਸੰਵਿਧਾਨ, ਦੇਸ਼ ਅਤੇ ਪਬਲਿਕ ਅਦਾਰਿਆਂ ਨੂੰ ਬਚਾ ਸਕੀਏ ਅਤੇ ਦੇਸ਼ ਨੂੰ ਕਾਰਪੋਰੇਟ ਘਰਾਣਿਆਂ ਦੇ ਚੁੰਗਲ ਤੋਂ ਬਚਾ ਸਕੀਏ।

ਇਹ ਸਾਰਾ ਪ੍ਰੋਗਰਾਮ ਸਵਤੰਤਰ ਕੁਮਾਰ ਦੀ ਅਗਵਾਈ ਹੇਠ ਸਫਲਤਾ ਨਾਲ ਸੰਪੰਨ ਹੋਇਆ। ਸਮਾਗਮ 'ਚ ਹੋਰਨਾਂ ਤੋਂ ਇਲਾਵਾ ਅਮਰਜੀਤ ਮੇਹਲੀ, ਹੁਸਨ ਲਾਲ ਮੇਹਲੀ, ਜਸਵਿੰਦਰ ਲਾਲ, ਗੁਰਿੰਦਰ ਲਾਲ, ਬੀਨਾ ਰਾਣੀ, ਰਾਜਵੀਰ ਕੌਰ, ਸੱਤਿਆ ਦੇਵੀ, ਗੁਰਮੁਖ ਸਿੰਘ ਫਰਾਲਾ, ਗੁਰਨਾਮ ਮੁੰਨਾ, ਨਿਰਮਲ ਕੁਮਾਰ, ਸੁਰਜੀਤ ਰਾਮ, ਸੋਹਣ ਲਾਲ ਤਰਸੇਮ ਲਾਲ, ਦਰਸ਼ਨ ਰਾਮ, ਹਰਪਾਲ ਸਿੰਘ, ਹਰਬੰਸ ਲਾਲ, ਹੰਸ ਰਾਜ, ਸੋਢੀ ਰਾਮ, ਗੁਰਮੀਤ ਰਾਮ, ਦੇਵ ਰਾਜ, ਮਹਿੰਦਰ ਰਾਮ, ਜੋਗਿੰਦਰ ਪਾਲ ਜੂਨੀਅਰ ਮੇਨਕਾ ਆਦਿ ਸ਼ਾਮਲ ਸਨ।

### ਸ਼ਹੀਦ ਊਧਮ ਸਿੰਘ ਦੇ ...

ਕੁੱਲ ਹਿੰਦ ਕਿਸਾਨ ਸਭਾ ਦੇ ਸੂਬਾ ਆਗੂ ਸੁਰਿੰਦਰ ਢੰਡੀਆਂ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ। ਇਸ ਮੌਕੇ ਹਾਜ਼ਰੀਨ ਨੂੰ ਸੰਬੋਧਨ ਕਰਦਿਆਂ ਜਗਰੂਪ ਸਿੰਘ ਨੇ ਕਿਹਾ ਕਿ ਸ਼ਹੀਦ ਊਧਮ ਸਿੰਘ ਦਾ ਸਮੁੱਚਾ ਜੀਵਨ ਸ਼ਹੀਦ ਭਗਤ ਸਿੰਘ ਦੇ ਜੀਵਨ ਸੰਘਰਸ਼ ਤੋਂ ਪ੍ਰੇਰਿਤ ਸੀ ਅਤੇ ਉਹਨਾ ਭਗਤ ਸਿੰਘ ਦੇ ਪਾਏ ਪੂਰਨਿਆਂ 'ਤੇ ਚਲਦਿਆਂ ਦੇਸ਼ ਦੇ ਆਜ਼ਾਦੀ ਸੰਗਰਾਮ ਵਿੱਚ ਹਿੱਸਾ ਲਿਆ। ਉਹਨਾ ਕਿਹਾ ਕਿ ਸ਼ਹੀਦ ਊਧਮ ਸਿੰਘ, ਸ਼ਹੀਦ ਭਗਤ ਸਿੰਘ ਅਤੇ ਸ਼ਹੀਦ ਕਰਤਾਰ ਸਿੰਘ ਸਰਾਭਾ ਇਕੋ ਵਿਚਾਰਧਾਰਾ ਅਤੇ ਖਾਸ ਮਿਸ਼ਨ (ਆਜ਼ਾਦੀ ਅਤੇ ਸਮਾਜਵਾਦੀ ਪ੍ਰਬੰਧ ਦੀ ਸਥਾਪਤੀ) ਦੀ ਪ੍ਰਾਪਤੀ ਸੰਘਰਸ਼ ਦੇ ਝੰਡਾਬਰਦਾਰ ਸਨ। ਉਹਨਾ ਚਿੰਤਾ ਪ੍ਰਗਟ ਕਰਦਿਆਂ ਕਿਹਾ ਕਿ ਸ਼ਹੀਦਾਂ ਵੱਲੋਂ ਕੁਰਬਾਨੀਆਂ ਦੇ ਕੇ ਪ੍ਰਾਪਤ ਕੀਤੀ ਆਜ਼ਾਦੀ ਤੋਂ ਬਾਅਦ ਵੀ ਸਰਮਾਏਦਾਰੀ ਧਿਰ ਅੰਗਰੇਜ਼ ਹਕੂਮਤ ਦੀ ਰਾਹ 'ਤੇ ਚਲਦਿਆਂ ਲੋਕ ਵਿਰੋਧੀ ਨੀਤੀਆਂ ਬਣਾ ਰਹੀ ਹੈ। ਉਹਨਾ ਨੌਜਵਾਨਾਂ ਨੂੰ ਸੱਦਾ ਦਿੰਦਿਆਂ ਕਿਹਾ ਕਿ ਸ਼ਹੀਦ ਊਧਮ ਸਿੰਘ ਦੇ ਸੱਚੇ ਵਾਰਸਾਂ ਨੂੰ ਸਮਾਜਕ ਅਤੇ ਆਰਥਕ ਨਾਬਰਾਬਰੀ ਖਿਲਾਫ ਉੱਠ ਕੇ ਆਵਾਜ਼ ਬੁਲੰਦ ਕਰਨੀ ਚਾਹੀਦੀ ਹੈ। ਪਰਮਜੀਤ ਸਿੰਘ ਢਾਬਾਂ ਅਤੇ ਰਮਨ ਧਰਮੂ ਵਾਲਾ ਨੇ ਕਿਹਾ ਕਿ ਰੁਜ਼ਗਾਰ ਪ੍ਰਾਪਤੀ ਮੁਹਿੰਮ ਨੂੰ ਇਸ ਗੱਲ ਦਾ ਮਾਣ ਹੈ ਕਿ ਉਹਨਾਂ ਵੱਲੋਂ ਦੇਸ਼ ਭਗਤਾਂ ਦੇ ਜਨਮ ਦਿਹਾੜੇ ਅਤੇ ਸ਼ਹੀਦੀ ਦਿਹਾੜੇ ਮਨਾ ਕੇ ਬੇਰੁਜ਼ਗਾਰ ਅਤੇ ਨਿਰਾਸ਼ ਜਵਾਨੀ ਨੂੰ ਜਾਗਰੂਕ ਕਰਨ ਦਾ ਬੇਰੋਕ ਉਪਰਾਲਾ ਕੀਤਾ ਜਾਂਦਾ ਹੈ। ਇਸ ਦੀ ਲਗਾਤਾਰਤਾ ਦਾ ਹੀ ਸਿੱਟਾ ਹੈ ਕਿ ਰੁਜ਼ਗਾਰ ਪ੍ਰਾਪਤੀ ਮੁਹਿੰਮ ਅੱਜ ਹਰ ਨਿਰਾਸ਼ ਹੋ ਚੁੱਕੇ ਨੌਜਵਾਨ, ਵਿਦਿਆਰਥੀ ਅਤੇ ਆਮ ਮਨੁੱਖ ਲਈ ਆਸ ਦੀ ਕਿਰਨ ਹੈ।

ਉਹਨਾ ਇਸ ਮੌਕੇ ਪ੍ਰਣ ਲੈਂਦਿਆਂ ਕਿਹਾ ਕਿ ਨੌਜਵਾਨ ਅਤੇ ਵਿਦਿਆਰਥੀ ਸ਼ਹੀਦ ਊਧਮ ਸਿੰਘ ਦੀ ਵਿਚਾਰਧਾਰਾ ਤੋਂ ਅਗਵਾਈ ਲੈ ਕੇ ਬਨੇਗਾ ਦੀ ਪ੍ਰਾਪਤੀ ਅਤੇ ਮੁਫਤ ਵਿਦਿਆ ਗਰੰਟੀ ਲਈ ਸੰਘਰਸ਼ ਨੂੰ ਪ੍ਰਾਪਤੀ ਤੱਕ ਜਾਰੀ ਰੱਖਣਗੇ। ਇਸ ਮੌਕੇ ਹੋਰਨਾਂ ਤੋਂ ਇਲਾਵਾ ਗੌਰਮਿੰਟ ਸਕੂਲ ਟੀਚਰ ਯੂਨੀਅਨ (ਵਿਗਿਆਨਕ) ਦੇ ਸੂਬਾ ਸਕੱਤਰ ਸੁਰਿੰਦਰ ਕੰਬੋਜ, ਡੀ ਟੀ ਐੱਫ ਦੇ ਆਗੂ ਵਰਿੰਦਰ ਕੁਮਾਰ ਲਾਧੂਕਾ, ਆਈ ਟੀ ਆਈ ਅਲੂਮਨੀ ਐਸੋਸੀਏਸ਼ਨ ਦੇ ਆਗੂ ਇੰਸਪੈਕਟਰ ਮਦਨ ਲਾਲ, ਜੀ ਐੱਸ ਟੀ ਯੂ ਦੇ ਆਗੂ ਵਰਿਆਮ ਘੁੱਲਾ, ਸਰਬ ਭਾਰਤ ਨੌਜਵਾਨ ਸਭਾ ਦੇ ਸੂਬਾ ਸਹਾਇਕ ਸਕੱਤਰ ਹਰਭਜਨ ਛੱਪੜੀ ਵਾਲਾ, ਜ਼ਿਲ੍ਹਾ ਸਕੱਤਰ ਸੁਬੇਗ ਝੰਗੜ ਭੈਣੀ, ਨਰਿੰਦਰ ਢਾਬਾਂ, ਗੁਰਦਿਆਲ ਸਿੰਘ, ਆਲ ਇੰਡੀਆ ਸਟੂਡੈਂਟਸ ਫੈਡਰੇਸ਼ਨ ਦੇ ਜ਼ਿਲ੍ਹਾ ਕੌਂਸਲ ਮੈਂਬਰ ਹੈਪੀ ਗਾਗਨ ਕੇ, ਆਸ਼ੂ ਕਰਨੀ ਖੇੜਾ, ਆਈ ਟੀ ਆਈ ਦੇ ਪ੍ਰਧਾਨ ਆਸ਼ਿਸ਼ ਕੁਮਾਰ, ਲੜਕੀਆਂ ਦੀ ਪ੍ਰਧਾਨ ਸਪਨਾ ਰਾਣੀ, ਆਕਾਸ਼ ਬਾਹਮਣੀਵਾਲਾ, ਰਵੀ ਢਾਬਾਂ, ਸੁਰਿੰਦਰ ਬਾਹਮਣੀਵਾਲਾ, ਰਾਜਵਿੰਦਰ ਨੌਲਾ, ਸਤੀਸ਼ ਛੱਪੜੀਵਾਲਾ, ਕੁਲਦੀਪ ਬਖੂ ਸ਼ਾਹ, ਕ੍ਰਿਸ਼ਨ ਧਰਮੂ ਵਾਲਾ, ਜੰਮੂ ਰਾਮ ਬੰਨਵਾਲਾ, ਬਲਵਿੰਦਰ ਮਹਾਲਮ, ਜਰਨੈਲ ਢਾਬਾਂ, ਅੰਕੁਸ਼ ਲਾਧੂਕਾ ਤੇ ਛਿੰਦਰਪਾਲ ਛੱਪੜੀਵਾਲਾ ਨੇ ਵੀ ਸੰਬੋਧਨ ਕੀਤਾ।

### ਮੁੱਖ ਮੰਤਰੀ ਵੱਲੋਂ ਪਟਿਆਲਾ ਦਾ...

ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਸ਼ਹਿਰ ਵਿੱਚ ਆਵਾਰਾ ਪਸ਼ੂਆਂ ਦੀ ਸਮੱਸਿਆ ਦੇ ਹੱਲ ਲਈ ਵੱਡੇ ਕਦਮ ਚੁੱਕ ਰਹੀ ਹੈ। ਸ਼ਹਿਰ ਵਿੱਚ 57 ਕਰੋੜ ਰੁਪਏ ਦੀ ਲਾਗਤ ਨਾਲ 77 ਵਿਕਾਸ ਪ੍ਰੋਜੈਕਟ ਪਹਿਲਾਂ ਹੀ ਚੱਲ ਰਹੇ ਹਨ। ਮਾਡਲ ਟਾਊਨ ਡਰੇਨ ਦੇ ਨਿਰਮਾਣ ਦਾ ਪਹਿਲਾ ਪੜਾਅ ਪੂਰਾ ਹੋ ਚੁੱਕਾ ਹੈ ਅਤੇ ਛੇ ਕਿਲੋਮੀਟਰ ਦੇ ਫੇਜ਼-2 ਨੂੰ 65 ਕਰੋੜ ਰੁਪਏ ਦੀ ਲਾਗਤ ਨਾਲ ਪੂਰਾ ਕੀਤਾ ਜਾਵੇਗਾ। ਉਹਨਾ ਲੋਕਾਂ ਦੀ ਸਹੂਲਤ ਲਈ ਸਟਰੀਟ ਲਾਈਟ, ਪਾਰਕਾਂ ਦੀ ਸਾਂਭ-ਸੰਭਾਲ, ਵਿਰਾਸਤੀ ਸਟਰੀਟ ਪ੍ਰੋਜੈਕਟ, ਛੋਟੀ ਬੜੀ ਨਦੀ ਪ੍ਰੋਜੈਕਟ ਅਤੇ ਹੋਰ ਕੰਮਾਂ ਦਾ ਵੀ ਜਾਇਜ਼ਾ ਲਿਆ। ਮੁੱਖ ਮੰਤਰੀ ਨੇ ਅਧਿਕਾਰੀਆਂ ਨੂੰ ਮੌਜੂਦਾ ਬੱਸ ਸਟੈਂਡ ਨੂੰ ਸਿਟੀ ਬੱਸ ਸਟੈਂਡ ਵਜੋਂ ਵਰਤਣ ਦੀ ਸੰਭਾਵਨਾ ਤਲਾਸ਼ਣ ਲਈ ਵੀ ਆਖਿਆ।

### ਮਾਇਆਵਤੀ 'ਤੇ 'ਇੰਡੀਆ'...

ਰਹੀ ਤਾਂ ਭਾਜਪਾ ਨੂੰ ਫਾਇਦਾ ਹੋਵੇਗਾ। ਇਕ ਹੋਰ ਸਾਂਸਦ ਨੇ ਕਿਹਾ-ਇੰਡੀਆ ਨਾਲ ਮਿਲਣਾ ਹੀ ਬਿਹਤਰ ਹੋਵੇਗਾ। ਬਸਪਾ ਇਕੱਲੇ ਲੜ ਕੇ ਇੰਡੀਆ ਦੀਆਂ ਵੋਟਾਂ ਕੱਟੇਗੀ ਤਾਂ ਭਾਜਪਾ ਨੂੰ ਫਾਇਦਾ ਹੋਵੇਗਾ। ਸਮਾਜਵਾਦੀ ਪਾਰਟੀ ਤੇ ਰਾਸ਼ਟਰੀ ਲੋਕ ਦਲ ਦੇ ਗੱਠਜੋੜ ਕਾਰਨ ਮੁਸਲਮਾਨ ਉਧਰ ਜਾਂਦੇ ਨਜ਼ਰ ਆ ਰਹੇ ਹਨ, ਜਿਸ ਦਾ ਬਸਪਾ ਨੂੰ ਨੁਕਸਾਨ ਹੋਵੇਗਾ। ਇਕ ਹੋਰ ਸਾਂਸਦ ਨੇ ਕਿਹਾ ਕਿ ਜੇ ਬਸਪਾ ਭਾਜਪਾ ਨੂੰ ਹਰਾਉਣ ਦੀ ਸਥਿਤੀ ਵਿਚ ਨਹੀਂ ਦਿਸੀ ਤਾਂ ਭਾਜਪਾ ਵਿਰੋਧੀ ਵੋਟ ਬਸਪਾ ਨੂੰ ਨਹੀਂ ਮਿਲਣਗੇ। ਇੰਡੀਆ ਭਾਜਪਾ ਦਾ ਮਜ਼ਬੂਤ ਬਦਲ ਨਜ਼ਰ ਆ ਰਿਹਾ ਹੈ। ਉਸ ਨੇ ਕਿਹਾ-ਜੇ ਬਸਪਾ ਇੰਡੀਆ ਨਾਲ ਨਾ ਰਲੀ ਤਾਂ ਮੈਂ ਕਾਂਗਰਸ ਜਾਂ ਸਮਾਜਵਾਦੀ ਪਾਰਟੀ ਵਿਚ ਸ਼ਾਮਲ ਹੋ ਜਾਵਾਂਗਾ।

### ਅਯੁੱਧਿਆ ਪੁੱਜਣ ਦਾ...

ਧਾਰਮਿਕ ਸਮਾਗਮ ਨੂੰ ਸਰਕਾਰੀ ਸਮਾਗਮ ਵਿਚ ਬਦਲ ਦਿੱਤਾ ਹੈ ਅਤੇ ਪ੍ਰਧਾਨ ਮੰਤਰੀ, ਯੂ ਪੀ ਦੇ ਮੁੱਖ ਮੰਤਰੀ ਤੇ ਹੋਰਨਾਂ ਸਰਕਾਰੀ ਅਧਿਕਾਰੀਆਂ ਨੂੰ ਇਸ ਵਿਚ ਸ਼ਾਮਲ ਕਰ ਲਿਆ ਹੈ। ਸੁਪਰੀਮ ਕੋਰਟ ਦੁਹਰਾਅ ਚੁੱਕੀ ਹੈ ਕਿ ਸਰਕਾਰ ਨੇ ਸੰਵਿਧਾਨ ਮੁਤਾਬਕ ਚੱਲਣਾ ਹੁੰਦਾ ਹੈ। ਇਸ ਵਿਚ ਧਰਮ ਦਾ ਦਖਲ ਨਹੀਂ ਹੋਣਾ ਚਾਹੀਦਾ। ਹੁਕਮਰਾਨ ਪਾਰਟੀ ਇਸ ਦੀ ਉਲੰਘਣਾ ਕਰ ਰਹੀ ਹੈ। ਰਾਮ ਮੰਦਰ ਦੀ ਪ੍ਰਾਣ ਪ੍ਰਤਿਸ਼ਠਾ 22 ਜਨਵਰੀ ਨੂੰ ਹੋਣੀ ਹੈ ਅਤੇ ਪ੍ਰਧਾਨ ਮੰਤਰੀ ਮੋਦੀ, ਯੂ ਪੀ ਦੇ ਮੁੱਖ ਮੰਤਰੀ ਆਦਿਤਿਆ ਨਾਥ ਯੋਗੀ ਤੇ ਛੇ ਹਜ਼ਾਰ ਤੋਂ ਵੱਧ ਲੋਕ ਇਸ ਮੌਕੇ ਮੌਜੂਦ ਹੋਣਗੇ। ਕੇਂਦਰੀ ਮੰਤਰੀ ਮੀਨਾਕਸ਼ੀ ਲੇਖੀ ਨੇ ਕਿਹਾ ਹੈ ਕਿ ਜਿਨ੍ਹਾਂ ਨੂੰ ਭਗਵਾਨ ਰਾਮ ਨੇ ਸੱਦਿਆ ਹੈ, ਉਹੀ ਅਯੁੱਧਿਆ ਪੁੱਜ ਸਕਣਗੇ।

## ਦਾ ਹਿਊਮਨ ਰਾਈਟਸ ਐਂਡ ਐਂਟੀ ਕੁਰੱਪਸ਼ਨ ਫਰੰਟ ਵੱਲੋਂ ਆਯੁਰਵੈਦਿਕ ਮੈਡੀਕਲ ਕੈਂਪ




**ਫਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਦਾ ਹਿਊਮਨ ਰਾਈਟਸ ਐਂਡ ਐਂਟੀ ਕੁਰੱਪਸ਼ਨ ਫਰੰਟ ਪੰਜਾਬ ਵੱਲੋਂ ਸ਼ਹੀਦੀ ਜੋੜ ਮੇਲ ਮੌਕੇ ਮੁਫਤ ਆਯੁਰਵੈਦਿਕ ਮੈਡੀਕਲ ਚੈੱਕਅਪ ਕੈਂਪ ਲਾਇਆ ਗਿਆ, ਜਿਸ ਵਿੱਚ ਦਵਾਈਆਂ ਵੀ ਮੁਫਤ ਦਿੱਤੀਆਂ ਜਾ ਰਹੀਆਂ ਹਨ। ਇਸ ਮੌਕੇ ਫਤਿਹਗੜ੍ਹ ਸਾਹਿਬ ਦੇ ਵਿਧਾਇਕ ਐਡਵੋਕੇਟ ਲਖਬੀਰ ਸਿੰਘ ਰਾਏ ਵਿਸ਼ੇਸ਼ ਤੌਰ 'ਤੇ ਪਹੁੰਚੇ ਤੇ ਉਨ੍ਹਾਂ ਕੈਂਪ ਦੀ ਸ਼ੁਰੂਆਤ ਕਰਵਾਈ। ਉਨ੍ਹਾਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਸੰਸਥਾ ਦਾ ਇਹ ਉਪਰਾਲਾ ਬਹੁਤ ਹੀ ਸ਼ਲਾਘਾਯੋਗ ਹੈ। ਸ਼ਹੀਦੀ ਜੋੜ ਮੇਲ ਮੌਕੇ ਦੂਰ ਦੁਰਾਡੇ ਤੋਂ ਲੱਖਾਂ ਦੀ ਤਾਦਾਦ ਵਿੱਚ ਸੰਗਤਾਂ ਪਹੁੰਚ ਰਹੀਆਂ ਹਨ, ਇਸ ਵਿੱਚ ਜਿੰਨੇ ਵੀ ਇੰਤਜ਼ਾਮ ਕੀਤੇ ਜਾਣ ਥੋੜ੍ਹੇ ਹਨ, ਜੇਕਰ ਹਰ ਨਗਰ ਨਿਵਾਸੀ ਇਸ ਨੂੰ ਆਪਣੀ ਜ਼ਿੰਮੇਵਾਰੀ ਸਮਝ ਲਵੇ ਤਾਂ ਇਸ ਦਾ ਬਹੁਤ ਫਾਇਦਾ ਹੋਵੇਗਾ। ਇਸ ਸਬੰਧੀ ਜਾਣਕਾਰੀ ਦਿੰਦਿਆਂ ਸੰਸਥਾ ਦੇ ਸੂਬਾ ਪ੍ਰਧਾਨ ਐੱਮ ਐੱਸ ਰੋਹਟਾ ਨੇ ਕਿਹਾ ਕਿ ਉਨ੍ਹਾਂ ਦੀ ਸੰਸਥਾ ਵੱਲੋਂ ਧੰਨ ਧੰਨ ਬਾਬਾ ਜੋਰਾਵਰ ਸਿੰਘ, ਧੰਨ ਧੰਨ ਬਾਬਾ ਫਤਿਹ ਸਿੰਘ ਤੇ ਮਾਤਾ ਗੁਜਰ ਕੌਰ ਜੀ ਦੀ ਲਸਾਨੀ ਸ਼ਹਾਦਤ ਨੂੰ ਸਮਰਪਤ ਸ਼ਹੀਦੀ ਜੋੜ ਮੇਲ ਮੌਕੇ 26-27 ਦਸੰਬਰ ਨੂੰ ਇਹ ਆਯੁਰਵੈਦਿਕ ਮੈਡੀਕਲ ਕੈਂਪ ਲਾਇਆ ਜਾਵੇਗਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਜੱਸੀ ਸੋਹੀਆ ਵਾਲਾ ਚੇਅਰਮੈਨ ਜ਼ਿਲ੍ਹਾ ਯੋਜਨਾ ਬੋਰਡ ਪਟਿਆਲਾ, ਡਾ. ਸ਼ਿਵ ਕੁਮਾਰ ਸ਼ਰਮਾ ਕੌਮੀ ਪ੍ਰਧਾਨ ਹਿਊਮਨ ਰਾਈਟਸ ਜਨ ਚੇਤਨਾ ਮਿਸ਼ਨ ਭਾਰਤ, ਚੇਅਰਮੈਨ ਵੈਦ ਧਰਮ ਸਿੰਘ, ਸੀਨੀਅਰ ਮੀਤ ਪ੍ਰਧਾਨ ਗੁਰਚਰਨ ਸਿੰਘ, ਪਵਨ ਕੁਮਾਰ ਅੰਮ੍ਰਿਤਸਰ, ਮੀਤ ਪ੍ਰਧਾਨ ਕੈਪਟਨ ਹਰਭਜਨ ਸਿੰਘ, ਬਿਕਰਮਜੀਤ ਸਿੰਘ ਸਹੋਤਾ, ਜਨਰਲ ਸਕੱਤਰ ਗੁਰਸੇਵਕ ਸਿੰਘ, ਜੁਆਇੰਟ ਸਕੱਤਰ ਗੁਰਸੇਵਕ ਮਜਾਤ, ਡਾ. ਕੁਲਦੀਪ ਸਿੰਘ, ਕਿਸ਼ਨ ਗੋਪਾਲ, ਕੈਪਟਨ ਅਮਰੀਕ ਸਿੰਘ, ਉੱਪ-ਚੇਅਰਮੈਨ ਬਲਵੰਤ ਸਿੰਘ ਚੰਡੀਗੜ੍ਹ, ਚੀਫ ਮੀਡੀਆ ਕੰਟਰੋਲਰ ਪ੍ਰਵੀਨ ਕੁਮਾਰ ਬੱਤਰਾ, ਕਾਰਜਕਾਰੀ ਮੈਂਬਰ ਪ੍ਰੋ. ਜਸਬੀਰ ਸਿੰਘ ਰਟੋਲ, ਕੈਸ਼ੀਅਰ ਹੰਸ ਰਾਜ ਤਲਾਣੀਆਂ, ਅਡਵਾਈਜ਼ਰੀ ਬੋਰਡ ਜਗਵੀਰ ਸਿੰਘ ਇੰਸਪੈਕਟਰ, ਮੈਡੀਕਲ ਵਿੰਗ ਦੇ ਚੇਅਰਮੈਨ ਡਾ. ਜਗਦੀਸ਼ ਸਿੰਘ ਬਾਜਵਾ, ਅਮਲੋਹ ਦੇ ਪ੍ਰਧਾਨ ਸੂਬੇਦਾਰ ਗੁਰਮੁੱਖ ਸਿੰਘ ਵੈਦ, ਹਰਮੇਸ਼ ਸਿੰਘ, ਮੋਹਾਲੀ ਦੇ ਪ੍ਰਧਾਨ ਹਜਾਰਾ ਸਿੰਘ, ਵੈਦ ਨਿਰਮਲਜੀਤ ਕੌਰ, ਮੁਕੇਸ਼ ਅਰੋੜਾ ਆਦਿ ਹਾਜ਼ਰ ਸਨ।

## ਮਿਡ-ਡੇ-ਮੀਲ ਕੁੱਕਾਂ ਦੀਆਂ ਤਨਖਾਹਾਂ ਬਾਰੇ ਕਮੇਟੀ ਬਣਾਉਣ ਦੇ ਨਿਰਦੇਸ਼



**ਚੰਡੀਗੜ੍ਹ (ਗੁਰਜੀਤ ਬਿੱਲਾ)**

ਵਿੱਤ ਮੰਤਰੀ ਐਡਵੋਕੇਟ ਹਰਪਾਲ ਸਿੰਘ ਚੀਮਾ ਨੇ ਮੰਗਲਵਾਰ ਇੱਥੇ ਮਿਡ-ਡੇ-ਮੀਲ ਕੁੱਕਜ਼ ਯੂਨੀਅਨਾਂ ਦੇ ਨੁਮਾਇੰਦਿਆਂ ਨਾਲ ਮੀਟਿੰਗ ਦੌਰਾਨ ਸਕੂਲ ਸਿੱਖਿਆ ਵਿਭਾਗ ਨੂੰ ਹਦਾਇਤ ਕੀਤੀ ਕਿ ਉਹ ਸਿੱਖਿਆ ਅਤੇ ਵਿੱਤ ਵਿਭਾਗਾਂ ਦੇ ਅਧਿਕਾਰੀਆਂ ਅਤੇ ਯੂਨੀਅਨ ਦੇ ਨੁਮਾਇੰਦਿਆਂ ਦੀ ਸ਼ਮੂਲੀਅਤ ਵਾਲੀ ਕਮੇਟੀ ਬਣਾਏ, ਜੋ ਮਿਡ-ਡੇ-ਮੀਲ ਕੁੱਕਾਂ ਦੀ ਤਨਖਾਹ ਨਾਲ ਸਬੰਧਤ ਵੱਖ-ਵੱਖ ਪਹਿਲੂਆਂ ਬਾਰੇ ਅਧਿਐਨ ਕਰਕੇ ਆਪਣੀ ਰਿਪੋਰਟ ਪੇਸ਼ ਕਰੇ, ਤਾਂ ਜੋ ਉਨ੍ਹਾਂ ਦੀਆਂ ਤਨਖਾਹਾਂ ਵਿੱਚ ਵਾਧਾ ਕਰਨ ਬਾਰੇ ਫੈਸਲਾ ਜਲਦੀ ਲਿਆ ਜਾ ਸਕੇ। ਵਿੱਤ ਮੰਤਰੀ ਨੇ ਸਕੂਲ ਸਿੱਖਿਆ ਵਿਭਾਗ ਨੂੰ ਬੈਂਕਾਂ ਜਾਂ ਬੀਮਾ ਕੰਪਨੀਆਂ ਨਾਲ ਸਲਾਹ-ਮਸ਼ਵਰਾ ਕਰਕੇ ਇੱਕ ਬੀਮਾ ਪਾਲਿਸੀ ਤਿਆਰ ਕਰਨ ਦੇ ਨਿਰਦੇਸ਼ ਵੀ ਦਿੱਤੇ, ਜਿਸ ਨਾਲ ਮਿਡ-ਡੇ-ਮੀਲ ਕੁੱਕਾਂ ਨੂੰ ਸਿਹਤ ਅਤੇ ਜੀਵਨ ਬੀਮਾ ਦੋਵੇਂ ਮੁਹੱਈਆ ਕਰਵਾਏ ਜਾ ਸਕਣ। ਵਿੱਤ ਮੰਤਰੀ ਨੇ ਸਿੱਖਿਆ ਵਿਭਾਗ ਨੂੰ ਮਿਡ-ਡੇ-ਮੀਲ ਲਈ ਕੁੱਕਾਂ ਦੀ ਨਿਯੁਕਤੀ ਬਾਰੇ ਸਪੱਸ਼ਟ ਪ੍ਰਕਿਰਿਆ ਤਹਿਤ ਕਮੇਟੀਆਂ ਨੂੰ ਦਿਸ਼ਾ-ਨਿਰਦੇਸ਼ ਜਾਰੀ ਕਰਨ ਦੇ ਨਿਰਦੇਸ਼ ਵੀ ਦਿੱਤੇ। ਉਨ੍ਹਾਂ ਕਿਹਾ ਕਿ ਇਨ੍ਹਾਂ ਦਿਸ਼ਾ-ਨਿਰਦੇਸ਼ਾਂ ਵਿੱਚ ਉਨ੍ਹਾਂ ਕੁੱਕਾਂ ਨੂੰ ਪਹਿਲ ਦਿੱਤੀ ਜਾਵੇ, ਜਿਨ੍ਹਾਂ ਕੋਲ ਇਸ ਸਕੀਮ ਤਹਿਤ ਪਹਿਲਾਂ ਕੰਮ ਦਾ ਤਜਰਬਾ ਹੈ। ਉਨ੍ਹਾਂ ਕਿਹਾ ਕਿ ਇਸ ਦਾ ਸਿੱਧਾ ਲਾਭ ਉਨ੍ਹਾਂ ਮਿਡ-ਡੇ-ਮੀਲ ਕੁੱਕਾਂ ਨੂੰ ਹੋਵੇਗਾ, ਜਿਨ੍ਹਾਂ ਨੂੰ ਵਿਆਹ ਜਾਂ ਕਿਸੇ ਹੋਰ ਨਿੱਜੀ ਕਾਰਨ ਕਰਕੇ ਸਕੂਲ ਬਦਲਣਾ ਪੈਂਦਾ ਹੈ। ਉਨ੍ਹਾਂ ਕਿਹਾ ਕਿ ਚੋਣਾਂ ਦੌਰਾਨ ਕੁੱਕਾਂ ਦੀਆਂ ਡਿਊਟੀਆਂ ਲਗਾਉਣ ਦੀ ਸੂਰਤ ਵਿੱਚ ਭੁਗਤਾਨ ਸਿੱਧਾ ਇਨ੍ਹਾਂ ਦੇ ਖਾਤਿਆਂ ਵਿੱਚ ਯਕੀਨੀ ਬਣਾਉਣ ਲਈ ਵੀ ਸਕੂਲ ਸਿੱਖਿਆ ਵਿਭਾਗ ਨੂੰ ਕਿਹਾ। ਉਨ੍ਹਾਂ ਇਹ ਵੀ ਕਿਹਾ ਕਿ ਛੁੱਟੀ 'ਤੇ ਚੱਲੇ ਜਾਣ ਦੀ ਸੂਰਤ ਵਿੱਚ ਮਿਡ-ਡੇ-ਮੀਲ ਤਿਆਰ ਕਰਨ ਵਿੱਚ ਆ ਰਹੀਆਂ ਮੁਸ਼ਕਲਾਂ ਦੇ ਹੱਲ ਲਈ ਵਿੱਤ ਮੰਤਰੀ ਨੇ ਸਿੱਖਿਆ ਵਿਭਾਗ ਨੂੰ ਹਦਾਇਤ ਕੀਤੀ ਕਿ ਅਜਿਹੀ ਸਥਿਤੀ ਵਿੱਚ ਸਕੂਲ ਕਮੇਟੀਆਂ ਕੋਲ ਮੌਜੂਦ ਫੰਡਾਂ ਵਿੱਚੋਂ ਦਿਹਾੜੀ 'ਤੇ ਕੁੱਕ ਦਾ ਪ੍ਰਬੰਧ ਕਰਨ ਦੀਆਂ ਸੰਭਾਵਨਾਵਾਂ ਦਾ ਪਤਾ ਲਗਾਇਆ ਜਾਵੇ। ਉਨ੍ਹਾਂ ਕਿਹਾ ਕਿ ਵਿਭਾਗ ਵੱਲੋਂ ਮਿਡ-ਡੇ ਮੀਲ ਕੁੱਕਾਂ ਲਈ ਐਪਰਨ, ਟੋਪੀ, ਦਸਤਾਨੇ ਆਦਿ ਦਾ ਪ੍ਰਬੰਧ ਕਰਨ ਲਈ ਜਲਦੀ ਹੀ ਲੋੜੀਂਦੀ ਕਾਰਵਾਈ ਕੀਤੀ ਜਾਵੇ। ਮੀਟਿੰਗ ਵਿੱਚ ਸਕੱਤਰ ਸਕੂਲ ਸਿੱਖਿਆ ਕਮਲ ਕਿਸ਼ੋਰ ਯਾਦਵ, ਵਿਸ਼ੇਸ਼ ਸਕੱਤਰ-ਕਮ-ਡਾਇਰੈਕਟਰ ਜਨਰਲ ਸਕੂਲ ਸਿੱਖਿਆ ਵਿਨੈ ਬੁਬਲਾਨੀ ਅਤੇ ਵੱਖ-ਵੱਖ ਮਿਡ-ਡੇ ਮੀਲ ਕੁੱਕ ਯੂਨੀਅਨਾਂ ਦੇ ਆਗੂਆਂ ਵਿੱਚ ਕਰਮ ਚੰਦ ਚਿੰਡਾਲੀਆ, ਸੁਖਦੇਵ ਰਾਜ ਘੱਲੀਆਂ, ਹਰਜਿੰਦਰ ਕੌਰ, ਪ੍ਰਵੀਨ ਸ਼ਰਮਾ, ਪ੍ਰਵੀਨ ਬਾਲਾ ਅਤੇ ਲਖਵਿੰਦਰ ਕੌਰ ਹਾਜ਼ਰ ਸਨ।

ਉੱਤਰ ਰੇਲਵੇ

ਟੈਂਡਰ ਸੂਚਨਾ

ਉਪ ਮੁੱਖ ਇੰਜੀਨੀਅਰ/ਪੁਲ/ਵਰਕਸ਼ਾਪ, ਉੱਤਰ ਰੇਲਵੇ, ਜਲੰਧਰ ਛਾਵਣੀ ਦੇ ਦੁਆਰਾ ਭਾਰਤ ਦੇ ਰਾਸ਼ਟਰਪਤੀ ਦੀ ਤਰਫ ਤੋਂ, ਓਪਨ ਈ-ਟੈਂਡਰ ਨੂੰ ਏਕਲ ਪੈਕੇਟ ਸਿਸਟਮ ਦੇ ਤਹਿਤ ਮੰਗ ਕੀਤੀ ਗਈ ਹੈ।

| ਟੈਂਡਰ ਨੰ: | ਕੰਮ ਦਾ ਵੇਰਵਾ | ਅਨੁਮਾਨਿਤ ਲਾਗਤ (ਰੁ:) | ਬਿਆਨਾ ਰਾਸ਼ੀ (ਰੁ:) | ਖੁਲਣ ਦੀ ਮਿਤੀ | IREPS ਉੱਤੇ ਬੋਲੀ ਲਗਾਣ ਦੀ ਮਿਤੀ | ਟੈਂਡਰ ਫਾਰਮ ਦੀ ਲਾਗਤ (ਰੁ:) | ਕੰਮ ਪੂਰਾ ਕਰਨ ਦਾ ਸਮਾਂ |
|---|---|---|---|---|---|---|---|
| OT-22-JRC 2023 | ਬ੍ਰਿਜ ਵਰਕਸ਼ਾਪ ਜਲੰਧਰ ਕੈਂਟ ਵਿਚ ਐਸਐਸਈ/ਬ੍ਰਿਜ ਵਰਕਸ਼ਾਪ/ਜਲੰਧਰ ਕੈਂਟ ਦੇ ਅੰਤਰਗਤ ਫਿਰੋਜ਼ਪੁਰ ਨਗਰ ਖੰਡ (ਐਲਸੀ) ਉੱਤੇ ਬ੍ਰਿਜ ਨੰਬਰ 32 ਦੇ ਲਈ ਨਿਰਮਿਤ ਸਦਸਯਾਂ ਦੀ ਬਲਾਸਟਿੰਗ, ਮੈਟਲਾਇਜਿੰਗ ਅਤੇ ਪੇਂਟਿੰਗ ਕਰਨਾ। | 2,59,46,278.11 | 2,79,700.00 | 15.01.2024 | 01.01.2024 ਤੋਂ 15.01.2024 | 0 | 6 ਮਹੀਨੇ |
| ਟੈਂਡਰ ਪੇਸ਼ ਕਰਨਾ ਅਤੇ ਟੈਂਡਰ ਖੁਲਣ ਦੇ ਲਈ ਮਿਤੀ ਅਤੇ ਸਮਾਂ | ਹਰੇਕ ਦੇ ਖਿਲਾਫ ਦਿਖਾਏ ਗਈ ਮਿਤੀਆਂ ਉੱਤੇ 15.00 ਵਜੇ ਤਕ ਅਤੇ ਉਸੀ ਸਮੇਂ 15.00 ਵਜੇ ਦੇ ਬਾਦ। | | | | | | |
| ਵੇਬਸਾਈਟ ਵੇਰਵਾ ਜਿੱਥੇ ਟੈਂਡਰ ਦਾ ਪੂਰਾ ਵੇਰਵਾ ਦੇਖਿਆ ਜਾ ਸਕਦਾ ਹੈ ਅਤੇ ਡਾਊਨਲੋਡ ਕੀਤਾ ਜਾ ਸਕਦਾ ਹੈ | ਪੂਰੀ ਈ-ਟੈਂਡਰ ਸੂਚਨਾ ਉੱਤਰ ਰੇਲਵੇ ਵੇਬਸਾਈਟ www.nr.indianrailways.gov.in ਉੱਤੇ ਉਪਲਬਧ ਹੈ ਅਤੇ ਟੈਂਡਰ ਦਸਤਾਵੇਜ਼ www.ireps.gov.in ਉੱਤੇ ਉਪਲਬਧ ਹੈ। | | | | | | |

No.80-W/30/Bridges/Invitation, Dated : 23.12.2023 4041/2023

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

ਨਵਾਂ ਜ਼ਮਾਨਾ ਪੋਸਟ ਬਾਕਸ ਨੰ. 134

Printed and Published by Gurmit Singh Shugli for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar. Editor: Chand Fatehpuri

ਸੰਪਾਦਕ : ਚੰਦ ਫਤਿਹਪੁਰੀ * ਪੀ ਆਰ ਬੀ ਐਕਟ ਤਹਿਤ ਖ਼ਬਰਾਂ ਦੀ ਚੋਣ ਲਈ ਜ਼ਿੰਮੇਵਾਰ। ਪ੍ਰਕਾਸ਼ਕ ਤੇ ਛਾਪਕ ਗੁਰਮੀਤ ਸਿੰਘ ਸ਼ੁਗਲੀ ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਾਪ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ।

ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in

# ਮ੍ਰਿਤਕ ਕਿਸਾਨ ਸੁਖਦੇਵ ਸਿੰਘ ਬਾਵਾ ਦੇ ਪਰਿਵਾਰ ਵੱਲੋਂ ਇਨਸਾਫ ਲਈ ਧਰਨਾ



**ਸੰਗਤ ਮੰਡੀ (ਰਾਜਦੀਪ ਜੋਸ਼ੀ)**- ਨੰਦਗੜ੍ਹ ਥਾਣਾ ਅੱਗੇ ਬੀਕੇਯੂ ਏਕਤਾ ਉਗਰਾਹਾਂ ਵੱਲੋਂ ਧੱਕੇ ਧਰਨੇ ਦੇ ਤੀਜੇ ਦਿਨ ਵੀ ਇਨਸਾਫ ਦੀ ਉਡੀਕ ਵਿੱਚ ਹੈ। ਘਟਨਾ ਦੀ ਜਾਣਕਾਰੀ ਦਿੰਦੇ ਹੋਏ ਬਲਾਕ ਪ੍ਰਧਾਨ ਕੁਲਵੰਤ ਰਾਏ ਸ਼ਰਮਾ ਨੇ ਦੱਸਿਆ ਕਿ ਕਿਸਾਨ ਸੁਖਦੇਵ ਸਿੰਘ ਪਿੰਡ ਰਾਏਕੇ ਕਲਾਂ ਵੱਲੋਂ ਸੂਦਖੋਰ ਸੰਦੀਪ ਮੋਤੀ ਦੇ ਪਰਿਵਾਰ ਵੱਲੋਂ ਲਿਆ 2 ਲੱਖ ਦਾ ਕਰਜ਼ ਪਿੰਡ ਦੇ ਮੋਹਤਬਰ ਵਿਅਕਤੀਆਂ ਦੀ ਅਗਵਾਈ ਵਿੱਚ ਮੋੜ ਦਿੱਤਾ ਗਿਆ ਸੀ, ਪਰ ਸੂਦਖੋਰ ਵੱਲੋਂ ਪਰਿਵਾਰ ਨੂੰ ਕੋਈ ਲਿਖਤੀ ਨਾ ਦਿੱਤੇ ਜਾਣ ਕਾਰਨ, ਸੂਦਖੋਰ ਨੇ ਇਕਰਾਰਨਾਮੇ ਦੇ ਅਧਾਰ 'ਤੇ ਅਦਾਲਤ ਵਿੱਚ ਕੇਸ ਦਰਜ ਕਰ ਦਿੱਤਾ, ਕਾਨੂੰਨੀ ਉਲਝਣਾਂ ਤੋਂ ਅਣਜਾਣ ਕਿਸਾਨ ਸੁਖਦੇਵ ਸਿੰਘ ਦੇ ਪਰਿਵਾਰ ਨੂੰ ਅਦਾਲਤ ਨੇ 3 ਲੱਖ ਰੁਪਏ ਭਰਨ ਲਈ ਕਿਹਾ, ਪਰਿਵਾਰ ਵੱਲੋਂ ਪੈਸੇ ਭਰੇ ਹੋਣ ਦੇ ਬਾਵਜੂਦ ਅਣਹੱਕੇ ਪੈਸੇ ਪੈਣ ਦਾ ਸਦਮਾ ਨਾ ਝੱਲਦੇ ਹੋਏ ਪਰਿਵਾਰ ਦੇ ਮੁਖੀ ਸੁਖਦੇਵ ਸਿੰਘ ਬਾਵਾ ਦੀ ਮੌਤ ਹੋ ਗਈ, ਜਿਸ ਦਾ ਸਿੱਧਾ-ਸਿੱਧਾ ਦੋਸ਼ੀ ਸੰਦੀਪ ਸਿੰਘ ਮੋਤੀ ਹੈ, ਪਰਿਵਾਰ ਤੇ ਜਥੇਬੰਦੀਆਂ ਵੱਲੋਂ ਪ੍ਰਸ਼ਾਸਨ ਨੂੰ 5 ਦਿਨਾਂ ਦਾ ਸਮਾਂ ਦਿੱਤੇ ਜਾਣ ਦੇ ਬਾਵਜੂਦ ਪ੍ਰਸ਼ਾਸਨ ਨੇ ਕੋਈ ਕਾਰਵਾਈ ਅਮਲ ਵਿੱਚ ਨਹੀਂ ਲਿਆਂਦੀ, ਜਿਸ ਕਰਕੇ ਮਜਬੂਰਨ ਜਥੇਬੰਦੀਆਂ ਨੂੰ ਥਾਣੇ ਅੱਗੇ ਧਰਨਾ ਲਾਉਣਾ ਪਿਆ। ਇਸ ਮੌਕੇ ਧਰਨੇ ਦੇ ਤੀਜੇ ਦਿਨ ਇਕੱਠ ਨੂੰ ਸੰਬੋਧਨ ਕਰਦਿਆਂ ਬਲਾਕ ਪ੍ਰਧਾਨ ਕੁਲਵੰਤ ਰਾਏ ਸ਼ਰਮਾ ਨੇ ਦੱਸਿਆ ਕਿ ਇਸ ਸੂਦਖੋਰ ਸੰਦੀਪ ਮੋਤੀ ਵੱਲੋਂ ਅਣਹੱਕੇ ਪੈਸੇ ਮੰਗਣ ਕਾਰਨ ਪਹਿਲਾਂ ਵੀ ਇੱਕ ਮਜ਼ਦੂਰ ਖੁਦਕੁਸ਼ੀ ਕਰ ਗਿਆ ਸੀ, ਉਨ੍ਹਾਂ ਕਿਹਾ ਕਿ ਇਸ ਸੂਦਖੋਰ ਸਮੇਤ ਇਸ ਦੇ ਹੋਰ ਸਾਥੀਆਂ ਵੱਲੋਂ ਗਰੀਬ ਕਿਸਾਨਾਂ-ਮਜ਼ਦੂਰਾਂ ਤੋਂ 10-10 ਰੁਪਏ ਅਣਹੱਕਾ ਵਿਆਜ਼ ਲਿਆ ਜਾਂਦਾ ਹੈ, ਪਰਿਵਾਰਕ ਮੈਂਬਰਾਂ ਨੂੰ ਮੌਤ ਦੇ ਮੂੰਹ ਧੱਕਿਆ ਜਾਂਦਾ ਹੈ, ਸੰਦੀਪ ਮੋਤੀ ਬਹੁਤ ਨਿਗੂਣੇ ਕਰਜ਼ੇ ਬਦਲੇ ਗਰੀਬ ਕਿਸਾਨਾਂ ਦੀ ਜ਼ਮੀਨ ਨਿਗਲ ਰਿਹਾ ਹੈ। ਨੌਜਵਾਨ ਭਾਰਤ ਸਭਾ ਦੇ ਸੂਬਾ ਆਗੂ ਅਸ਼ਵਨੀ ਘੁੱਦਾ ਨੇ ਇਕੱਠ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਸੱਤਾ ਤਬਦੀਲੀ ਦਾ ਨਾਅਰਾ ਲੈ ਕੇ ਬਦਲਾਅ ਵਾਲੀ ਸਰਕਾਰ ਵੀ ਸੂਦਖੋਰੀ ਪ੍ਰਬੰਧ ਦੀ ਰਖੇਲ ਬਣੀ ਹੋਈ ਹੈ, ਉਨ੍ਹਾਂ ਕਿਹਾ ਕਿ ਕਿਸਾਨੀ ਕਿੱਤਾ ਸੰਕਟ ਵਿੱਚ ਹੈ, ਸਰਕਾਰ ਵੱਲੋਂ ਮਾੜੇ ਬੀਜ, ਘਟੀਆ ਸਪਰੇਆਂ ਤੇ ਕੁਦਰਤੀ ਮਾਰਾਂ ਦੀ ਭਰਪਾਈ ਨਹੀਂ ਕੀਤੀ ਜਾ ਰਹੀ, ਖੇਤੀ ਲੋੜਾਂ ਤੇ ਘਰੇਲੂ ਖਰਚਿਆਂ ਦੀਆਂ ਲਏ ਕਰਜ਼ੇ ਬਦਲੇ ਕਿਸਾਨਾਂ ਦੀਆਂ ਜ਼ਮੀਨਾਂ ਖੁਰ ਰਹੀਆਂ ਹਨ। ਉਨ੍ਹਾਂ ਕਿਹਾ ਕਿ ਇਸ ਚੌਤਰਫੇ ਸੰਕਟ ਨੂੰ ਠੱਲ੍ਹ ਲਈ ਕਿਸਾਨਾਂ-ਮਜ਼ਦੂਰਾਂ ਨੌਜਵਾਨਾਂ ਤੇ ਮੁਲਾਜ਼ਮਾਂ ਦੀ ਅਣਸਰਦੀ ਲੋੜ, ਆਪਣੇ ਏਕੇ ਨੂੰ ਮਜ਼ਬੂਤ ਕਰਕੇ ਹੀ ਸਰਕਾਰ ਤੋਂ ਮੰਗਾਂ ਮਨਵਾਈਆਂ ਜਾ ਸਕਦੀਆਂ ਹਨ ਤੇ ਇਹੋ ਜਿਹੇ ਸੂਦਖੋਰਾਂ ਨੂੰ ਠੱਲ੍ਹ ਪਾਈ ਜਾ ਸਕਦੀ ਹੈ। ਅੰਤ ਕਿਸਾਨਾਂ-ਮਜ਼ਦੂਰਾਂ ਵੱਲੋਂ ਥਾਣੇ ਦਾ 3 ਘੰਟੇ ਲਈ ਸੰਕੇਤਕ ਘਿਰਾਓ ਕੀਤਾ ਤੇ ਐਲਾਨ ਕੀਤਾ ਕਿ ਜੇਕਰ ਪ੍ਰਸ਼ਾਸਨ ਵੱਲੋਂ ਸੁਣਵਾਈ ਨਾ ਕਰਨ ਤੇ ਪ੍ਰਸ਼ਾਸਨ ਨੂੰ ਕੁੰਭਕਰਨੀ ਨੀਂਦ 'ਚੋਂ ਜਗਾਉਣ ਲਈ ਸਖ਼ਤ ਐਕਸ਼ਨ ਕੀਤਾ ਜਾਵੇਗਾ। ਇਸ ਮੌਕੇ ਬਲਾਕ ਆਗੂ ਰਾਮ ਸਿੰਘ ਕੋਟਗੁਰੂ, ਨੌਜਵਾਨ ਭਾਰਤ ਸਭਾ ਜਸਕਰਨ ਕੋਟਗੁਰੂ, ਪੰਜਾਬ ਖੇਤ ਮਜ਼ਦੂਰ ਯੂਨੀਅਨ ਦੇ ਆਗੂ ਕਾਲਾ ਸਿੰਘ ਖੁੰਨਣ ਖੁਰਦ, ਅਜੇਪਾਲ ਸਿੰਘ, ਧਰਮਪਾਲ ਸਿੰਘ ਸਿੰਘ ਨੇ ਵੀ ਸੰਬੋਧਨ ਕੀਤਾ।

# ਬੱਚੇ ਦੀ ਡੁੱਬਣ ਨਾਲ ਮੌਤ



**ਮੋਹਾਲੀ (ਗੁਰਜੀਤ ਬਿੱਲਾ)** ਮੋਹਾਲੀ ਦੇ ਸੈਕਟਰ 78 ਵਿੱਚ ਉਸਾਰੀ ਅਧੀਨ ਮਕਾਨ ਦੀ ਜ਼ਮੀਨਦੋਜ਼ ਪਾਣੀ ਦੀ ਟੈਂਕੀ 'ਚ ਡੁੱਬਣ ਨਾਲ ਇੱਕ ਛੋਟੇ ਬੱਚੇ ਦੀ ਅਚਾਨਕ ਹੋਈ ਮੌਤ ਦਾ ਗੰਭੀਰ ਨੋਟਿਸ ਲੈਂਦਿਆਂ ਡਿਪਟੀ ਕਮਿਸ਼ਨਰ ਨੇ ਐਸ ਡੀ ਐਮ ਮੋਹਾਲੀ ਨੂੰ ਮਾਮਲੇ ਦੀ ਜਾਂਚ ਕਰਨ ਲਈ ਆਖਿਆ ਹੈ। ਇਸ ਸੰਬੰਧੀ ਜਾਣਕਾਰੀ ਦਿੰਦਿਆਂ ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਨੇ ਦੱਸਿਆ ਕਿ ਇਹ ਬਹੁਤ ਹੀ ਦੁਖਦਾਈ ਘਟਨਾ ਹੈ ਜਿਸ 'ਚ ਇੱਕ ਗਰੀਬ ਮਜ਼ਦੂਰ ਦੇ ਦੋ ਸਾਲਾਂ ਦੇ ਬੇਟੇ ਦੀ 'ਚ ਮੌਤ ਹੋ ਗਈ ਹੈ। ਘਟਨਾ ਦੀ ਸੂਚਨਾ ਮਿਲਦਿਆਂ ਹੀ ਐਸ ਡੀ ਐਮ ਚੰਦਰਜੋਤ ਸਿੰਘ ਨੇ ਜਾਂਚ ਕੀਤੀ। ਡਿਪਟੀ ਕਮਿਸ਼ਨਰ ਅਨੁਸਾਰ ਪੀੜਤ ਪਰਿਵਾਰ ਨੂੰ ਰੈੱਡ ਕਰਾਸ ਅਤੇ ਮੁੱਖ ਮੰਤਰੀ ਰਾਹਤ ਫੰਡ 'ਚੋਂ ਢੁੱਕਵੀਂ ਰਾਹਤ ਰਾਸ਼ੀ ਵੀ ਦਿਵਾਈ ਜਾਵੇਗੀ।

ਉਨ੍ਹਾਂ ਜ਼ਿਲ੍ਹੇ 'ਚ ਉਸਾਰੀ ਅਧੀਨ ਮਕਾਨਾਂ ਦੇ ਸਾਰੇ ਮਾਲਕਾਂ/ਠੇਕੇਦਾਰਾਂ ਨੂੰ ਕਿਹਾ ਕਿ ਉਹ ਇਹ ਯਕੀਨੀ ਬਣਾਉਣ ਕਿ ਇਸ ਦੁਖਦਾਈ ਘਟਨਾ ਦੇ ਮੱਦੇਨਜ਼ਰ ਉਸਾਰੀ ਵਾਲੀਆਂ ਥਾਵਾਂ 'ਤੇ ਸਾਵਧਾਨੀ ਦੇ ਉਪਾਅ ਕੀਤੇ ਜਾਣ। ਅਜਿਹੀਆਂ ਟੈਂਕੀਆਂ ਨੂੰ ਢੱਕਣਾ, ਮਜ਼ਦੂਰਾਂ ਨੂੰ ਆਪਣੇ ਬੱਚਿਆਂ ਨੂੰ ਖਤਰੇ ਵਾਲੇ ਸਥਾਨਾਂ ਤੋਂ ਦੂਰ ਰੱਖਣ ਦੀਆਂ ਹਦਾਇਤਾਂ ਸਮੇਤ ਹੋਰ ਸਾਵਧਾਨੀਆਂ ਵੀ ਹੋ ਸਕਦੀਆਂ ਹਨ। ਉਨ੍ਹਾਂ ਕਿਹਾ ਕਿ ਇਸ ਘਟਨਾ ਦੇ ਮੱਦੇਨਜ਼ਰ ਪੰਚਾਇਤਾਂ ਅਤੇ ਟਿਊਬਵੈੱਲ ਮਾਲਕਾਂ ਨੂੰ ਵੀ ਇੱਕ ਵਾਰ ਫਿਰ ਆਪਣੇ ਖੇਤਰਾਂ 'ਚ ਛੱਡੇ ਗਏ ਸਾਰੇ ਬੋਰਵੈੱਲਾਂ ਨੂੰ ਢੱਕਣ ਦੇ ਨਿਰਦੇਸ਼ ਦਿੱਤੇ ਗਏ ਹਨ। ਪੰਚਾਇਤਾਂ ਨੂੰ ਪਿੰਡਾਂ ਦੇ ਟੋਭਿਆਂ ਨੇੜੇ ਸਾਵਧਾਨੀ ਵਰਤਣ ਲਈ ਕਿਹਾ ਗਿਆ ਹੈ।

# ਸਾਹਿਬਜ਼ਾਦਿਆਂ ਦੀ ਸ਼ਹਾਦਤ ਨੂੰ ਸਮਰਪਿਤ ਸਮਾਗਮ ਦਾ ਆਯੋਜਨ



**ਚੋਹਲਾ ਸਾਹਿਬ (ਰਮਨ ਚੱਢਾ)**- ਸਥਾਨਕ ਗੁਰੂ ਅਰਜਨ ਦੇਵ ਪਬਲਿਕ ਸਕੂਲ ਵਿਖੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਨੂੰ ਸਮਰਪਿਤ ਸਮਾਗਮ ਕਰਵਾਇਆ ਗਿਆ। ਗੁਰੂ ਗ੍ਰੰਥ ਸਾਹਿਬ ਜੀ ਦੀ ਪਵਿੱਤਰ ਹਜ਼ੂਰੀ ਵਿੱਚ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਉਪਰੰਤ ਸਿੱਖ ਜਗਤ ਦੇ ਪ੍ਰਸਿੱਧ ਵਿਦਵਾਨ ਅਤੇ ਕਥਾਵਾਚਕ ਗਿਆਨੀ ਹੀਰਾ ਸਿੰਘ ਨੇ ਦਸਮ ਪਾਤਸ਼ਾਹ ਵੱਲੋਂ ਅਨੰਦਪੁਰ ਸਾਹਿਬ ਦਾ ਕਿਲ੍ਹਾ ਛੱਡਣ ਤੋਂ ਸ਼ੁਰੂ ਕਰਕੇ ਸਿਰਸਾ ਨਦੀ ਨੂੰ ਪਾਰ ਕਰਨ ਦੌਰਾਨ ਪਏ ਪਰਿਵਾਰ ਵਿਛੋੜੇ, ਚਮਕੌਰ ਸਾਹਿਬ ਅਤੇ ਫਤਹਿਗੜ੍ਹ ਸਾਹਿਬ ਵਿਖੇ ਚਾਰੇ ਸਾਹਿਬਜ਼ਾਦਿਆਂ, ਦੋ ਪਿਆਰਿਆਂ ਸਮੇਤ ਤਰਤਾਲੀ ਸਿੰਘਾਂ ਅਤੇ ਬੀਬੀ ਹਰਸ਼ਰਨ ਕੌਰ ਦੀ ਅਦੁੱਤੀ ਅਤੇ ਲਾਸਾਨੀ ਸ਼ਹਾਦਤ ਸਮੇਂ ਜਬਰ ਅਤੇ ਸਬਰ ਦੀ ਲਾਮਿਸਾਲ ਲਹੂ ਭਿੱਜੀ ਗਾਥਾ ਦਾ ਵਰਨਣ ਇੰਨੇ ਜਜ਼ਬਾਤੀ ਢੰਗ ਨਾਲ ਕੀਤਾ ਕਿ ਹਾਜ਼ਰ ਸਰੋਤਿਆਂ ਦੀਆਂ ਅੱਖਾਂ ਨਮ ਹੋ ਗਈਆਂ। ਗੁਰਦੁਆਰਾ ਪਾਤਸ਼ਾਹੀ ਪੰਜਵੀਂ ਦੇ ਮੁੱਖ ਗ੍ਰੰਥੀ ਗਿਆਨੀ ਹਰਜਿੰਦਰ ਸਿੰਘ ਨੇ ਵੀ ਇਸ ਖੂਨੀ ਹਫਤੇ ਦੌਰਾਨ ਵਾਪਰੀਆਂ ਮੁੱਖ ਘਟਨਾਵਾਂ ਨਾਲ ਸੰਗਤਾਂ ਦੀ ਸਾਂਝ ਪਵਾਈ। ਤਰਲੋਚਨ ਸਿੰਘ ਸਾਬਕਾ ਡੀਆਰ ਅਤੇ ਪ੍ਰਿੰਸੀਪਲ ਪਰਮਿੰਦਰ ਕੌਰ ਖਹਿਰਾ ਨੇ ਵਿਦਿਆਰਥੀਆਂ ਨੂੰ ਲਗਨ ਨਾਲ ਪੜ੍ਹਾਈ ਕਰਨ, ਆਪਣੇ ਮਹਾਨ ਵਿਰਸੇ ਤੋਂ ਪ੍ਰੇਰਨਾ ਲੈ ਕੇ ਗੁਰੂ ਦੇ ਲੜ ਲੱਗਣ ਅਤੇ ਹਰ ਸਮਾਜਿਕ ਬੁਰਾਈ ਦਾ ਟਾਕਰਾ ਕਰਨ ਲਈ ਤਿਆਰ ਬਰ ਤਿਆਰ ਰਹਿਣ ਦੀ ਅਪੀਲ ਕੀਤੀ। ਸਮੁੱਚੀ ਪ੍ਰਬੰਧਕ ਕਮੇਟੀ, ਸਟਾਫ ਅਤੇ ਵਿਦਿਆਰਥੀਆਂ ਨੇ ਸਮੁੱਚੀ ਸੇਵਾ ਨੂੰ ਪੂਰੀ ਸ਼ਰਧਾ ਨਾਲ ਨਿਭਾਇਆ। ਇਸ ਸਮੇਂ ਸਕੂਲੀ ਵਿਦਿਆਰਥੀਆਂ ਦੇ ਨਾਲ ਨਾਲ ਸਕੂਲ ਦਾ ਟੀਚਿੰਗ ਅਤੇ ਨਾਨ ਟੀਚਿੰਗ ਸਟਾਫ ਹਾਜ਼ਰ ਸੀ।

# ਬਾਬਾ ਸੋਹਣ ਸਿੰਘ ਭਕਨਾ ਦਾ ਜਨਮ ਦਿਹਾੜਾ ਮਨਾਉਣ ਲਈ ਤਿਆਰੀਆਂ ਜ਼ੋਰਾਂ 'ਤੇ : ਜਸਬੀਰ ਗਿੱਲ



**ਝਬਾਲ (ਹਰਜਿੰਦਰ ਸਿੰਘ ਸੋਨੀ)**- ਮਹਾਨ ਦੇਸ਼ ਭਗਤ ਤੇ ਗਦਰ ਪਾਰਟੀ ਦੇ ਪ੍ਰਧਾਨ ਬਾਬਾ ਸੋਹਣ ਸਿੰਘ ਭਕਨਾ ਜਿਨ੍ਹਾਂ ਦਾ ਜਨਮ ਦਿਨ ਹਰ ਸਾਲ ਦੀ ਤਰ੍ਹਾਂ 4 ਜਨਵਰੀ ਨੂੰ ਪਿੰਡ ਭਕਨਾ ਕਲਾਂ ਬਾਬਾ ਜੀ ਦੀ ਯਾਦਗਾਰ ਵਿਚ ਪੂਰੀ ਸ਼ਰਧਾ ਭਾਵਨਾ ਨਾਲ ਮਨਾਇਆ ਜਾ ਰਿਹਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਬਾਬਾ ਭਕਨਾ ਯਾਦਗਾਰੀ ਫਾਊਂਡੇਸ਼ਨ (ਰਜਿ) ਦੇ ਪ੍ਰਧਾਨ ਜਸਬੀਰ ਸਿੰਘ ਗਿੱਲ ਨੇ ਦੱਸਿਆ ਕਿ ਮੇਲੇ ਸਬੰਧੀ ਤਿਆਰੀਆਂ ਸ਼ੁਰੂ ਹੋ ਗਈਆਂ ਹਨ। ਬਾਬਾ ਜੀ ਦੀ ਯਾਦਗਾਰ 'ਤੇ 2 ਜਨਵਰੀ ਨੂੰ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਕਰ ਦਿੱਤੇ ਜਾਣਗੇ ਜਿਨ੍ਹਾਂ ਦੇ ਭੋਗ 4 ਜਨਵਰੀ ਨੂੰ ਸਵੇਰੇ 10 ਵਜੇ ਪਾਏ ਜਾਣਗੇ। ਉਪਰੰਤ ਰਾਗੀ, ਢਾਡੀ ਜੱਥਿਆਂ ਵੱਲੋਂ ਦੇਸ਼ ਭਗਤਾਂ ਦੀਆਂ ਵਾਰਾਂ ਰਾਹੀਂ ਸੰਗਤਾਂ ਨੂੰ ਦੇਸ਼ ਭਗਤਾਂ ਦੇ ਇਤਿਹਾਸ ਨਾਲ ਜੋੜਨਗੇ। ਬਾਬਾ ਭਕਨਾ ਸਕੂਲ ਦੀ ਗਰਾਊਂਡ ਵਿਚ ਸੀ. ਪੀ. ਆਈ. ਵੱਲੋਂ ਕਾਨਫਰੰਸ ਵੀ ਕੀਤੀ ਜਾਵੇਗੀ। ਕਲਾਕਾਰਾਂ ਵੱਲੋਂ ਇਨਕਲਾਬੀ ਡਰਾਮੇ ਵੀ ਖੇਡੇ ਜਾਣਗੇ। ਜਸਬੀਰ ਗਿੱਲ ਨੇ ਕਿਹਾ ਕਿ ਬਾਬਾ ਸੋਹਣ ਸਿੰਘ ਭਕਨਾ ਮਹਾਨ ਦੇਸ਼ ਭਗਤ ਹੋਏ ਹਨ ਜਿਨ੍ਹਾਂ ਨੇ ਦੇਸ਼ ਦੀ ਆਜ਼ਾਦੀ ਲਈ ਆਪਣੀ ਸਾਰੀ ਜ਼ਿੰਦਗੀ ਕੁਰਬਾਨ ਕਰ ਦਿੱਤੀ। ਉਨ੍ਹਾਂ ਨੇ 1909 ਨੂੰ ਅਮਰੀਕਾ ਵਿਚ ਪਹੁੰਚ ਕੇ ਗਦਰ ਪਾਰਟੀ ਦੀ ਸਥਾਪਨਾ ਕੀਤੀ ਤੇ ਸ਼ਹੀਦ ਕਰਤਾਰ ਸਿੰਘ ਸਰਾਭਾ ਵਰਗੇ ਹੀਰੇ ਤਰਾਸ਼ੇ। ਅਸੀਂ ਬਾਬਾ ਜੀ ਦੀਆਂ ਕੀਤੀਆ ਕੁਰਬਾਨੀਆਂ ਅੱਗੇ ਸੀਸ ਝੁਕਾਉਂਦੇ ਹਾਂ। ਮੇਲੇ ਵਿਚ ਆਉਣ ਵਾਲੀਆਂ ਸੰਗਤਾਂ ਦੀ ਸੇਵਾ ਲਈ ਲੰਗਰਾਂ ਦਾ ਖਾਸ ਪ੍ਰਬੰਧ ਕੀਤਾ ਗਿਆ ਹੈ। ਇਸ ਮੌਕੇ ਮਨਜੀਤ ਸਿੰਘ ਗਿੱਲ, ਗੁਰਵਿੰਦਰ ਸਿੰਘ, ਗੁਰਦੀਪ ਸਿੰਘ, ਲਖਵਿੰਦਰ ਸਿੰਘ, ਜਸਵਿੰਦਰ ਸਿੰਘ, ਹਰਪ੍ਰੀਤ ਸਿੰਘ, ਜਸਕਰਨ ਸਿੰਘ, ਗੁਰਸੇਵਕ ਸਿੰਘ, ਰਣਧੀਰ ਸਿੰਘ, ਭਿੰਦਰ ਸਿੰਘ, ਅਜੈਪਾਲ ਸਿੰਘ ਪਰਿਵਾਰ ਤੋਂ ਇਲਾਵਾ ਬਲਜੀਤ ਸਿੰਘ, ਪਲਵਿੰਦਰ ਸਿੰਘ, ਤਰਸੇਮ ਸਿੰਘ, ਅਵਤਾਰ ਸਿੰਘ ਆਦਿ ਹਾਜ਼ਰ ਸਨ।

# ਏਜੀਆਈ ਗਲੋਬਲ ਸਕੂਲ ਸਪੋਰਟਸ ਫੈਸਟੀਵਲ ਟੋਪਾਜ ਹਾਊਸ ਤੇ ਰੂਬੀ ਹਾਊਸ ਫਾਈਨਲ 'ਚ



**ਜਲੰਧਰ ( ਰਾਜੇਸ਼ ਥਾਪਾ )** ਟੋਪਾਜ ਹਾਊਸ ਅਤੇ ਰੂਬੀ ਹਾਊਸ ਦੀਆਂ ਟੀਮਾਂ ਏਜੀਆਈ ਗਲੋਬਲ ਸਕੂਲ ਫੈਸਟੀਵਲ ਦੇ ਫੁਟਸਲ ਟੂਰਨਾਮੈਂਟ, ਜੋ ਕਿ ਸਕੂਲ ਦੇ ਖੇਡ ਮੈਦਾਨ ਵਿੱਚ ਚੱਲ ਰਿਹਾ ਹੈ, ਦੇ ਫਾਈਨਲ ਵਿੱਚ ਪਹੁੰਚੀਆਂ ਹਨ। ਟੋਪਾਜ ਹਾਊਸ ਨੇ ਐਮਰਲਡ ਹਾਊਸ ਨੂੰ 4-3 ਨਾਲ ਹਰਾਇਆ। ਟੋਪਾਜ ਹਾਊਸ ਦੀ ਟੀਮ ਲਈ ਅਰਮਾਨ ਅਤੇ ਅਮਜਦ ਗਰਚਾ ਨੇ ਦੋ ਗੋਲ ਕੀਤੇ। ਹਾਰੀ ਟੀਮ ਐਮਰਲਡ ਹਾਊਸ ਵੱਲੋਂ ਆਰਵ ਚੌਹਾਨ ਨੇ 2 ਅਤੇ ਭਵਨਿੰਦਰ ਸਿੰਘ ਨੇ 1 ਗੋਲ ਕੀਤਾ। ਇੱਕ ਹੋਰ ਮੈਚ ਵਿੱਚ ਰੂਬੀ ਹਾਊਸ ਫੁਟਸਲ ਦੀ ਟੀਮ ਨੇ ਸੈਫਾਇਰ ਹਾਊਸ ਦੀ ਟੀਮ ਨੂੰ 3-1 ਨਾਲ ਹਰਾਇਆ। ਜੇਤੂ ਰੂਬੀ ਹਾਊਸ ਲਈ ਗੁਰਸਹਿਜ, ਰਮਨ ਅਤੇ ਨੰਨ੍ਹੇ ਸਿੰਘ ਨੇ ਇਕ-ਇਕ ਗੋਲ ਕੀਤਾ। ਹਾਰਨ ਵਾਲੀ ਸਫਾਇਰ ਫੁਟਸਲ ਟੀਮ ਵੱਲੋਂ ਕਰਮਨ ਡੀਪ ਨੇ ਇਕਲੌਤਾ ਗੋਲ ਕੀਤਾ। ਟੂਰਨਾਮੈਂਟ ਦੇ ਅਥਲੈਟਿਕ ਸ਼ਾਟਪੁੱਟ ਮੁਕਾਬਲਿਆਂ ਵਿੱਚ ਅਰਮਾਨ ਨੇ ਪਹਿਲਾ ਸਥਾਨ ਪ੍ਰਾਪਤ ਕੀਤਾ ਜਦੋਂਕਿ ਆਰਵੀ ਚੌਹਾਨ ਅਤੇ ਭਵਨਿੰਦਰ ਸਿੰਘ ਨੇ ਕ੍ਰਮਵਾਰ ਦੂਜਾ ਅਤੇ ਤੀਜਾ ਸਥਾਨ ਪ੍ਰਾਪਤ ਕੀਤਾ।

# ਗਦਰੀ ਬਾਬਾ ਦੁੱਲਾ ਸਿੰਘ ਜਲਾਲਦੀਵਾਲ ਦੇ ਪਰਵਾਰ ਨੂੰ ਸਦਮਾ



**ਜਲੰਧਰ** : ਗਦਰ ਪਾਰਟੀ ਦੇ ਮਾਣਮੱਤੇ ਚਿਰਾਗ, ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਦੀ ਦੇਸ਼ ਭਗਤ ਯਾਦਗਾਰ ਕਮੇਟੀ ਦੇ ਮੁੱਢਲੇ ਆਗੂ ਅਤੇ ਬਰਤਾਨਵੀ ਹਕੂਮਤ ਦਾ ਬੇਤਹਾਸ਼ਾ ਜਬਰ ਝੱਲਣ ਵਾਲੇ ਗਦਰੀ ਬਾਬਾ ਦੁੱਲਾ ਸਿੰਘ ਜਲਾਲਦੀਵਾਲ ਦੀ ਪੋਤਰੀ ਅਤੇ ਦੇਸ਼ ਭਗਤ ਯਾਦਗਾਰ ਕਮੇਟੀ ਦੇ ਸੀਨੀਅਰ ਮੈਂਬਰ ਸੁਰਿੰਦਰ ਜਲਾਲਦੀਵਾਲ ਦੇ ਭੈਣ ਜੀ ਬਲਵਿੰਦਰ ਕੌਰ ਸਦੀਵੀ ਵਿਛੋੜਾ ਦੇ ਗਏ। ਉਹਨਾਂ ਨਮਿੱਤ ਛੀਨੀਵਾਲ ਕਲਾਂ ਵਿਖੇ ਅੰਤਮ ਅਰਦਾਸ ਅਤੇ ਸ਼ਰਧਾਂਜਲੀ ਸਮਾਗਮ 29 ਦਸੰਬਰ ਨੂੰ ਦੁਪਹਿਰ 12 ਵਜੇ ਹੋਣਗੇ।

ਦੇਸ਼ ਭਗਤ ਯਾਦਗਾਰ ਹਾਲ ਵਿਖੇ ਕਮੇਟੀ ਦੇ ਪ੍ਰਧਾਨ ਅਜਮੇਰ ਸਿੰਘ, ਜਨਰਲ ਸਕੱਤਰ ਪ੍ਰਿਥੀਪਾਲ ਸਿੰਘ ਮਾੜੀਮੇਘਾ, ਸਹਾਇਕ ਸਕੱਤਰ ਚਰੰਜੀ ਲਾਲ ਕੰਗਣੀਵਾਲ, ਮੀਤ ਪ੍ਰਧਾਨ ਕੁਲਵੰਤ ਸਿੰਘ ਸੰਧੂ ਅਤੇ ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ, ਕਮੇਟੀ ਦੇ ਮੈਂਬਰ ਮੰਗਤ ਰਾਮ ਪਾਸਲਾ, ਸੁਰਿੰਦਰ ਕੁਮਾਰੀ ਕੋਛੜ, ਰਣਜੀਤ ਸਿੰਘ ਔਲਖ, ਹਰਮੇਸ਼ ਮਾਲੜੀ, ਪ੍ਰੋ. ਗੋਪਾਲ ਸਿੰਘ ਬੁੱਟਰ ਨੇ ਭੈਣ ਬਲਵਿੰਦਰ ਕੌਰ ਨੂੰ ਸ਼ਰਧਾਂਜਲੀ ਭੇਂਟ ਕਰਦਿਆਂ ਪਰਵਾਰ, ਸਾਕ ਸਬੰਧੀਆਂ ਅਤੇ ਸੰਗੀ ਸਾਥੀਆਂ ਨਾਲ ਦੁੱਖ ਸਾਂਝਾ ਕੀਤਾ।

# ਡੀਐੱਸਪੀ ਕਾਦੀਆਂ ਦੀ ਅਗਵਾਈ 'ਚ ਪੁਲਸ ਨੇ ਕੱਢਿਆ ਫਲੈਗ ਮਾਰਚ



**ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)**-ਨਵੇਂ ਸਾਲ ਅਤੇ ਅਹਿਮਦੀਆ ਮੁਸਲਿਮ ਜਮਾਤ ਦੇ ਜਲਸਾ ਸਾਲਾਨਾ ਨੂੰ ਮੁੱਖ ਰੱਖਦਿਆਂ ਡੀਐੱਸਪੀ ਕਾਦੀਆਂ ਰਾਜੇਸ਼ ਕੱਕਰ ਅਤੇ ਥਾਣਾ ਮੁਖੀ ਕੁਲਵੰਤ ਸਿੰਘ ਮਾਨ ਦੀ ਅਗਵਾਈ ਹੇਠ ਫਲੈਗ ਮਾਰਚ ਕੱਢਿਆ ਗਿਆ। ਫਲੈਗ ਮਾਰਚ ਦੇ ਦੌਰਾਨ ਪੰਜ ਮੋਟਰਸਾਈਕਲ ਸਵਾਰ ਪੁਲਸ ਕਰਮੀ ਇਸ ਫਲੈਗ ਮਾਰਚ ਦੀ ਅਗਵਾਈ ਕਰ ਰਹੇ ਸਨ। ਇਸ ਮੌਕੇ ਪੱਤਰਕਾਰਾਂ ਨੂੰ ਜਾਣਕਾਰੀ ਦਿੰਦੇ ਹੋਏ ਡੀਐੱਸਪੀ ਰਾਜੇਸ਼ ਕੱਕਰ ਨੇ ਦੱਸਿਆ ਕਿ ਜਮਾਤੇ ਅਹਿਮਦੀਆ ਦੇ ਅੰਤਰਰਾਸ਼ਟਰੀ ਹੈੱਡਕੁਆਰਟਰ ਹੋਣ ਦੇ ਨਾਤੇ ਇੱਥੇ ਕਰਵਾਈ ਜਾਣ ਵਾਲੀ ਤਿੰਨ ਦਿਨਾ ਕਨਵੈਨਸ਼ਨ ਅਤੇ ਨਵੇਂ ਸਾਲ ਨੂੰ ਮੁੱਖ ਰੱਖਦੇ ਹੋਏ ਫਲੈਗ ਮਾਰਚ ਕੱਢਿਆ ਗਿਆ। ਉਨ੍ਹਾਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਇਸ ਕੱਢੇ ਜਾ ਰਹੇ ਫਲੈਗ ਦਾ ਮੰਤਵ ਸ਼ਹਿਰ ਵਾਸੀਆਂ ਅਤੇ ਬਾਹਰ ਤੋਂ ਆਏ ਹੋਏ ਸ਼ਰਧਾਲੂਆਂ ਨੂੰ ਸੁਰੱਖਿਆ ਮੁਹੱਈਆ ਕਰਵਾਉਣਾ। ਇਸ ਮੌਕੇ ਉਨ੍ਹਾਂ ਲੋਕਾਂ ਨੂੰ ਜਿੱਥੇ ਨਵੇਂ ਸਾਲ ਦੀਆਂ ਸ਼ੁਭਕਾਮਨਾਵਾਂ ਪੇਸ਼ ਕੀਤੀਆਂ ਉੱਥੇ ਗੈਰ-ਸਮਾਜਿਕ ਤੱਤਾਂ ਉਪਰ ਖਿਆਲ ਰੱਖਣ ਲਈ ਲੋਕਾਂ ਕੋਲੋਂ ਸਹਿਯੋਗ ਦੀ ਮੰਗ ਕੀਤੀ।

# ਜ਼ੁਲਮਾਂ ਦੇ ਸ਼ਿਕਾਰ ਬੱਚਿਆਂ ਲਈ 1098 ਚਾਈਲਡ ਹੈਲਪਲਾਈਨ ਬਣੀ ਵਰਦਾਨ

**ਗੁਰਦਾਸਪੁਰ, (ਦਿਨੇਸ਼ ਕੁਮਾਰ)**- ਬੱਚਿਆਂ ਉੱਪਰ ਹੁੰਦੇ ਅੱਤਿਆਚਾਰਾਂ ਨੂੰ ਰੋਕਣ ਲਈ ਸਰਕਾਰ ਵੱਲੋਂ ਟੋਲ ਫਰੀ ਚਾਈਲਡ ਹੈਲਪਲਾਈਨ 1098 ਚਲਾਈ ਜਾ ਰਹੀ ਹੈ। ਜੇਕਰ ਛੋਟੇ ਬੱਚਿਆਂ ਨੂੰ ਕੋਈ ਪਰੇਸ਼ਨੀ ਜਾਂ ਮੁਸ਼ਕਲ ਦਰਪੇਸ਼ ਹੋਵੇ ਤਾਂ ਉਹ ਚਾਈਲਡ ਹੈਲਪਲਾਈਨ 1098 ਉੱਪਰ ਆਪਣੀ ਸ਼ਿਕਾਇਤ ਦਰਜ ਕਰਵਾ ਸਕਦੇ ਹਨ। ਇਸ ਸਬੰਧੀ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਪ੍ਰੋਗਰਾਮ ਅਫ਼ਸਰ ਮੈਡਮ ਸੁਮਨਦੀਪ ਕੌਰ ਨੇ ਦੱਸਿਆ ਕਿ ਇਸ ਹੈਲਪ ਲਾਈਨ ਨੰਬਰ 'ਤੇ ਇਹ ਸਹੂਲਤ 24 ਘੰਟੇ ਉਪਲੱਬਧ ਹੈ ਅਤੇ ਹੈਲਪਲਾਈਨ ਵੱਲੋਂ ਇਹ ਸਹਾਇਤਾ ਪੰਜਾਬੀ, ਹਿੰਦੀ ਅਤੇ ਅੰਗਰੇਜ਼ੀ ਭਾਸ਼ਾਵਾਂ ਵਿਚ ਦਿੱਤੀ ਜਾ ਰਹੀ ਹੈ। ਜ਼ਿਲ੍ਹਾ ਪ੍ਰੋਗਰਾਮ ਅਫ਼ਸਰ ਨੇ ਅੱਗੇ ਦੱਸਿਆ ਕਿ ਸਰਕਾਰ ਵੱਲੋਂ ਇਹ ਹੈਲਪਲਾਈਨ ਬਾਲ ਮਜ਼ਦੂਰੀ ਕਰਦੇ ਬੱਚਿਆਂ, ਬੇਸਹਾਰਾ ਬੱਚਿਆਂ, ਘਰੋਂ ਕੱਢੇ ਬੱਚਿਆਂ, ਵੱਖ-ਵੱਖ ਜ਼ੁਲਮਾਂ ਦੇ ਸ਼ਿਕਾਰ ਬੱਚਿਆਂ, ਮਾਨਸਿਕ ਤੇ ਸਰੀਰਕ ਤੌਰ 'ਤੇ ਬਿਮਾਰ ਬੱਚਿਆਂ ਦੀ ਸਹਾਇਤਾ ਲਈ ਸ਼ੁਰੂ ਕੀਤੀ ਗਈ ਹੈ। ਉਨ੍ਹਾਂ ਦੱਸਿਆ ਕਿ ਚਾਈਲਡ ਹੈਲਪਲਾਈਨ ਉੱਪਰ ਕਿਸੇ ਵੀ ਸਥਾਨ ਤੋਂ ਕਿਸੇ ਵੀ ਸਮੇਂ ਮੁਫਤ ਫੋਨ ਕੀਤਾ ਜਾ ਸਕਦਾ ਹੈ। ਉਨ੍ਹਾਂ ਅੱਗੇ ਦੱਸਿਆ ਕਿ ਚਾਈਲਡ ਲਾਈਨ ਵੱਲੋਂ ਬੱਚਿਆਂ ਨਾਲ ਸਬੰਧਤ ਸਲਾਹ ਮਸ਼ਵਰਾ, ਬੱਚਿਆਂ ਦੇ ਰਹਿਣ ਦੀ ਸੁਵਿਧਾ, ਅੱਤਿਆਚਾਰਾਂ ਤੋਂ ਸੁਰੱਖਿਆ, ਡਾਕਟਰੀ ਸਹਾਇਤਾ, ਵਜ਼ੀਫਾ, ਕਾਨੂੰਨੀ ਸਹਾਇਤਾ, ਰਿਹਾਇਸ਼ ਦੀ ਸਹੂਲਤ ਅਤੇ ਗੁਆਚੇ ਬੱਚੇ ਨੂੰ ਲੱਭਣ ਤੇ ਉਸਨੂੰ ਘਰ ਵਾਪਸ ਪਹੁੰਚਾਉਣ ਦੀ ਸੇਵਾ ਵੀ ਦਿੱਤੀ ਜਾਂਦੀ ਹੈ। ਮੈਡਮ ਸੁਮਨਦੀਪ ਕੌਰ ਨੇ ਅੱਗੇ ਦੱਸਿਆ ਕਿ ਇਹ ਚਾਈਲਡ ਹੈਲਪਲਾਈਨ ਰਾਸ਼ਟਰ ਪੱਧਰ 'ਤੇ ਚੱਲ ਰਹੀ ਹੈ ਅਤੇ ਬੱਚਿਆਂ 'ਤੇ ਜ਼ੁਲਮਾਂ ਨੂੰ ਰੋਕਣ ਲਈ ਇਹ ਹੈਲਪ ਲਾਈਨ ਬਹੁਤ ਸਹਾਈ ਹੋ ਰਹੀ ਹੈ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਜੇਕਰ ਉਨ੍ਹਾਂ ਦੇ ਆਲੇ-ਦੁਆਲੇ ਕਿਸੇ ਬੱਚੇ ਨਾਲ ਜ਼ੁਲਮ ਹੋ ਰਹੇ ਹੋਣ ਜਾਂ ਖੁਦ ਬੱਚੇ ਇਸ ਗੱਲ ਦੀ ਸਮਝ ਰੱਖਦੇ ਹੋਣ ਤਾਂ ਉਹ 1098 ਨੰਬਰ ਡਾਈਲ ਕਰਕੇ ਆਪਣੀ ਮੁਸ਼ਕਲ ਜਾਂ ਸ਼ਿਕਾਇਤ ਦਰਜ ਕਰਾ ਸਕਦੇ ਹਨ, ਜਿਸ ਉਪਰ ਫੌਰੀ ਤੌਰ 'ਤੇ ਕਾਰਵਾਈ ਕੀਤੀ ਜਾਵੇਗੀ।

# ਪਾਇਨਲੈਂਡ ਇੰਟਰਨੈਸ਼ਨਲ ਕਾਨਵੈਂਟ ਸਕੂਲ ਦੇ ਵਿਦਿਆਰਥੀ ਖੇਡਾਂ 'ਚ ਛਾਏ

**ਝਬਾਲ (ਹਰਜਿੰਦਰ ਸਿੰਘ ਸੋਨੀ)**-ਐੱਚ. ਐੱਮ. ਵੀ. ਕਾਲਜ ਜਲੰਧਰ ਵਿਖੇ 24 ਦਸੰਬਰ 2023 ਨੂੰ ਹੋਏ ਰਾਜ ਪੱਧਰੀ ਖੇਡ ਮੁਕਾਬਲੇ ਵਿੱਚ ਪਾਇਨਲੈਂਡ ਇੰਟਰਨੈਸ਼ਨਲ ਕਾਨਵੈਂਟ ਸਕੂਲ ਗੱਗੂਬੂਹਾ ਦੇ ਹੋਣਹਾਰ ਵਿਦਿਆਰਥੀਆਂ ਨੇ ਪ੍ਰਿੰਸੀਪਲ ਮੈਡਮ ਜਤਿੰਦਰ ਕੌਰ ਅਤੇ ਕੋਚ ਰੇਸ਼ਮ ਸਿੰਘ ਛੀਨਾ, ਮੈਡਮ ਰਮਿੰਦਰ ਕੌਰ, ਮੈਡਮ ਹਰਮਨਪ੍ਰੀਤ ਕੌਰ ਦੀ ਅਗਵਾਈ ਹੇਠ 22 ਗੋਲਡ ਮੈਡਲ, 2 ਸਿਲਵਰ ਅਤੇ ਇੱਕ ਬਰੌਂਜ਼ ਮੈਡਲ ਹਾਸਿਲ ਕਰਕੇ ਸਕੂਲ ਅਤੇ ਇਲਾਕੇ ਦਾ ਨਾਮ ਰੌਸ਼ਨ ਕੀਤਾ। ਪ੍ਰਿੰਸੀਪਲ ਜਤਿੰਦਰ ਕੌਰ ਨੇ ਸਕੂਲ ਦੇ ਵਿਦਿਆਰਥੀਆਂ ਅਤੇ ਕੋਚ ਨੂੰ ਵਧਾਈ ਦਿੱਤੀ। ਉਨ੍ਹਾਂ ਨੂੰ ਸ਼ੁਭ ਕਾਮਨਾਵਾਂ ਦਿੱਤੀਆਂ ਅਤੇ ਅੱਗੇ ਤੋਂ ਹੋਰ ਮਿਹਨਤ ਕਰਨ ਲਈ ਪ੍ਰੇਰਿਤ ਕੀਤਾ।



# ਹਿਮਾਨਸ਼ੀ ਨੇ ਜਿਮਨਾਸਟਿਕ 'ਚ ਸਟੇਟ ਪੱਧਰ 'ਤੇ ਖੱਟਿਆ ਨਾਮਣਾ



**ਗੁਰਦਾਸਪੁਰ, (ਦਿਨੇਸ਼ ਕੁਮਾਰ)**- ਸਰਕਾਰੀ ਹਾਈ ਸਕੂਲ ਡਾਲਾ ਦੀ ਅੱਠਵੀਂ ਕਲਾਸ ਦੀ ਵਿਦਿਆਰਥਣ ਹਿਮਾਨਸ਼ੀ ਪੁਤੱਰੀ ਰਜੇਸ਼ ਕੁਮਾਰ ਵਾਸੀ ਪਸਿਆਲ ਨੇ ਅੰਤਰ ਜਿਲ੍ਹਾਂ ਸਕੂਲ ਸਟੇਟ ਖੇਡਾਂ ਦੌਰਾਨ ਜਿਮਨਾਸਟਿਕ ਵਿਚ ਟੀਮ ਵਿਚ ਪਹਿਲਾਂ ਸਥਾਨ ਪ੍ਰਾਪਤ ਕਰਕੇ ਸਕੂਲ ਤੇ ਮਾਪਿਆਂ ਦਾ ਨਾਂਅ ਰੋਸ਼ਨ ਕੀਤਾ ਹੈ। ਵਿਦਿਆਰਥਣ ਦਾ ਸਕੂਲ ਪਹੁੱਚਣ ਤੇ ਹੈੱਡ ਮਿਸਟ੍ਰੈਸ ਨਵਨੀਤ ਕਾਹਲੋਂ ਤੇ ਸਟਾਫ ਵਲੋਂ ਭਰਭੂਰ ਸਵਾਗਤ ਕੀਤਾ ਗਿਆ। ਇਸ ਸੰਬੰਧੀ ਹੈੱਡਮਿਸਟ੍ਰੈਸ ਨਵਨੀਤ ਕਾਹਲੋਂ ਨੇ ਦੱਸਿਆ ਕਿ ਇਸ ਵਿਦਿਆਰਥਣ ਨੇ ਸਕੂਲ ਦੇ ਪੀ. ਟੀ.ਆਈ. ਰਾਜੇਸ਼ ਤੇ ਆਪਣੇ ਜਿਮਨਾਸਟਿਕ ਕੋਚ ਤੇ ਮਾਪਿਆਂ ਦੀ ਪ੍ਰੇਰਨਾ ਸਦਕਾ ਇਸੇ ਮੁਕਾਬਲੇ ਵਿਚ ਬੈਲੇਸਿੰਗ ਬੀਮ ਵਿਚ ਤੀਜਾ, ਫਲੋਰ ਐਕਸਰਸਾਈਜ ਵਿਚ ਤੀਜਾ ਤੇ ਆਲ ਰਾਉਂਡ ਬੈਸਟ ਖਿਡਾਰੀਆਂ ਵਿਚੋ ਵੀ ਸਟੇਟ ਪੱਧਰ ਤੇ ਤੀਜਾ ਸਥਾਨ ਪ੍ਰਾਪਤ ਕਰਕੇ ਤਿੰਨ ਕਾਂਸੇ ਦੇ ਮੈਡਲ ਵੀ ਹਾਸਲ ਕੀਤੇ ਹਨ। ਉਨ੍ਹਾਂ ਦਸਿਆ ਕਿ ਇਹ ਵਿਦਿਆਰਥਣ ਪੜ੍ਹਾਈ 'ਚੋਂ ਵੀ ਅੱਵਲ ਦਰਜੇ 'ਤੇ ਆਉਂਦੀ ਹੈ। ਜ਼ਿਕਰਯੋਗ ਹੈ ਕਿ ਇਸੇ ਵਿਦਿਆਰਥਣ ਦੇ ਭਰਾ ਅਮਰਨਾਥ ਜਮਾਤ ਦਸਵੀਂ ਜੋ ਕਿ ਸਹਸ ਡਾਲਾ ਦਾ ਵਿਦਿਆਰਥੀ ਹੈ ਨੇ ਵੀ ਖੇਡਾਂ ਵਿਚ ਤਗਮੇ ਪ੍ਰਾਪਤ ਕਰਕੇ ਇਲਾਕੇ ਵਿਚ ਸਕੂਲ ਤੇ ਮਾਪਿਆ ਦਾ ਨਾਂਅ ਰੋਸ਼ਨ ਕੀਤਾ ਹੈ। ਇਸ ਵਿਦਿਆਰਥਣ ਨੇ ਨੈਸ਼ਨਲ ਸਕੂਲ ਖੇਡਾਂ 2023-24 ਵਿਚ ਆਪਣਾ ਨਾਂਅ ਦਰਜ ਕਰਵਾਇਆ ਹੈ।

# ਚੇਅਰਮੈਨ ਬਹਿਲ ਨੇ ਪਿੰਡ-ਪਿੰਡ ਪਹੁੰਚ ਕੇ ਮਨਾਈ ਈਸਾਈ ਭਾਈਚਾਰੇ ਨਾਲ ਕ੍ਰਿਸਮਸ



**ਗੁਰਦਾਸਪੁਰ, (ਦਿਨੇਸ਼ ਕੁਮਾਰ)**- ਪੰਜਾਬ ਹੈਲਥ ਸਿਸਟਮ ਕਾਰਪੋਰੇਸ਼ਨ ਦੇ ਚੇਅਰਮੈਨ ਰਮਨ ਬਹਿਲ ਨੇ ਵਿਧਾਨ ਸਭਾ ਹਲਕਾ ਗੁਰਦਾਸਪੁਰ ਅੰਦਰ ਦਰਜਨ ਦੇ ਕਰੀਬ ਪਿੰਡਾਂ ਵਿੱਚ ਪਹੁੰਚ ਕੇ ਕ੍ਰਿਸ਼ਚਨ ਭਾਈਚਾਰੇ ਦੇ ਨਾਲ ਕ੍ਰਿਸਮਸ ਦਾ ਪਵਿੱਤਰ ਤਿਉਹਾਰ ਮਨਾਇਆ। ਇਸ ਤਹਿਤ ਉਨ੍ਹਾਂ ਨੇ ਪਿੰਡ ਸਲੀਮਪੁਰ ਅਫਗਾਨਾ ਤੋਂ ਸਜਾਈ ਗਈ ਸ਼ੋਭਾ ਯਾਤਰਾ ਵਿੱਚ ਵੀ ਸ਼ਮੂਲੀਅਤ ਕੀਤੀ ਜਿਸ ਤੋਂ ਇਲਾਵਾ ਪਿੰਡ ਸਾਧੂਚੱਕ, ਸਲੀਮਪੁਰ ਅਫਗਾਨਾ, ਸਰਸਪੁਰ, ਹਯਾਤਨਗਰ, ਨਵਾ ਪਿੰਡ ਸਰਦਾਰਾਂ, ਤਿੱਬੜੀ, ਚੱਗੁਵਾਲ, ਸ਼ਹਿਜ਼ਾਦਾ ਨੰਗਲ, ਸੀ. ਆਈ. ਏ. ਚਰਚ ਬਾਟਾ ਚੌਕ ਗੁਰਦਾਸਪੁਰ ਆਦਿ ਵੱਖ-ਵੱਖ ਥਾਵਾਂ 'ਤੇ ਗਿਰਜਾਘਰਾਂ ਵਿੱਚ ਘਰਾਂ ਵਿੱਚ ਕਰਵਾਏ ਸਮਾਗਮਾਂ ਵਿੱਚ ਸ਼ਮੂਲੀਅਤ ਕੀਤੀ। ਇਸ ਮੌਕੇ ਚੇਅਰਮੈਨ ਬਹਿਲ ਨੇ ਸਮੂੱਚੇ ਈਸਾਈ ਭਾਈਚਾਰੇ ਦੇ ਲੋਕਾਂ ਨੂੰ ਕ੍ਰਿਸਮਸ ਦੀ ਵਧਾਈ ਦਿੱਤੀ ਅਤੇ ਸੰਬੋਧਨ ਕਰਦਿਆਂ ਕਿਹਾ ਕਿ ਪ੍ਰਭੂ ਯਸੂ ਮਸੀਹ ਨੇ ਮਾਨਵਤਾ ਦੀ ਭਲਾਈ ਦਾ ਸੰਦੇਸ਼ ਦਿੱਤਾ ਸੀ ਅਤੇ ਸਾਰਿਆਂ ਨੂੰ ਆਪਸੀ ਪਿਆਰ ਨਾਲ ਰਹਿਣ ਦੀ ਸੇਧ ਦਿੱਤੀ ਸੀ।

ਇਸ ਦੇ ਨਾਲ ਹੀ ਉਨ੍ਹਾਂ ਮਨੁੱਖਤਾ ਦੀ ਭਲਾਈ ਲਈ ਆਪਣੀ ਸ਼ਹਾਦਤ ਦਿੱਤੀ ਸੀ ਜਿਸ ਕਰਕੇ ਰਹਿੰਦੀ ਦੁਨੀਆ ਤੱਕ ਉਨ੍ਹਾਂ ਨੂੰ ਯਾਦ ਰੱਖਿਆ ਜਾਵੇਗਾ। ਬਹਿਲ ਨੇ ਕਿਹਾ ਕਿ ਸਾਨੂੰ ਸਾਰਿਆਂ ਨੂੰ ਪ੍ਰਭੂ ਯਸੂ ਮਸੀਹ ਵੱਲੋਂ ਦਰਸਾਏ ਗਏ ਮਾਰਗ 'ਤੇ ਚਲਣ ਦੀ ਲੋੜ ਹੈ ਅਤੇ ਉਨ੍ਹਾਂ ਵੱਲੋਂ ਸ਼ਾਂਤੀ ਦੇ ਸੰਦੇਸ਼ ਨੂੰ ਪੂਰੀ ਦੁਨੀਆ ਵਿਚ ਫੈਲਾਉਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਅਜਿਹੇ ਪਵਿੱਤਰ ਤਿਉਹਾਰ ਤਾਂ ਹੀ ਸਫਲ ਹੋ ਸਕਦੇ ਹਨ ਜੇਕਰ ਅਸੀਂ ਸਹੀ ਮਾਇਨਿਆਂ ਵਿੱਚ ਆਪਣੇ ਗੁਰੂਆਂ, ਪੀਰਾਂ ਵੱਲੋਂ ਦਰਸਾਏ ਮਾਰਗ ਤੇ ਚੱਲਣ ਦਾ ਪ੍ਰਣ ਕਰੀਏ। ਬਹਿਲ ਨੇ ਕਿਹਾ ਕਿ ਸਾਨੂੰ ਇਸ ਗੱਲ ਦੀ ਬੇਹੱਦ ਖੁਸ਼ੀ ਹੈ ਕਿ ਸਾਡੇ ਸਮਾਜ ਵਿੱਚ ਸਾਰੇ ਵਰਗਾਂ ਦੇ ਲੋਕਾਂ ਰਲ ਮਿਲ ਕੇ ਰਹਿੰਦੇ ਹਨ ਅਤੇ ਇਕ ਦੂਜੇ ਦਾ ਸਤਿਕਾਰ ਕਰਦੇ ਹੋਏ ਅਜਿਹੇ ਦਿਹਾੜੇ ਵੀ ਸਾਂਝੇ ਰੂਪ ਵਿੱਚ ਮਨਾਉਂਦੇ ਹਨ। ਇਸ ਮੌਕੇ ਵੱਖ-ਵੱਖ ਪਿੰਡਾਂ ਵਿੱਚ ਕ੍ਰਿਸਮਸ ਦੇ ਸਮਾਗਮ ਆਯੋਜਿਤ ਕਰਨ ਵਾਲੇ ਪ੍ਰਬੰਧਕਾਂ ਨੇ ਰਮਨ ਬਹਿਲ ਨੂੰ ਸਨਮਾਨਿਤ ਵੀ ਕੀਤਾ।

# ਖੇਡਾਂ 'ਚ ਮੱਲਾਂ ਮਾਰਨ ਵਾਲੇ ਖਿਡਾਰੀਆਂ ਨੂੰ ਸਕੂਲ ਪਹੁੰਚਣ 'ਤੇ ਕੀਤਾ ਸਨਮਾਨਿਤ



**ਮਜੀਠਾ (ਸੋਇਮ ਆਨੰਦ)**-ਪਿਛਲੇ ਦਿਨੀਂ ਅੰਮ੍ਰਿਤਸਰ ਵਿਖੇ ਹੋਈਆਂ 67ਵੀਆਂ ਰਾਜ ਪੱਧਰੀ ਸਕੂਲ ਖੇਡਾਂ 'ਚ ਮਜੀਠਾ ਹਲਕੇ ਦੇ ਸਰਕਾਰੀ ਸੀਨੀ: ਕੈਂ: ਸਕੂਲ ਭੰਗਾਲੀ ਦੇ ਖਿਡਾਰੀਆਂ ਵਲੋ ਮੱਲਾਂ ਮਾਰਨ ਤੇ ਸਕੂਲ ਪਹੁੰਚਣ 'ਤੇ ਪ੍ਰਿੰਸੀਪਲ ਸੁਖਵਿੰਦਰਜੀਤ ਸਿੰਘ ਤੇ ਸਮੂਹ ਸਟਾਫ ਵੱਲੋਂ ਜੇਤੂ ਖਿਡਾਰੀਆਂ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ। ਇਸ ਦੀ ਜਾਣਕਾਰੀ ਦਿੰਦਿਆਂ ਡੀ. ਪੀ. ਈ. ਹਰਨੇਕ ਸਿੰਘ ਸੁਪਾਰੀਵਿੰਡ ਨੇ ਦੱਸਿਆ ਕਿ ਭੰਗਾਲੀ ਸਕੂਲ ਦੇ ਖਿਡਾਰੀਆਂ ਦੀ ਰੋਡ ਅਤੇ ਟਰੈਕ ਦੋਵੇਂ ਚੈਂਪੀਅਨਸ਼ਿਪ ਵਿੱਚ ਝੰਡੀ ਰਹੀ। ਸਟੇਟ ਰੋਡ ਸਾਇਕਲਿੰਗ ਚੈਂਪੀਅਨਸ਼ਿਪ ਵਿੱਚ 17 ਸਾਲਾ ਵਰਗ ਵਿੱਚ ਸਾਹਿਬਪ੍ਰਤਾਪ ਸਿੰਘ ਸਰਕਾਰੀਆ ਨੇ 6 ਕਿਲੋਮੀਟਰ ਮਾਸਡ ਸਟਾਰਟ ਈਵੈਂਟ ਵਿੱਚ ਗੋਲਡ ਮੈਡਲ ਅਤੇ ਅਤੇ 19 ਸਾਲਾ ਵਰਗ ਵਿੱਚ ਤਨਵੀਰ ਸਿੰਘ ਨੇ 12 ਕਿਲੋਮੀਟਰ ਮੀਟਰ ਮਾਸਡ ਸਟਾਰਟ ਈਵੈਂਟ ਵਿੱਚ ਗੋਲਡ ਮੈਡਲ ਅਤੇ ਬੀਰਪ੍ਰਤਾਪ ਸਿੰਘ ਨੇ ਸਿਲਵਰ ਮੈਡਲ ਹਾਸਲ ਕੀਤਾ। ਇਸੇ ਤਰ੍ਹਾਂ ਸਟੇਟ ਟਰੈਕ ਸਾਈਕਲਿੰਗ ਚੈਂਪੀਅਨਸ਼ਿਪ ਵਿੱਚ 17 ਸਾਲਾ ਵਰਗ ਟਾਇਮ ਟਰਾਇਲ 500 ਮੀਟਰ ਈਵੈਂਟ ਵਿੱਚ ਸਾਹਿਬਪ੍ਰਤਾਪ ਸਿੰਘ ਸਰਕਾਰੀਆ ਨੇ ਗੋਲਡ ਮੈਡਲ ਅਤੇ 19 ਸਾਲਾ ਵਰਗ ਵਿੱਚ ਇੱਕ ਕਿਲੋਮੀਟਰ ਟਾਇਮ ਟਰਾਇਲ ਈਵੈਂਟ ਵਿੱਚ ਬੀਰਪ੍ਰਤਾਪ ਸਿੰਘ ਨੇ ਗੋਲਡ ਮੈਡਲ ਅਤੇ ਪ੍ਰਦੀਪ ਸਿੰਘ ਨੇ ਸਿਲਵਰ ਮੈਡਲ ਜਿੱਤਿਆ ਹੈ। ਬੀਰਪ੍ਰਤਾਪ ਸਿੰਘ ਨੇ ਤਿੰਨ ਕਿਲੋਮੀਟਰ ਪਰਸ਼ੂਟ ਈਵੈਂਟ ਵਿੱਚ ਵੀ ਸਿਲਵਰ ਮੈਡਲ ਜਿੱਤਿਆ ਹੈ। ਹੁਣ ਇਹ ਸਾਰੇ ਖਿਡਾਰੀ ਰਾਂਚੀ, ਝਾਰਖੰਡ ਵਿਖੇ ਹੋਣ ਵਾਲੀਆਂ ਰਾਸ਼ਟਰੀ ਸਕੂਲ ਖੇਡਾਂ ਵਿੱਚ ਪੰਜਾਬ ਦੀ ਪ੍ਰਤੀਨਿਧਤਾ ਕਰਨਗੇ। ਇਸ ਵਿਸ਼ੇਸ਼ ਖੁਸ਼ੀ ਸਮੇਂ ਟੈਲੀਫੋਨ ਸੰਦੇਸ਼ ਰਾਹੀ ਮਜੀਠਾ ਹਲਕੇ ਸਿਆਸੀ ਲੀਡਰ ਬਿਕਰਮ ਸਿੰਘ ਮਜੀਠੀਆ ਵੱਲੋਂ ਵੀ ਖਿਡਾਰੀਆਂ ਤੇ ਸਮੂਹ ਸਟਾੱਫ ਨੂੰ ਵਧਾਈ ਭੇਜੀ ਗਈ ਤੇ ਭਵਿੱਖ ਵਿੱਚ ਸਕੂਲ ਲਈ ਸਪੋਰਟਸ ਪ੍ਰਤੀ ਮਦਦ ਕਰਨ ਦਾ ਵਾਅਦਾ ਕੀਤਾ। ਇਨ੍ਹਾਂ ਖਿਡਾਰੀਆਂ ਦੀ ਪ੍ਰਾਪਤੀ ਪਿੱਛੇ ਜ਼ਿਲ੍ਹਾ ਖੇਡ ਅਫ਼ਸਰ ਅਤੇ ਕੋਚ ਸਿਮਰਨਜੀਤ ਸਿੰਘ ਰੰਧਾਵਾ, ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਕੋਚ ਰਜੇਸ਼ ਕੌਸ਼ਕ ਅਤੇ ਭੁਪਿੰਦਰ ਕੁਮਾਰ ਡੀ. ਪੀ. ਈ. ਹਰਨੇਕ ਸਿੰਘ ਸੁਪਾਰੀ ਵਿੰਡ ਦਾ ਅਹਿਮ ਯੋਗਦਾਨ ਰਿਹਾ। ਇਸ ਮੌਕੇ ਕੁਲਵਿੰਦਰ ਸਿੰਘ, ਰਮਨਦੀਪ ਕੌਰ ਵਿਰਕ, ਰਾਜਬੀਰ ਕੌਰ, ਬਲਜਿੰਦਰ ਕੌਰ (ਸਾਰੇ ਲੈਕਚਰਾਰ) ਹਰਮਨਦੀਪ ਸਿੰਘ, ਨਵਜੋਤ ਸਿੰਘ, ਜਗਦੀਪ ਸਿੰਘ, ਅਰਵਿੰਦਰ ਸਿੰਘ, ਸੰਦੀਪ ਸਿੰਘ, ਕਵਿੱਤਰੀ ਨਿਰਮਲ ਕੌਰ, ਗੁਰਵਿੰਦਰ ਕੌਰ, ਮਨਦੀਪ ਕੌਰ, ਰਾਜਨ ਭੱਟੀ, ਗੁਰਵਿੰਦਰ ਸਿੰਘ ਤਲਵੰਡੀ, ਹਰਵਿੰਦਰ ਸਿੰਘ, ਸਕਿਓਰਿਟੀ ਇੰਚਾਰਜ ਅਵਤਾਰ ਸਿੰਘ ਆਦਿ ਹਾਜ਼ਰ ਸਨ।

# ਬਾਬਾ ਸੋਹਣ ਸਿੰਘ ਭਕਨਾ ਦੇ ਜਨਮ ਦਿਨ 'ਤੇ ਵੱਡਾ ਕਾਫਲਾ ਹੋਵੇਗਾ ਰਵਾਨਾ : ਕਾਮਰੇਡ ਬਲਵਿੰਦਰ



**ਚੋਹਲਾ ਸਾਹਿਬ (ਰਮਨ ਚੱਢਾ)**- ਭਾਰਤੀ ਕਮਿਊਨਿਸਟ ਪਾਰਟੀ ਦੀ ਮੀਟਿੰਗ ਚੋਹਲਾ ਸਾਹਿਬ ਵਿਖੇ ਹੋਈ ਮੀਟਿੰਗ ਵਿੱਚ ਜਾਣਕਾਰੀ ਦਿੰਦਿਆਂ ਬਲਾਕ ਚੋਹਲਾ ਸਾਹਿਬ,ਨੁਸਹਿਰਾ ਪਨੂੰਆਂ ਦੇ ਸਾਂਝੇ ਸਕੱਤਰ ਕਾਮਰੇਡ ਬਲਵਿੰਦਰ ਸਿੰਘ ਦਦੇਹਰ ਸਾਹਿਬ ਨੇ ਦੱਸਿਆ ਕਿ 4 ਜਨਵਰੀ ਨੂੰ ਇਕ ਵੱਡਾ ਕਾਫਲਾ ਭਕਨਾ ਕਲਾਂ ਨੂੰ ਰਵਾਨਾ ਕੀਤਾ ਜਾਵੇਗਾ। ਗਦਰੀ ਬਾਬਿਆ ਦੇਸ਼ ਇਸ ਕਰਕੇ ਆਜ਼ਾਦ ਕਰਵਾਇਆ ਸੀ ਕਿ ਸਾਡੇ ਦੇਸ਼ ਵਿਚ ਬੇਰੁਜ਼ਗਾਰ ਨਾ ਰਹੇ ਪਰ ਇਨ੍ਹਾਂ ਗੱਲਾਂ ਵਿੱਚ ਲਗਾਤਾਰ ਵਾਧਾ ਹੋ ਰਿਹਾ। ਕੇਂਦਰ ਦੀ ਮੋਦੀ ਸਰਕਾਰ ਲਗਾਤਾਰ ਦੇਸ਼ ਨੂੰ ਗੁਲਾਮੀ ਵੱਲ ਧੱਕ ਰਹੀ ਹੈ। ਸੱਚ ਦੀ ਆਵਾਜ਼ ਉਠਾਉਣ ਵਾਲਿਆਂ 'ਤੇ ਝੂਠੇ ਪਰਚੇ ਕਰਕੇ ਜੇਲ ਵਿੱਚ ਸੁੱਟ ਦਿੱਤਾ ਜਾਂਦਾ। ਕਾਮਰੇਡ ਦਦੇਹਰ ਨੇ ਜਨਤਾ ਨੂੰ ਅਪੀਲ ਕੀਤੀ ਕਿ 2024 ਦੀਆਂ ਲੋਕ ਸਭਾ ਚੋਣਾਂ ਵਿੱਚ ਭਾਜਪਾ ਨੂੰ ਹਰਾ ਕੇ ਸੱਤਾ ਤੋਂ ਲਾਂਭੇ ਕੀਤਾ ਜਾਵੇ ਅਤੇ ਧਰਮ ਨਿਰਪੱਖ ਪਾਰਟੀ ਦਾ ਸਾਥ ਦਿੱਤਾ ਜਾਵੇ। ਮੀਟਿੰਗ ਵਿੱਚ ਪਰਮਜੀਤ ਸਿੰਘ, ਰਜਿੰਦਰ ਸਿੰਘ, ਗੁਰਪਾਲ ਸਿੰਘ, ਹਰਨਾਮ ਸਿੰਘ, ਅਮਰੀਕ ਸਿੰਘ ਆਦਿ ਹਾਜ਼ਰ ਹੋਏ।

# ਆਸ਼ੀਰਵਾਦ ਨੇ ਆਟੇ ਲਈ ਗਾਹਕਾਂ ਨੂੰ ਦਿੱਤਾ ਕੁਆਲਿਟੀ ਸਰਟੀਫ਼ਿਕੇਟ

**ਲੁਧਿਆਣਾ** : ਭਾਰਤ ਦੇ ਨੰਬਰ 1 ਆਟਾ ਬ੍ਰਾਂਡ ਆਸ਼ੀਰਵਾਦ ਆਟਾ ਨੇ ਇੱਕ ਮਹੱਤਵਪੂਰਨ ਅਤੇ ਵਿਲੱਖਣ ਕਦਮ ਚੁੱਕਦੇ ਹੋਏ ਆਪਣੀ ਨਵੀਂ ਮੁਹਿੰਮ 'ਲਿਖ ਕੇ ਲੇ ਲੋ' ਨੂੰ ਲਾਂਚ ਕੀਤਾ ਹੈ। ਇਸਦਾ ਉਦੇਸ਼ ਖਪਤਕਾਰਾਂ ਨੂੰ ਆਟੇ ਦੀ ਗੁਣਵੱਤਾ ਦੇ ਜ਼ਰੂਰੀ ਮਿਆਰਾਂ ਬਾਰੇ ਜਾਣਕਾਰੀ ਨਾਲ ਲੈਸ ਕਰਨਾ ਹੈ।

ਅਜਿਹੀ ਉਮੀਦ ਕੀਤੀ ਜਾ ਰਹੀ ਹੈ ਕਿ ਇਸ ਨਾਲ ਉਨ੍ਹਾਂ ਨੂੰ ਸਹੀ ਫੈਸਲਾ ਲੈਣ 'ਚ ਮਦਦ ਮਿਲੇਗੀ। ਬ੍ਰਾਂਡਡ ਆਟਾ ਸੈਗਮੈਂਟ ਵਿੱਚ ਮਾਰਕੀਟ ਦੇ ਇੱਕ ਜ਼ਿੰਮੇਵਾਰ ਲੀਡਰ ਵਜੋਂ, ਆਸ਼ੀਰਵਾਦ ਪਾਰਦਰਸ਼ਤਾ ਅਤੇ ਭਰੋਸੇ ਨੂੰ ਉਤਸ਼ਾਹਿਤ ਕਰਨ ਲਈ ਵਿਅਕਤੀਗਤ ਕੁਆਲਿਟੀ ਸਰਟੀਫਿਕੇਟ ਲਿਆਇਆ ਹੈ। ਆਸ਼ੀਰਵਾਦ ਸ਼ੁੱਧ ਚੱਕੀ ਆਟੇ ਦਾ ਹਰ ਪੈਕ ਇੱਕ ਕਿਊਆਰ ਕੋਡ ਨਾਲ ਆਉਂਦਾ ਹੈ ਜਿਸ ਨਾਲ ਗਾਹਕਾਂ ਨੂੰ ਉਨ੍ਹਾਂ ਦੇ ਆਟੇ ਬਾਰੇ ਜਾਣਕਾਰੀ ਮਿਲੇਗੀ। ਇਸ ਮੁਹਿੰਮ 'ਤੇ ਟਿੱਪਣੀ ਕਰਦੇ ਹੋਏ, ਅਨੁਜ ਕੁਮਾਰ ਰਸਤਗੀ, ਸੀਓਓ., ਸਟੈਪਲਸ ਐਂਡ ਏਜੰਸੀਜ਼, ਆਈਟੀਸੀ ਫੂਡਜ਼, ਦਾ ਕਹਿਣਾ ਹੈ ਕਿ 'ਲਿਖ ਕੇ ਲੇ ਲੋ' ਮੁਹਿੰਮ ਗੁਣਵੱਤਾ ਅਤੇ ਸ਼ੁੱਧਤਾ ਦੀ ਪਰੰਪਰਾ ਵਿੱਚ ਆਸ਼ੀਰਵਾਦ ਦਾ ਇੱਕ ਬਹੁਤ ਵੱਡਾ ਕਦਮ ਹੈ। ਇਹ ਮੁਹਿੰਮ ਉੱਚੇ ਮਿਆਰਾਂ ਵਾਲਾ ਕਣਕ ਦਾ ਆਟਾ ਦੇਣ ਦੀ ਸਾਡੀ ਅਟੁੱਟ ਪ੍ਰਤੀਬੱਧਤਾ ਨੂੰ ਦਰਸਾਉਂਦੀ ਹੈ।


YES BANK

Regd. Office: YES BANK House, Off Western Express Highway, Santacruz (East), Mumbai – 400055
Branch Office: YES BANK LIMITED.| B-XX 2427 – 928, 1st Floor, Gobind Nagar, Ferozepur Road, Ludhiana – 141001, website: www.yesbank.in

**ਸਰਫੇਸੀ ਐਕਟ ਦੇ ਸੈਕਸ਼ਨ 13 (2) ਅਧੀਨ ਨੋਟਿਸ ਦੀ ਪ੍ਰਕਾਸ਼ਨਾ**

ਨੋਟਿਸ ਦਿੱਤਾ ਜਾਂਦਾ ਹੈ ਕਿ ਹੇਠਾਂ ਦਰਸਾਏ ਕਰਜ਼ਦਾਰਾਂ/ਗਰੰਟਰਾਂ/ਡਾਇਰੈਕਟਰਾਂ/ਰਹਿਣਕਾਰਾਂ, ਜਿਨ੍ਹਾਂ ਨੇ ਬੈਂਕ ਤੋਂ ਲਈ ਕਰਜ਼ਾ ਸਹੂਲਤ ਦਾ ਮੂਲ ਅਤੇ ਵਿਆਜ ਵਾਪਸ ਮੋੜਨ 'ਚ ਅਸਫਲਤਾ ਦਿਖਾਈ ਅਤੇ ਜਿਨ੍ਹਾਂ ਦੇ ਕਰਜ਼ਾ ਖਾਤੇ ਭਾਰਤੀ ਰਿਜ਼ਰਵ ਬੈਂਕ ਵੱਲੋਂ ਜਾਰੀ 'ਐਸੇਟ ਕਲਾਸੀਫਿਕੇਸ਼ਨ ਗਾਈਡਲਾਈਨਜ਼' ਸ਼ਰਤਾਂ ਤੋਂ ਬਾਹਰੀ ਹੋਣ ਕਾਰਨ ਨਾਨ-ਪ੍ਰਫਾਰਮਿੰਗ ਐਸੇਟਸ (ਐੱਨ ਪੀ ਏ) ਵਰਗੀਕ੍ਰਿਤ ਕਰ ਦਿੱਤੇ ਗਏ ਹਨ। ਸਕਿਉਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਇਨੈਂਸ਼ੀਅਲ ਐਸੇਟਸ ਦੇ ਸੈਕਸ਼ਨ 13 (2) ਅਤੇ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈਸਟ ਐਕਟ 2002 (ਸਰਫੇਸੀ ਐਕਟ) ਤਹਿਤ ਉਨ੍ਹਾਂ ਦੇ ਜਾਣਕਾਰੀ ਵਾਲੇ ਆਖਰੀ ਪਤਿਆਂ 'ਤੇ ਨੋਟਿਸ ਜਾਰੀ ਕੀਤੇ ਗਏ ਸਨ ਅਤੇ ਉਨ੍ਹਾਂ ਨੂੰ ਇਸ ਜਨਤਕ ਨੋਟਿਸ ਰਾਹੀਂ ਜਾਣਕਾਰੀ ਦਿੱਤੀ ਗਈ ਹੈ।

| ਕਰਜ਼ਦਾਰਾਂ/ਗਰੰਟਰਾਂ/ਸਕਿਉਰਟੀ ਪ੍ਰੋਵਾਈਡਰਾਂ ਦਾ ਨਾਂਅ | ਜਾਇਦਾਦਾਂ ਦਾ ਵੇਰਵਾ/ਲਾਗੂ ਸਕਿਉਰਡ ਐਸੇਟਸ ਦਾ ਪਤਾ ਅਤੇ ਰਹਿਣਕਾਰ | ਨੋਟਿਸ ਦੀ ਮਿਤੀ | ਐੱਨ ਪੀ ਏ ਦੀ ਮਿਤੀ | ਬਕਾਇਆ ਰਕਮ |
|---|---|---|---|---|
| 1. ਮੈਸ. ਵਾਇਲਡ ਆਫ਼ ਟਾਇਲਜ਼ ਐਂਡ ਗ੍ਰੇਨਾਇਡ ਰਾਹੀਂ ਇਸ ਦੇ ਪ੍ਰੋਪਰਾਇਟਰਜ਼ ਸੁਖਦੀਪ ਸਿੰਘ, ਪਤਾ ਦੁਕਾਨ ਨੰ. 01. ਗਰਾਊਂਡ ਫਲੋਰ ਅਤੇ ਦੁਕਾਨ ਨੰ.02 ਪਹਿਲੀ ਮੰਜ਼ਲ, ਨੇੜੇ ਟਾਰਕਾਫਰਮਾ, ਸਾਈਂ ਰੋਡ ਸੋਲਨ, ਹਿਮਾਚਲ ਪ੍ਰਦੇਸ਼ 173205 (ਕਰਜ਼ਦਾਰ)<br>2. ਸ੍ਰੀ ਸੁਖਦੀਪ ਸਿੰਘ ਮਾਰਫਤ ਜਸਵਿੰਦਰ ਸਿੰਘ ਪਤਾ ਦੁਕਾਨ ਨੰ. 01. ਗਰਾਊਂਡ ਫਲੋਰ ਅਤੇ ਦੁਕਾਨ ਨੰ.02 ਪਹਿਲੀ ਮੰਜ਼ਲ, ਨੇੜੇ ਟਾਰਕਾਫਾਰਮਾ, ਸਾਈਂ ਰੋਡ ਸੋਲਨ, ਹਿਮਾਚਲ ਪ੍ਰਦੇਸ਼ 173205 ਨਾਲ ਹੀ ਮਕਾਨ ਨੰ.79 ਪੁਲਸ ਲਾਇਨ ਸੈਕਟਰ 26 ਚੰਡੀਗੜ੍ਹ 160019 (ਸਹਿ ਕਰਜ਼ਦਾਰ ਅਤੇ ਗਰੰਟਰ)<br>3. ਸ੍ਰੀਮਤੀ ਜਸਪ੍ਰੀਤ ਕੌਰ ਰੂਪਾਲ ਮਾਰਫ਼ਤ ਸੁਖਦੀਪ ਸਿੰਘ ਪਤਾ ਦੁਕਾਨ ਨੰ. 01. ਗਰਾਊਂਡ ਫਲੋਰ ਅਤੇ ਦੁਕਾਨ ਨੰ.02 ਪਹਿਲੀ ਮੰਜ਼ਲ, ਨੇੜੇ ਟਾਰਕਾਫਾਰਮਾ, ਸਾਈਂ ਰੋਡ ਸੋਲਨ, ਹਿਮਾਚਲ ਪ੍ਰਦੇਸ਼ 173205 ਨਾਲ ਹੀ ਮਕਾਨ ਨੰ.79 ਪੁਲਸ ਲਾਇਨ ਸੈਕਟਰ 26 ਚੰਡੀਗੜ੍ਹ 160019 (ਸਹਿ ਕਰਜ਼ਦਾਰ, ਰਹਿਣਕਾਰ ਅਤੇ ਗਰੰਟਰ) | ਵਪਾਰਰਕ ਜਾਇਦਾਦ ਜੋ ਕਿ ਦੁਕਾਨ ਨੰ. 03 ਅਤੇ 04, ਸਕਾਈਲਾਰਕ ਇਨਕਲੇਵ, ਸੈਕਟਰ 115 (ਬੈਨਾਮਾ ਨੰ. 12634 ਮਿਤੀ 24.02.2021 ਅਨੁਸਾਰ) ਰਕਬਾ 0-2.2/9 ਮਰਲੇ, ਜ਼ਮੀਨ ਰਕਬਾ 32 ਕਨਾਲ 16 ਮਰਲੇ ਦਾ 20/5904 ਹਿੱਸਾ, ਖੇਵਟ/ਖਤੌਨੀ ਨੰ. 325/332, ਖਸਰਾ ਨੰ. 17//6/2(1-12), 16/2 (4-18), 17//2 (6-6), 18(7-11), 19(7-11), 20/2(4-4) ਅਤੇ 18//20/2/1/2 (0-14) ਟੁਕੜੇ (ਕਿੱਤੇ) 7, ਜਮ੍ਹਾਂਬੰਦੀ ਨਾਲ 2013-14, ਸੰਤੇ ਮਾਜਰਾ, (ਹਦਸਬਤ ਨੰ. 186) ਐਮ ਸੀ7, ਤਹਿਸੀਲ ਖਰੜ, ਜ਼ਿਲ੍ਹਾ ਐਸ ਏ ਐਸ ਨਗਰ, ਪੰਜਾਬ ਨਾਲ ਸੰਬੰਧਤ ਸਭ ਕੁਝ। ਹੱਦਾਂ : ਉੱਤਰ : ਕੱਚੀ ਸੜਕ, ਦੱਖਣ : ਪ੍ਰਵੇਸ਼, ਪੂਰਬ : ਬੂਥ ਨੰ. 02, ਪੱਛਮ : ਬੂਥ ਨੰ. 05, ਰਹਿਣਕਾਰ : ਸ੍ਰੀਮਤੀ ਜਸਪ੍ਰੀਤ ਕੌਰ ਰੂਪਾਲ ਮਾਰਫ਼ਤ ਸੁਖਦੀਪ ਸਿੰਘ | 29 ਨਵੰਬਰ 2023 | 13 ਅਕਤੂਬਰ 2023 | 29.11.2023 ਨੂੰ ਰੁਪਏ 37,93,953.59 |
| 1. ਪੁਖਰਾਜ ਇੰਟਰਨੈਸ਼ਨਲ ਰਾਹੀਂ ਇਸ ਦੇ ਪ੍ਰੋਪਰਾਈਟਰਜ਼ ਸ੍ਰੀ ਰੁਪੇਸ਼ ਚੋਰਾਦੀਆ ਪੁੱਤਰ ਸ੍ਰੀ ਰਾਏ ਚੰਦ ਚੋਰਾਦੀਆ ਪਤਾ 285/37, ਸੁੰਦਰ ਨਗਰ ਲੁਧਿਆਣਾ-141001 (ਕਰਜ਼ਦਾਰ) 2. ਮੈਸ. ਆਰ ਆਰ ਜੈਨ ਹੌਜ਼ਰੀ ਫੈਕਟਰੀ ਰਾਹੀਂ ਇਸ ਦੇ ਪ੍ਰੋਪਰਾਈਟਰਜ਼ ਸ੍ਰੀਮਤੀ ਅਲਕਾ ਜੈਨ ਪਤਨੀ ਸ੍ਰੀ ਰੁਪੇਸ਼ ਚੋਰਾਦੀਆ ਪਤਾ ਬੀ-ਐਕਸ-698, ਇਕਬਾਲ ਗੰਜ ਲੁਧਿਆਣਾ-141001 (ਸਹਿ ਕਰਜ਼ਦਾਰ ਅਤੇ ਗਰੰਟਰ)<br>3. ਸ੍ਰੀ ਰੁਪੇਸ਼ ਚੋਰਾਦੀਆ ਪੁੱਤਰ ਸ੍ਰੀ ਰਾਏ ਚੰਦ ਚੋਰਾਦੀਆ ਪਤਾ ਮਕਾਨ ਨੰ. 2946 ਸੈਕਟਰੀ 32ਏ ਨੇੜੇ ਬੀ ਸੀ ਐਮ ਸਕੂਲ, ਚੰਡੀਗੜ੍ਹ ਰੋਡ, ਲੁਧਿਆਣਾ-141010 (ਸਹਿ ਕਰਜ਼ਦਾਰ ਅਤੇ ਗਰੰਟਰ)<br>4. ਸ੍ਰੀ ਰਾਏ ਚੰਦ ਚੋਰਾਦੀਆ ਪੁੱਤਰ ਫੂਲ ਚੰਦ ਚੋਰਾਦੀਆ ਪਤਾ ਮਕਾਨ ਨੰ. 2946 ਸੈਕਟਰੀ 32ਏ ਨੇੜੇ ਬੀ ਸੀ ਐਮ ਸਕੂਲ, ਚੰਡੀਗੜ੍ਹ ਰੋਡ, ਲੁਧਿਆਣਾ-141010 (ਸਹਿ ਕਰਜ਼ਦਾਰ, ਗਰੰਟਰ ਅਤੇ ਰਹਿਣਕਾਰ)<br>5. ਸ੍ਰੀਮਤੀ ਅਲਕਾ ਜੈਨ ਪਤਨੀ ਰੁਪੇਸ਼ ਚੋਰਾਦੀਆ ਮਕਾਨ ਨੰ. 2946 ਸੈਕਟਰੀ 32ਏ ਨੇੜੇ ਬੀ ਸੀ ਐਮ ਸਕੂਲ, ਚੰਡੀਗੜ੍ਹ ਰੋਡ, ਲੁਧਿਆਣਾ-141010 (ਸਹਿ ਕਰਜ਼ਦਾਰ, ਗਰੰਟਰ ਅਤੇ ਰਹਿਣਕਾਰ) | 1. ਮਕਾਨ ਨੰ. ਬੀ-10-698, ਜਾਇਦਾਦ ਰਕਬਾ 62.86 ਵਰਗ ਗਜ਼, ਅਬਾਦੀ ਇਕਬਾਲ ਗੰਜ ਰੋਡ, ਤਹਿਸੀਲ ਤੇ ਜ਼ਿਲ੍ਹਾ ਲੁਧਿਆਣਾ। ਹੱਦਾਂ : ਪੂਰਬ : ਤਿਲਕ ਰਾਜ ਦਾ ਮਕਾਨ, ਪੱਛਮ : ਦੇਸ ਰਾਜ ਦਾ ਮਕਾਨ, ਉੱਤਰ : ਸੜਕ, ਦੱਖਣ : ਗਲੀ, ਰਹਿਣਕਾਰ : ਸ੍ਰੀ ਰਾਏ ਚੰਦ ਚੋਰਾਦੀਆ ਪੁੱਤਰ ਸ੍ਰੀ ਫੂਲ ਚੰਦ ਚੋਰਾਦੀਆ।<br>2. ਮਕਾਨ ਨੰ. 2946, ਜਾਇਦਾਦ ਰਕਬਾ 125 ਵਰਗ ਗਜ਼, ਸੈਕਟਰ 32-ਏ, ਵਸੀਕਾ ਨੰ. 3012 ਮਿਤੀ 29.05.2014, ਅਰਬਨ ਅਸਟੇਟ, ਸਮਰਾਲਾ ਰੋਡ, ਤਹਿਸੀਲ ਤੇ ਜ਼ਿਲ੍ਹਾ ਲੁਧਿਆਣਾ। ਹੱਦਾਂ : ਪੂਰਬ ਸੜਕ 45' ਚੌੜੀ, ਪੱਛਮ : ਪਲਾਟ ਨੰ. 2953, ਉੱਤਰ : ਪਲਾਟ ਨੰ. 2947, ਦੱਖਣ : ਪਲਾਟ ਨੰ. 2945, ਰਹਿਣਕਾਰ : ਸ੍ਰੀਮਤੀ ਅਲਕਾ ਜੈਨ ਪਤਨੀ ਸ੍ਰੀ ਰੁਪੇਸ਼ ਚੋਰਾਦੀਆ। | 04 ਦਸੰਬਰ 2023 | 13 ਨਵੰਬਰ 2023 | 02-ਦਸੰਬਰ 2023 ਨੂੰ ਕ੍ਰਮਵਾਰ ਰੁਪਏ 1,11,05,032 ਅਤੇ 7,68,151.05 |

ਉਪਰੋਕਤ ਕਰਜ਼ਦਾਰ ਅਤੇ/ਜਾਂ ਉਨ੍ਹਾਂ ਦੇ ਗਰੰਟਰ/ਰਹਿਣਕਾਰ (ਜਦੋਂ ਵੀ ਲਾਗੂ ਹੋਵੇ) ਨੂੰ ਬਕਾਇਆ ਰਕਮ, ਇਸ ਨੋਟਿਸ ਦੀ ਪ੍ਰਕਾਸ਼ਨਾ ਮਿਤੀ ਤੋਂ 60 ਦਿਨਾਂ ਦੇ ਅੰਦਰ ਅਦਾ ਕਰਨ ਦਾ ਸੱਦਾ ਦਿੱਤਾ ਜਾਂਦਾ ਹੈ। ਅਸਫਲ ਰਹਿਣ 'ਤੇ 60 ਦਿਨ ਗੁਜ਼ਰ ਜਾਣ ਤੋਂ ਬਾਅਦ ਸਰਫੇਸੀ ਐਕਟ ਦੇ ਸੈਕਸ਼ਨ 13 ਦੇ ਸਬ-ਸੈਕਸ਼ਨ (4) ਤਹਿਤ ਅਗਲੇ ਕਦਮ ਉਠਾਏ ਜਾਣਗੇ। ਇਸ ਤੋਂ ਅੱਗੇ ਇਹ ਵੀ ਤੁਹਾਡੇ ਧਿਆਨ 'ਚ ਲਿਆਂਦਾ ਜਾਂਦਾ ਹੈ ਕਿ ਸਰਫੇਸੀ ਐਕਟ ਦੇ ਸੈਕਸ਼ਨ 13 (8) ਤਹਿਤ, ਜੇਕਰ ਸਾਡੇ ਬਕਾਏ ਸਮੇਤ ਸਾਡੇ ਵੱਲੋਂ ਸਹਿਣ ਕੀਤੀਆਂ ਗਈਆਂ ਲਾਗਤਾਂ, ਚਾਰਜਿਜ਼ ਅਤੇ ਖਰਚੇ ਵਿਕਰੀ ਜਾਂ ਤਬਾਦਲੇ ਲਈ ਤੈਅ ਕੀਤੀ ਗਈ ਮਿਤੀ ਤੋਂ ਪਹਿਲਾਂ ਕਿਸੇ ਸਮੇਂ ਜਨਤਕ ਨਿਲਾਮੀ/ਟੈਂਡਰ/ਨਿੱਜੀ ਹੱਲ ਸਕਿਉਰਡ ਕ੍ਰੈਡਿਟਰ ਨੂੰ ਅਦਾ ਕਰ ਦਿੱਤੇ ਜਾਂਦੇ ਹਨ ਤਾਂ ਸਾਡੇ ਵੱਲੋਂ ਸਕਿਉਰਡ ਐਸੇਟ ਵਿਕਰੀ ਜਾਂ ਤਬਦੀਲ ਨਹੀਂ ਕੀਤੇ ਜਾਣਗੇ ਅਤੇ ਸਾਡੇ ਵੱਲੋਂ ਸਕਿਉਰਡ ਐਸੇਟ ਨੂੰ ਤਬਦੀਲ ਜਾਂ ਵਿਕਰੀ ਕਰਨ ਸੰਬੰਧੀ ਅਗਲੇ ਕਦਮ ਨਹੀਂ ਉਠਾਏ ਜਾਣਗੇ।

ਮਿਤੀ : 27 ਦਸੰਬਰ, 2023 ਸਹੀ/- ਅਧਿਕਾਰਤ ਅਫਸਰ
ਸਥਾਨ : ਪੰਜਾਬ ਵਾਸਤੇ ਯੈਸ ਬੈਂਕ ਲਿਮਟਿਡ


# ਪੱਤਰਕਾਰ ਗੁਰਨਾਮ ਸਿੰਘ ਚੱਕ ਮੰਡੇਰ ਨੂੰ ਨਮ ਅੱਖਾਂ ਨਾਲ ਅੰਤਿਮ ਵਿਦਾਇਗੀ

## ਅੰਤਿਮ ਅਰਦਾਸ ਤੇ ਭੋਗ 10 ਨੂੰ



**ਬਹਿਰਾਮ (ਅਵਤਾਰ ਕਲੇਰ)** ਸੀਨੀਅਰ ਪੱਤਰਕਾਰ ਗੁਰਨਾਮ ਸਿੰਘ ਚੱਕ ਮੰਡੇਰ ਦਾ ਬੀਤੇ ਦਿਨੀਂ ਇੱਕ ਸੜਕ ਹਾਦਸੇ ਵਿੱਚ ਦੇਹਾਂਤ ਹੋ ਗਿਆ ਸੀ । ਉਨ੍ਹਾਂ ਦੇ ਪੁੱਤਰ ਅਮਨ ਕੁਮਾਰ ਦਾ ਵਿਦੇਸ਼ੋ ਆਉਣ 'ਤੇ ਪਿੰਡ ਚੱਕ ਮੰਡੇਰ ਦੇ ਸ਼ਮਸ਼ਾਨ ਘਾਟ ਵਿੱਚ ਸਸਕਾਰ ਕੀਤਾ ਗਿਆ । ਗੁਰਨਾਮ ਸਿੰਘ ਦਾ ਲੋਕਾਂ ਨਾਲ ਵਧੀਆ ਮੇਲ ਮਿਲਾਪ ਹੋਣ 'ਤੇ ਸਾਰਿਆਂ ਵਲੋਂ ਉਨ੍ਹਾਂ ਦੀ ਮ੍ਰਿਤਕ ਦੇਹ ਨੂੰ ਨਮ ਅੱਖਾਂ ਨਾਲ ਅੰਤਿਮ ਵਿਦਾਇਗੀ ਦਿੱਤੀ ਗਈ । ਪਰਵਾਰਕ ਮੈਂਬਰਾਂ ਨੇ ਦੱਸਿਆ ਕਿ ਉਨ੍ਹਾਂ ਨਮਿਤ ਸ਼ਰਧਾਜਲੀ ਸਮਾਗਮ 10 ਜਨਵਰੀ ਨੂੰ ਹੋਵੇਗਾ । ਇਸ ਮੌਕੇ ਗੁਰਵਿੰਦਰ ਸਿੰਘ ਪੰਚ ਚੱਕ ਮੰਡੇਰ,ਦਵਿੰਦਰ ਸਿੰਘ ਸੰਧਵਾਂ,ਸੇਵਾ ਮੁਕਤ ਮੈਨੇਜਰ ਦਲਜੀਤ ਸਿੰਘ ਘੁੰਮਣ,ਅਮਰਜੀਤ ਕਲਸੀ ਤਲਵੰਡੀ ਜੱਟਾਂ, ਕੇਵਲ ਸਿੰਘ ਚੱਕ ਮੰਡੇਰ, ਸੇਵਾ ਮੁਕਤ ਇੰਸਪੈਕਟਰ ਮਹਿੰਦਰ ਪਾਲ ਬਹਿਰਾਮ, ਨਛੱਤਰ ਸਿੰਘ ਬਹਿਰਾਮ, ਸੰਦੀਪ ਸਿੰਘ ਬਹੂਆ, ਨੰਬਰਦਾਰ ਲੈਂਹਿਬਰ ਰਾਮ ਕੁਲਥਮ, ਸੰਮਤੀ ਮੈਂਬਰ ਗਿਆਨ ਚੰਦ, ਸਾਬਕਾ ਸਰਪੰਚ ਗੁਰਦਿਆਲ ਚੰਦ, ਲੇਖਰਾਜ ਕੁਲਥਮ, ਅਵਤਾਰ ਕਲੇਰ ਮੇਹਲੀ, ਆਰ. ਡੀ ਰਾਮਾ,ਪ੍ਰੇਮ ਜੰਡਿਆਲੀ,ਇਕਬਾਲ ਸਿੰਘ ਬਹਿਰਾਮ,ਬਲਜੀਤ ਸਿੰਘ,ਹੁਸਨ ਲਾਲ ਮੱਲ੍ਹਾ ਸੋਢੀਆ,ਧੰਨਾ ਰਾਮ ਮੰਢਾਲੀ,ਪਵਨ ਪੌੜਵਾਲ , ਸੰਤੋਖ ਰਾਮ ਮੰਢਾਲੀ, ਤਰਲੋਚਨ ਸਿੰਘ ਬਾਹੜਮਜਾਰਾ ,ਦਿਨੇਸ਼ ਭੰਡਾਰੀ ਬਹਿਰਾਮ,ਵਰਿੰਦਰ ਸਿੰਘ ਹੀਓ,ਕੁਲਜੀਤ ਸਿੰਘ,ਦਲਜੀਤ ਸਿੰਘ ਜੱਸੋਮਜਾਰਾ,ਲਖਵਿੰਦਰ ਸਿੰਘ ਲਾਡੀ ਢਾਹਾਂ,ਮਹਿੰਦਰ ਪਾਲ ਤੇ ਗੁਰਜੀਤ ਸਿੰਘ ਆਦਿ ਨੇ ਜਿਥੇ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ ਉਥੇ ਸਸਕਾਰ ਮੌਕੇ ਵੀ ਹਾਜਰ ਰਹੇ ।

# ਮਾਛੀਵਾੜਾ ਤੋਂ ਜੋੜ ਮੇਲ ਨਗਰ ਕੀਰਤਨ ਕਟਾਣਾ ਸਾਹਿਬ ਲਈ ਰਵਾਨਾ



**ਮਾਛੀਵਾੜਾ ਸਾਹਿਬ, (ਸ਼ੈਂਕੀ ਸ਼ਰਮਾ,ਜਗਦੀਸ਼ ਰਾਏ)** - ਹਰ ਸਾਲ ਦੀ ਤਰ੍ਹਾਂ ਇੱਥੇ ਤਿੰਨ ਦਿਨ ਸਲਾਨਾ ਜੋੜ ਮੇਲ ਦੀ ਸਭਾ ਭਰਨ ਉਪਰੰਤ ਇਹ ਜੋੜ ਮੇਲ ਅਗਲੇ ਸਫ਼ਰ ਲਈ ਮਾਛੀਵਾੜਾ ਸਾਹਿਬ ਵਿਖੇ ਸਥਿਤ ਇਤਿਹਾਸਿਕ ਗੁਰਦੁਆਰਾ ਸ੍ਰੀ ਕ੍ਰਿਪਾਨ ਭੇਟ ਸਾਹਿਬ ਤੋਂ ਕਟਾਣਾ ਸਾਹਿਬ ਲਈ ਰਵਾਨਾ ਹੋ ਗਿਆ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਹੇਠ ਪੰਜ ਪਿਆਰਿਆਂ ਦੀ ਅਗਵਾਈ ਹੇਠ ਰਵਾਨਾ ਹੋਏ ਇਸ ਨਗਰ ਕੀਰਤਨ 'ਚ ਅਨੇਕਾਂ ਢਾਡੀ ਜਥਿਆਂ ਅਤੇ ਕਵੀਸ਼ਰਾਂ ਨੇ ਗੁਰੂ ਜਸ ਸੁਣਾ ਕੇ ਨਿਹਾਲ ਕੀਤਾ। ਇਸ ਨਗਰ ਕੀਰਤਨ ਨੂੰ 'ਉੱਚ ਦਾ ਪੀਰ' ਦੇ ਨਾਂਅ ਨਾਲ ਵੀ ਜਾਣਿਆ ਜਾਂਦਾ ਹੈ ਜੋ ਗੜ੍ਹੀ ਦਾ ਪੁਲ, ਜਲਾਹ ਮਾਜਰਾ, ਪਾਲ ਮਾਜਰਾ, ਢੰਡੇ, ਰੋਹਲੇ, ਚਹਿਲਾਂ, ਲੱਧੜਾਂ, ਘੁਲਾਲ, ਬਿਜਲੀਪੁਰ, ਲੱਲਾਂ, ਕੁੱਬੇ ਤੋਂ ਸ਼ਾਮ ਨੂੰ ਕਟਾਣਾ ਸਾਹਿਬ ਜਾ ਕੇ ਸਮਾਪਤ ਹੋਵੇਗਾ। ਇਸ ਸਮੇਂ ਗੁਰਦੁਆਰਾ ਸ੍ਰੀ ਕ੍ਰਿਪਾਨ ਭੇਟ ਸਾਹਿਬ ਦੇ ਮੁੱਖ ਸੇਵਾਦਾਰ ਜਥੇਦਾਰ ਬਾਬਾ ਸਰਵਣ ਸਿੰਘ ਰਸਾਲਦਾਰ, ਮੈਨੇਜਰ ਜੋਗਾ ਸਿੰਘ, ਸ਼੍ਰੋਮਣੀ ਕਮੇਟੀ ਮੈਂਬਰ ਹਰਜਜਿੰਦਰ ਕੌਰ ਪਵਾਤ, ਅਕਾਲੀ ਆਗੂ ਹਰਜਤਿੰਦਰ ਸਿੰਘ ਬਾਜਵਾ, ਮੈਨੇਜਰ ਗੁਰਬਖ਼ਸ਼ ਸਿੰਘ, ਹੈੱਡ ਗ੍ਰੰਥੀ ਕਿਗੀ ਸਿੰਘ ਨੇ ਪੰਜ ਪਿਆਰਿਆਂ ਨੂੰ ਸਿਰੋਪਾਓ ਬਖ਼ਸ਼ਿਸ਼ ਕਰਕੇ ਮਾਣ ਸਤਿਕਾਰ ਕੀਤਾ। ਨਗਰ ਕੀਰਤਨ ਦੌਰਾਨ ਮਾਤਾ ਹਰਦੇਈ ਇਸਤਰੀ ਸਤਿਸੰਗ ਸਭਾ ਦੀਆਂ ਬੀਬੀਆਂ, ਢਾਡੀ ਮਾ. ਕੁਲਵੰਤ ਸਿੰਘ ਹੇਰਾਂ ਦੇ ਜਥੇ ਨੇ ਸੰਗਤਾਂ ਨੂੰ ਗੁਰਬਾਣੀ ਜਸ ਸੁਣਾਇਆ। ਇਸ ਮੌਕੇ ਬਾਬਾ ਲਖਵੀਰ ਸਿੰਘ (ਕਾਰ ਸੇਵਾ ਵਾਲੇ), ਮੀਤ ਮੈਨੇਜਰ ਗੁਰਬਚਨ ਸਿੰਘ, ਬਾਬਾ ਬਲਜੀਤ ਸਿੰਘ ਬੁਰਜ, ਸੁਖਦੇਵ ਸਿੰਘ, ਪ੍ਰਿਤਪਾਲ ਸਿੰਘ, ਬਾਬਾ ਅਨੋਖ ਸਿੰਘ, ਬਲਵਿੰਦਰ ਸਿੰਘ ਮਾਂਗਟ, ਕਰਮਜੀਤ ਸਿੰਘ ਮਾਂਗਟ, ਇਸ਼ਟਪਾਲ ਸਿੰਘ ਸੋਢੀ, ਅਮਨਪ੍ਰੀਤ ਸਿੰਘ ਢਿੱਲੋਂ, ਦਮਨਪ੍ਰੀਤ ਸਿੰਘ, ਸੁਖਵਿੰਦਰ ਸਿੰਘ, ਬਲਦੇਵ ਸਿੰਘ, ਸਤਪਾਲ ਸਿੰਘ, ਨਿਰਮਲ ਸਿੰਘ, ਬਘੇਲ ਸਿੰਘ, ਆਦਿ ਵੀ ਮੌਜੂਦ ਸਨ।

ਨਵਾਂ ਜ਼ਮਾਨਾ

ਬੁੱਧਵਾਰ, 27 ਦਸੰਬਰ 2023

# ਸੰਘ ਦਾ ਡਰ ਤੇ ਦੋਗਲਾਪਣ

*ਜਾਤੀ ਜਨਗਣਨਾ ਦਾ ਸਵਾਲ ਇਸ ਵੇਲੇ ਰਾਸ਼ਟਰੀ ਸੋਇਮਸੇਵਕ ਸੰਘ ਤੇ ਭਾਜਪਾ ਲਈ 'ਸੱਪ ਦੇ ਮੂੰਹ ਕੋਹੜ ਕਿਰਲੀ' ਵਾਲਾ ਬਣਿਆ ਹੋਇਆ ਹੈ। ਹੁਣ ਤੱਕ ਸੰਘ ਲਈ ਸਿਆਸਤ ਦਾ ਮੁੱਖ ਬਿੰਦੂ ਮੁਸਲਮਾਨ ਵਿਰੋਧੀ ਧਾਰਮਿਕ ਨਫ਼ਰਤ ਫੈਲਾ ਕੇ 80 ਫ਼ੀਸਦੀ ਹਿੰਦੂ ਅਬਾਦੀ ਦੀਆਂ ਵੋਟਾਂ ਬਟੋਰਨਾ ਰਿਹਾ ਹੈ। ਹੁਣ ਜਦੋਂ ਬਿਹਾਰ ਵਿੱਚ ਹੋਈ ਜਾਤੀ ਜਨਗਣਨਾ ਨੇ ਹਿੰਦੂਆਂ ਵਿਚਲੀ ਜਾਤੀ ਵਿਵਸਥਾ ਦੀਆਂ ਵੱਖ-ਵੱਖ ਤਹਿਆਂ ਵਿੱਚ ਜਾਤੀ ਦੇ ਸੁਆਲ ਨੂੰ ਪ੍ਰਮੁੱਖਤਾ ਨਾਲ ਸਾਹਮਣੇ ਲੈ ਆਂਦਾ ਹੈ ਤਾਂ ਸੰਘ ਲਈ ਇਹ ਫੈਸਲਾ ਕਰਨਾ ਮੁਸ਼ਕਲ ਹੋ ਰਿਹਾ ਹੈ ਕਿ ਉਹ ਇਸ ਦਾ ਵਿਰੋਧ ਕਰੇ ਜਾਂ ਹਮੈਤ ਕਰੇ।*

*ਕੁਝ ਦਿਨ ਪਹਿਲਾਂ ਸੰਘ ਦੇ ਆਗੂ ਨੇ ਸ਼ਿਵ ਸੈਨਾ (ਸ਼ਿੰਦੇ) ਤੇ ਭਾਜਪਾ ਦੇ ਮਹਾਰਾਸ਼ਟਰ ਵਿਚਲੇ ਵਿਧਾਇਕਾਂ ਨੂੰ ਸੰਬੋਧਨ ਕਰਦਿਆਂ ਜਾਤੀ ਜਨਗਣਨਾ ਦਾ ਵਿਰੋਧ ਕੀਤਾ ਸੀ। ਹੁਣ ਸੰਘ ਦੇ ਪ੍ਰਚਾਰ ਪ੍ਰਮੁੱਖ ਸੁਨੀਲ ਅੰਬੇਕਰ ਨੇ ਇਸ ਦੇ ਉਲਟ ਬਿਆਨ ਦੇ ਦਿੱਤਾ ਹੈ। ਅੰਬੇਕਰ ਨੇ ਕਿਹਾ ਹੈ, 'ਇਹ ਸੱਚਾਈ ਹੈ ਕਿ ਵੱਖ-ਵੱਖ ਇਤਿਹਾਸਕ ਕਾਰਨਾਂ ਕਰਕੇ ਸਮਾਜ ਦੇ ਕਈ ਹਿੱਸੇ ਆਰਥਿਕ, ਸਮਾਜਿਕ ਤੇ ਸਿੱਖਿਆ ਦੀ ਨਜ਼ਰ ਤੋਂ ਪਛੜ ਗਏ ਹਨ। ਉਨ੍ਹਾਂ ਦੇ ਵਿਕਾਸ, ਉਥਾਨ ਤੇ ਸਸ਼ਕਤੀਕਰਨ ਲਈ ਵੱਖ-ਵੱਖ ਸਰਕਾਰਾਂ ਸਮੇਂ-ਸਮੇਂ ਉੱਤੇ ਅਨੇਕ ਯੋਜਨਾਵਾਂ ਤੇ ਢੰਗ-ਤਰੀਕੇ ਅਪਣਾਉਂਦੀਆਂ ਰਹੀਆਂ ਹਨ, ਜਿਨ੍ਹਾਂ ਦਾ ਸੰਘ ਸਮਰਥਨ ਕਰਦਾ ਹੈ।' ਉਨ੍ਹਾਂ ਅੱਗੇ ਕਿਹਾ, 'ਪਿਛਲੇ ਕੁਝ ਸਮੇਂ ਤੋਂ ਜਾਤੀ ਅਧਾਰਤ ਜਨਗਣਨਾ ਦੀ ਚਰਚਾ ਸ਼ੁਰੂ ਹੋਈ ਹੈ। ਸਾਡਾ ਮੰਨਣਾ ਹੈ ਕਿ ਇਸ ਦੀ ਵਰਤੋਂ ਸਮਾਜ ਦੇ ਬਹੁਪੱਖੀ ਵਿਕਾਸ ਲਈ ਹੋਵੇ। ਇਹ ਕਰਦਿਆਂ ਸਭ ਧਿਰਾਂ ਇਹ ਯਕੀਨੀ ਬਣਾਉਣ ਕਿ ਇਸ ਕਾਰਨ ਸਮਾਜਿਕ ਸਦਭਾਵ ਤੇ ਏਕਤਾ ਖੰਡਤ ਨਾ ਹੋਵੇ।'*

*ਅਸਲ ਵਿੱਚ ਸੰਘ ਨੂੰ ਲੱਗਣ ਲੱਗ ਪਿਆ ਹੈ ਕਿ ਹਿੰਦੂ-ਮੁਸਲਿਮ ਵਾਲੀ ਰਾਜਨੀਤੀ ਹੁਣ ਅੱਗੇ ਚੱਲਣ ਵਾਲੀ ਨਹੀਂ ਹੈ। ਰਾਮ ਮੰਦਰ ਦੇ ਉਦਘਾਟਨ ਤੋਂ ਬਾਅਦ ਇਹ ਮੁੱਦਾ ਵੀ ਖ਼ਤਮ ਹੋ ਜਾਣਾ ਹੈ। ਕ੍ਰਿਸ਼ਨ ਜਨਮ ਭੂਮੀ ਤੇ ਗਿਆਨਵਾਪੀ ਮਸਜਿਦ ਦੇ ਮੁੱਦੇ ਨੂੰ ਲੋਕਾਂ ਦਾ ਉਹ ਹੁੰਗਾਰਾ ਨਹੀਂ ਮਿਲਿਆ, ਜੋ ਰਾਮ ਜਨਮ ਭੂਮੀ ਨੂੰ ਮਿਲਿਆ ਸੀ। 'ਇੰਡੀਆ' ਗੱਠਜੋੜ ਨੇ ਜਾਤੀ ਜਨਗਣਨਾ ਦੇ ਸੁਆਲ ਨੂੰ ਆਪਣੀ ਚੋਣ ਮੁਹਿੰਮ ਦਾ ਮੁੱਖ ਮੁੱਦਾ ਬਣਾਇਆ ਹੋਇਆ ਹੈ। ਅਜਿਹੇ ਵਿੱਚ ਸੰਘ ਨੂੰ ਜਾਪ ਰਿਹਾ ਹੈ ਕਿ ਜਾਤੀ ਜਨਗਣਨਾ ਦਾ ਵਿਰੋਧ ਉਸ ਲਈ ਭਾਰੀ ਪੈ ਸਕਦਾ ਹੈ। ਸੰਘ ਨੂੰ ਇਹ ਵੀ ਡਰ ਹੈ ਕਿ ਜੇਕਰ ਜਾਤੀ ਜਨਗਣਨਾ ਦਾ ਸੁਆਲ ਭਖ ਪਿਆ ਤਾਂ ਇਹ ਉਸ ਦੀ ਨਫ਼ਰਤੀ ਮੁਹਿੰਮ ਦਾ ਭੋਗ ਪਾ ਦੇਵੇਗਾ। ਜਾਤੀ ਦੇ ਸੁਆਲ ਉੱਤੇ ਲੋਕਾਂ ਵਿੱਚ ਪੈਦਾ ਹੋ ਰਹੀ ਚੇਤਨਾ ਦਾ ਹਿੰਦੀ ਪੱਟੀ ਦੇ ਤਿੰਨ ਰਾਜਾਂ ਦੀਆਂ ਹਾਲੀਆ ਵਿਧਾਨ ਸਭਾ ਚੋਣਾਂ ਵਿੱਚ ਵੀ ਝਲਕਾਰਾ ਦੇਖਣ ਨੂੰ ਮਿਲਿਆ ਹੈ। ਰਾਜਸਥਾਨ ਤੇ ਮੱਧ ਪ੍ਰਦੇਸ਼ ਵਿੱਚ ਨਵੀਂ ਬਣੀ ਭਾਰਤ ਆਦਿਵਾਸੀ ਪਾਰਟੀ ਚਾਰ ਸੀਟਾਂ ਜਿੱਤ ਗਈ ਤੇ ਦੋ ਦਰਜਨ ਸੀਟਾਂ ਵਿੱਚ ਭਾਰੀ ਗਿਣਤੀ ਵਿੱਚ ਵੋਟਾਂ ਲੈਣ ਵਿੱਚ ਕਾਮਯਾਬ ਹੋ ਗਈ ਸੀ। ਇਸੇ ਤਰ੍ਹਾਂ ਗੋਂਡਵਾਨਾ ਗਣਤੰਤਰ ਪਾਰਟੀ ਨੂੰ ਛੱਤੀਸਗੜ੍ਹ ਵਿੱਚ ਭਾਰੀ ਸਮਰਥਨ ਮਿਲਿਆ ਸੀ। ਦਲਿਤਾਂ ਦੀ ਨਵੀਂ ਬਣੀ ਅਜ਼ਾਦ ਸਮਾਜ ਪਾਰਟੀ ਰਾਜਸਥਾਨ ਵਿੱਚ ਦੋ ਸੀਟਾਂ 'ਤੇ ਦੂਜੇ ਥਾਂ ਆਉਣ ਵਿੱਚ ਸਫ਼ਲ ਹੋ ਗਈ।*

*ਜਾਤੀ ਜਨਗਣਨਾ ਬਾਰੇ ਸੰਘ ਦੇ ਬਦਲੇ ਸਟੈਂਡ ਤੋਂ ਬਾਅਦ ਭਾਜਪਾ ਨੇ ਵੀ ਪੈਂਤੜਾ ਬਦਲ ਲਿਆ ਹੈ। ਭਾਜਪਾ ਨੂੰ ਪਤਾ ਲੱਗ ਗਿਆ ਹੈ ਕਿ ਜਾਤੀ ਜਨਗਣਨਾ ਦਾ ਵਿਰੋਧ ਅੱਗੇ ਦੀ ਰਾਜਨੀਤੀ ਵਿੱਚ ਸੰਭਵ ਨਹੀਂ ਹੈ। ਇਹੋ ਨਹੀਂ ਭਾਜਪਾ ਨੇ ਘੱਟਗਿਣਤੀਆਂ ਤੇ ਹਿੰਦੂ ਰਾਸ਼ਟਰ ਬਾਰੇ ਵੀ ਆਪਣੇ ਪ੍ਰਚੱਲਤ ਸਟੈਂਡ ਤੋਂ ਪਿੱਛੇ ਹਟਣਾ ਸ਼ੁਰੂ ਕਰ ਦਿੱਤਾ ਹੈ। ਪ੍ਰਧਾਨ ਮੰਤਰੀ ਨੇ ਬਰਤਾਨੀਆ ਦੇ ਅਖ਼ਬਾਰ 'ਫਾਇਨੈਂਸ਼ੀਅਲ ਟਾਈਮਜ਼' ਨੂੰ ਦਿੱਤੀ ਇੱਕ ਇੰਟਰਵਿਊ ਵਿੱਚ ਕਿਹਾ ਹੈ, "ਜੋ ਲੋਕ ਭਾਰਤ ਦੇ ਲੋਕਤੰਤਰ ਤੇ ਸੰਵਿਧਾਨ ਬਾਰੇ ਸੁਆਲ ਖੜ੍ਹੇ ਕਰਦੇ ਹਨ, ਉਹ ਜ਼ਮੀਨੀ ਹਕੀਕਤ ਤੋਂ ਦੂਰ ਹਨ। ਸੰਵਿਧਾਨ ਨੂੰ ਬਦਲਣ ਦੀ ਕਿਸੇ ਵੀ ਗੱਲ ਦਾ ਕੋਈ ਅਰਥ ਨਹੀਂ ਹੈ।"*

*ਪ੍ਰਧਾਨ ਮੰਤਰੀ ਦੇ ਇਸ ਬਿਆਨ ਵਿੱਚ ਕਈ ਗੱਲਾਂ ਛੁਪੀਆਂ ਹੋਈਆਂ ਹਨ। ਭਾਜਪਾ ਆਗੂ ਹੁਣ ਤੱਕ ਸੰਵਿਧਾਨ ਬਦਲਣ, ਭਾਰਤ ਨੂੰ ਹਿੰਦੂ ਰਾਸ਼ਟਰ ਐਲਾਨਣ ਤੇ ਸੰਵਿਧਾਨ ਵਿੱਚੋਂ ਸੈਕੂਲਰ ਸ਼ਬਦ ਹਟਾਉਣ ਦੀ ਮੰਗ ਕਰਦੇ ਰਹੇ ਹਨ। ਹੁਣ ਜਦੋਂ ਨਰਿੰਦਰ ਮੋਦੀ ਨੇ ਇਨ੍ਹਾਂ ਗੱਲਾਂ ਦਾ ਖੰਡਨ ਕਰ ਦਿੱਤਾ ਹੈ, ਤਾਂ ਸਮਝ ਲੈਣਾ ਚਾਹੀਦਾ ਹੈ ਕਿ ਇਸ ਪਿੱਛੇ 2024 ਦੀਆਂ ਲੋਕ ਸਭਾ ਚੋਣਾਂ ਦੀ ਹਾਰ ਦਾ ਡਰ ਛੁਪਿਆ ਹੋਇਆ ਹੈ।*

*ਇਨ੍ਹਾਂ ਸਾਰੇ ਬਿਆਨਾਂ ਪਿੱਛੇ ਸੰਘ ਤੇ ਭਾਜਪਾ ਦੀ ਬੇਈਮਾਨ ਸਿਆਸਤ ਛੁਪੀ ਲੱਭਦੀ ਹੈ। ਉਨ੍ਹਾਂ ਲਈ ਚੋਣਾਂ ਜਿੱਤਣਾ ਹੀ ਮੁੱਖ ਮਕਸਦ ਹੈ। ਇਸ ਲਈ ਉਹ ਹਾਲ ਦੀ ਘੜੀ ਆਪਣੇ ਸਭ ਵਿਵਾਦਤ ਮੁੱਦੇ ਪਿੱਛੇ ਰੱਖ ਰਹੇ ਹਨ। ਉਹ ਸਮਝਦੇ ਹਨ ਕਿ ਜੇਕਰ ਜਿੱਤ ਗਏ ਤਾਂ ਉਹ ਫਿਰ ਇਨ੍ਹਾਂ ਨੂੰ ਅੱਗੇ ਲੈ ਆਉਣਗੇ ਤੇ ਹਾਰ ਗਏ ਤਾਂ ਬਦਨਾਮੀ ਤੋਂ ਬਚ ਜਾਣਗੇ। ਇਹ ਇੱਕ ਖ਼ਤਰਨਾਕ ਖੇਡ ਹੈ, ਜਿਸ ਤੋਂ ਹਰ ਸੂਝਵਾਨ ਨਾਗਰਿਕ ਨੂੰ ਸੁਚੇਤ ਰਹਿਣ ਦੀ ਲੋੜ ਹੈ।*

**-ਚੰਦ ਫਤਿਹਪੁਰੀ**

## ਘਰ ਵਾਪਸੀ ਗਲਤ

*ਦਲ ਬਦਲਦੇ ਨਿੱਜ ਦੇ ਲਾਭ ਕਰਕੇ,*
*ਲੇਕਿਨ 'ਹੋਰ' ਬਹਾਨੇ ਹੀ ਦੱਸਦੇ ਨੇ।*
*ਪਾਣੀ ਵਾਂਗ ਪੀ ਜਾਣ ਬੇਸ਼ਰਮ ਹੋ ਕੇ,*
*ਲੋਕੀ 'ਤਿੱਖੇ ਵਿਅੰਗ' ਜੋ ਕੱਸਦੇ ਨੇ।*
*ਕਹਿੰਦੇ ਹੁੰਦੇ 'ਮੁਕਾਣੇ ਵੀ ਨਹੀਂ ਜਾਣਾ',*
*ਫੇਰ ਉਹਦੀਆਂ ਤਲੀਆਂ ਜਾਂ ਝੱਸਦੇ ਨੇ।*
*ਸ਼ਕਲਾਂ ਬੀਬੀਆਂ ਅੰਦਰੋਂ ਨਾਗ ਕਾਲੇ,*
*ਵਿਰਸੇ ਅਤੇ ਸਿਧਾਂਤਾਂ ਨੂੰ 'ਡੱਸਦੇ' ਨੇ।*
*ਇੱਕ-ਦੂਜੇ ਦੀ 'ਰੀਸ-ਘੜੀਸ' ਕਰਕੇ,*
*ਪੱਤਰਕਾਰਾਂ ਨੇ ਗਲਤ ਹੀ ਰੱਟਿਆ ਐ।*
*ਸਹੀ ਸ਼ਬਦ ਨ੍ਹੀਂ ਹੈਗਾ ਘਰ ਵਾਪਸੀ ਦਾ,*
*ਕਹਿਣਾ ਚਾਹੀਦਾ ਥੁੱਕਿਆ ਚੱਟਿਆ ਐ!*

**-ਤਰਲੋਚਨ ਸਿੰਘ ਦੁਪਾਲਪੁਰ, 78146-92724**

# ਧਾਰਾ 370-ਕੁਝ ਤੱਥ, ਕੁਝ ਸਵਾਲ



ਗੁਰਮੀਤ ਸਿੰਘ ਪਲਾਹੀ

ਸਾਡੇ ਦੇਸ਼ ਦਾ ਸੰਵਿਧਾਨ ਧਰਮ ਨਿਰਪੱਖਤਾ, ਨਾਗਰਿਕਾਂ ਦੇ ਮੌਲਿਕ ਅਧਿਕਾਰਾਂ ਦੀ ਰੱਖਿਆ, ਪ੍ਰੈੱਸ ਦੀ ਆਜ਼ਾਦੀ, ਕਾਨੂੰਨ ਅਨੁਸਾਰ ਰਾਜ, ਕੇਂਦਰ ਤੇ ਸੂਬਿਆਂ ਦਰਮਿਆਨ ਅਧਿਕਾਰ ਖੇਤਰ ਦੀ ਵੰਡ, ਘੱਟ-ਗਿਣਤੀਆਂ ਤੇ ਅਨੁਸੂਚਿਤ ਜਾਤੀਆਂ ਤੇ ਜਨਜਾਤੀਆਂ ਦੇ ਅਧਿਕਾਰਾਂ ਦੀ ਰੱਖਿਆ, ਫੈਡਰਲਿਜ਼ਮ, ਰਾਜਪਾਲਿਕਾ, ਵਿਧਾਨਪਾਲਿਕਾ, ਨਿਆਂਪਾਲਿਕਾ ਦੀ ਆਜ਼ਾਦੀ, ਕੇਂਦਰੀ ਚੋਣ ਕਮਿਸ਼ਨ ਦੀ ਖ਼ੁਦਮੁਖਤਾਰੀ ਆਦਿ ਦੀ ਗੱਲ ਕਰਦਾ ਹੈ।

ਪਿਛਲੇ ਕੁਝ ਸਮੇਂ ਤੋਂ ਦੇਸ਼ ਵਿੱਚ ਇੱਕ ਖਦਸ਼ਾ ਅਤੇ ਫ਼ਿਕਰ ਹੈ। ਉਹ ਫ਼ਿਕਰ ਇਹ ਕਿ ਜੇਕਰ ਦੇਸ਼ ਵਿੱਚ ਕੋਈ ਸਿਆਸੀ ਧਿਰ ਸੰਸਦ ਵਿੱਚ ਅਥਾਹ ਤਾਕਤ ਪ੍ਰਾਪਤ ਕਰ ਲੈਂਦੀ ਹੈ ਤਾਂ ਕੀ ਉਹ ਸੰਵਿਧਾਨ ਵਿੱਚ ਬੁਨਿਆਦੀ ਤਬਦੀਲੀਆਂ ਕਰ ਸਕਦੀ ਹੈ।

ਖ਼ਦਸ਼ਾ ਹੈ ਕਿ ਦੇਸ਼ ਵਿੱਚ ਫੈਡਰਲਿਜ਼ਮ ਨੂੰ ਖ਼ਤਰਾ ਵਧ ਰਿਹਾ ਹੈ।ਸੰਘੀ ਢਾਂਚੇ ਦੀ ਸੰਘੀ ਘੁੱਟਣ ਦੇ ਯਤਨ ਹੋ ਰਹੇ ਹਨ। ਇਸ ਵਿਰੁੱਧ ਆਵਾਜ਼ਾਂ ਵੀ ਉੱਠ ਰਹੀਆਂ ਹਨ।

ਸਮੇਂ-ਸਮੇਂ 'ਤੇ ਕਾਨੂੰਨਦਾਨ, ਸਾਬਕਾ ਸੁਪਰੀਮ ਕੋਰਟ ਜੱਜ ਇਸ ਸੰਬੰਧੀ ਆਪਣਾ ਫ਼ਿਕਰ ਜ਼ਾਹਰ ਕਰ ਚੁੱਕੇ ਹਨ ਜਾਂ ਕਰ ਰਹੇ ਹਨ।

ਦੇਸ਼ ਦੀ ਆਜ਼ਾਦੀ ਉਪਰੰਤ ਕਸ਼ਮੀਰ 'ਚ ਲਾਗੂ ਸੰਵਿਧਾਨ ਦੀ ਧਾਰਾ 370 ਜੋ ਮੋਦੀ ਸਰਕਾਰ ਵੱਲੋਂ 4 ਸਾਲ ਪਹਿਲਾਂ ਮਨਸੂਖ ਕਰ ਦਿੱਤੀ ਗਈ ਸੀ, ਉਸ ਸਰਕਾਰ ਦੇ ਫ਼ੈਸਲੇ ਨੂੰ ਸੁਪਰੀਮ ਕੋਰਟ ਵਿੱਚ ਚੈਲਿੰਜ ਕੀਤਾ ਗਿਆ ਸੀ। ਇਸ ਸੰਬੰਧੀ ਸੁਪਰੀਮ ਕੋਰਟ ਨੇ ਫ਼ੈਸਲਾ ਸੁਣਾਉਂਦਿਆਂ ਕੇਂਦਰ ਸਰਕਾਰ ਦਾ ਫ਼ੈਸਲਾ ਬਰਕਰਾਰ ਰੱਖਿਆ ਹੈ।

ਸੁਪਰੀਮ ਕੋਰਟ ਦੇ ਸਾਬਕਾ ਜਸਟਿਸ ਨਰੀਮਨ ਨੇ ਸੁਪਰੀਮ ਕੋਰਟ ਦੁਆਰਾ ਸੰਵਿਧਾਨ ਦੀ ਧਾਰਾ 370 ਨੂੰ ਮਨਸੂਖ ਕੀਤੇ ਜਾਣ ਦੀ ਪਟੀਸ਼ਨ 'ਤੇ ਦਿੱਤੇ ਨਿਰਣੇ ਦੀ ਅਲੋਚਨਾ ਕੀਤੀ ਹੈ। ਸੁਪਰੀਮ ਕੋਰਟ ਦੇ ਇੱਕ ਹੋਰ ਸਾਬਕਾ ਜੱਜ ਮਦਨ ਲੋਕੁਰ ਅਤੇ ਕਈ ਹੋਰ ਕਾਨੂੰਨਦਾਨਾਂ ਨੇ ਇਸ ਫ਼ੈਸਲੇ ਸੰਬੰਧੀ ਕਿਹਾ ਹੈ ਕਿ ਸੁਪਰੀਮ ਕੋਰਟ ਨੂੰ ਇਹ ਸਾਫ਼-ਸਾਫ਼ ਰੂਪ ਵਿੱਚ ਕਹਿਣਾ ਚਾਹੀਦਾ ਸੀ ਕਿ ਜਿਸ ਤਰੀਕੇ ਨਾਲ ਧਾਰਾ 370 ਨੂੰ ਮਨਸੂਖ ਕੀਤਾ ਗਿਆ, ਉਹ ਗਲਤ ਅਤੇ ਫੈਡਰਲਿਜ਼ਮ ਵਿਰੋਧੀ ਹੈ।

5 ਅਗਸਤ 2019 ਨੂੰ ਮੋਦੀ ਸਰਕਾਰ ਨੇ ਧਾਰਾ 370 ਨੂੰ ਰੱਦ ਕਰ ਦਿੱਤਾ ਸੀ। ਇਹ ਫ਼ੈਸਲੇ ਕੀ ਸਹੀ ਹੈ ਜਾਂ ਗਲਤ, ਇਸ ਸੰਬੰਧੀ ਕਾਨੂੰਨੀ ਲੜਾਈ ਸ਼ੁਰੂ ਹੋਈ। ਪ੍ਰਮੁੱਖ ਮੁੱਦਾ ਇਹ ਸੀ ਕਿ ਕੀ ਧਾਰਾ 370 ਸਥਾਈ ਇੰਤਜ਼ਾਮ ਹੈ, ਜਿਸ ਨੂੰ ਖ਼ਤਮ ਨਹੀਂ ਕੀਤਾ ਜਾ ਸਕਦਾ। ਇੱਕ ਦਲੀਲ ਇਹ ਸੀ ਕਿ ਇਹ ਬਕਾਇਦਾ ਇੱਕ ਐਗਰੀਮੈਂਟ (ਕਰਾਰ) ਦਾ ਸਿੱਟਾ ਸੀ। ਸੁਪਰੀਮ ਕੋਰਟ ਨੇ ਇਹ ਧਾਰਨਾ ਰੱਦ ਕਰ ਦਿੱਤੀ ਅਤੇ ਕਿਹਾ ਕਿ ਸੰਵਿਧਾਨ ਦੇ ਨਜ਼ਰੀਏ ਤੋਂ ਧਾਰਾ 370 ਆਰਜ਼ੀ ਇੰਤਜ਼ਾਮ ਸੀ।

ਧਾਰਾ 370 ਦੀ ਬਰਖਾਸਤੀ ਸਬੰਧੀ ਪਟੀਸ਼ਨ ਦਾ ਫ਼ੈਸਲਾ ਚੀਫ ਜਸਟਿਸ ਡੀ.ਵਾਈ. ਚੰਦਰਚੂਹੜ ਨੇ ਮੁੱਖ ਰੂਪ ਵਿੱਚ ਲਿਖਿਆ, ਜਿਸ ਦੀ ਤਾਈਦ ਜਸਟਿਸ ਸੂਰੀਆ ਕਾਂਤ, ਜਸਟਿਸ ਬੀ.ਆਰ. ਗਵੱਈ, ਜਸਟਿਸ ਸੰਜੇ ਕ੍ਰਿਸ਼ਨ ਕੌਲ ਅਤੇ ਜਸਟਿਸ ਸੰਜੀਵ ਖੰਨਾ ਨੇ ਕੀਤੀ ਹੈ, ਪਰ ਇੱਕ ਜੱਜ ਜਸਟਿਸ ਸੰਜੇ ਕ੍ਰਿਸ਼ਨ ਕੌਲ ਨੇ ਜੋ ਜੰਮੂ ਕਸ਼ਮੀਰ ਨਾਲ ਸਬੰਧ ਰੱਖਦੇ ਹਨ, ਨੇ ਇੱਕ ਦਿਲਚਸਪ ਪੱਖ ਪੇਸ਼ ਕੀਤਾ ਅਤੇ ਕਿਹਾ ਕਿ ਦੱਖਣੀ ਅਫਰੀਕਾ ਦੀ ਤਰਜ਼ 'ਤੇ 'ਸਚਾਈ ਅਤੇ ਸੁਲ੍ਹਾ' ਕਮਿਸ਼ਨ ਬਣਾਇਆ ਜਾਣਾ ਬਣਦਾ ਹੈ, ਜਿਸ ਤਹਿਤ ਜੰਮੂ ਕਸ਼ਮੀਰ ਦੇ ਲੋਕਾਂ ਨੂੰ ਆਪਣੇ ਸ਼ਿਕਵੇ, ਸ਼ਿਕਾਇਤਾਂ ਸੁਲਝਾਉਣ ਲਈ ਸੁਣਵਾਈ ਦਾ ਮੌਕਾ ਦਿੱਤਾ ਜਾ ਸਕਦਾ ਹੈ।ਇਹ ਇੱਕ ਸਿਫਾਰਸ਼ ਮਾਤਰ ਸੀ, ਜਿਸ ਦੀ ਦੂਜੇ ਜੱਜਾਂ ਨੇ ਤਾਈਦ ਨਹੀਂ ਕੀਤੀ। ਧਾਰਾ 370 ਸਬੰਧ 'ਚ ਅਦਾਲਤ ਨੇ ਤਿੰਨ ਮੁੱਖ ਸਿੱਟੇ ਕੱਢੇ ਹਨ :-

ਕੇਂਦਰ ਸਰਕਾਰ ਵੱਲੋਂ ਅਪਣਾਈ ਗਈ ਪ੍ਰਕਿਰਿਆ ਸੰਵਿਧਾਨ ਦੇ ਆਰਟੀਕਲ 368 ਦੇ ਦਾਅਰੇ ਤੋਂ ਬਾਹਰ ਸੀ। ਸੰਵਿਧਾਨ ਦੇ ਕਿਸੇ ਪ੍ਰਾਵਧਾਨ ਵਿੱਚ ਕੇਵਲ ਇੱਕ ਤਰੀਕੇ 'ਚ ਸੋਧ ਕੀਤੀ ਜਾ ਸਕਦੀ ਹੈ, ਆਰਟੀਕਲ 368 ਦਾ ਸਹਾਰਾ ਲੈ ਕੇ ਅਤੇ ਜ਼ਰੂਰੀ ਵਿਸ਼ੇਸ਼ ਬਹੁਮਤ ਨਾਲ ਸੰਸਦ ਵਿੱਚ ਸੰਵਿਧਾਨ ਸੋਧ ਕਾਨੂੰਨ ਪਾਸ ਕਰਕੇ।ਜੰਮੂ ਕਸ਼ਮੀਰ ਦੇ ਮਾਮਲੇ 'ਚ, ਕੇਂਦਰ ਸਰਕਾਰ ਨੇ ਆਰਟੀਕਲ 367 (ਵਿਵਸਥਾ ਖੰਡ) ਵਿੱਚ ਖੰਡ (4) ਜੋੜਨ ਦੇ ਲਈ ਆਰਟੀਕਲ 370 (1) (ਡੀ) ਨੂੰ ਲਾਗੂ ਕੀਤਾ, ਆਰਟੀਕਲ 370 (3) ਦੇ ਪ੍ਰਾਵਧਾਨ ਵਿੱਚ 'ਰਾਜ ਦੀ ਸੰਵਿਧਾਨ ਸਭਾ' ਦੇ ਲਈ 'ਰਾਜ ਦੀ ਵਿਧਾਨ ਸਭਾ' ਸ਼ਬਦਾਂ ਨੂੰ ਪ੍ਰਤੀ ਸਥਾਪਤ ਕੀਤਾ, ਆਰਟੀਕਲ 370 ਨੂੰ ਬਰਖ਼ਾਸਤ ਕਰਨ ਦੇ ਲਈ ਸੋਧੀ ਧਾਰਾ 370 (3) ਦੀ ਵਰਤੋਂ ਕੀਤੀ। ਅਦਾਲਤ ਦੇ ਇਸ ਤਰਕ ਨੂੰ ਸਮਝਿਆ ਜਾਵੇ ਕਿ ਇਹ ਜਟਿਲ ਅਭਿਆਸ ਅਸੰਵਿਧਾਨਿਕ ਕਿਉਂ ਸੀ:-

ਪੈਰਾ-389- ਹਾਲਾਂਕਿ 'ਵਿਆਖਿਆ' ਖੰਡ ਦੀ ਵਰਤੋਂ ਸ਼ਬਦਾਂ ਨੂੰ ਪ੍ਰਭਾਸ਼ਿਤ ਕਰਨ ਜਾਂ ਅਰਥ ਦੇਣ ਲਈ ਕੀਤੀ ਜਾ ਸਕਦੀ ਹੈ, ਲੇਕਿਨ ਇਸ ਕਰਕੇ ਸੋਧ ਦੇ ਲਈ ਨਿਰਧਾਰਤ ਵਸ਼ਿਸ਼ਟ ਪ੍ਰਕਿਰਿਆ ਨੂੰ ਦਰਕਿਨਾਰ ਕਰਕੇ ਕਿਸੇ ਪ੍ਰਾਵਧਨ ਦੀ ਸੋਧ ਕਰਨ ਲਈ ਤੈਨਾਤ ਨਹੀਂ ਕੀਤੀ ਜਾ ਸਕਦੀ।

ਪੈਰਾ-400 - ਮਾਧਵ ਸਿੰਧੀਆ ਮਾਮਲੇ ਵਿੱਚ ਅਦਾਲਤ ਨੇ ਕਿਹਾ ਕਿ ਆਰਟੀਕਲ 366 (22) ਤਹਿਤ ਅਧਿਕਾਰਾਂ ਦੀ ਵਰਤੋਂ ਜਮਾਂਦਰੂ ਉਦੇਸ਼ ਲਈ ਨਹੀਂ ਹੋ ਸਕਦੀ, ਆਰਟੀਕਲ 368 ਦੇ ਤਹਿਤ ਪ੍ਰਕਿਰਿਆ ਨੂੰ ਖ਼ਤਮ ਕਰਨ ਲਈ ਆਰਟੀਕਲ 370 (1) (ਡੀ) ਅਤੇ 367 ਦੀ ਵਰਤੋਂ 370 'ਚ ਸੋਧ ਕਰਨ ਦਾ ਖ਼ਤਮ ਕਰਨ ਲਈ ਜ਼ਰੂਰੀ ਸਿੱਟੇ ਦੇ ਰੂਪ ਦੇ ਉਦੇਸ਼ ਨਾਲ ਨਹੀਂ ਕੀਤੀ ਜਾ ਸਕਦੀ। ਆਰਟੀਕਲ 370 ਦੀ ਸੋਧ ਨੂੰ ਅਸੰਵਿਧਾਨਕ ਮੰਨਣ ਦੇ ਬਾਵਜੂਦ ਅਦਾਲਤ ਨੇ ਸਿੱਟਾ ਕੱਢਿਆ ਕਿ ਰਾਸ਼ਟਰਪਤੀ ਵੱਲੋਂ ਆਰਟੀਕਲ 370 (1) (ਡੀ) ਦੇ ਤਹਿਤ ਅਧਿਕਾਰਾਂ ਦੀ ਵਰਤੋਂ ਜੰਮੂ ਕਸ਼ਮੀਰ ਵਿੱਚ ਸੰਵਿਧਾਨ ਦੇ ਪ੍ਰਾਵਾਧਾਨਾਂ ਦੇ ਲਾਗੂ ਕਰਨਾ ਸਹੀ ਸੀ ਅਤੇ ਆਰਟੀਕਲ 370 (3) ਦੇ ਤਹਿਤ ਘੋਸ਼ਣਾ ਦੇ ਅਧਾਰ 'ਤੇ ਆਰਟੀਕਲ 370 ਨੂੰ ਖ਼ਤਮ ਕਰਨ ਦੇ ਬਰਾਬਰ ਇਸ ਦਾ ਪ੍ਰਭਾਵ ਸੀ।

ਅਦਾਲਤ ਨੇ ਕਿਹਾ ਕਿ ਆਰਟੀਕਲ 370 (1) (ਡੀ) ਦੇ ਦੂਸਰੇ ਪ੍ਰਾਵਾਧਾਨ ਦੇ ਤਹਿਤ ਸੂਬਾ ਸਰਕਾਰ ਦੀ ਸਹਿਮਤੀ ਜ਼ਰੂਰੀ ਨਹੀਂ :- ਬਾਅਦ ਦੇ ਸਿੱਟੇ ਬਹਿਸਯੋਗ ਹਨ।

ਧਾਰਾ 370 ਬਰਖ਼ਾਸਤ ਕਰਨ ਵੇਲੇ ਸੁਪਰੀਮ ਕੋਰਟ ਨੇ ਕੁਝ ਮੁੱਦੇ ਜਿਹਨਾ ਉਤੇ ਵਿਚਾਰ ਲੋੜੀਂਦਾ ਸੀ (ਕਾਨੂੰਨੀ ਮਾਹਰਾਂ ਅਨੁਸਾਰ), ਉਹ ਛੱਡ ਦਿੱਤੇ ਗਏ, ਕਾਨੂੰਨਦਾਨ ਕਹਿੰਦੇ ਹਨ ਕਿ ਅਦਾਲਤ ਨੂੰ ਇਸ ਸਵਾਲ ਦੀ ਜਾਂਚ ਕਰਨੀ ਚਾਹੀਦੀ ਸੀ ਕਿ ਰਾਜ ਨੂੰ ਤਿੰਨ ਕੇਂਦਰ ਸ਼ਾਸਤ ਪ੍ਰਦੇਸ਼ਾਂ ਵਿੱਚ ਵੰਡਿਆ ਜਾਣਾ ਚਾਹੀਦਾ ਸੀ ਜਾਂ ਨਹੀਂ। ਅਸਲ ਵਿੱਚ ਇਹ ਇੱਕ ਗੰਭੀਰ ਮੁੱਦਾ ਹੈ।

ਸੰਵਿਧਾਨ ਦੀ ਧਾਰਾ ਤਿੰਨ ਦੇ ਤਹਿਤ ਕਿਸੇ ਵੀ ਰਾਜ ਖੇਤਰ 'ਚ ਤਬਦੀਲੀ ਕਰਨ ਜਾਂ ਇੱਕ ਨਵਾਂ ਰਾਜ ਜਾਂ ਸੰਘ ਰਾਜ ਖੇਤਰ ਬਣਾਉਣ ਦੇ ਲਈ ਕੋਈ ਵੀ ਬਿੱਲ ਸੰਸਦ ਵਿੱਚ ਪੇਸ਼ ਨਹੀਂ ਕੀਤਾ ਜਾਏਗਾ, ਜਦ ਤੱਕ ਕਿ ਰਾਸ਼ਟਰਪਤੀ ਉਸ ਰਾਜ ਦੇ ਵਿਧਾਨ ਮੰਡਲ ਦੇ ਵਿਚਾਰਾਂ ਦਾ ਪਤਾ ਨਹੀਂ ਲਗਾ ਲੈਂਦੇ।

ਜੰਮੂ ਕਸ਼ਮੀਰ ਵਿੱਚ 19 ਦਸੰਬਰ 2018 ਤੋਂ ਰਾਸ਼ਟਰਪਤੀ ਰਾਜ ਲੱਗਿਆ ਹੋਇਆ ਸੀ। ਵਿਧਾਨ ਸਭਾ ਦੇ ਸਾਰੇ ਅਧਿਕਾਰਾਂ ਅਤੇ ਕੰਮਾਂ ਨੂੰ ਸੰਸਦ ਨੇ ਆਪਣੇ ਹੱਥਾਂ 'ਚ ਲੈ ਰੱਖਿਆ ਸੀ। ਸੰਸਦ ਦੇ ਵਿਚਾਰਾਂ ਨੂੰ ਹੀ ਵਿਧਾਨ ਸਭਾ ਦੇ ਵਿਚਾਰ ਮੰਨ ਲਿਆ ਗਿਆ। ਰਾਸ਼ਟਰਪਤੀ ਨੇ ਪ੍ਰਧਾਨ ਮੰਤਰੀ ਦੀ ਸਲਾਹ 'ਤੇ ਸੰਸਦ (ਰਾਜ ਵਿਧਾਨ ਸਭਾ) ਤੋਂ ਸਲਾਹ ਮੰਗੀ ਅਤੇ ਸੰਸਦ ਨੇ ਰਾਜ ਵਿਧਾਨ ਸਭਾ ਦੇ ਵਿਚਾਰਾਂ ਨੂੰ ਦਰਸਾਇਆ। ਇਹ ਸੰਸਦ ਦਾ ਅਜੀਬ ਕਾਰਨਾਮਾ ਸੀ। ਇਸ ਤੋਂ ਬਾਅਦ ਸੰਸਦ ਨੇ ਜੰਮੂ ਕਸ਼ਮੀਰ ਰਾਜ ਨੂੰ ਕੇਂਦਰ ਸ਼ਾਸਤ ਪ੍ਰਦੇਸ਼ਾਂ 'ਚ ਵੰਡ ਦਿੱਤਾ।

ਜੇਕਰ ਸੁਪਰੀਮ ਕੋਰਟ ਇਸ ਸੰਬੰਧੀ ਸੰਵਿਧਾਨਿਕ ਫ਼ੈਸਲਾ ਨਹੀਂ ਲੈਂਦੀ ਹੈ ਤਾਂ ਕਿਸੇ ਵੀ ਰਾਜ ਨੂੰ ਕੇਂਦਰ ਦੇ ਅਧੀਨ ਕੀਤਾ ਜਾ ਸਕਦਾ ਹੈ।

ਕੇਂਦਰ ਸਰਕਾਰ ਕਿਸੇ ਵੀ ਬਹਾਨੇ ਸੂਬੇ 'ਚ ਰਾਸ਼ਟਰਪਤੀ ਰਾਜ ਲਗਾ ਸਕਦੀ ਹੈ। ਫਿਰ ਸੰਸਦ ਦੇ ਵਿਚਾਰਾਂ ਨੂੰ ਰਾਜ ਵਿਧਾਇਕਾਂ ਦੇ ਵਿਚਾਰ ਮੰਨ ਸਕਦਾ ਹੈ। ਅਤੇ ਫਿਰ ਹਾਕਮ ਧਿਰ ਰਾਜ ਨੂੰ ਦੋ ਜਾਂ ਦੋ ਤੋਂ ਵੱਧ ਹਿੱਸਿਆਂ 'ਚ ਵੰਡ ਸਕਦੀ ਹੈ। ਇਹ ਕਿਸੇ ਵੀ ਉਸ ਰਾਜ ਵਿੱਚ ਹੋ ਸਕਦਾ ਹੈ, ਜਿਥੇ ਕੇਂਦਰ ਵਿਰੋਧੀ ਧਿਰ ਰਾਜ ਕਰਦੀ ਹੈ।

ਧਾਰਾ 370 ਭਾਰਤੀ ਸੰਵਿਧਾਨ ਦਾ ਇੱਕ ਵਿਸ਼ੇਸ਼ ਅਨੁਛੇਦ ਸੀ, ਜੋ ਜੰਮੂ ਕਸ਼ਮੀਰ ਨੂੰ ਭਾਰਤ ਵਿੱਚ ਹੋਰ ਸੂਬਿਆਂ ਦੇ ਮੁਕਾਬਲੇ ਵਿਸ਼ੇਸ਼ ਅਧਿਕਾਰ ਪ੍ਰਦਾਨ ਕਰਦਾ ਸੀ। ਇਸ ਨੂੰ ਭਾਰਤੀ ਸੰਵਿਧਾਨ ਵਿੱਚ ਅਸਥਾਈ ਅਤੇ ਵਿਸ਼ੇਸ਼ ਅਨੁਵੰਧ ਦੇ ਰੂਪ ਵਿੱਚ ਭਾਗ-21 ਵਿੱਚ ਸ਼ਾਮਲ ਕੀਤਾ ਗਿਆ ਸੀ। ਧਾਰਾ 370 ਦੇ ਬਰਖ਼ਾਸਤ ਹੋਣ ਕਾਰਨ ਅਤੇ ਜੰਮੂ ਕਸ਼ਮੀਰ ਨੂੰ 2-3 ਕੇਂਦਰੀ ਪ੍ਰਦੇਸ਼ਾਂ ਵਿੱਚ ਵੰਡਣ ਕਾਰਨ ਸਥਾਨਕ ਲੋਕਾਂ ਵਿੱਚ ਰੋਸ ਫੈਲਿਆ। ਇਥੇ ਚੋਣ ਅਮਲ ਪਿਛਲੇ ਚਾਰ ਸਾਲਾਂ ਤੋਂ ਰੁਕਿਆ ਪਿਆ ਹੈ।

ਸੁਪਰੀਮ ਕੋਰਟ ਨੇ 370 ਧਾਰਾ ਬਰਖ਼ਾਸਤ ਕਰਨ ਦੇ ਫ਼ੈਸਲੇ ਦੇ ਨਾਲ-ਨਾਲ ਕੇਂਦਰ ਸਰਕਾਰ ਨੂੰ ਕਿਹਾ ਹੈ ਕਿ ਜੰਮੂ ਕਸ਼ਮੀਰ ਵਿੱਚ ਚੋਣ 30 ਸਤੰਬਰ 2024 ਤੋਂ ਪਹਿਲਾਂ ਕਰਵਾਈ ਜਾਵੇ। ਸੁਪਰੀਮ ਕੋਰਟ ਨੇ ਜੰਮੂ ਕਸ਼ਮੀਰ ਦਾ ਰਾਜ ਦਾ ਦਰਜਾ ਬਹਾਲ ਕਰਨ ਲਈ ਵੀ ਕਿਹਾ ਹੈ, ਪਰ ਸਮਾਂ ਨਿਯਤ ਨਹੀਂ ਕੀਤਾ। ਇਹ ਸਪੱਸ਼ਟ ਹੈ ਕਿ ਰਾਜ ਦਾ ਦਰਜਾ ਬਹਾਲ ਕਰਨ ਤੋਂ ਬਾਅਦ ਹੀ ਚੋਣਾਂ ਹੋਣੀਆਂ ਹਨ, ਇਸ ਲਈ ਦੋਨਾਂ ਨੂੰ ਲੈ ਕੇ ਅਨਿਸ਼ਚਿਤਤਾ ਬਣੀ ਰਹੇਗੀ।

ਸੁਪਰੀਮ ਕੋਰਟ ਵੱਲੋਂ ਸੰਵਿਧਾਨ ਦੀ ਧਾਰਾ 370 ਦੇ ਕੀਤੇ ਫ਼ੈਸਲੇ ਨੂੰ ਇੱਕ ਪਾਸੇ ਰੱਖ ਕੇ ਇਸ ਗੱਲ ਵੱਲ ਵਿਚਾਰ ਕਰਨਾ ਅਤੀ ਜ਼ਰੂਰੀ ਹੈ ਅਤੇ ਉਹ ਇਹ ਕਿ ਕੀ ਸਰਕਾਰ ਸੰਵਿਧਾਨ ਦੇ ਪ੍ਰਾਵਧਾਨ ਤੋੜ-ਮਰੋੜ ਕੇ ਸੂਬਿਆਂ ਦੇ ਅਧਿਕਾਰਾਂ ਅਤੇ ਸੰਘਵਾਦ ਨੂੰ ਕਮਜ਼ੋਰ ਤਾਂ ਨਹੀਂ ਕਰ ਰਹੀ?

***# ਸੰਪਰਕ: 98158-02070***

# ਪੇਂਡੂ ਅਰਥਚਾਰੇ ਦੀ ਅਣਦੇਖੀ ਕਿਉਂ?

**ਡਾ. ਅਜੀਤਪਾਲ ਸਿੰਘ ਐੱਮ ਡੀ**

ਪਿਛਲੇ ਦਿਨੀਂ ਪੇਂਡੂ ਅਰਥਚਾਰੇ ਨਾਲ ਜੁੜੇ ਕੁਝ ਅੰਕੜੇ ਸਾਹਮਣੇ ਆਏ ਹਨ। ਕੁੱਲ ਘਰੇਲੂ ਪੈਦਾਵਾਰ (ਜੀ ਡੀ ਪੀ) ਦੇ ਵਾਧੇ ਦੀ ਦਰ ਡੇਢ ਸਾਲ ਤੋਂ ਹਰ ਤਿਮਾਹੀ ਵਿੱਚ ਹੇਠਾਂ ਜਾ ਰਹੀ ਹੈ। ਜੁਲਾਈ-ਸਤੰਬਰ 2019 ਦੌਰਾਨ ਵਿਕਾਸ ਦਰ 4.5 ਫੀਸਦੀ ਰਹਿ ਗਈ, ਜੋ ਸਾਢੇ ਛੇ ਸਾਲ ਵਿੱਚ ਸਭ ਤੋਂ ਘੱਟ ਹੈ। ਰਿਜ਼ਰਵ ਬੈਂਕ ਨੇ 2019-20 ਦੇ ਲਈ ਵਿਕਾਸ ਦਾ ਅਨੁਮਾਨ ਘਟਾ ਕੇ ਪੰਜ ਫੀਸਦੀ ਕਰ ਦਿੱਤਾ, ਜਦਕਿ ਇਸ ਸਾਲ ਦੇ ਲਈ ਇਸ ਦਾ ਪਹਿਲਾ ਅਨੁਮਾਨ 7.4 ਫੀਸਦੀ ਸੀ। ਕੇਂਦਰੀ ਅੰਕੜਾ ਦਫਤਰ (ਸੀ ਐੱਸ ਓ) ਦੇ ਅਨੁਸਾਰ ਜੁਲਾਈ-ਸਤੰਬਰ 2019 ਵਿੱਚ ਅਰਥਚਾਰੇ ਵਿੱਚ ਨਿਵੇਸ਼ ਵਿੱਚ ਸਿਰਫ ਇੱਕਵੀਂ ਸਦੀ ਦਾ ਵਾਧਾ ਹੋਇਆ, ਜੋ ਉੱਨੀ ਤਿਮਾਹੀਆਂ ਵਿੱਚ ਸਭ ਤੋਂ ਘੱਟ ਹੈ। ਪਿਛਲੇ ਮਹੀਨੇ ਰਿਜ਼ਰਵ ਬੈਂਕ ਦੇ ਕੰਜ਼ਿਊਮਰ ਕਾਨਫੀਡੈਂਸ ਸਰਵੇਖਣ ਵਿੱਚ ਲੋਕਾਂ ਨੇ ਕਿਹਾ ਕਿ ਅਰਥਚਾਰੇ ਦੀ ਖਰਾਬ ਹੁੰਦੀ ਹਾਲਤ ਦੇ ਕਾਰਨ ਉਹ ਆਪਣੇ ਜ਼ਰੂਰੀ ਖਰਚੇ ਘਟਾ ਰਹੇ ਹਨ। ਉਨ੍ਹਾਂ ਦੀ ਨੌਕਰੀ ਖੁੱਸ ਜਾਣ ਦੀ ਵੀ ਚਿੰਤਾ ਹੈ, ਦੂਜੇ ਪਾਸੇ ਕੰਪਨੀਆਂ ਵੀ ਭਵਿੱਖ ਬਾਰੇ ਚਿੰਤਤ ਹਨ। ਅਪ੍ਰੈਲ-ਜੂਨ ਤਿਮਾਹੀ ਵਿੱਚ ਉਹਨਾਂ ਨੇ ਆਪਣੀ ਸਮਰੱਥਾ ਦਾ 73.6 ਫੀਸਦੀ ਇਸਤੇਮਾਲ ਕੀਤਾ ਸੀ, ਜੋ ਜੁਲਾਈ-ਸਤੰਬਰ ਵਿੱਚ ਘਟ ਕੇ 68.9 ਫੀਸਦੀ ਰਹਿ ਗਿਆ। ਆਟੋ ਪਾਰਟਸ ਬਣਾਉਣ ਵਾਲੀਆਂ ਕੰਪਨੀਆਂ ਦੀ ਸੰਸਥਾ ਏਕਮਾ ਨੇ ਦੱਸਿਆ ਕਿ ਉਨ੍ਹਾਂ ਦੀ ਸਮਰੱਥਾ ਦਾ ਇਸਤੇਮਾਲ ਤਾਂ 50 ਫੀਸਦੀ 'ਤੇ ਆ ਗਿਆ ਹੈ, ਜੋ ਕਦੀ ਅੱਸੀ ਫੀਸਦੀ ਹੁੰਦਾ ਸੀ। ਇਨ੍ਹਾਂ ਕੰਪਨੀਆਂ 'ਚ ਨਵਾਂ ਨਿਵੇਸ਼ ਨਹੀਂ ਹੋ ਰਿਹਾ ਅਤੇ ਮੰਗ ਘਟਣ ਦੇ ਕਾਰਨ ਛੇ ਮਹੀਨੇ ਵਿੱਚ ਇੱਕ ਲੱਖ ਨੌਕਰੀਆਂ ਚਲੀਆਂ ਗਈਆਂ ਹਨ। ਇਹ ਅੰਕੜੇ ਦੇਸ਼ ਦੇ ਅਰਥਚਾਰੇ ਦੀ ਹਕੀਕਤ ਨੂੰ ਬਿਆਨ ਕਰ ਰਹੇ ਹਨ। ਸੱਚ ਤਾਂ ਇਹ ਹੈ ਕਿ ਹਾਲਾਤ ਦਿਨੋਂ-ਦਿਨ ਗੰਭੀਰ ਹੋ ਰਹੇ ਹਨ ਅਤੇ ਇਸ ਦੀ ਇਕ ਵੱਡੀ ਵਜ੍ਹਾ ਹੈ ਪੇਂਡੂ ਇਲਾਕਿਆਂ ਦੀ ਲਗਾਤਾਰ ਖਰਾਬ ਹੁੰਦੀ ਹਾਲਤ। ਇੱਕ ਪਾਸੇ ਕਿਤੇ ਸੋਕਾ, ਕਿਤੇ ਭਾਰੀ ਬਾਰਿਸ਼ ਦੇ ਚੱਲਦਿਆਂ ਕਿਸਾਨਾਂ ਦੀਆਂ ਫਸਲਾਂ ਬਰਬਾਦ ਹੋਈਆਂ ਹਨ ਤਾਂ ਦੂਜੇ ਪਾਸੇ ਉਨ੍ਹਾਂ ਨੂੰ ਉਪਜ ਦੀ ਪੂਰੀ ਕੀਮਤ ਨਹੀਂ ਮਿਲਦੀ। 2005 ਤੋਂ 2014 ਦੇ ਦੌਰਾਨ ਖੇਤੀ ਖੇਤਰ ਦੀ ਜੀ ਡੀ ਪੀ ਸਾਲਾਨਾ ਕਰੀਬ 3.7 ਫੀਸਦੀ ਦੀ ਦਰ ਨਾਲ ਵਧੀ, ਪਰ 2014 ਤੋਂ 2019 ਦੇ ਦੌਰਾਨ ਘੱਟ 2.9 ਫੀਸਦੀ ਰਹਿ ਗਈ। ਲੇਬਰ ਬਿਊਰੋ ਦੇ ਅੰਕੜਿਆਂ ਅਨੁਸਾਰ ਖੇਤੀ ਵਿੱਚ ਮਜ਼ਦੂਰੀ ਵਧਣ ਦੀ ਦਰ 2015-16 ਦੇ ਦਰਮਿਆਨ ਅੱਧੀ ਤੋਂ ਵੀ ਘੱਟ ਰਹਿ ਗਈ, ਦੂਜੇ ਪਾਸੇ ਉਨ੍ਹਾਂ ਦੇ ਲਈ ਮਹਿੰਗਾਈ ਵਧਣ ਦੀ ਦਰ ਇਸ ਦੀ ਤੁਲਨਾ ਵਿੱਚ ਕਈ ਗੁਣਾ ਜ਼ਿਆਦਾ ਰਹੀ। 2019 ਵਿੱਚ ਤਾਂ ਖੇਤ ਮਜ਼ਦੂਰਾਂ ਦੇ ਲਈ ਮਹਿੰਗਾਈ ਦਰ ਹਰ ਮਹੀਨੇ ਵਧ ਰਹੀ ਹੈ ਅਤੇ ਅਕਤੂਬਰ ਵਿੱਚ ਇਹ 8.11 ਸਦੀ 'ਤੇ ਪਹੁੰਚ ਗਈ। ਆਮਦਨ ਦੀ ਤੁਲਨਾ ਵਿੱਚ ਮਹਿੰਗਾਈ ਜ਼ਿਆਦਾ ਵਧਣ ਦਾ ਸਿੱਧਾ ਮਤਲਬ ਹੈ ਕਿ ਲੋਕਾਂ ਦੇ ਕੋਲ ਖਰਚ ਕਰਨ ਲਈ ਪੈਸੇ ਨਹੀਂ ਰਹਿ ਗਏ। ਪੇਂਡੂ ਇਲਾਕਿਆਂ ਵਿੱਚ ਲੋਕਾਂ ਦੇ ਕੋਲ ਦੂਜੇ ਬਦਲ ਵੀ ਘੱਟ ਹੀ ਹੁੰਦੇ ਹਨ। ਜਦੋਂ ਮਜ਼ਦੂਰਾਂ ਨੂੰ ਖੇਤਾਂ ਵਿੱਚ ਕੰਮ ਨਹੀਂ ਮਿਲਦਾ ਤਾਂ ਉਹ ਮਨਰੇਗਾ ਵਿੱਚ ਕੰਮ ਤਲਾਸ਼ਦੇ ਹਨ, ਜਿੱਥੇ ਹਰ ਪਰਵਾਰ ਨੂੰ ਘੱਟੋ-ਘੱਟ ਸੌ ਦਿਨ ਕੰਮ ਮਿਲਣ ਦੀ ਗਰੰਟੀ ਹੈ, ਪਰ ਇਸ ਤਰ੍ਹਾਂ 2017-18 'ਚ ਮਨਰੇਗਾ ਵਿੱਚ ਪ੍ਰਤੀ ਪਰਿਵਾਰ 45.8 ਦਿਨਾਂ ਦਾ ਅਤੇ 2018-19 ਚ 38 ਦਿਨਾਂ ਦਾ ਕੰਮ ਮਿਲਿਆ। ਕੰਮ ਦੇ ਦਿਨ ਘਟਣ ਦੀ ਇੱਕ ਵਜ੍ਹਾ ਵੀ ਹੈ। 2015-16 ਵਿੱਚ ਮਨਰੇਗਾ ਦੇ ਬਜਟ ਦਾ ਕਰੀਬ 86 ਫੀਸਦੀ ਮਜ਼ਦੂਰੀ ਦੇ ਲਈ ਸੀ, ਪਰ ਇਹ ਹਿਸਾ ਹਰ ਸਾਲ ਘਟ ਰਿਹਾ ਹੈ। 2019-20 ਵਿੱਚ ਮਨਰੇਗਾ ਦੇ ਬਜਟ ਦਾ ਸਿਰਫ 59 ਫੀਸਦੀ ਮਜ਼ਦੂਰੀ ਦੇ ਲਈ ਰੱਖਿਆ ਗਿਆ ਹੈ। ਨੀਤੀ ਕਮਿਸ਼ਨ ਦੇ ਰਿਸਰਚ ਪੇਪਰ "ਚੇਂਜਿੰਗ ਸਟਰਕਚਰ ਆਫ ਰੂਰਲ ਅਕਾਨਮੀ ਆਫ ਇੰਡੀਆ: ਇੰਪਲੀਕੇਸ਼ਨਜ਼ ਫਾਰ ਇੰਪਲਾਈਮੈਂਟ ਐਂਡ ਗਰੋਥ (ਭਾਰਤ ਦੀ ਪੇਂਡੂ ਅਰਥਚਾਰੇ ਦਾ ਬਦਲਦਾ ਢਾਂਚਾ: ਰੁਜ਼ਗਾਰ ਤੇ ਵਿਕਾਸ ਦੇ ਮਾਇਨੇ) ਦੇ ਅਨੁਸਾਰ ਦੇਸ਼ ਦੀ 68.8 ਫੀਸਦੀ ਆਬਾਦੀ ਅਤੇ 71.2 ਫੀਸਦੀ ਵਰਕਫੋਰਸ ਪੇਂਡੂ ਇਲਾਕਿਆਂ ਵਿੱਚ ਰਹਿੰਦੀ ਹੈ। ਇਸ ਦਾ ਮਤਲਬ ਹੈ ਕਿ ਆਬਾਦੀ ਅਤੇ ਵਰਕਫੋਰਸ ਦਾ ਵੱਡਾ ਹਿੱਸਾ ਅਰਥਚਾਰੇ ਵਿੱਚ ਕਮਜ਼ੋਰੀ ਨਾਲ ਸਿੱਧਾ ਅਸਰਅੰਦਾਜ਼ ਹੈ। ਜਦ ਇੰਨੇ ਵੱਡੇ ਹਿੱਸੇ ਦੀ ਕਮਾਈ ਨਹੀਂ ਵਧੇਗੀ ਤਾਂ ਅਰਥਚਾਰੇ ਵਿੱਚ ਮੰਗ ਆਖਰ ਕਿਵੇਂ ਨਿਕਲੇਗੀ। ਕੌਮੀ ਅੰਕੜਾ ਦਫਤਰ (ਐੱਨ ਐੱਸ ਓ) ਦੇ ਜਿਸ ਸਰਵੇ ਨੂੰ ਸਰਕਾਰ ਨੇ ਖਾਰਜ ਕੀਤਾ, ਉਸ ਦੇ ਮੁਤਾਬਕ 2011-12 ਤੋਂ 2017-18 ਦੇ ਦਰਮਿਆਨ ਪੇਂਡੂ ਇਲਾਕੀਆਂ ਵਿੱਚ ਖਰਚ 8.8 ਫੀਸਦੀ ਰਹਿ ਗਿਆ। ਹਕੀਕਤ ਤਾਂ ਇਹ ਵੀ ਹੈ ਕਿ ਇਸ ਦੌਰਾਨ ਸ਼ਹਿਰਾਂ ਦੇ ਉਲਟ ਪੇਂਡੂ ਇਲਾਕਿਆਂ ਵਿੱਚ ਇਹ ਗਰੀਬੀ ਵਿੱਚ ਇਜਾਫਾ ਹੋਇਆ ਹੈ। ਐੱਨ ਐੱਸ ਓ ਅਨੁਸਾਰ 2011-12 ਤੋਂ 2017-18 ਦੇ ਦੌਰਾਨ ਪਿੰਡਾਂ ਵਿੱਚ ਗਰੀਬੀ ਦਰ (ਗਰੀਬੀ ਰੇਖਾ ਤੋਂ ਹੇਠਾਂ ਦੀ ਆਬਾਦੀ ਦੀ ਫੀਸਦੀ) ਲੱਗਭੱਗ ਚਾਰ ਫੀਸਦੀ ਵਧੀ ਹੈ। ਇਹ 25.7 ਫੀਸਦੀ ਤੋਂ ਵਧ ਕੇ 29.6 ਫੀਸਦੀ ਹੋ ਗਈ ਹੈ, ਜਦ ਕਿ ਸ਼ਹਿਰਾਂ ਵਿੱਚ 13.7 ਫੀਸਦੀ ਤੋਂ ਘਟ ਕੇ 9.2 ਫੀਸਦੀ ਰਹਿ ਗਈ। ਪੂਰੀ ਆਬਾਦੀ ਵਿੱਚ ਪੇਂਡੂ ਅਬਾਦੀ ਜ਼ਿਆਦਾ ਹੈ, ਇਸ ਲਈ ਪੂਰੇ ਦੇਸ਼ ਦੀ ਗਰੀਬੀ ਦਰ 2011-12 ਵਿੱਚ 21.9 ਫੀਸਦੀ ਤੋਂ ਵਧ ਕੇ 2017-18 ਵਿੱਚ 22.8 ਫੀਸਦੀ ਹੋ ਗਈ। ਲੇਬਰ ਬਿਊਰੋ ਦੇ ਅੰਕੜਿਆਂ ਤੋਂ ਪਤਾ ਲੱਗਦਾ ਹੈ ਕਿ 200-95 ਤੋਂ 2011-12 ਦਰਮਿਆਨ ਪੇਂਡੂ ਇਲਾਕੇ ਵਿੱਚ ਆਮਦਨ ਵਿੱਚ ਤੇਜ਼ੀ ਨਾਲ ਵਾਧਾ ਹੋਇਆ ਹੈ ਪਰ ਇਸ ਪਿੱਛੋਂ ਇਸ ਵਿਚ ਗਿਰਾਵਟ ਆਈ। ਨਵੰਬਰ 2011 ਵਿੱਚ ਪੇਂਡੂ ਇਲਾਕਿਆਂ ਵਿੱਚ ਮਜ਼ਦੂਰੀ ਵਧਣ ਦੀ ਦਰ ਵੀਹ ਫੀਸਦੀ 'ਤੇ ਪਹੁੰਚ ਗਈ, ਪਰ ਸਤੰਬਰ 2019 ਵਿੱਚ ਇਹ 2.5 ਫੀਸਦੀ ਰਹਿ ਗਈ। ਜਾਣੇ-ਪਹਿਚਾਣੇ ਅਰਥ ਸ਼ਾਸਤਰੀ ਤੇ ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਦੇ ਸੇਵਾ-ਮੁਕਤ ਪ੍ਰੋਫੈਸਰ ਅਰੁਣ ਕੁਮਾਰ ਨੋਟਬੰਦੀ ਨੂੰ ਇਸ ਦੀ ਵਜ੍ਹਾ ਮੰਨਦੇ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਨੋਟਬੰਦੀ ਪਿੱਛੋਂ ਗੈਰ ਜਥੇਬੰਦ ਖੇਤਰ ਵਿੱਚ ਕੰਮ ਕਰਨ ਵਾਲਿਆਂ ਦੀ ਆਮਦਨ 'ਚ ਭਾਰੀ ਕਮੀ ਆਈ, ਜਿਸ ਦਾ ਅਸਰ ਪੇਂਡੂ ਖੇਤਰ ਵਿੱਚ ਸਿੱਧੇ ਤੌਰ 'ਤੇ ਹੋਇਆ। ਇਸ ਵਿੱਚ ਹੈਰਾਨੀ ਨਹੀਂ ਹੋਣੀ ਚਾਹੀਦੀ ਕਿ ਲੋਕਾਂ ਦੀ ਆਮਦਨ ਡਿੱਗੇਗੀ, ਦਾ ਖਰਚਾ ਵੀ ਘਟੇਗਾ। ਹਰ ਸਾਲ ਪੰਦਰਾਂ ਸਾਲਾਂ ਤੋਂ ਜ਼ਿਆਦਾ ਉਮਰ ਦੇ ਕਰੀਬ ਪੰਦਰਾਂ ਲੱਖ ਨੌਜਵਾਨ ਜਥੇਬੰਦ ਖੇਤਰ ਵਿੱਚ ਨੌਕਰੀਆਂ ਦੀ ਤਲਾਸ਼ ਕਰਦੇ ਹਨ, ਪਰ ਪਿਛਲੇ ਇੱਕ ਦਹਾਕੇ ਵਿੱਚ ਬਹੁਤ ਘੱਟ ਨੌਕਰੀਆਂ ਪੈਦਾ ਹੋਈਆਂ ਹਨ। ਨਵੀਆਂ ਨੌਕਰੀਆਂ ਪੈਦਾ ਹੋਣ ਦੀ ਬਜਾਏ ਉਹਨਾਂ ਵਿਚ ਗਿਰਾਵਟ ਆਈ ਹੈ, ਜਿਸ ਨਾਲ ਲੋਕਾਂ 'ਚ ਨਿਰਾਸ਼ਾ ਵਧ ਰਹੀ ਹੈ। ਅਸਲ ਵਿੱਚ ਇਹ ਹਾਲਤ ਬਣੀ ਹੀ ਕਿਉਂ?

ਦਰਅਸਲ 2014-15 ਤੋਂ ਲਗਾਤਾਰ ਕੁਦਰਤੀ ਤੇ ਸਰਕਾਰ ਦੁਆਰਾ ਸਿਰਜੀਆਂ ਐਸੀਆਂ ਪ੍ਰਸਥਿਤੀਆਂ ਬਣੀਆਂ, ਜਿਹਨਾਂ ਨਾਲ ਹਾਲਾਤ ਵਿਗੜਦੇ ਗਏ। ਪਹਿਲਾਂ ਤਾਂ 2014-15 ਵਿੱਚ ਮੌਨਸੂਨ ਦੀ ਬਾਰਸ਼ ਹੀ ਘੱਟ ਹੋਈ। 2016 ਦੇ ਸ਼ੁਰੂ ਵਿੱਚ ਇਹ ਸਾਫ ਹੋ ਗਿਆ ਸੀ ਕਿ ਪੇਂਡੂ ਅਰਥਚਾਰਾ ਸੰਕਟ ਵਿੱਚ ਹੈ। ਇਸ ਤੋਂ ਪਿੱਛੋਂ ਨਵੰਬਰ 2016 ਵਿੱਚ ਲਾਗੂ ਨੋਟਬੰਦੀ ਨੇ ਗੈਰ-ਰਵਾਇਤੀ ਖੇਤਰ ਦੇ ਨਾਲ-ਨਾਲ ਅਰਥਚਾਰੇ ਦਾ ਵੀ ਲੱਕ ਤੋੜ ਦਿੱਤਾ। ਅਰਥਚਾਰਾ ਇਸ ਤੋਂ ਉਭਾਰਿਆ ਹੀ ਸੀ ਕਿ ਜੁਲਾਈ 2017 ਵਿੱਚ ਵਸਤੂ ਸੇਵਾ ਕਰ (ਜੀ ਐੱਸ ਟੀ) ਲਾਗੂ ਕਰ ਦਿੱਤਾ ਗਿਆ। ਜੀ ਐੱਸ ਟੀ ਨੂੰ ਅਸਿੱਧੇ ਟੈਕਸਾਂ ਵਿੱਚ ਸਭ ਤੋਂ ਵੱਡਾ ਸੁਧਾਰ ਦੱਸਿਆ ਗਿਆ, ਪਰ ਜਲਦਬਾਜ਼ੀ ਵਿੱਚ ਲਾਗੂ ਇਸ ਨਵੀਂ ਟੈਕਸ ਪ੍ਰਣਾਲੀ ਨੇ ਗੈਰ-ਰਵਾਇਤੀ ਖੇਤਰ ਨੂੰ ਲੱਗਭੱਗ ਠੱਪ ਕਰ ਦਿੱਤਾ। ਖੇਤੀ ਅਤੇ ਇਸ ਨਾਲ ਜੁੜੇ ਕੰਮ ਨਾ ਮਿਲਣ 'ਤੇ ਮਜ਼ਦੂਰ ਕੰਮ ਦੀ ਤਲਾਸ਼ 'ਚ ਸ਼ਹਿਰਾਂ ਵਿੱਚ ਆਉਂਦੇ ਹਨ ਅਤੇ ਗੈਰ-ਰਵਾਵਿਤੀ ਖੇਤਰ ਵਿੱਚ ਵੀ ਕੰਮ ਕਰਦੇ ਹਨ, ਪਰ ਨੋਟਬੰਦੀ ਅਤੇ ਜੀ ਐੱਸ ਟੀ ਨਾਲ ਇਹ ਖੇਤਰ ਬਰਬਾਦ ਹੋਇਆ ਤਾਂ ਇਹਨਾਂ ਨੂੰ ਉਥੇ ਵੀ ਕੰਮ ਮਿਲਣਾ ਬੰਦ ਹੋ ਗਿਆ। ਇਹ ਲੋਕ ਵਾਪਸ ਪਿੰਡ ਜਾ ਕੇ ਮਹਾਤਮਾ ਗਾਂਧੀ ਰਾਸ਼ਟਰੀ ਗ੍ਰਾਮੀਣ ਰੁਜ਼ਗਾਰ ਗਰੰਟੀ (ਮਨਰੇਗਾ) ਵਿੱਚ ਕੰਮ ਤਲਾਸ਼ਣ ਲੱਗੇ। ਸਰਕਾਰੀ ਅੰਕੜੇ ਹੀ ਇਸ ਗੱਲ ਦੀ ਗਵਾਹੀ ਦਿੰਦੇ ਹਨ। ਪੇਂਡੂ ਵਿਕਾਸ ਮੰਤਰੀ ਨਰਿੰਦਰ ਤੋਮਰ ਨੇ ਪਿਛਲੇ ਦਿਨੀਂ ਲੋਕਸਭਾ ਨੂੰ ਦੱਸਿਆ ਕਿ 2014-15 ਵਿੱਚ ਇਸ ਯੋਜਨਾ ਵਿੱਚ 6.22 ਕਰੋੜ ਲੋਕਾਂ ਨੂੰ ਕੰਮ ਮਿਲਿਆ ਸੀ, ਜੋ 2018-19 ਵਿੱਚ 7.77 ਕਰੋੜ ਹੋ ਗਿਆ। ਯਾਨੀ ਇਸ ਦੌਰਾਨ ਇਸ ਵਿੱਚ ਪੱਚੀ ਫੀਸਦੀ ਦਾ ਵਾਧਾ ਹੋਇਆ। ਇਹੀ ਨਹੀਂ, ਬੀਤੇ ਚਾਰ ਸਾਲਾਂ ਦੌਰਾਨ 18 ਤੋਂ 30 ਸਾਲ ਦੀ ਉਮਰ 2.7 ਕਰੋੜ ਨੌਜਵਾਨ ਮਨਰੇਗਾ ਨਾਲ ਜੁੜੇ। ਇਸ ਨਾਲ ਨੌਜਵਾਨਾਂ ਵਿੱਚ ਬੇਰੁਜ਼ਗਾਰੀ ਦਾ ਵੀ ਅੰਦਾਜ਼ਾ ਲਗਦਾ ਹੈ। ਵਿੱਤ ਮੰਤਰਾਲੇ ਦੇ ਸਾਬਕਾ ਸਲਾਹਕਾਰ ਮੋਹਨ ਗੁਰੂਸੁਵਾਮੀ ਮੁਤਾਬਕ "ਭਾਰਤੀ ਅਰਥਚਾਰੇ ਵਿੱਚ ਗੈਰ-ਰਵਾਇਤੀ ਖੇਤਰ ਰੁਜ਼ਗਾਰ ਦਾ ਸਭ ਤੋਂ ਵੱਡਾ ਸਾਧਨ ਹੈ, ਪਰ ਨੋਟਬੰਦੀ ਤੋਂ ਪਿੱਛੋਂ ਇਸ ਖੇਤਰ 'ਤੇ ਸਭ ਤੋਂ ਜ਼ਿਆਦਾ ਮਾਰ ਪਈ ਹੈ। ਅਜਿਹੇ ਵਿੱਚ ਹਾਲਾਤ ਹੋਰ ਵਿਗੜਦੇ ਜਾ ਰਹੇ ਹਨ। ਮੇਰਾ ਅਨੁਮਾਨ ਹੈ ਕਿ ਬੇਰੁਜ਼ਗਾਰੀ ਦਰ ਪੁਰਾਣੇ 6.1 ਫੀਸਦੀ ਤੇ ਉਚਤਮ ਪੱਧਰ ਤੋਂ ਵੀ ਜ਼ਿਆਦਾ ਹੋ ਚੁੱਕੀ ਹੈ। ਅਸੀਂ ਗੰਭੀਰ ਸਥਿਤੀ ਵਿੱਚ ਪਹੁੰਚਦੇ ਜਾ ਰਹੇ ਹਾਂ ਅਤੇ ਇਸ ਦੀ ਸਭ ਤੋਂ ਜ਼ਿਆਦਾ ਮਾਰ ਪੇਂਡੂ ਇਲਾਕਿਆਂ 'ਤੇ ਪਈ ਹੈ। ਇਹੀ ਵਜ੍ਹਾ ਕਰਕੇ ਮਨਰੇਗਾ ਵਿੱਚ ਕੰਮ ਦੀ ਮੰਗ ਵਧ ਗਈ ਹੈ। ਸ਼ਹਿਰਾਂ ਵਿੱਚ ਰੁਜ਼ਗਾਰ ਨਹੀਂ ਹੈ ਅਤੇ ਲੋਕ ਆਪਣੇ ਘਰਾਂ ਨੂੰ ਪਰਤਣ ਲੱਗੇ ਹਨ।" ਲੋਕਾਂ ਦੀ ਮੰਗ ਘਟਣ ਦਾ ਅਸਰ ਸਾਰੀਆਂ ਚੀਜ਼ਾਂ ਦੀ ਮੰਗ 'ਤੇ ਦਿਸ ਰਿਹਾ ਹੈ। ਪੇਂਡੂ ਇਲਾਕਿਆਂ ਵਿੱਚ ਸਾਬਣ-ਤੇਲ ਵਰਗੀਆਂ ਐੱਫ ਐੱਮ ਸੀ ਜੀ ਵਸਤਾਂ ਦੀ ਵਿਕਰੀ ਨੂੰ ਲੋਕਾਂ ਦੀ ਆਮਦਨ ਦਾ ਅੰਦਾਜ਼ਾ ਲਾਉਣ ਦਾ ਇੱਕ ਪ੍ਰਮੁੱਖ ਸੰਕੇਤ ਮੰਨਿਆ ਜਾਂਦਾ ਹੈ। ਡਾਟਾ ਰੀਸਰਚ ਫਰਮ ਨੀਲਸਨ ਦੀ ਰਿਪੋਰਟ ਅਨੁਸਾਰ ਸਤੰਬਰ ਤਿਮਾਹੀ ਵਿੱਚ ਪੇਂਡੂ ਇਲਾਕਿਆਂ ਵਿੱਚ ਐੱਫ ਐੱਸ ਸੀ ਜੀ ਦੀ ਵਿੱਕਰੀ ਵਧਣ ਦੀ ਦਰ ਸੱਤ ਸਾਲ ਦੇ ਹੇਠਲੇ ਪੱਧਰ 'ਤੇ ਪਹੁੰਚ ਗਈ ਹੈ, ਜੁਲਾਈ-ਸਤੰਬਰ ਤਿਮਾਹੀ ਦੇ ਦੌਰਾਨ ਪੇਂਡੂ ਇਲਾਕਿਆਂ ਵਿੱਚ ਮੁੱਲ ਦੇ ਲਿਹਾਜ਼ ਨਾਲ ਖਪਤ ਪੰਜ ਫੀਸਦੀ ਵਧੀ, ਜਦ ਕਿ ਇੱਕ ਸਾਲ ਪਹਿਲਾਂ ਇਸ ਵਿੱਚ ਵੀਹ ਫੀਸਦੀ ਦਾ ਵਾਧਾ ਹੋਇਆ ਸੀ। ਇਸ ਦੌਰਾਨ ਸ਼ਹਿਰੀ ਇਲਾਕੇ ਵਿੱਚ ਐੱਮ ਐੱਫ ਸੀ ਜੀ ਦਾ ਖਪਤ ਵਾਧਾ ਚੌਦਾਂ ਫ਼ੀਸਦੀ ਦੀ ਤੁਲਨਾ ਵਿੱਚ ਅੱਠ ਵੀਸਦੀ ਰਿਹਾ। ਐੱਸ ਐੱਫ ਸੀ ਜੀ ਦੇ ਕੁੱਲ ਖਰਚੇ ਵਿੱਚ ਪੇਂਡੂ ਭਾਰਤ ਦਾ ਹਿੱਸਾ ਕਰੀਬ ਛੱਤੀ ਫੀਸਦੀ ਹੁੰਦਾ ਹੈ। ਰਵਾਇਤੀ ਤੌਰ 'ਤੇ ਦੇਖੀਏ ਤਾਂ ਇਸ ਵਿੱਚ ਗਰੋਥ ਦੀ ਦਰ ਸ਼ਹਿਰੀ ਇਲਾਕਿਆਂ ਦੀ ਤੁਲਨਾ ਵਿੱਚ ਤਿੰਨ ਤੋਂ ਪੰਜ ਫੀਸਦੀ ਜ਼ਿਆਦਾ ਹੁੰਦੀ ਹੈ, ਪਰ ਪਹਿਲੀ ਵਾਰ ਪੇਂਡੂ ਇਲਾਕਿਆਂ ਦੀ ਵਾਧਾ ਦਰ ਸ਼ਹਿਰਾਂ ਤੋਂ ਘੱਟ ਰਹੀ। ਪੇਂਡੂ ਅਰਥਚਾਰੇ ਦੀ ਹਾਲਤ ਦੱਸਣ ਵਾਲਾ ਇਕ ਹੋਰ ਅੰਕੜਾ ਹੁੰਦਾ ਹੈ, ਟਰੈਕਟਰਾਂ ਦੀ ਵਿਕਰੀ ਦਾ। ਉੱਥੇ ਵੀ ਕੁੱਲ ਮਿਲਾ ਕੇ ਇਹੀ ਹਾਲਤ ਹੈ। ਟਰੈਕਟਰ ਐਂਡ ਮਕੈਨਾਈਜ਼ੇਸ਼ਨ ਐਸੋਸੀਏਸ਼ਨ (ਡੀ ਐੱਮ ਏ) ਮੁਤਾਬਕ ਇਸ ਸਾਲ ਸਿਰਫ ਜਨਵਰੀ ਵਿੱਚ ਘਰੇਲੂ ਬਾਜ਼ਾਰ ਵਿੱਚ ਟਰੈਕਟਰ ਦੀ ਵਿਕਰੀ ਵਿੱਚ ਵਾਧਾ ਦਰਜ ਕੀਤਾ ਗਿਆ, ਉਹ ਵੀ 2.4 ਫੀਸਦੀ। ਉਸ ਤੋਂ ਬਾਅਦ ਹਰ ਪੰਜ ਮਹੀਨੇ ਪੰਜ ਫੀਸਦੀ ਤੋਂ ਲੈ ਕੇ 16 ਫੀਸਦੀ ਤੱਕ ਗਿਰਾਵਟ ਦਰਜ ਕੀਤੀ ਗਈ ਹੈ। ਇਸ ਦੇ ਬਾਵਜੂਦ ਸਰਕਾਰੀ ਉਪਾਵਾਂ ਵਿੱਚ ਅਣਦੇਖੀ ਹੋ ਰਹੀ ਹੈ। ਕ੍ਰਿਸਿਲ ਰੇਟਿੰਗ ਏਜੰਸੀ ਦੇ ਮੁਖੀ ਅਰਥਸ਼ਾਸਤਰੀ ਡੀ ਕੇ ਜੋਸ਼ੀ ਅਨੁਸਾਰ ਪੇਂਡੂ ਇਲਾਕਿਆਂ ਵਿੱਚ ਚੱਲਣ ਵਾਲੀਆਂ ਸਰਕਾਰੀ ਯੋਜਨਾਵਾਂ ਪ੍ਰਭਾਵਿਤ ਹੋਈਆਂ ਹਨ। ਪ੍ਰਧਾਨ ਮੰਤਰੀ ਗਰਾਮ ਸੜਕ ਯੋਜਨਾ ਦੇ ਤਹਿਤ ਪਿਛਲੇ ਵਿੱਤੀ ਸਾਲ ਵਿੱਚ ਹਰ ਦਿਨ 56 ਕਿਲੋਮੀਟਰ ਸੜਕਾਂ ਬਣਨੀਆਂ ਸਨ, ਇਹ ਘਟ ਕੇ ਪੈਂਤੀ ਕਿਲੋਮੀਟਰ 'ਤੇ ਆ ਗਈਆਂ ਹਨ। ਪ੍ਰਧਾਨ ਮੰਤਰੀ ਆਵਾਸ ਯੋਜਨਾ ਤਹਿਤ ਬਣਨ ਵਾਲੇ ਘਰਾਂ ਦੀ ਗਿਣਤੀ ਵਿੱਚ ਵੀ ਸਾਲਾਨਾ ਅੱਠ ਲੱਖ ਤੋਂ ਘੱਟ ਕੇ 31 ਹਜ਼ਾਰ 'ਤੇ ਆ ਗਈ ਹੈ। ਇਨ੍ਹਾਂ ਸਭ ਦੇ ਅਸਰ ਨਾਲ ਵੀ ਆਮਦਨ ਡਿਗਦੀ ਜਾ ਰਹੀ ਹੈ। ਅਰਥਚਾਰੇ ਨੂੰ ਰਫ਼ਤਾਰ ਦੇਣ ਲਈ ਸਰਕਾਰ ਨੇ ਅਜੇ ਤੱਕ ਜੋ ਕਦਮ ਉਠਾਏ ਹਨ, ਉਨ੍ਹਾਂ ਵਿਚ ਕੰਪਨੀਆਂ ਦੇ ਲਈ ਇਨਕਮ ਟੈਕਸ ਦੀ ਦਰ ਘਟਾਉਣਾ ਹੈ, ਹਾਊਸਿੰਗ ਸੈਕਟਰ ਲਈ ਪੱਚੀ ਹਜ਼ਾਰ ਕਰੋੜ ਰੁਪਏ ਦਾ ਪੈਕੇਜ, ਦੀਵਾਲੀਆ ਕਾਨੂੰਨ ਵਿੱਚ ਬਦਲਾਅ, ਸਰਕਾਰੀ ਬੈਂਕਾਂ ਦਾ ਰਲੇਵਾਂ ਅਤੇ ਸਰਕਾਰੀ ਕੰਪਨੀਆਂ ਦੇ ਅੱਪਨਿਵੇਸ਼ ਵਰਗੇ ਉਪਾਅ ਸ਼ਾਮਲ ਹਨ। ਵੈਸੇ ਤਾਂ ਇਨ੍ਹਾਂ ਉਪਾਵਾਂ ਦਾ ਵੀ ਅਜੇ ਤੱਕ ਅਰਥਚਾਰੇ 'ਤੇ ਕੋਈ ਅਸਰ ਨਹੀਂ ਦਿਸ ਰਿਹਾ ਹੈ, ਫਿਰ ਵੀ ਇਨ੍ਹਾਂ ਵਿੱਚੋਂ ਇੱਕ ਵੀ ਉਪਾਅ ਐਸਾ ਨਹੀਂ, ਜਿਸ ਨਾਲ ਪੇਂਡੂ ਅਰਥਚਾਰੇ ਨੂੰ ਮਜ਼ਬੂਤੀ ਮਿਲੇ। ਭਾਰਤ ਦੀ ਜੀ ਡੀ ਪੀ ਅਤੇ ਨਿੱਜੀ ਖਪਤ ਵਿੱਚ ਲੱਗਭੱਗ ਪੰਜਾਹ ਫੀਸਦੀ ਯੋਗਦਾਨ ਕਰ ਕਰਨ ਵਾਲੇ ਪੇਂਡੂ ਅਰਥਚਾਰੇ ਦੀ ਅਣਦੇਖੀ ਕਰਨ ਦੇ ਇਹੀ ਅੰਜਾਮ ਹੋਣੇ ਸੀ।

ਦਰਅਸਲ ਮੌਜੂਦਾ ਸਰਕਾਰ ਦੀਆਂ ਨੀਤੀਆਂ ਦਾ ਪੂਰਾ ਫੋਕਸ ਰਾਜਕੋਸ਼ੀ ਘਾਟਾ ਘੱਟ ਕਰਨ 'ਤੇ ਹੈ ਅਤੇ ਸਰਕਾਰ ਇਸ ਵਿੱਚ ਕਾਮਯਾਬ ਵੀ ਰਹੀ। ਜੂਨ 2017 ਵਿੱਚ ਮਹਿੰਗਾਈ ਦਰ 1.54 ਫੀਸਦੀ ਦੇ ਰਿਕਾਰਡ ਹੇਠਲੇ ਪੱਧਰ 'ਤੇ ਪਹੁੰਚ ਗਈ, ਪਰ ਇਸ ਦਾ ਅਸਰ ਇਹ ਹੋਇਆ ਕਿ ਕਿਸਾਨ ਦੀ ਆਮਦਨ ਨਹੀਂ ਵਧੀ। ਵਿੱਤ ਮੰਤਰੀ ਨਿਰਮਲਾ ਸੀਤਾਰਮਨ ਨੇ ਪਿਛਲੇ ਦਿਨੀਂ ਕਿਹਾ ਕਿ ਅਰਥਚਾਰੇ ਨੂੰ ਸੁਧਾਰਨ ਲਈ ਹੋਰ ਕਦਮ ਚੁੱਕੇ ਜਾਣਗੇ, ਪਰ ਅੱਜ ਤੱਕ ਦੇ ਸੰਕੇਤਾਂ ਤੋਂ ਇਹ ਲੱਗਦਾ ਹੈ ਕਿ ਇਸ ਵਾਰ ਵੀ ਫੋਕਸ ਇੰਡੀਆ ਹੀ ਹੋਵੇਗਾ, ਭਾਰਤ ਨਹੀਂ।

***# ਸੰਪਰਕ : 98156-29301***

## ਨਰਭਿੰਦਰ ਦਾ ਲੇਖ

ਨਰਭਿੰਦਰ ਦਾ ਲੇਖ "ਯਸੂ ਇਸ ਵਾਰੀ ਜਨਮ ਨਹੀਂ ਲੈਣਗੇ" ਬਹੁਤ ਵਧੀਆ ਲੱਗਾ। ਨਰਭਿੰਦਰ ਨੇ ਇਜ਼ਰਾਈਲ ਵੱਲੋਂ ਫਲਸਤੀਨੀ ਲੋਕਾਂ 'ਤੇ ਥੋਪੀ ਗਈ ਜੰਗ ਨਾਲ ਗਰਭਵਤੀ ਔਰਤਾਂ ਦਾ ਗਰਭਵਤੀ ਮਰੀਅਮ ਵਾਂਗ ਉੱਤਰੀ ਗਾਜ਼ਾ ਛੱਡ ਕੇ ਜਾਣ ਅਤੇ ਸਾਂਤਾ ਵੱਲੋਂ ਬੱਚਿਆਂ ਲਈ ਖਿਡਾਉਣੇ ਨਾ ਲਿਆ ਸਕਣ ਦਾ ਵਧੀਆ ਢੰਗ ਨਾਲ ਚਿਤਰਣ ਕੀਤਾ ਹੈ।

**-ਵਿਸ਼ਵਾ ਮਿੱਤਰ, 94176-32228**

## ਪਾਠਕ-ਸੱਥ

### ਪੰਛੀਆਂ ਦਾ ਰੱਖੋ ਖਾਸ ਖਿਆਲ

ਇਸ ਧਰਤੀ ਉੱਪਰ ਮਨੁੱਖ ਤੋਂ ਬਿਨਾਂ ਪਸ਼ੂ-ਪੰਛੀਆਂ ਤੇ ਹੋਰ ਬਨਸਪਤੀ ਦੇ ਰਹਿਣ ਦਾ ਵੀ ਪੂਰਾ ਹੱਕ ਹੈ। ਜਿਸ ਤਰ੍ਹਾਂ ਅਸੀਂ ਗਰਮੀ ਦੇ ਮੌਸਮ ਵਿੱਚ ਪੰਛੀਆਂ ਲਈ ਕਟੋਰੇ ਪਾਣੀ ਦੇ ਰੱਖਦੇ ਹਾਂ, ਉਸ ਤਰ੍ਹਾਂ ਹੀ ਸਾਨੂੰ ਸਰਦੀ ਦੇ ਮੌਸਮ 'ਚ ਵੀ ਪੰਛੀਆਂ ਦਾ ਖਾਸ ਖਿਆਲ ਰੱਖਣਾ ਚਾਹੀਦਾ ਹੈ। ਸਰਦੀ ਦੇ ਮੌਸਮ ਵਿੱਚ ਕਿਸਾਨ ਕਣਕ ਦੀ ਫਸਲ ਨੂੰ ਚੂਹਿਆਂ ਤੋਂ ਬਚਾਉਣ ਲਈ ਦਵਾਈ ਪਾਉਂਦੇ ਹਨ। ਦਿਨ ਸਮੇਂ ਪਾਈ ਦਵਾਈ ਖਾਣ ਕਰਕੇ ਕਈ ਵਾਰੀ ਅਨੇਕਾਂ ਹੀ ਪੰਛੀ ਮਰ ਜਾਂਦੇ ਹਨ। ਇਸ ਤੋਂ ਬਿਨਾਂ ਇਹਨਾਂ ਦਿਨਾਂ ਵਿੱਚ ਰਸਾਇਣਕ ਖਾਦਾਂ ਪਾਉਣ ਕਰਕੇ ਖਾਲੀ ਹੋਏ ਗੱਟਿਆਂ ਦੇ ਧਾਗੇ ਖੁੱਲ੍ਹੇ ਵਿੱਚ ਹੀ ਛੁੱਟ ਦਿੰਦੇ ਹਨ, ਇਹਨੀ ਦਿਨੀਂ ਹੀ ਪਤੰਗਬਾਜ਼ੀ ਹੋਣ ਕਰਕੇ ਡੋਰ ਵੀ ਬਹੁਤ ਜ਼ਿਆਦਾ ਇੱਧਰ-ਉੱਧਰ ਖਿੱਲਰ ਜਾਂਦੀ ਹੈ। ਬਾਅਦ ਵਿੱਚ ਇਹੀ ਗੱਟਿਆਂ ਦੇ ਧਾਗੇ ਅਤੇ ਡੋਰ ਪੰਛੀਆਂ ਦੇ ਪੈਰਾਂ ਵਿੱਚ ਫਸ ਜਾਂਦੀ ਹੈ, ਜਿਸ ਕਰਕੇ ਉਹ ਉੱਡ ਨਹੀਂ ਸਕਦੇ ਤੇ ਉਹ ਤੜਫ-ਤੜਫ ਕੇ ਹੀ ਮਰ ਜਾਂਦੇ ਹਨ ਜਾਂ ਕਿਸੇ ਮਾਸਾਹਾਰੀ ਜਾਨਵਰ ਦਾ ਸ਼ਿਕਾਰ ਬਣ ਜਾਂਦੇ ਹਨ। ਇਸ ਲਈ ਸਾਨੂੰ ਸਭ ਨੂੰ ਪੰਛੀਆਂ ਦੀ ਹੋਂਦ ਨੂੰ ਕਾਇਮ ਰੱਖਣ ਲਈ ਖਾਸ ਖਿਆਲ ਰੱਖਣਾ ਚਾਹੀਦਾ ਹੈ, ਕਿਉਂਕਿ ਇਹ ਪੰਛੀ ਹੀ ਕੁਦਰਤ ਦਾ ਗੀਤ ਗਾਉਂਦੇ ਹਨ ਤੇ ਵਾਤਾਵਰਨ ਦਾ ਸੰਤੁਲਨ ਬਣਾਈ ਰੱਖਣ ਵਿੱਚ ਅਹਿਮ ਭੂਮਿਕਾ ਨਿਭਾਉਂਦੇ ਹਨ।

**-ਅੰਗਰੇਜ ਸਿੰਘ ਵਿੱਕੀ, 98888-70822**

# ਪਾਵਰ ਮੈਨੇਜਮੈਂਟ ਕੰਟਰੈਕਟ 'ਤੇ ਰੱਖੇ ਕਾਮਿਆਂ ਨੂੰ ਤੁਰੰਤ ਰੈਗੂਲਰ ਕਰੇ : ਫੈਡਰੇਸ਼ਨ ਏਟਕ



**ਧੂਰੀ (ਪੱਤਰ ਪ੍ਰੇਰਕ)**

ਬਿਜਲੀ ਕਾਮਿਆਂ ਦੀ ਸੰਘਰਸ਼ਸ਼ੀਲ ਜਥੇਬੰਦੀ ਪੀ.ਐਸ.ਈ.ਬੀ ਇੰਪਲਾਈਜ ਫੈਡਰੇਸ਼ਨ ਏਟਕ ਪੰਜਾਬ ਰਜਿ: ਨੰਬਰ 41 ਦੀ ਬਰਨਾਲਾ ਸਰਕਲ ਦੇ ਅਹੁਦੇਦਾਰਾਂ ਦੀ ਜਨਰਲ ਕੌਂਸ਼ਲ ਮੀਟਿੰਗ 66 ਕੇ ਵੀ ਬਿਜਲੀ ਘਰ ਵਿੱਚ ਸਰਕਲ ਪ੍ਰਧਾਨ ਗੁਰਧਿਆਨ ਸਿੰਘ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਵਿੱਚ ਸਰਕਲ ਅਧੀਨ ਪੈਂਦੀਆਂ ਡਵੀਜ਼ਨਾਂ ਮਲੇਰਕੋਟਲਾ, ਬਰਨਾਲਾ ਤੇ ਧੂਰੀ ਨਾਲ ਸਬੰਧਤ ਸਮੁੱਚੀਆਂ ਸਬ ਡਵੀਜ਼ਨਾਂ ਦੇ ਅਹੁਦੇਦਾਰਾਂ ਨੇ ਭਰਵੀਂ ਸ਼ਮੂਲੀਅਤ ਕੀਤੀ।

ਮੀਟਿੰਗ ਦੇ ਸ਼ੁਰੂ ਹੋਣ ਤੋਂ ਪਹਿਲਾਂ ਸਰਕਲ ਸਕੱਤਰ ਗਗਨਦੀਪ ਸਿੰਘ ਨੇ ਸ਼ੋਕ ਮਤਾ ਪੜ੍ਹ ਕੇ ਫੈਡਰੇਸ਼ਨ ਏਟਕ ਦੇ ਸਾਬਕਾ ਮੀਤ ਪ੍ਰਧਾਨ ਕਾਮਰੇਡ ਰਣਜੀਤ ਸਿੰਘ ਬਿੰਝੋਕੀ ਤੇ ਏਟਕ ਆਗੂ ਰਣਜੀਤ ਸਿੰਘ ਕਲਿਆਣ ਸਮੇਤ ਕੁੱਝ ਆਗੂਆਂ ਦੇ ਪਰਵਾਰਕ ਮੈਂਬਰਾਂ ਦੇ ਬੇਵਕਤੀ ਵਿਛੋੜੇ ਤੇ ਦੋ ਮਿੰਟ ਦਾ ਮੌਨ ਧਾਰ ਕੇ ਸਰਧਾਂਜਲੀ ਅਰਪਿਤ ਕੀਤੀ। ਸਰਕਲ ਸਕੱਤਰ ਗਗਨਦੀਪ ਸਿੰਘ ਨੇ ਜਥੇਬੰਦੀ ਵੱਲੋਂ ਪਿਛਲੇ ਸਮੇਂ ਦੌਰਾਨ ਲੜੇ ਸੰਘਰਸ਼ਾਂ, ਅਣਖੀ ਬਰਸੀ, ਟਰੇਡ ਯੂਨੀਅਨ ਸਕੂਲ ਵਿੱਚ ਸਰਕਲ ਲੀਡਰਸ਼ਿਪ ਵੱਲੋਂ ਹਿੱਸਾ ਲੈ ਕੇ ਪਾਏ ਯੋਗਦਾਨ 'ਤੇ ਤਸੱਲੀ ਦਾ ਪ੍ਰਗਟਾਵਾ ਕੀਤਾ।

ਮੀਟਿੰਗ ਨੂੰ ਉਚੇਚੇ ਤੌਰ 'ਤੇ ਸੰਬੋਧਨ ਕਰਨ ਲਈ ਪਹੁੰਚੇ ਜਥੇਬੰਦੀ ਦੇ ਸੂਬਾ ਪ੍ਰਧਾਨ ਗੁਰਪ੍ਰੀਤ ਸਿੰਘ ਗੰਡੀਵਿੰਡ ਤੇ ਜਨਰਲ ਸਕੱਤਰ ਸਰਿੰਦਰਪਾਲ ਸਿੰਘ ਲਹੌਰੀਆ ਨੇ ਪਾਵਰ ਮੈਨੇਜਮੈਂਟ ਕੋਲੋਂ ਮੰਗ ਕੀਤੀ ਕਿ ਪਿਛਲੇ ਲਗਭਗ 15 ਸਾਲ ਤੋਂ ਵਿਭਾਗ ਵਿੱਚ ਕੰਨਟਰੈਕਟ ਤੇ ਸੇਵਾ ਨਿਭਾਅ ਰਹੇ ਕੈਸ਼ੀਅਰਾਂ, ਬਿੱਲ ਵੰਡਕਾਂ ਤੇ ਮੀਟਰ ਰੀਡਰਾਂ ਜੋ ਡੀ ਸੀ ਰੇਟ 'ਤੇ ਕੰਮ ਕਰ ਰਹੇ ਹਨ, ਨੂੰ ਤੁਰੰਤ ਰੈਗੂਲਰ ਕੀਤਾ ਜਾਵੇ ਤਾਂ ਜੁ ਆਰਥਿਕ ਸੋਸ਼ਣ ਦਾ ਸ਼ਿਕਾਰ ਹੋ ਰਹੇ ਇਨ੍ਹਾਂ ਕਾਮਿਆਂ ਨੂੰ ਰਾਹਤ ਮਿਲ ਸਕੇ।

ਸੂਬਾ ਆਗੂਆਂ ਨੇ ਜੂਨੀਅਰ ਮੀਟਰ ਰੀਡਰਾਂ ਦੀ ਤਰੱਕੀ ਦੀ ਮੰਗ ਨੂੰ ਉਭਾਰਣ ਸਮੇਤ ਸੀ ਆਰ ਏ 295 /19 ਰਾਹੀਂ ਚਾਰ ਸਾਲ ਪਹਿਲਾਂ ਭਰਤੀ ਕੀਤੇ ਸਹਾਇਕ ਲਾਈਨਮੈਨ ਦੀਆਂ ਸੇਵਾਵਾਂ ਰੈਗੂਲਰ ਕਰਕੇ ਪੂਰੀਆਂ ਤਨਖਾਹਾਂ ਦੇਣ, ਕੱਟਿਆ ਮੋਬਾਈਲ ਭੱਤਾ ਬਹਾਲ ਕਰਨ, ਪਾਰਟ ਟਾਈਮ ਸਵੀਪਰਾਂ ਨੂੰ ਰੈਗੂਲਰ ਕਰਨ, ਨਵੇਂ ਭਰਤੀ ਹੋਣ ਵਾਲੇ ਕ੍ਰਮਚਾਰੀਆਂ ਤੇ ਕੇਂਦਰ ਦੇ ਸਕੇਲ ਲਾਗੂ ਕਰਨ ਦੀ ਬਜਾਏ ਪੰਜਾਬ ਦੇ ਸਕੇਲ ਲਾਗੂ ਕਰਨ ਦੀ ਜ਼ੋਰਦਾਰ ਮੰਗ ਕੀਤੀ।

ਮੀਟਿੰਗ ਨੂੰ ਸੰਬੋਧਨ ਕਰਦਿਆਂ ਪੰਜਾਬ ਏਟਕ ਦੇ ਵਰਕਿੰਗ ਪ੍ਰਧਾਨ ਕਾਮਰੇਡ ਸੁਖਦੇਵ ਸ਼ਰਮਾ ਨੇ ਹਾਜ਼ਰੀਨ ਨੂੰ ਜਥੇਬੰਦਕ ਤਾਕਤ ਮਜਬੂਤ ਕਰਕੇ ਸੰਘਰਸ਼ਾਂ ਰਾਹੀਂ ਪ੍ਰਾਪਤੀਆਂ ਕਰਨ ਦਾ ਸੱਦਾ ਦਿੱਤਾ। ਇਸ ਮੌਕੇ ਮੁਲਾਜ਼ਮ ਆਗੂਆਂ ਗੋਰਾ ਦਾਸ, ਜਗਤਾਰ ਸਿੰਘ, ਨਰਿੰਦਰ ਕੁਮਾਰ ਗਿੱਲ, ਰਾਜਵੰਤ ਸਿੰਘ, ਕਮਲਜੀਤ ਸਿੰਘ ਆਦਿ ਨੇ ਫੈਡਰੇਸ਼ਨ ਏਟਕ ਜਥੇਬੰਦੀ ਨੂੰ ਮਜਬੂਤ ਕਰਨ ਦਾ ਅਹਿਦ ਲਿਆ।

## ਮਰਹੂਮ ਕਾਮਰੇਡ ਫ਼ਕੀਰ ਚੰਦ ਸ਼ਰਮਾ ਦੀ 14ਵੀਂ ਬਰਸੀ ਭਲਕੇ



**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਨਾਰਦਰਨ ਰੇਲਵੇ ਮੈਨਜ਼ ਯੂਨੀਅਨ ਦੇ ਸਾਬਕਾ ਪ੍ਰਧਾਨ ਤੇ ਆਲ ਇੰਪਲਾਈਜ਼ ਕੋ-ਆਰਡੀਨੇਸ਼ਨ ਕਮੇਟੀ ਫਿਰੋਜ਼ਪੁਰ ਦੇ ਪ੍ਰਧਾਨ ਰਹੇ ਮਰਹੂਮ ਕਾਮਰੇਡ ਫ਼ਕੀਰ ਚੰਦ ਸ਼ਰਮਾ ਦੀ 14ਵੀਂ ਬਰਸੀਂ ਪਿੰਡ ਬਜੀਦਪੁਰ ਵਿਖੇ 28 ਦਸੰਬਰ ਨੂੰ ਮਨਾਈ ਜਾ ਰਹੀ ਹੈ।ਇਸ ਸਬੰਧੀ ਜਾਣਕਾਰੀ ਦਿੰਦਿਆਂ ਆਲ ਇੰਪਲਾਈਜ਼ ਕੋ-ਆਰਡੀਨੇਸ਼ਨ ਕਮੇਟੀ ਫਿਰੋਜ਼ਪੁਰ ਦੇ ਪ੍ਰਧਾਨ ਕਾਮਰੇਡ ਸੁਭਾਸ਼ ਸ਼ਰਮਾ ਤੇ ਕਾਮਰੇਡ ਕਿਸ਼ਨ ਚੰਦ ਜਾਗੋਵਾਲੀਆ ਨੇ ਦੱਸਿਆ ਕਿ ਸਵ. ਕਾਮਰੇਡ ਫ਼ਕੀਰ ਚੰਦ ਸ਼ਰਮਾ ਨਾਰਦਰਨ ਰੇਲਵੇ ਮੈਨਜ਼ ਯੂਨੀਅਨ ਡਵੀਜ਼ਨ ਫਿਰੋਜ਼ਪੁਰ ਤੇ ਆਲ ਇੰਪਲਾਈਜ਼ ਕੋ-ਆਰਡੀਨੇਸ਼ਨ ਕਮੇਟੀ ਫਿਰੋਜ਼ਪੁਰ ਦੇ ਲੰਮਾ ਸਮਾਂ ਪ੍ਰਧਾਨ ਰਹੇ।ਉਹ ਮੁਲਾਜ਼ਮਾਂ, ਮਜ਼ਦੂਰਾਂ ਤੇ ਦੱਬੇ ਕੁਚਲੇ ਲੋਕਾਂ ਦੇ ਹੱਕਾਂ ਲਈ ਸੰਘਰਸ਼ ਕਰਦੇ ਰਹੇ।ਉਨ੍ਹਾਂ ਦੀਆਂ ਯਾਦਾਂ ਨੂੰ ਤਾਜ਼ਾ ਰੱਖਣ ਤੇ ਉਨ੍ਹਾਂ ਨੂੰ ਸ਼ਰਧਾ ਦੇ ਫੁੱਲ ਭੇਟ ਕਰਨ ਲਈ ਮੁਲਾਜ਼ਮ, ਮਜ਼ਦੂਰ, ਜਨਤਕ ਜਥੇਬੰਦੀਆਂ, ਸਮਾਜ ਸੇਵੀ ਸੰਸਥਾਵਾਂ ਤੇ ਪਿੰਡ ਬਜੀਦਪੁਰ ਵਸਨੀਕਾਂ ਦੇ ਸਹਿਯੋਗ ਨਾਲ 28 ਦਸੰਬਰ ਨੂੰ ਉਨ੍ਹਾ ਦੀ ਯਾਦ 'ਚ ਬਣਾਏ ਯਾਦਗਾਰ ਭਵਨ ਬਜੀਦਪੁਰ ਵਿਖੇ 14ਵੀਂ ਬਰਸੀ ਮਨਾਈ ਜਾ ਰਹੀ ਹੈ। ਇਸ ਮੌਕੇ ਸ੍ਰੀ ਸੁਖਮਨੀ ਸਾਹਿਬ ਪਾਠ ਦੇ ਭੋਗ ਪਾਏ ਜਾਣਗੇ ਤੇ ਸ਼ਰਧਾ ਦੇ ਫੁੱਲ ਭੇਟ ਕੀਤੇ ਜਾਣਗੇ।ਉਪਰੰਤ ਗੁਰੂ ਕਾ ਲੰਗਰ ਅਤੁੱਟ ਵਰਤੇਗਾ।ਉਨ੍ਹਾਂ ਸਮੂਹ ਮੁਲਾਜ਼ਮਾਂ, ਮਜ਼ਦੂਰਾਂ ਦੀਆਂ ਜਥੇਬੰਦੀਆ ਤੇ ਸਮਾਜ ਸੇਵੀ ਸੰਸਥਾਵਾਂ ਨੂੰ ਸ਼ਰਧਾਂਜਲੀ ਸਮਾਗਮ ਵਿੱਚ ਪਹੁੰਚਣ ਦੀ ਅਪੀਲ ਕੀਤੀ।

# ਸੰਘਣੀ ਧੁੰਦ ਕਾਰਨ ਵਾਪਰਿਆ ਸੜਕ ਹਾਦਸਾ, 2 ਜ਼ਖਮੀਂ

**ਮੋਗਾ (ਅਮਰਜੀਤ ਬੱਬਰੀ)**-ਬੀਤੀ ਦੇਰ ਰਾਤ ਮੋਗਾ-ਕੋਟਕਪੂਰਾ ਬਾਈਪਾਸ ਪੁਲ 'ਤੇ ਓਵਰਟੇਕ ਕਰਨ ਦੀ ਕੋਸ਼ਿਸ਼ ਦੌਰਾਨ ਇੱਕ ਟਰੈਕਟਰ ਟਰਾਲੀ ਤੇ ਕੈਂਟਰ ਵਿਚਕਾਰ ਜ਼ਬਰਦਸਤ ਟੱਕਰ ਹੋ ਗਈ।ਹਾਦਸਾ ਇੰਨਾ ਭਿਆਨਕ ਸੀ ਕਿ ਡਰਾਈਵਰ ਸਮੇਤ ਟਰੈਕਟਰ ਟਰਾਲੀ ਪੁਲ ਦੇ ਹੇਠਾਂ ਜਾ ਡਿੱਗੀ। ਹਾਦਸੇ 'ਚ ਡਰਾਈਵਰ ਦੀ ਹਾਲਤ ਗੰਭੀਰ ਹੋਣ ਕਾਰਨ ਉਸ ਨੂੰ ਨਿੱਜੀ ਹਸਪਤਾਲ 'ਚ ਦਾਖਲ ਕਰਵਾਇਆ ਗਿਆ।ਇਸ ਹਾਦਸੇ ਦੌਰਾਨ ਅੱਜ ਸਵੇਰੇ ਇੱਕ ਹੋਰ ਵਾਹਨ ਹਾਦਸਾਗ੍ਰਸਤ ਵਾਹਨ ਨਾਲ ਟਕਰਾ ਗਿਆ।ਇਸ ਹਾਦਸੇ ਵਿੱਚ ਉਕਤ ਵਾਹਨ ਦਾ ਸਵਾਰ ਵੀ ਜ਼ਖਮੀ ਹੋ ਗਿਆ, ਜਿਸ ਨੂੰ ਇਲਾਜ ਲਈ ਦਾਖਲ ਕਰਵਾਇਆ ਗਿਆ।ਜ਼ਖਮੀ ਮਨਦੀਪ ਕੁਮਾਰ ਨੇ ਦੱਸਿਆ ਕਿ ਉਹ ਕਾਰ 'ਚ ਆ ਰਿਹਾ ਸੀ।ਇਸ ਦੌਰਾਨ ਸੰਘਣੀ ਧੁੰਦ ਕਾਰਨ ਉਸ ਨੂੰ ਪਤਾ ਹੀ ਨਾ ਲੱਗਣ ਕਰਕੇ ਉਸ ਦਾ ਕੈਂਟਰ ਘੋੜੇ ਦੀ ਟਰਾਲੀ ਨਾਲ ਟਕਰਾ ਗਿਆ। ਇਸ ਹਾਦਸੇ ਦੌਰਾਨ ਪੀੜਤ ਦੀ ਲੱਤ ਟੁੱਟ ਗਈ।ਹਾਦਸੇ ਦੌਰਾਨ ਕਾਰ ਵਿੱਚ ਪੀੜਤ ਦੀ ਭੈਣ ਤੇ ਭਤੀਜਾ ਵੀ ਮੌਜੂਦ ਸਨ।

## ਮਲਟੀਪਰਪਜ਼ ਹੈਲਥ ਇੰਪਲਾਈਜ਼ ਯੂਨੀਅਨ ਵੱਲੋਂ ਕੈਲੰਡਰ ਰਿਲੀਜ਼

**ਮੋਗਾ (ਅਮਰਜੀਤ ਬੱਬਰੀ)**-ਮਲਟੀਪਰਪਜ਼ ਹੈਲਥ ਇੰਪਲਾਈਜ਼ ਯੂਨੀਅਨ ਪੰਜਾਬ ਵੱਲੋਂ ਸੂਬਾ ਪ੍ਰਧਾਨ ਕੁਲਬੀਰ ਸਿੰਘ ਮੋਗਾ ਦੀ ਪ੍ਰਧਾਨਗੀ ਹੇਠ ਦੇਸ਼ ਭਗਤ ਯਾਦਗਾਰੀ ਹਾਲ ਜਲੰਧਰ ਹੋਈ ਸੂਬਾ ਕਮੇਟੀ ਦੀ ਮੀਟਿੰਗ ਦੌਰਾਨ ਕੈਲੰਡਰ ਰਿਲੀਜ਼ ਕੀਤਾ ਗਿਆ।ਇਸ ਮੌਕੇ ਕੁਲਬੀਰ ਸਿੰਘ ਨੇ ਕਿਹਾ ਕੇ ਜਥੇਬੰਦੀ ਵੱਲੋਂ ਪਿਛਲੇ ਸਮੇਂ ਵਿੱਚ ਮਲਟੀਪਰਪਜ਼ ਕੇਡਰ ਦਾ ਨਾਂਅ ਬਦਲਣ, ਕੱਟੇ ਗਏ ਭੱਤੇ ਬਹਾਲ ਕਰਨ, ਪੰਜਾਬ ਸਕੇਲ ਲਾਗੂ ਕਰਨ ਸਮੇਤ ਕਈ ਮੰਗਾਂ ਲਈ ਮੰਗ ਪੱਤਰ ਦਿੱਤੇ ਗਏ ਸਨ, ਪਰ ਸਰਕਾਰ ਨੇ ਮੁਲਾਜ਼ਮਾਂ ਨੂੰ ਹਾਂ ਪੱਖੀ ਹੁੰਗਾਰਾ ਨਹੀਂ ਦਿੱਤਾ, ਜਿਸ ਕਰਕੇ ਮਲਟੀਪਰਪਜ਼ ਕੇਡਰ ਵਿੱਚ ਨਿਰਾਸ਼ਾ ਪਾਈ ਜਾ ਰਹੀ ਹੈ, ਜਿਸ ਕਰਕੇ ਜਥੇਬੰਦੀ ਵੱਲੋਂ ਆਉਣ ਵਾਲੇ ਸਮੇਂ ਵਿੱਚ ਵੱਡੇ ਸੰਘਰਸ਼ ਦੀ ਰੂਪ-ਰੇਖਾ ਉਲੀਕੀ ਗਈ ਹੈ।

# ਦਫਤਰ ਡਿਪਟੀ ਕੁਲੈਕਟਰ ਐਂਡ ਕੰਪੀਟੈਂਟ ਅਥਾਰਟੀ (ਐੱਨ ਐੱਸ ਈ ਐੱਲ)

**ਤੀਜੀ ਮੰਜ਼ਲ, ਐੱਮ ਪੀ ਆਈ ਡੀ ਬਰਾਂਚ, ਓਲਡ ਕਸਟਮ ਹਾਊਸ, ਮੁੰਬਈ-400001**

## ਮੋਹਰਬੰਦ ਬੋਲੀ ਨਿਲਾਮੀ ਲਈ ਨੋਟਿਸ

ਮਹਾਂਰਾਸ਼ਟਰ ਜਮ੍ਹਾਂਕਰਤਾਵਾਂ ਦੇ ਹਿੱਤਾਂ ਦੀ ਸੁਰੱਖਿਆ (ਵਿੱਤੀ ਅਦਾਰਿਆਂ 'ਚ) ਐਕਟ, 1999 (ਐੱਮ ਪੀ ਆਈ ਡੀ) ਤਹਿਤ ਮਹਾਂਰਾਸ਼ਟਰ ਸਰਕਾਰ ਰਾਹੀਂ ਕੁਰਕੀ ਦੀ ਪਾਲਣਾ 'ਚ ਅਤੇ ਮਾਣਯੋਗ ਐੱਮ ਪੀ ਆਈ ਡੀ ਅਦਾਲਤ ਦੇ ਨਿਰਦੇਸ਼ਾਂ ਤਹਿਤ, ਕੰਪੀਟੈਂਟ ਅਥਾਰਟੀ (ਇਸ ਤੋਂ ਬਾਅਦ 'ਸੀ ਏ' ਵਜੋਂ ਹਵਾਲਾ) ਨੇ ਕੁਇੱਕਰ ਰੀਅਲਟੀ ਪ੍ਰਾਈਵੇਟ ਲਿਮਟਿਡ (ਇਸ ਤੋਂ ਬਾਅਦ 'ਦਾ ਏਜੰਸੀ' ਵਜੋਂ ਹਵਾਲਾ) ਜੋ ਕਿ ਮਹਾਂਰਾਸ਼ਟਰ ਸਰਕਾਰ ਵੱਲੋਂ ਕੁਰਕ ਕੀਤੀਆਂ ਜਾਇਦਾਦਾਂ ਦੀ ''ਜਿਵੇਂ ਹੈ ਜਿੱਥੇ ਹੈ ਅਤੇ ਉੱਥੇ ਜੋ ਵੀ ਹੈ'' ਦੇ ਆਧਾਰ 'ਤੇ ਈ. ਨਿਲਾਮੀ ਰਾਹੀਂ ਵਿਕਰੀ 'ਚ ਸਹਾਇਤਾ ਲਈ ਨਿਯੁਕਤ ਕੀਤੀ ਗਈ ਹੈ, ਨੂੰ ਇਹ ਕੰਮ ਸੌਂਪਿਆ ਗਿਆ ਹੈ।

'ਸੀ ਏ' ਵੱਲੋਂ ਚਾਹਵਾਨ ਬੋਲੀਕਾਰਾਂ ਕੋਲੋਂ ਹੇਠਾਂ ਦਰਸਾਈ ਸਾਰਨੀ 'ਚ ਦੱਸੀ ਬੋਲੀ ਜਮ੍ਹਾਂ ਸਮੇਤ ਬਿਆਨਾਂ ਰਕਮ ਵਜੋਂ ਹਰੇਕ ਜਾਇਦਾਦ ਲਈ ਈ ਐੱਫ ਟੀ/ਐੱਨ ਈ ਐੱਫ ਟੀ/ਆਰ ਟੀ ਜੀ ਸੀ ਰਾਹੀਂ ਜਾਇਦਾਦਾਂ ਦੀ ਵਿਕਰੀ ਲਈ ਬੋਲੀਆਂ ਦੀ ਮੰਗ ਕੀਤੀ ਜਾਂਦੀ ਹੈ।

### ਜਾਇਦਾਦ ਦਾ ਸੰਖੇਪ ਵੇਰਵਾ

**ਪੰਜਾਬ**

| ਲੜੀ ਨੰ: | ਸਥਾਨ | ਪਤਾ | ਖੇਤਰ | ਈ ਐੱਮ ਡੀ ਡਿਪਾਜਟ | ਈ ਓ ਆਈ ਜਮ੍ਹਾਂ ਕਰਵਾਉਣ ਦੀ ਅੰਤਮ ਮਿਤੀ | ਬੋਲੀਆਂ ਜਮ੍ਹਾਂ ਕਰਵਾਉਣ ਦੀ ਅੰਤਮ ਮਿਤੀ | ਰਾਖਵੀਂ ਕੀਮਤ |
|---|---|---|---|---|---|---|---|
| 1 | ਨਵਾਂਸ਼ਹਿਰ | ਵਸੀਕਾ ਨੰ: 182 ਖੱਤਾ ਨੰ: 17/17 ਖਸਰਾ : 6//11 (7-0), 12//1 (1-0), ਪਿੰਡ ਮੌਂਹਦੀਪੁਰ, ਨਵਾਂਸ਼ਹਿਰ, ਪੰਜਾਬ-144514 | 1 ਏਕੜ | 200000 | 9 ਜਨਵਰੀ 2024 ਸ਼ਾਮ ਦੇ 5.00 ਵਜੇ ਤੱਕ | 9 ਜਨਵਰੀ 2024 ਸ਼ਾਮ ਦੇ 5.00 ਵਜੇ ਤੱਕ | ਐੱਨ ਏ |
| 2 | ਨਵਾਂਸ਼ਹਿਰ | ਵਸੀਕਾ ਨੰ: 173 ਖੱਤਾ ਨੰ: 128/142, ਖਸਰਾ : 2//18 (3-4), 19/1 (2-0), ਖੱਤਾ ਨੰ: 24/204 ਖਸਰਾ : 2//21 (80), 22(8-0), 23(912), 7//4/2(7-12), 6(8-0), 7/1(7-12), 14/2(3-19), 15/1(4-0), 8//1(8-0), 2(8-0) ਖੱਤਾ ਨੰ: 131/145 ਖਸਰਾ : 3//14/2(1-7), 24/1(0-16), 24/3(0-0), 7//4/1(0-8), 7/2(08), 13/2/1(0-8), 13/2/2(0-0)14/1(00) ਖੱਤਾ ਨੰ: 132/146 ਖਸਰਾ : 8//9(314) ਖੱਤਾ ਨੰ: 133/148 ਖਸਰਾ : 8//10(7-0) ਪਿੰਡ ਨਿਆਮਤਪੁਰ, ਨਵਾਂਸ਼ਹਿਰ, ਪੰਜਾਬ-144518 | 10.24 ਏਕੜ | 200000 | 9 ਜਨਵਰੀ 2024 ਸ਼ਾਮ ਦੇ 5.00 ਵਜੇ ਤੱਕ | 9 ਜਨਵਰੀ 2024 ਸ਼ਾਮ ਦੇ 5.00 ਵਜੇ ਤੱਕ | ਐੱਨ ਏ |
| 3 | ਨਵਾਂਸ਼ਹਿਰ | ਵਸੀਕਾ ਨੰ: 547 ਖੱਤਾ ਨੰ: 2/2 ਖਸਰਾ : 6//18(8-0), 19(8-0), 20/1(4-0), 21/1(1-0), 21/2(3-0), 22(8-0),23(8-0),24/1(4-0) ਪਿੰਡ ਮੌਂਹਦੀਪੁਰ ਨਵਾਂਸ਼ਹਿਰ, ਪੰਜਾਬ-144514 | 1.5 ਏਕੜ | 200000 | 9 ਜਨਵਰੀ 2024 ਸ਼ਾਮ ਦੇ 5.00 ਵਜੇ ਤੱਕ | 9 ਜਨਵਰੀ 2024 ਸ਼ਾਮ ਦੇ 5.00 ਵਜੇ ਤੱਕ | ਐੱਨ ਏ |
| 4 | ਨਵਾਂਸ਼ਹਿਰ | ਵਸੀਕਾ ਨੰ: 593 ਖੱਤਾ ਨੰ: 128/142 ਖਸਰਾ : 2//18(3-4), 19/1(2-0) ਪਿੰਡ ਨਿਆਮਤਪੁਰ, ਨਵਾਂਸ਼ਹਿਰ, ਪੰਜਾਬ-144518 | 0.5 ਏਕੜ | 200000 | 9 ਜਨਵਰੀ 2024 ਸ਼ਾਮ ਦੇ 5.00 ਵਜੇ ਤੱਕ | 9 ਜਨਵਰੀ 2024 ਸ਼ਾਮ ਦੇ 5.00 ਵਜੇ ਤੱਕ | ਐੱਨ ਏ |
| 5 | ਨਵਾਂਸ਼ਹਿਰ | ਵਸੀਕਾ ਨੰ: 648, ਖੱਤਾ ਨੰ: 151/165 ਖਸਰਾ : 12//5 (8-0), 6 (8-0), 15 (4-8), 16 (3-12), 15 (3-12), 16 (3-10), ਪਿੰਡ ਬਹਿਲੂਰ ਕਲਾਂ, ਨਵਾਂਸ਼ਹਿਰ, ਪੰਜਾਬ-144517 | 1.1 ਏਕੜ | 200000 | 9 ਜਨਵਰੀ 2024 ਸ਼ਾਮ ਦੇ 5.00 ਵਜੇ ਤੱਕ | 9 ਜਨਵਰੀ 2024 ਸ਼ਾਮ ਦੇ 5.00 ਵਜੇ ਤੱਕ | ਐੱਨ ਏ |
| 6 | ਨਵਾਂਸ਼ਹਿਰ | ਵਸੀਕਾ ਨੰ: 649, ਖੱਤਾ ਨੰ: 219/246 ਖਸਰਾ : 12//17 (8-0), ਪਿੰਡ ਬਹਿਲੂਰ ਕਲਾਂ , ਨਵਾਂਸ਼ਹਿਰ, ਪੰਜਾਬ-144517 | 1 ਏਕੜ | 200000 | 9 ਜਨਵਰੀ 2024 ਸ਼ਾਮ ਦੇ 5.00 ਵਜੇ ਤੱਕ | 9 ਜਨਵਰੀ 2024 ਸ਼ਾਮ ਦੇ 5.00 ਵਜੇ ਤੱਕ | ਐੱਨ ਏ |
| 7 | ਨਵਾਂਸ਼ਹਿਰ | ਵਸੀਕਾ ਨੰ: 651, ਖੱਤਾ ਨੰ: 5/1/5/1 ਖਸਰਾ : 5//4 (8-0), ਪਿੰਡ ਮੌਂਹਦੀਪੁਰ ਨਵਾਂਸ਼ਹਿਰ, ਪੰਜਾਬ-144514 | 1 ਏਕੜ | 200000 | 9 ਜਨਵਰੀ 2024 ਸ਼ਾਮ ਦੇ 5.00 ਵਜੇ ਤੱਕ | 9 ਜਨਵਰੀ 2024 ਸ਼ਾਮ ਦੇ 5.00 ਵਜੇ ਤੱਕ | ਐੱਨ ਏ |
| 8 | ਨਵਾਂਸ਼ਹਿਰ | ਵਸੀਕਾ ਨੰ: 653, ਖੱਤਾ ਨੰ: 5/5 ਖਸਰਾ : 5//5/1 (50), ਖੱਤਾ ਨੰ: 5/1 5/1 ਖਸਰਾ : 2//24/1 (3-11) ਪਿੰਡ ਮੌਂਹਦੀਪੁਰ ਨਵਾਂਸ਼ਹਿਰ, ਪੰਜਾਬ-144514 | 0.79 ਏਕੜ | 200000 | 9 ਜਨਵਰੀ 2024 ਸ਼ਾਮ ਦੇ 5.00 ਵਜੇ ਤੱਕ | 9 ਜਨਵਰੀ 2024 ਸ਼ਾਮ ਦੇ 5.00 ਵਜੇ ਤੱਕ | ਐੱਨ ਏ |
| 9 | ਨਵਾਂਸ਼ਹਿਰ | ਵਸੀਕਾ ਨੰ: 650, ਖੱਤਾ ਨੰ: 219/246 ਖਸਰਾ : 12//4 (8-0), ਪਿੰਡ ਬਹਿਲੂਰ ਕਲਾਂ ਨਵਾਂਸ਼ਹਿਰ, ਪੰਜਾਬ-144517 | 1 ਏਕੜ | 200000 | 9 ਜਨਵਰੀ 2024 ਸ਼ਾਮ ਦੇ 5.00 ਵਜੇ ਤੱਕ | 9 ਜਨਵਰੀ 2024 ਸ਼ਾਮ ਦੇ 5.00 ਵਜੇ ਤੱਕ | ਐੱਨ ਏ |
| 10 | ਨਵਾਂਸ਼ਹਿਰ | ਵਸੀਕਾ ਨੰ: 652, ਖੱਤਾ ਨੰ: 219/246 ਖਸਰਾ : 12//7 (8-0), ਪਿੰਡ ਬਹਿਲੂਰ ਕਲਾਂ ਨਵਾਂਸ਼ਹਿਰ, ਪੰਜਾਬ-144517 | 1 ਏਕੜ | 200000 | 9 ਜਨਵਰੀ 2024 ਸ਼ਾਮ ਦੇ 5.00 ਵਜੇ ਤੱਕ | 9 ਜਨਵਰੀ 2024 ਸ਼ਾਮ ਦੇ 5.00 ਵਜੇ ਤੱਕ | ਐੱਨ ਏ |
| 11 | ਨਵਾਂਸ਼ਹਿਰ | ਵਸੀਕਾ ਨੰ: 654, ਖੱਤਾ ਨੰ: 219/246 ਖਸਰਾ : 12//14 (8-0), ਪਿੰਡ ਬਹਿਲੂਰ ਕਲਾਂ ਨਵਾਂਸ਼ਹਿਰ, ਪੰਜਾਬ-144517 | 1 ਏਕੜ | 200000 | 9 ਜਨਵਰੀ 2024 ਸ਼ਾਮ ਦੇ 5.00 ਵਜੇ ਤੱਕ | 9 ਜਨਵਰੀ 2024 ਸ਼ਾਮ ਦੇ 5.00 ਵਜੇ ਤੱਕ | ਐੱਨ ਏ |
| 12 | ਨਵਾਂਸ਼ਹਿਰ | ਵਸੀਕਾ ਨੰ: 1538 ਖੱਤਾ ਨੰ: 138/140 ਖਸਰਾ : 2//16(2-2), 24(7-9), 25(8-0),4//10(8-10), 5//5/1(6-15) ਖੱਤਾ ਨੰ : 141/143 ਖਸਰਾ : 5//5/2(0-9), 6/1(0-8), 15/2(0-8), 16/1(0-8) 24/2(0-0), 25/3(0-17), 15//4/1(0-8), 7/2(0-7), 1611/1/(0-18), 2/1(0-4) ਪਿੰਡ ਸੇਖਾ ਮਜਾਰਾ, ਨਵਾਂਸ਼ਹਿਰ, ਪੰਜਾਬ-140306 | 2.07 ਏਕੜ | 200000 | 9 ਜਨਵਰੀ 2024 ਸ਼ਾਮ ਦੇ 5.00 ਵਜੇ ਤੱਕ | 9 ਜਨਵਰੀ 2024 ਸ਼ਾਮ ਦੇ 5.00 ਵਜੇ ਤੱਕ | ਐੱਨ ਏ |
| 13 | ਨਵਾਂਸ਼ਹਿਰ | ਵਸੀਕਾ ਨੰ: 3509 ਖੱਤਾ ਨੰ: 38/140 ਖਸਰਾ : 2//16(22), 24(7-9), 25(80),4//10(8-0), 5//5/1 (6-15) ਪਿੰਡ ਸ਼ੇਖਾ ਮਜਾਰਾ, ਨਵਾਂਸ਼ਹਿਰ, ਪੰਜਾਬ-140306 | 2.01 ਏਕੜ | 200000 | 9 ਜਨਵਰੀ 2024 ਸ਼ਾਮ ਦੇ 5.00 ਵਜੇ ਤੱਕ | 9 ਜਨਵਰੀ 2024 ਸ਼ਾਮ ਦੇ 5.00 ਵਜੇ ਤੱਕ | ਐੱਨ ਏ |
| 14 | ਨਵਾਂਸ਼ਹਿਰ | ਵਸੀਕਾ ਨੰ: 249 ਖੱਤਾ ਨੰ: 11/11 ਖਸਰਾ : 6//7 (8-0), 8(7-11), 9(5-2), 12/2(7-0), 13/1(10) ਖੱਤਾ ਨੰ: 12/12 ਖਸਰਾ : 6//17 (8-0) ਪਿੰਡ ਮੌਂਹਦੀਪੁਰ ਨਵਾਂਸ਼ਹਿਰ, ਪੰਜਾਬ-144514 | 4.08 ਏਕੜ | 200000 | 9 ਜਨਵਰੀ 2024 ਸ਼ਾਮ ਦੇ 5.00 ਵਜੇ ਤੱਕ | 9 ਜਨਵਰੀ 2024 ਸ਼ਾਮ ਦੇ 5.00 ਵਜੇ ਤੱਕ | ਐੱਨ ਏ |
| 15 | ਨਵਾਂਸ਼ਹਿਰ | ਵਸੀਕਾ ਨੰ: 430 ਖੱਤਾ ਨੰ: 1/1 ਖਸਰਾ : 5//10/1 (1-18), 10/2(4-1), 6//4(4-0), 5(7-11), 6(4-11), 13/2(7-0), 14(8-0) ਖਸਰਾ ਨੰ : 6//15 (8-0) ਪਿੰਡ ਮੌਂਹਦੀਪੁਰ ਨਵਾਂਸ਼ਹਿਰ, ਪੰਜਾਬ-144514 | 5 ਏਕੜ | 200000 | 9 ਜਨਵਰੀ 2024 ਸ਼ਾਮ ਦੇ 5.00 ਵਜੇ ਤੱਕ | 9 ਜਨਵਰੀ 2024 ਸ਼ਾਮ ਦੇ 5.00 ਵਜੇ ਤੱਕ | ਐੱਨ ਏ |
| 16 | ਨਵਾਂਸ਼ਹਿਰ | ਵਸੀਕਾ ਨੰ: 50 (44 ਕੇ 0 ਮਰਲਾ ਵਿੱਚੋਂ 12/44ਵਾਂ ਹਿੱਸਾ) ਖੱਤਾ ਨੰ: 2/2 ਖਸਰਾ ਨੰ: 6//18(8-0) 19(8-0) 20/1(4-0) 21/1(1-0) 21/2(3-0) 22(8-0) 23(8-0) 24/1(4-0) ਕਿੱਤਾ 8 ਜਮ੍ਹਾਂਬੰਦੀ 2007-08 ਵਾਕਿਆ ਰਕਬਾ ਮੌਂਹਦੀਪੁਰ, ਤਹਿ: ਨਵਾਂਸ਼ਹਿਰ, ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ, ਪੰਜਾਬ-141013 | 1.5 ਏਕੜ | 200000 | 9 ਜਨਵਰੀ 2024 ਸ਼ਾਮ ਦੇ 5.00 ਵਜੇ ਤੱਕ | 9 ਜਨਵਰੀ 2024 ਸ਼ਾਮ ਦੇ 5.00 ਵਜੇ ਤੱਕ | ਐੱਨ ਏ |
| 17 | ਨਵਾਂਸ਼ਹਿਰ | ਪਲਾਟ ਨੰ. XIX-1103/3, ਟੈਗੋਰ ਨਗਰ, ਸਾਹਮਣੇ ਗੌਰਮਿੰਟ ਕਾਲਜ ਲੁਧਿਆਣਾ, ਸਟੇਟ ਪੰਜਾਬ | 744.5 ਏਕੜ | 200000 | 9 ਜਨਵਰੀ 2024 ਸ਼ਾਮ ਦੇ 5.00 ਵਜੇ ਤੱਕ | 9 ਜਨਵਰੀ 2024 ਸ਼ਾਮ ਦੇ 5.00 ਵਜੇ ਤੱਕ | ਐੱਨ ਏ |
| 18 | ਨਵਾਂਸ਼ਹਿਰ | ਜਮੀਨ ਖੱਤਾ ਨੰ. 12/12 - ਖਸਰਾ ਨੰ. 6//17 (8-0) ਖੱਤਾ ਨੰ. 2/2 - ਖਸਰਾ ਨੰ. 6//18 (8-0) 19 (8-0) 20/1 (4-0) 21/1 (1-0) 21/2 (3-0) 22 (8-0) 23 (8-0) 24/1 (4-0), ਪਿੰਡ ਮੌਂਹਦੀਪੁਰ, ਤਹਿਸੀਲ ਨਵਾਂਸ਼ਹਿਰ, ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ (ਐੱਸ ਬੀ ਐੱਸ), ਸਟੇਟ ਪੰਜਾਬ | 1.5 ਏਕੜ | 200000 | 9 ਜਨਵਰੀ 2024 ਸ਼ਾਮ ਦੇ 5.00 ਵਜੇ ਤੱਕ | 9 ਜਨਵਰੀ 2024 ਸ਼ਾਮ ਦੇ 5.00 ਵਜੇ ਤੱਕ | ਐੱਨ ਏ |

ਜਾਇਦਾਦ ਦਾ ਸਮੇਤ ਈ ਐੱਮ ਡੀ ਅਤੇ ਭੇਜੀ ਗਈ ਰਕਮ, ਨਿਰੀਖਣ ਦੀ ਮਿਤੀ, ਨਿਲਾਮੀ ਦਾ ਸਮਾਂ ਅਤੇ ਸੰਬੰਧਤ ਅਦਾਲਤਾਂ ਦੇ ਹੁਕਮ ਆਦਿ ਦਾ ਮੁਕੰਮਲ ਵੇਰਵਾ ਕੁਇੱਕਰ ਰੀਅਲਟੀ ਦੀ ਵੈੱਬਸਾਈਟ www.quikrrealty.com 'ਤੇ ਉਪਲੱਬਧ ਹੈ।

1. ਚਾਹਵਾਨ ਬੋਲੀਕਾਰਾਂ ਨੂੰ ਕੁਇੱਕਰ ਰੀਅਲਟੀ ਦੀ ਵੈੱਬਸਾਈਟ www.quikrrealty.com 'ਤੇ ਪ੍ਰਦਰਸ਼ਿਤ ਸ਼ਰਤਾਂ ਦੇ ਨਿਯਮਾਂ ਦੇ ਵੇਰਵੇ ਦਾ ਹਵਾਲਾ ਲੈਣ ਦੀ ਸਲਾਹ ਦਿੱਤੀ ਜਾਂਦੀ ਹੈ।
2. ਚਾਹਵਾਨ ਬੋਲੀਕਾਰ, ਜਿਨ੍ਹਾਂ ਨੂੰ ਸਹਾਇਤਾ ਦੀ ਲੋੜ ਹੈ, ਕੁਇੱਕਰ ਰੀਅਲਟੀ ਪ੍ਰਾਈਵੇਟ ਲਿਮਟਿਡ ਨਾਲ ਈਮੇਲ ਆਈ ਡੀ : auctions@quikrrealty.com ਜਾਂ ਸੰਪਰਕ ਨੰਬਰ 09321575329, 07738866326 ਰਾਹੀਂ ਸੰਪਰਕ ਕਰ ਸਕਦੇ ਹਨ।
3. ਵਿਕਰੀ, ਐੱਮ ਪੀ ਆਈ ਡੀ ਅਦਾਲਤ ਦੇ ਹੁਕਮਾਂ ਅਨੁਸਾਰ ਕੀਤੀ ਜਾਵੇਗੀ।

ਸਥਾਨ : ਮੁੰਬਈ
ਮਿਤੀ : 27 ਦਸੰਬਰ 2023

ਡਿਪਟੀ ਕੁਲੈਕਟਰ ਐਂਡ
ਕੰਪੀਟੈਂਟ ਅਥਾਰਟੀ (ਐੱਨ ਐੱਸ ਈ ਐੱਲ)
ਮੁੰਬਈ

# ਕੁੱਕ ਬੀਬੀਆਂ ਵੱਲੋਂ ਤਨਖਾਹ 'ਚ ਵਾਧੇ ਦੀ ਮੰਗ ਨੂੰ ਲੈ ਕੇ ਧਰਨਾ




**ਸੰਗਰੂਰ (ਪ੍ਰਵੀਨ ਸਿੰਘ)**-ਮਿੱਡ ਡੇ ਮੀਲ ਤੇ ਸਫਾਈ ਵਰਕਰ ਯੂਨੀਅਨ ਸਬੰਧਤ ਮਜ਼ਦੂਰ ਮੁਕਤੀ ਮੋਰਚਾ ਪੰਜਾਬ ਦੀ ਅਗਵਾਈ ਹੇਠ ਵੱਖ ਵੱਖ ਜ਼ਿਲ੍ਹਿਆਂ ਵਿੱਚੋਂ ਆਈਆਂ ਕੁੱਕ ਬੀਬੀਆਂ ਨੇ ਸਰਕਾਰੀ ਸਕੂਲਾਂ ਵਿੱਚ ਸਾਲਾਂ-ਬੱਧੀ ਤੋਂ ਆਪਣੀ ਤਨਖਾਹ 3000 ਤੋਂ 8000 ਹਜ਼ਾਰ ਰੁਪਏ ਕਰਨ ਦੀ ਮੰਗ ਕੀਤੀ। ਇਸ ਮੌਕੇ ਸਰਕਾਰ ਵੱਲੋਂ ਜ਼ਿਲ੍ਹਾ ਪ੍ਰਸ਼ਾਸਨ ਦੀ ਤਰਫੋਂ ਤਹਿਸੀਲਦਾਰ ਕੁੱਕ ਬੀਬੀਆਂ ਦੇ ਇਕੱਠ ਵਿੱਚ ਮੰਗ ਪੱਤਰ ਪ੍ਰਾਪਤ ਕਰਨ ਲਈ ਆਇਆ ਅਤੇ ਸਿੱਖਿਆ ਮੰਤਰੀ ਪੰਜਾਬ ਨਾਲ 11 ਜਨਵਰੀ ਨੂੰ ਜਥੇਬੰਦੀ ਦੀ ਮੰਗਾਂ ਸਬੰਧੀ ਮੀਟਿੰਗ ਦਾ ਲਿਖਤੀ ਪੱਤਰ ਦਿੱਤਾ ਗਿਆ। ਇਸ ਤੋਂ ਬਾਅਦ ਜਥੇਬੰਦੀ ਨੇ ਧਰਨਾ ਸਮਾਪਤ ਕੀਤਾ। ਇਸ ਮੌਕੇ ਧਰਨੇ ਨੂੰ ਸੰਬੋਧਨ ਕਰਦਿਆਂ ਮਿੱਡ ਡੇ ਮੀਲ ਤੇ ਸਫਾਈ ਵਰਕਰ ਯੂਨੀਅਨ ਦੇ ਸੂਬਾ ਪ੍ਰਧਾਨ ਸੁਖਵਿੰਦਰ ਸਿੰਘ ਬੋਹਾ, ਮਜ਼ਦੂਰ ਮੁਕਤੀ ਮੋਰਚਾ ਪੰਜਾਬ ਦੇ ਸੂਬਾ ਪ੍ਰਧਾਨ ਭਗਵੰਤ ਸਿੰਘ ਸਮਾਓਂ ਨੇ ਕਿਹਾ ਕਿ ਅੱਜ ਦਾ ਧਰਨਾ ਕੁੱਕ ਬੀਬੀਆਂ ਦੀ ਮੰਗ ਦੀ ਪ੍ਰਾਪਤੀ ਲਈ ਹੈ। ਮਜ਼ਦੂਰ ਆਗੂਆਂ ਨੇ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਮਾਨ ਕੋਲ ਕੇਜਰੀਵਾਲ ਨੂੰ ਨਜ਼ਾਰੇ ਦਿਵਾਉਣ ਲਈ ਤਾਂ ਕਰੋੜਾਂ ਰੁਪਏ ਹਨ, ਪਰ ਕੁੱਕ ਬੀਬੀਆਂ ਦੀ ਤਨਖਾਹ ਵਧਾਉਣ ਲਈ ਪੈਸੇ ਨਹੀਂ ਹਨ। ਉਨ੍ਹਾਂ ਕਿਹਾ ਕਿ ਸਰਕਾਰੀ ਸਕੂਲਾਂ ਵਿੱਚ ਮਿੱਡ ਡੇ ਮੀਲ ਸਕੀਮ ਤਹਿਤ ਸਾਲਾਂ-ਬੱਧੀ ਤੋਂ ਨਿਗੂਣੀ ਤਨਖਾਹ ਵਿੱਚ ਵਗਾਰ ਕਰ ਰਹੀਆਂ ਹਨ। ਉਨ੍ਹਾਂ ਕਿਹਾ ਕਿ ਜੇਕਰ ਸਰਕਾਰ ਨੇ ਕੁੱਕ ਬੀਬੀਆਂ ਦੀ ਐਲਾਨੀ ਤਨਖਾਹ 8000 ਰੁਪਏ ਲਾਗੂ ਨਾ ਕੀਤੀ ਤਾਂ ਸਰਕਾਰ ਖਿਲਾਫ ਤਿੱਖਾ ਸੰਘਰਸ਼ ਸ਼ੁਰੂ ਕੀਤਾ ਜਾਵੇਗਾ। ਇਸ ਮੌਕੇ ਮਿੱਡ ਡੇ ਮੀਲ ਤੇ ਸਫਾਈ ਵਰਕਰ ਯੂਨੀਅਨ ਦੇ ਸੂਬਾ ਸਕੱਤਰ ਮਨਜੀਤ ਰਾਜ ਤੇ ਕੁੱਕ ਬੀਬੀਆਂ ਦੀ ਆਗੂ ਮਨਜੀਤ ਕੌਰ ਰਿਉਂਦ, ਜਸਵਿੰਦਰ ਕੌਰ ਗਾਮੀਵਾਲਾ, ਨਸੀਬ ਕੌਰ, ਮਜ਼ਦੂਰ ਮੁਕਤੀ ਮੋਰਚਾ ਪੰਜਾਬ ਦੇ ਸੂਬਾ ਜਨਰਲ ਸਕੱਤਰ ਹਰਵਿੰਦਰ ਸਿੰਘ ਸੇਮਾ, ਸੂਬਾ ਕਮੇਟੀ ਮੈਂਬਰ ਨਿੱਕਾ ਸਿੰਘ ਬਹਾਦਰਪੁਰ ਨੇ ਵੀ ਸੰਬੋਧਨ ਕੀਤਾ।

# ਵਿਕਸਿਤ ਭਾਰਤ ਸੰਕਲਪ ਯਾਤਰਾ ਦੀ ਮੋਬਾਇਲ ਵੈਨ ਦਾ ਸਵਾਗਤ

**ਸੰਗਤ ਮੰਡੀ (ਰਾਜਦੀਪ ਜੋਸ਼ੀ)**-ਭਾਰਤ ਸਰਕਾਰ ਦੀਆਂ ਵੱਖ ਵੱਖ ਸਕੀਮਾਂ ਤੇ ਉਪਲਬਧੀਆਂ ਨੂੰ ਦਰਸਾਉਂਦੀ ਮੋਬਾਈਲ ਵੈਨ ਵੱਖ-ਵੱਖ ਪਿੰਡਾਂ ਦਾ ਦੌਰਾ ਕਰ ਰਹੀ ਹੈ। ਇਸ ਲੜੀ ਤਹਿਤ ਇਹ ਵੈਨ ਪਿੰਡ ਕੋਟੜਾ ਕੌੜਾ ਵਿਖੇ ਪਹੁੰਚੀ। ਇਸ ਵੈਨ ਦਾ ਭਾਰਤ ਸਕਾਊਟਸ ਐਂਡ ਗਾਈਡ ਪੰਜਾਬ ਦੇ ਕੱਬ/ਬੁਲਬੁਲ ਯੂਨਿਟ ਦੇ ਬੱਚਿਆਂ, ਐਲੀਮੈਂਟਰੀ ਤੇ ਸੈਕੰਡਰੀ ਸਕੂਲਾਂ ਦੇ ਸਟਾਫ ਵੱਲੋਂ ਸ਼ਾਨਦਾਰ ਸਵਾਗਤ ਕੀਤਾ ਗਿਆ। ਜਿੱਥੇ ਵੱਖ ਵੱਖ ਮਹਿਕਮਿਆਂ ਦੇ ਅਧਿਕਾਰੀਆਂ ਵੱਲੋਂ ਵੱਖ-ਵੱਖ ਸਕੀਮਾਂ ਬਾਰੇ ਜਾਣਕਾਰੀ ਦਿੱਤੀ ਗਈ, ਉੱਥੇ ਸਰਕਾਰੀ ਐਲੀਮੈਂਟਰੀ ਸਕੂਲ ਕੋਟੜਾ ਕੌੜਾ ਦੇ ਅਧਿਆਪਕ ਰਘਵੀਰ ਸਿੰਘ ਵੱਲੋਂ ਭਾਰਤ ਸਰਕਾਰ ਵੱਲੋਂ ਸਰਕਾਰੀ ਸਕੂਲਾਂ 'ਚ ਮਿਲਦੀਆਂ ਸਹੂਲਤਾਂ ਬਾਰੇ ਜਾਣਕਾਰੀ ਦਿੱਤੀ ਗਈ। ਸਰਕਾਰੀ ਐਲੀਮੈਂਟਰੀ ਸਕੂਲ ਕੋਟੜਾ ਕੌੜਾ ਦੇ ਬੱਚਿਆਂ ਵੱਲੋਂ ਸਾਹਿਬਜ਼ਾਦਿਆਂ ਦੀ ਸ਼ਹਾਦਤ ਨੂੰ ਸਮਰਪਤ ਕਵਿਤਾਵਾਂ ਤੇ ਕਵੀਸ਼ਰੀਆਂ ਪੇਸ਼ ਕੀਤੀਆਂ ਗਈਆਂ। ਪੰਚਾਇਤ ਸੈਕਟਰੀ ਵੱਲੋਂ ਪਹੁੰਚੇ ਹੋਏ ਪਿੰਡ ਵਾਸੀਆਂ ਦਾ ਧੰਨਵਾਦ ਕੀਤਾ ਗਿਆ। ਵੱਖ ਵੱਖ ਮਹਿਕਮਿਆਂ ਦੇ ਅਧਿਕਾਰੀਆਂ ਵੱਲੋਂ ਪਿੰਡ ਦੇ ਲੋਕਾਂ ਲਈ ਵੱਖ-ਵੱਖ ਸਕੀਮਾਂ ਦਾ ਲਾਭ ਲੈਣ ਲਈ ਹੈਲਪ ਡੈਸਕ ਲਗਾਏ ਗਏ, ਜਿੱਥੇ ਪਹੁੰਚ ਕੇ ਪਿੰਡ ਵਾਸੀਆਂ ਨੇ ਇਨ੍ਹਾਂ ਸਕੀਮਾਂ ਬਾਰੇ ਜਾਣਕਾਰੀ ਪ੍ਰਾਪਤ ਕੀਤੀ। ਇਸ ਮੌਕੇ ਸਰਪੰਚ ਸੁਖਪ੍ਰੀਤ ਸਿੰਘ, ਸਮੁੱਚੀ ਪੰਚਾਇਤ, ਚੇਅਰਮੈਨ ਰਾਜਿੰਦਰ ਸਿੰਘ, ਚੇਅਰਮੈਨ ਗੁਰਭਗਤ ਸਿੰਘ ਤੇ ਵੱਡੀ ਗਿਣਤੀ ਵਿੱਚ ਪਿੰਡ ਵਾਸੀ ਹਾਜ਼ਰ ਸਨ।



## ਪੁਲਸ ਨੇ ਨਾਕਾ ਲਗਾ ਕੇ ਕੀਤੀ ਵਾਹਨਾਂ ਦੀ ਚੈਕਿੰਗ



**ਸ੍ਰੀ ਮੁਕਤਸਰ ਸਾਹਿਬ ਪੁਲਿਸ (ਸ਼ਮਿੰਦਰਪਾਲ, ਪੂਜਾ)**-ਸਤਨਾਮ ਸਿੰਘ ਵਿਰਕ ਡੀ.ਐੱਸ.ਪੀ. ਸ੍ਰੀ ਮੁਕਤਸਰ ਸਾਹਿਬ ਵੱਲੋਂ ਗੁਰੂ ਨਾਨਕ ਕਾਲਜ ਦੇ ਨਜ਼ਦੀਕ ਟੀ ਪੁਆਇੰਟ 'ਤੇ ਮੋਬਾਈਲ ਨਾਕਾ ਲਗਾ ਕੇ ਸ਼ੱਕੀ ਪੁਰਸ਼ਾਂ ਤੇ ਵਹੀਕਲਾਂ ਦੀ ਚੈਕਿੰਗ ਕੀਤੀ ਗਈ। ਇਸ ਮੌਕੇ ਇੰਸਪੈਕਟਰ ਮਲਕੀਤ ਸਿੰਘ ਮੁੱਖ ਅਫਸਰ ਥਾਣਾ ਸਦਰ ਸ੍ਰੀ ਮੁਕਤਸਰ ਸਾਹਿਬ ਵੀ ਹਾਜ਼ਰ ਸਨ। ਇਸ ਮੌਕੇ ਡੀ.ਐੱਸ.ਪੀ. ਨੇ ਜਾਣਕਾਰੀ ਦਿੰਦੇ ਦੱਸਿਆ ਕਿ ਜ਼ਿਲ੍ਹੇ ਅੰਦਰ ਸ਼ਰਾਰਤੀ ਅਨਸਰਾਂ ਖਿਲਾਫ ਚਲਾਈ ਗਈ ਮਹਿਮ ਤਹਿਤ ਅੱਜ ਗੁਰੂ ਨਾਨਕ ਕਾਲਜ ਨਜ਼ਦੀਕ ਟੀ ਪੁਆਇੰਟ 'ਤੇ ਪੁਲਸ ਵੱਲੋਂ ਮੋਬਾਇਲ ਨਾਕਾਬੰਦੀ ਕੀਤੀ ਗਈ। ਉਨ੍ਹਾ ਕਿਹਾ ਕਿ ਜੇਕਰ ਕਿਸੇ ਵਿਅਕਤੀ ਪਾਸੋਂ ਕੋਈ ਸ਼ੱਕੀ ਚੀਜ਼ ਜਾਂ ਕੋਈ ਨਸ਼ੀਲੀ ਚੀਜ ਬਰਾਮਦ ਹੁੰਦੀ ਹੈ, ਤਾਂ ਉਸ ਵਿਰੁੱਧ ਬਣਦੀ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ। ਇਸ ਮੌਕੇ ਉਨ੍ਹਾਂ ਕਿਹਾ ਕਿ ਕਿਸੇ ਵੀ ਸ਼ਰਾਰਤੀ ਨੰਸਰ ਨੂੰ ਬਖਸ਼ਿਆ ਨਹੀਂ ਜਾਵੇਗਾ ਤੇ ਇਸ ਤਰ੍ਹਾਂ ਦੇ ਮੋਬਾਈਲ ਨਾਕੇ ਅੱਗੇ ਵੀ ਲੱਗਦੇ ਰਹਿਣਗੇ।

# ਛੋਟੇ ਸਾਹਿਬਜ਼ਾਦਿਆਂ ਤੇ ਮਾਤਾ ਗੁਜਰੀ ਦੀ ਯਾਦ 'ਚ ਤਿੰਨ ਰੋਜ਼ਾ ਸ਼ਹੀਦੀ ਸਭਾ ਧਾਰਮਿਕ ਜਾਹੋ-ਜਲਾਲ ਨਾਲ ਸ਼ੁਰੂ

- ਗੁਰਦੁਆਰਾ ਜੋਤੀ ਸਰੂਪ ਸਾਹਿਬ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਆਰੰਭ
- ਦੇਸ਼-ਵਿਦੇਸ਼ ਤੋਂ ਵੱਡੀ ਗਿਣਤੀ ਸ਼ਰਧਾਲੂ ਨਤਮਸਤਕ ਹੋਣ ਲਈ ਪੁੱਜੇ



**ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**

ਸ਼ਹੀਦਾਂ ਦੀ ਪਵਿੱਤਰ ਧਰਤੀ ਸ੍ਰੀ ਫ਼ਤਹਿਗੜ੍ਹ ਸਾਹਿਬ 'ਤੇ ਸਰਬੰਸਦਾਨੀ ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਸਾਹਿਬਜ਼ਾਦਿਆਂ ਬਾਬਾ ਜ਼ੋਰਾਵਰ ਸਿੰਘ ਜੀ, ਬਾਬਾ ਫ਼ਤਹਿ ਸਿੰਘ ਜੀ ਤੇ ਮਾਤਾ ਗੁਜਰੀ ਜੀ ਦੀ ਲਾਸਾਨੀ ਸ਼ਹਾਦਤ ਦੀ ਯਾਦ ਵਿੱਚ ਸਾਲਾਨਾ ਸ਼ਹੀਦੀ ਸਭਾ ਧਾਰਮਿਕ ਰਵਾਇਤਾਂ ਤੇ ਪੂਰੇ ਖ਼ਾਲਸਈ ਜਾਹੋ-ਜਲਾਲ ਨਾਲ ਆਰੰਭ ਹੋਈ। ਸ਼ਹੀਦਾਂ ਦੀ ਯਾਦ 'ਚ ਜੁੜੀ ਸ਼ਹੀਦੀ ਸਭਾ ਦੇ ਪਹਿਲੇ ਦਿਨ ਮੰਗਲਵਾਰ ਗੁਰਦੁਆਰਾ ਸ੍ਰੀ ਫਤਹਿਗੜ੍ਹ ਸਾਹਿਬ ਤੇ ਗੁਰਦੁਆਰਾ ਸ੍ਰੀ ਜੋਤੀ ਸਰੂਪ ਸਾਹਿਬ ਵਿਖੇ ਨਤਮਸਤਕ ਹੋਣ ਲਈ ਪੰਜਾਬ ਸਮੇਤ ਦੇਸ਼-ਵਿਦੇਸ਼ ਤੋਂ ਵੱਡੀ ਗਿਣਤੀ ਸ਼ਰਧਾਲੂ ਪੁੱਜੇ। ਸ਼ਹੀਦੀ ਸਭਾ ਦੀ ਅਰੰਭਤਾ ਮੌਕੇ ਗੁਰਦੁਆਰਾ ਸ੍ਰੀ ਜੋਤੀ ਸਰੂਪ ਸਾਹਿਬ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਵਿੱਤਰ ਬਾਣੀ ਦੇ ਆਖੰਡ ਪਾਠ ਸਾਹਿਬ ਦੀ ਆਰੰਭਤਾ ਦੀ ਅਰਦਾਸ ਹੋਈ। ਗੁਰਦੁਆਰਾ ਸ੍ਰੀ ਜੋਤੀ ਸਰੂਪ ਵਿਖੇ ਨਤਮਸਤਕ ਹੋਣ ਉਪਰੰਤ ਫ਼ਤਹਿਗੜ੍ਹ ਸਾਹਿਬ ਦੇ ਡਿਪਟੀ ਕਮਿਸ਼ਨਰ ਸ੍ਰੀਮਤੀ ਪਰਨੀਤ ਸ਼ੇਰਗਿਲ ਨੇ ਸਮੁੱਚੀ ਸੰਗਤ ਨੂੰ ਬੇਨਤੀ ਕੀਤੀ ਕਿ ਉਹ ਸ਼ਰਧਾਭਾਵ ਤੇ ਸ਼ਾਂਤੀਪੂਰਵਕ, ਸ਼ਹੀਦਾਂ ਨੂੰ ਨਤਮਸਤਕ ਹੁੰਦੇ ਹੋਏ ਸਾਫ਼-ਸਫ਼ਾਈ ਦਾ ਖਾਸ ਧਿਆਨ ਰੱਖਣ ਤੇ ਪ੍ਰਸ਼ਾਸਨ ਨੂੰ ਸਹਿਯੋਗ ਦੇਣ। ਸ੍ਰੀਮਤੀ ਪਰਨੀਤ ਸ਼ੇਰਗਿਲ ਨੇ ਦੱਸਿਆ ਕਿ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਸੰਗਤ ਦੀ ਸੁਵਿਧਾ ਲਈ ਰਹਿਣ ਬਸੇਰੇ ਬਣਾਉਣ ਸਮੇਤ ਪਖਾਨਿਆਂ ਦਾ ਵੀ ਸੁਚੱਜਾ ਪ੍ਰਬੰਧ ਕੀਤਾ ਗਿਆ ਹੈ। ਉਨ੍ਹਾ ਕਿਹਾ ਕਿ ਸ਼ਹੀਦੀ ਸਭਾ ਦੌਰਾਨ ਪੁਲਸ ਵੱਲੋਂ ਸੁਰੱਖਿਆ ਦੇ ਸਖ਼ਤ ਪ੍ਰਬੰਧ ਕੀਤੇ ਗਏ ਹਨ। ਇਸ ਮੌਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਕਾਰਜਕਾਰਨੀ ਮੈਂਬਰ ਭਾਈ ਗੁਰਪ੍ਰੀਤ ਸਿੰਘ ਰੰਧਾਵਾ, ਏ.ਡੀ.ਸੀ. (ਜ) ਇਸ਼ਾ ਸਿੰਗਲ, ਐੱਸ.ਡੀ.ਐੱਮ. ਅਰਵਿੰਦ ਕੁਮਾਰ, ਮੈਨੇਜਰ ਗੁਰਦੀਪ ਸਿੰਘ ਸਮੇਤ ਐੱਸ.ਜੀ.ਪੀ.ਸੀ. ਦੇ ਨੁਮਾਇੰਦੇ ਤੇ ਹੋਰ ਸ਼ਖ਼ਸੀਅਤਾਂ ਅਤੇ ਵੱਡੀ ਗਿਣਤੀ 'ਚ ਸੰਗਤ ਹਾਜ਼ਰ ਸੀ। ਸ਼ਹੀਦੀ ਸਭਾ ਦੌਰਾਨ ਆਖੰਡ ਪਾਠ ਸਾਹਿਬ ਦੇ ਭੋਗ 28 ਦਸੰਬਰ ਨੂੰ ਇਸੇ ਅਸਥਾਨ 'ਤੇ ਪਾਏ ਜਾਣਗੇ ਅਤੇ ਉਸੇ ਦਿਨ ਸਵੇਰੇ ਗੁਰਦੁਆਰਾ ਸ੍ਰੀ ਫਤਹਿਗੜ੍ਹ ਸਾਹਿਬ ਤੋਂ ਨਗਰ ਕੀਰਤਨ ਆਰੰਭ ਹੋ ਕੇ ਦੁਪਹਿਰ ਸਮੇਂ ਗੁਰਦੁਆਰਾ ਸ੍ਰੀ ਜੋਤੀ ਸਰੂਪ ਵਿਖੇ ਪੁੱਜੇਗਾ।

# ਡੀ ਏ ਵੀ ਸੈਂਟਨਰੀ ਪਬਲਿਕ ਸਕੂਲ 'ਚ ਕਲਸਟਰ ਪੱਧਰੀ ਖੇਡ ਮੁਕਾਬਲੇ ਕਰਵਾਏ



**ਜਗਰਾਉਂ (ਨਛੱਤਰ ਸੰਧੂ)**-ਡੀ ਏ ਵੀ ਸੈਂਟਨਰੀ ਪਬਲਿਕ ਸਕੂਲ ਜਗਰਾਉਂ ਵਿਖੇ ਕਲੱਸਟਰ ਪੱਧਰੀ ਖੇਡ ਮੁਕਾਬਲੇ ਕਰਵਾਏ ਗਏ। ਇਸ ਮੌਕੇ ਪ੍ਰਿੰਸੀਪਲ ਸ੍ਰੀ ਵੇਦ ਵਰਤ ਪਲਾਹ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਡੀ ਏ ਵੀ ਨੈਸ਼ਨਲ ਸਪੋਰਟਸ, 2023 ਕਲਸਟਰ ਲੈਵਲ ਦੇ ਅੰਤਰਗਤ ਵੁਸੂ, ਚੈੱਸ ਤੇ ਆਰਚਰੀ ਦੇ ਮੁਕਾਬਲੇ ਕਰਵਾਏ ਗਏ, ਜਿਸ ਵਿੱਚ ਪ੍ਰਿੰਸੀਪਲ ਸ੍ਰੀਮਤੀ ਜਸਵਿੰਦਰ ਕੌਰ (ਡੀ ਏ ਵੀ ਸਕੂਲ, ਕੋਟ ਈਸੇ ਖਾਂ) ਨੇ ਬਤੌਰ ਮੁੱਖ ਮਹਿਮਾਨ ਤੇ ਨਿਰੀਖਕ ਵਜੋਂ ਅਹਿਮ ਭੂਮਿਕਾ ਨਿਭਾਈ। ਇਨ੍ਹਾਂ ਮੁਕਾਬਲਿਆਂ ਵਿੱਚ ਵੱਖ ਵੱਖ ਸਕੂਲਾਂ ਦੀਆਂ ਟੀਮਾਂ ਨੇ ਬੜੇ ਜੋਸ਼ ਨਾਲ ਹਿੱਸਾ ਲਿਆ ਤੇ ਚੰਗੀ ਕਾਰਗੁਜ਼ਾਰੀ ਦਾ ਪ੍ਰਦਰਸ਼ਨ ਕੀਤਾ। ਵੁਸੂ ਅੰਡਰ-14 ਮੁੰਡੇ ਖੇਡ ਵਿੱਚ ਵਿਦਿਆਰਥੀਆਂ ਨੇ -32 ਕਿੱਲੋ ਤੋਂ +52 ਤੱਕ ਦੇ ਲੈਵਲ ਵਿੱਚ ਭਾਗ ਲਿਆ, ਜਿਨ੍ਹਾਂ ਵਿੱਚੋਂ ਯੁਵਰਾਜ ਗੁਪਤਾ (ਡੀ ਏ ਵੀ ਜਗਰਾਉਂ) ਨੇ ਗੋਲਡ ਮੈਡਲ, ਦਿਵਿਆਂਸ਼ੂ (ਡੀ ਏ ਵੀ ਸਕੂਲ ਪੱਖੋਵਾਲ) ਨੇ ਗੋਲਡ ਮੈਡਲ, ਅੰਸ਼ੂਮਨ (ਡੀ ਏ ਵੀ ਸਕੂਲ ਜਗਰਾਉਂ) ਨੇ ਗੋਲਡ ਮੈਡਲ, ਪਰਾਬਖਸੀਸ (ਡੀ ਏ ਵੀ ਸਕੂਲ, ਪੱਖੋਵਾਲ) ਨੇ ਸਿਲਵਰ ਮੈਡਲ, ਐੱਸ ਪ੍ਰੀਤ ਸਿੰਘ (ਡੀ ਏ ਵੀ ਸਕੂਲ, ਜਗਰਾਉਂ) ਨੇ ਗੋਲਡ ਮੈਡਲ, ਪ੍ਰਤਯਕਸ (ਡੀ ਏ ਵੀ ਸਕੂਲ, ਪੱਖੋਵਾਲ) ਨੇ ਸਿਲਵਰ ਮੈਡਲ, ਨਵਰਾਜ ਸਿੰਘ (ਡੀ ਏ ਵੀ ਸਕੂਲ ਪੱਖੋਵਾਲ) ਨੇ ਗੋਲਡ ਮੈਡਲ, ਆਦਿਤ ਮਿੱਤਲ (ਡੀ ਏ ਵੀ ਸਕੂਲ ਜਗਰਾਉਂ) ਨੇ ਗੋਲਡ ਮੈਡਲ, ਸੌਰਯ ਕਪੂਰ (ਡੀ ਏ ਵੀ ਸਕੂਲ, ਪੱਖੋਵਾਲ) ਨੇ ਸਿਲਵਰ ਮੈਡਲ, ਰਿਹਾਨ ਬਾਂਸਲ (ਡੀ ਏ ਵੀ ਸਕੂਲ ਜਗਰਾਉਂ) ਨੇ ਗੋਲਡ ਮੈਡਲ ਹਾਸਲ ਕੀਤਾ। ਓਵਰਆਲ ਪ੍ਰਥਮ ਸਥਾਨ ਜੇਤੂ ਡੀ ਏ ਵੀ ਸਕੂਲ, ਜਗਰਾਉਂ ਰਿਹਾ। ਵੁਸੂ ਅੰਡਰ-17 ਮੁੰਡੇ ਖੇਡਾਂ ਵਿੱਚ ਵਿਦਿਆਰਥੀਆਂ ਨੇ -45 ਕਿੱਲੋ ਤੋਂ +75 ਕਿੱਲੋ ਤੱਕ ਦੀ ਕੈਟਾਗਰੀ ਵਿੱਚ ਭਾਗ ਲਿਆ, ਜਿਨ੍ਹਾਂ ਵਿੱਚ ਪ੍ਰਯਾਗ ਮਲਹੋਤਰਾ (ਡੀ ਏ ਵੀ ਜਗਰਾਉਂ) ਨੇ ਗੋਲਡ ਮੈਡਲ, ਉਦਯਮ ਪਾਸੀ (ਡੀ ਏ ਵੀ ਪੱਖੋਵਾਲ) ਨੇ ਸਿਲਵਰ ਮੈਡਲ, ਮਨਮੋਹਿਤ ਮਲਹੋਤਰਾ (ਡੀ ਏ ਵੀ ਪੱਖੋਵਾਲ) ਨੇ ਗੋਲਡ ਮੈਡਲ, ਕਰਨਜੋਤ ਸਿੰਘ (ਡੀ ਏ ਵੀ ਪੱਖੋਵਾਲ) ਨੇ ਗੋਲਡ ਮੈਡਲ, ਜੈ ਇੰਦਰ ਸਿੰਘ (ਡੀ ਏ ਵੀ ਸਕੂਲ ਜਗਰਾਉਂ) ਨੇ ਗੋਲਡ ਮੈਡਲ, ਅੰਕੁਸ਼ ਬਾਂਸਲ (ਡੀ ਏ ਵੀ ਸਕੂਲ ਜਗਰਾਉਂ) ਨੇ ਗੋਲਡ ਮੈਡਲ, ਅਦਵਯਾ (ਡੀ ਏ ਵੀ ਸਕੂਲ ਪੱਖੋਵਾਲ) ਨੇ ਸਿਲਵਰ ਮੈਡਲ, ਹਰਕਰਨ ਸਿੰਘ (ਡੀ ਏ ਵੀ ਸਕੂਲ ਜਗਰਾਉਂ) ਨੇ ਗੋਲਡ ਮੈਡਲ, ਜਸ਼ਨ (ਡੀ ਏ ਵੀ ਸਕੂਲ ਪੱਖੋਵਾਲ) ਨੇ ਸਿਲਵਰ ਮੈਡਲ, ਕ੍ਰਿਸ ਗਰਗ (ਡੀ ਏ ਵੀ ਸਕੂਲ ਜਗਰਾਉਂ) ਨੇ ਗੋਲਡ ਮੈਡਲ, ਅਸਮੀਤ ਸ਼ਰਮਾ (ਡੀ ਏ ਵੀ ਸਕੂਲ ਪੱਖੋਵਾਲ) ਨੇ ਸਿਲਵਰ ਮੈਡਲ ਪ੍ਰਾਪਤ ਕੀਤਾ।ਓਵਰਆਲ ਪ੍ਰਥਮ ਸਥਾਨ ਡੀ ਏ ਵੀ ਸਕੂਲ ਜਗਰਾਉਂ ਤੇ ਦੂਜਾ ਸਥਾਨ ਡੀ ਏ ਵੀ ਸਕੂਲ ਪੱਖੋਵਾਲ ਨੂੰ ਐਲਾਨਿਆ ਗਿਆ। ਇਸੇ ਪ੍ਰਕਾਰ ਵੁਸੂ ਅੰਡਰ-19 ਮੁੰਡਿਆਂ ਵਿੱਚ ਸਕਸ਼ਮ (ਡੀ ਏ ਵੀ ਜਗਰਾਉਂ) ਨੇ ਗੋਲਡ ਮੈਡਲ, ਚਕਸ਼ਿਤ ਸ਼ਰਮਾ (ਡੀ ਏ ਵੀ ਪੱਖੋਵਾਲ) ਨੇ ਗੋਲਡ ਮੈਡਲ, ਕਰਤੱਵਿਆ ਵਿੱਜ (ਡੀ ਏ ਵੀ ਸਕੂਲ ਪੱਖੋਵਾਲ) ਨੇ ਗੋਲਡ ਮੈਡਲ, ਰਾਜਵੀਰ ਸਿੰਘ (ਡੀ ਏ ਵੀ ਪੱਖੋਵਾਲ) ਨੇ ਗੋਲਡ ਮੈਡਲ, ਜੈਵੀਰ ਕੰਡਾ (ਡੀ ਏ ਵੀ ਸਕੂਲ ਜਗਰਾਉਂ) ਨੇ ਗੋਲਡ ਮੈਡਲ, ਤੇਜਸਵੀਰ (ਡੀ ਏ ਵੀ ਪੱਖੋਵਾਲ) ਨੇ ਗੋਲਡ ਮੈਡਲ, ਅਰਸ਼ ਸੂਦ (ਡੀ ਏ ਵੀ ਪੱਖੋਵਾਲ) ਨੇ ਗੋਲਡ ਮੈਡਲ, ਹਿਮਾਂਸ਼ੂ (ਡੀ ਏ ਵੀ ਪੱਖੋਵਾਲ) ਨੇ ਗੋਲਡ ਮੈਡਲ, ਸ਼ਿਵਾਲਕ ਬਾਂਸਲ (ਡੀ ਏ ਵੀ ਜਗਰਾਉਂ) ਨੇ ਸਿਲਵਰ ਮੈਡਲ ਪ੍ਰਾਪਤ ਕੀਤਾ। ਓਵਰਆਲ ਟਰੌਫੀ ਪ੍ਰਥਮ ਸਥਾਨ ਡੀ ਏ ਵੀ ਸਕੂਲ ਪੱਖੋਵਾਲ ਨੂੰ ਪ੍ਰਾਪਤ ਹੋਇਆ ਤੇ ਡੀ ਏ ਵੀ ਪਬਲਿਕ ਸਕੂਲ ਜਗਰਾਉਂ ਨੇ ਦੂਸਰੀ ਪੁਜ਼ੀਸ਼ਨ ਹਾਸਲ ਕੀਤੀ। ਵੁਸੂ ਅੰਡਰ 14 ਕੁੜੀਆਂ 'ਚ ਏਂਜਲ ਸਿੰਗਲਾ, ਯਸ਼ਿਕਾ ਗਰਗ ਨੇ ਗੋਲਡ ਮੈਡਲ ਪ੍ਰਾਪਤ ਕੀਤਾ। ਵੁਸੂ ਅੰਡਰ-17 ਕੁੜੀਆਂ 'ਚ ਪ੍ਰਾਚੀ, ਕੀਰਤ ਕੌਰ, ਹਰਨੂਰ ਕੌਰ, ਪ੍ਰਤਿਭਾ ਵਰਮਾ, ਏਂਜਲ ਗੁਪਤਾ, ਮੰਨਤ ਪ੍ਰੀਤ ਕੌਰ, (ਡੀ ਏ ਵੀ ਸਕੂਲ ਜਗਰਾਉਂ) ਨੇ ਗੋਲਡ ਮੈਡਲ, ਹਾਰਦੀਆ (ਡੀ ਏ ਵੀ ਸਕੂਲ ਪੱਖੋਵਾਲ) ਨੇ ਗੋਲਡ ਮੈਡਲ ਪ੍ਰਾਪਤ ਕੀਤਾ। ਓਵਰਆਲ ਟਰੌਫੀ 'ਚ ਡੀ ਏ ਵੀ ਸਕੂਲ ਜਗਰਾਉਂ ਨੂੰ ਪ੍ਰਥਮ ਸਥਾਨ ਤੇ ਡੀ ਏ ਵੀ ਪੱਖੋਵਾਲ ਸਕੂਲ ਨੂੰ ਦੂਸਰਾ ਸਥਾਨ ਪ੍ਰਾਪਤ ਹੋਇਆ। ਵੁਸੂ ਅੰਡਰ-19 ਕੁੜੀਆਂ ਵਿੱਚ ਦੇਵਾਂਗੀ ਸ਼ਰਮਾ (ਡੀ ਏ ਵੀ ਪੱਖੋਵਾਲ ਸਕੂਲ) ਨੂੰ ਸਿਲਵਰ ਮੈਡਲ, ਰਵਨੀਤ ਕੌਰ, ਜੀਆ ਗਿੱਲ, ਪ੍ਰਤਿਭਾ ਸ਼ਰਮਾ, ਰਿਤਿਕਾ, ਮਨਸਕਾ ਭੱਟੀ, ਸਾਇਨਾ ਕਤਿਆਲ, ਗੁਨਵੀਨ ਕੌਰ (ਡੀ ਏ ਵੀ ਸਕੂਲ ਜਗਰਾਉਂ) ਨੇ ਗੋਲਡ ਮੈਡਲ ਪ੍ਰਾਪਤ ਕੀਤਾ। ਓਵਰਆਲ ਪ੍ਰਥਮ ਸਥਾਨ ਟਰੌਫੀ ਡੀ ਏ ਵੀ ਜਗਰਾਉਂ ਤੇ ਦੂਸਰਾ ਸਥਾਨ ਡੀ ਏ ਵੀ ਪੱਖੋਵਾਲ ਨੂੰ ਮਿਲਿਆ। ਸ਼ਤਰੰਜ ਚੈਂਪੀਅਨਸ਼ਪ ਅੰਡਰ 14 ਕੁੜੀਆਂ ਮੁਕਾਬਲੇ ਵਿੱਚ ਡੀ ਏ ਵੀ ਸਕੂਲ ਜਗਰਾਉਂ ਅੱਵਲ ਰਿਹਾ ਤੇ ਡੀ ਏ ਵੀ ਸਕੂਲ ਜੈਤੋ ਨੇ ਦੂਜਾ ਸਥਾਨ ਪ੍ਰਾਪਤ ਕੀਤਾ। ਸ਼ਤਰੰਜ ਅੰਡਰ-17 ਕੁੜੀਆਂ ਮੁਕਾਬਲੇ 'ਚ ਡੀ ਏ ਵੀ ਸਕੂਲ ਬੀ ਆਰ ਐੱਸ ਨਗਰ ਲੁਧਿਆਣਾ ਨੇ ਪਹਿਲਾ ਤੇ ਪੁਲਸ ਡੀ ਏ ਵੀ ਸਕੂਲ ਲੁਧਿਆਣਾ ਨੇ ਦੂਜਾ ਸਥਾਨ ਹਾਸਲ ਕੀਤਾ। ਸ਼ਤਰੰਜ ਅੰਡਰ-19 ਕੁੜੀਆਂ ਮੁਕਾਬਲੇ 'ਚ ਡੀ ਏ ਵੀ ਸਕੂਲ ਜਗਰਾਉਂ ਪਹਿਲਾ ਸਥਾਨ ਹਾਸਲ ਕੀਤਾ। ਸ਼ਤਰੰਜ ਅੰਡਰ-14 ਮੁੰਡੇ ਮੁਕਾਬਲੇ 'ਚ ਪੁਲਸ ਡੀ ਏ ਵੀ ਲੁਧਿਆਣਾ ਨੇ ਪਹਿਲਾ, ਡੀ ਏ ਵੀ ਪਬਲਿਕ ਸਕੂਲ ਜਗਰਾਉਂ ਨੇ ਦੂਸਰਾ ਸਥਾਨ ਹਾਸਲ ਕੀਤਾ। ਸ਼ਤਰੰਜ ਅੰਡਰ-17 ਮੁੰਡੇ ਮੁਕਾਬਲੇ 'ਚ ਪੁਲਸ ਡੀ ਏ ਵੀ ਸਕੂਲ ਲੁਧਿਆਣਾ ਨੇ ਪਹਿਲਾ, ਡੀ ਏ ਵੀ ਬੀ ਆਰ ਐੱਸ ਨਗਰ ਲੁਧਿਆਣਾ ਨੇ ਦੂਜਾ ਤੇ ਡੀ ਏ ਵੀ ਕੋਟਕਪੂਰਾ ਨੇ ਤੀਜਾ ਸਥਾਨ ਹਾਸਲ ਕੀਤਾ। ਸ਼ਤਰੰਜ ਅੰਡਰ-19 ਮੁੰਡੇ ਮੁਕਾਬਲੇ 'ਚ ਪੁਲਸ ਡੀ ਏ ਵੀ ਸਕੂਲ ਲੁਧਿਆਣਾ ਨੇ ਪਹਿਲਾ ਤੇ ਡੀ ਏ ਵੀ ਸਕੂਲ ਜਗਰਾਉਂ ਨੇ ਦੂਜਾ ਸਥਾਨ ਹਾਸਲ ਕੀਤਾ। ਇਸ ਉਪਰੰਤ ਪ੍ਰਿੰਸੀਪਲ ਸਾਹਿਬ ਨੇ ਜੇਤੂਆਂ ਨੂੰ ਟਰਾਫੀਆਂ ਦੇ ਕੇ ਸਨਮਾਨਤ ਕੀਤਾ। ਆਏ ਹੋਏ ਕੋਚ ਸਾਹਿਬਾਨਾਂ ਨੂੰ ਵੀ ਯਾਦਗਾਰੀ ਚਿੰਨ੍ਹ ਭੇਟ ਕੀਤੇ ਗਏ। ਵਿਦਿਆਰਥੀਆਂ ਦੇ ਸਰਵਪੱਖੀ ਵਿਕਾਸ ਲਈ ਹਮੇਸ਼ਾ ਖੇਡਾਂ ਵਿੱਚ ਭਾਗ ਲੈਣ ਲਈ ਵੀ ਪ੍ਰੇਰਣਾ ਦਿੱਤੀ ਗਈ। ਇਸ ਮੌਕੇ ਸਮੂਹ ਸਟਾਫ ਮੈਂਬਰ ਮੌਜੂਦ ਸੀ।

## ਸੀ ਪੀ ਆਈ ਨੇ ਮਨਾਇਆ 98ਵਾਂ ਸਥਾਪਨਾ ਦਿਵਸ

*** ਅਜ਼ਾਦੀ ਸੰਗਰਾਮ ਦੌਰਾਨ ਲਾਲ ਝੰਡੇ ਹੇਠ ਕੀਤੀਆਂ ਕੁਰਬਾਨੀਆਂ ਨੂੰ ਕੀਤਾ ਯਾਦ**



ਫ਼ਰੀਦਕੋਟ (ਐਲਿਗਜੈਂਡਰ ਡਿਸੂਜ਼ਾ) 'ਭਾਰਤੀ ਕਮਿਊਨਿਸਟ ਪਾਰਟੀ ਦੀ ਸਥਾਪਨਾ 26 ਦਸੰਬਰ 1925 ਨੂੰ ਕਾਨਪੁਰ ਵਿੱਚ ਮਹਾਨ ਰੂਸੀ ਇਨਕਲਾਬ ਤੋਂ ਕਰੀਬ 8 ਸਾਲ ਬਾਅਦ ਬਰਤਾਨਵੀ ਸਾਮਰਾਜ ਤੋਂ ਅਜ਼ਾਦੀ ਹਾਸਲ ਕਰਨ ਅਤੇ ਅਜ਼ਾਦੀ ਦੇ ਬਾਅਦ ਮਜ਼ਦੂਰਾਂ-ਕਿਸਾਨਾਂ ਅਤੇ ਹੋਰ ਮਿਹਨਤਕਸ਼ ਲੋਕਾਂ ਦੀ ਸਰਦਾਰੀ ਵਾਲਾ ਰਾਜ ਪ੍ਰਬੰਧ ਲਿਆਉਣ ਦੇ ਮਕਸਦ ਨਾਲ ਕੀਤੀ ਗਈ ਸੀ।' ਸ਼ਹੀਦ ਕਾਮਰੇਡ ਅਮੋਲਕ ਭਵਨ ਵਿੱਚ ਪਾਰਟੀ ਦਾ ਸੁਰਖ ਝੰਡਾ ਲਹਿਰਾਉਣ ਦੇ ਬਾਅਦ ਹਾਜ਼ਰ ਪਾਰਟੀ ਆਗੂਆਂ ਅਤੇ ਮੈਂਬਰਾਂ ਨੂੰ ਸੰਬੋਧਨ ਕਰਦੇ ਹੋਏ ਜ਼ਿਲ੍ਹਾ ਸਕੱਤਰ ਕਾਮਰੇਡ ਅਸ਼ੋਕ ਕੌਸ਼ਲ ਨੇ ਕਹੇ।

ਉਨ੍ਹਾਂ ਦੱਸਿਆ ਕਿ ਪਹਿਲਾਂ ਬਦੇਸੀ ਰਾਜ ਦੌਰਾਨ ਪਾਰਟੀ ਦੇ ਸਿਖਰਲੇ ਆਗੂਆਂ ਨੂੰ ਕਾਨਪੁਰ, ਪੇਸ਼ਾਵਰ ਅਤੇ ਫਿਰ ਮੇਰਠ ਸਾਜ਼ਿਸ਼ ਆਦਿ ਝੂਠੇ ਕੇਸਾਂ ਵਿੱਚ ਫਸਾ ਕੇ ਜੇਲ੍ਹ ਬੰਦ ਕੀਤਾ ਗਿਆ।

ਪਾਰਟੀ ਨੇ ਆਪਣੀ ਸਥਾਪਨਾ ਤੋਂ ਲੈ ਕੇ ਹੁਣ ਤੱਕ ਦੇਸ਼ ਦੇ ਸਭ ਤੋਂ ਵੱਧ ਲੁੱਟੇ ਤੇ ਲਿਤਾੜੇ ਸਨਅਤੀ ਮਜ਼ਦੂਰਾਂ, ਖੇਤ ਮਜ਼ਦੂਰਾਂ ਅਤੇ ਕਿਸਾਨਾਂ ਦੇ ਹੱਕਾਂ ਦੀ ਰਾਖੀ ਲਈ ਤਿਲੰਗਾਨਾ, ਪੈਪਸੂ ਮੁਜਾਰਾ ਘੋਲ ਆਦਿ ਅਨੇਕ ਸੰਘਰਸ਼ ਲੜੇ ਜਿਨ੍ਹਾਂ ਦੀਆਂ ਕੁਰਬਾਨੀਆਂ ਤੇ ਪ੍ਰਾਪਤੀਆਂ ਦਾ ਸ਼ਾਨਦਾਰ ਇਤਿਹਾਸ ਮੌਜੂਦ ਹੈ। ਸਥਾਪਨਾ ਦਿਵਸ ਸਮਾਗਮ ਨੂੰ ਪਾਰਟੀ ਦੇ ਮੀਤ ਸਕੱਤਰ ਕਾਮਰੇਡ ਗੁਰਨਾਮ ਸਿੰਘ, ਕਿਸਾਨ ਆਗੂ ਸੁਖਜਿੰਦਰ ਸਿੰਘ ਤੂੰਬੜਭੰਨ, ਕਾਮਰੇਡ ਜਗਤਾਰ ਸਿੰਘ ਭਾਣਾ ਅਤੇ ਇਸਤਰੀ ਆਗੂ ਬੀਬੀ ਮਨਜੀਤ ਕੌਰ ਨੇ ਵੀ ਸੰਬੋਧਨ ਕੀਤਾ।

ਬੁਲਾਰਿਆਂ ਨੇ ਮੋਦੀ ਸਰਕਾਰ ਵੱਲੋਂ 146 ਵਿਰੋਧੀ ਮੈਂਬਰਾਂ ਨੂੰ ਮੁਅੱਤਲ ਕਰਕੇ ਬਿਨਾਂ ਸਾਰਥਿਕ ਬਹਿਸ ਦੇ ਫੌਜਦਾਰੀ ਕਾਨੂੰਨ ਸੋਧ ਦੇਣ ਨੂੰ ਸੰਸਦੀ ਲੋਕਤੰਤਰ ਲਈ ਗੰਭੀਰ ਖਤਰਾ ਦੱਸਿਆ, ਜਿਸ ਨੂੰ ਰੋਕਣ ਲਈ ਸਭ ਦੇਸ਼ਭਗਤ ਤਾਕਤਾਂ ਨੂੰ ਇੰਡੀਆ ਗਠਜੋੜ ਦੇ ਹੱਥ ਮਜ਼ਬੂਤ ਕਰਨ ਦੀ ਲੋੜ ਹੈ। ਇਸ ਮੌਕੇ ਭਲਵਿੰਦਰ ਸਿੰਘ, ਸੁਖਦਰਸ਼ਨ ਰਾਮ, ਗੁਰਚਰਨ ਸਿੰਘ ਮਾਨ, ਪ੍ਰਦੀਪ ਬਰਾੜ, ਚਰਨਜੀਤ ਸਿੰਘ ਚੰਬੇਲੀ, ਸੁੰਦਰ ਸਿੰਘ ਨੰਬਰਦਾਰ, ਮੁਖਤਿਆਰ ਸਿੰਘ ਭਾਣਾ, ਗਿਆਨੀ ਬਚਿੱਤਰ ਸਿੰਘ, ਵੀਰ ਸਿੰਘ, ਬੋਹੜ ਸਿੰਘ, ਲਖਵਿੰਦਰ ਸਿੰਘ ਕਾਬਲਵਾਲਾ, ਉੱਤਮ ਸਿੰਘ ਸਾਦਿਕ, ਆਸ਼ਾ ਚੌਧਰੀ, ਊਸ਼ਾ ਤਨੇਜਾ, ਰੋਮਾ ਤੇ ਰੁਪਿੰਦਰ ਕੌਰ ਹਾਜ਼ਰ ਸਨ।

ਇਕ ਮਤਾ ਪਾਸ ਕਰਕੇ ਪੰਜਾਬ ਸਰਕਾਰ ਅਤੇ ਜ਼ਿਲ੍ਹਾ ਪ੍ਰਸ਼ਾਸਨ ਤੋਂ ਮੰਗ ਕੀਤੀ ਗਈ ਕਿ ਪਿੰਡ ਦੀਪ ਸਿੰਘ ਵਾਲਾ ਦੇ ਨੌਜਵਾਨ ਕੁਲਦੀਪ ਸਿੰਘ ਦੀ ਕਥਿਤ ਨਸ਼ਾ ਛੁਡਾਊ ਕੇਂਦਰ ਬਿਸ਼ਨੰਦੀ ਵਿੱਚ ਕੁੱਟਮਾਰ ਕਾਰਨ ਹੋਈ ਮੌਤ ਦੀ ਉਚ ਪੱਧਰ ਦੀ ਜਾਂਚ ਕਰਾ ਕੇ ਮ੍ਰਿਤਕ ਦੇ ਪਰਵਾਰ ਨੂੰ ਇਨਸਾਫ਼ ਦਿੱਤਾ ਜਾਵੇ ਤੇ ਬਿਨਾਂ ਮਨਜ਼ੂਰੀ ਚੱਲ ਰਹੇ ਨਸ਼ਾ ਛੁਡਾਊ ਕੇਂਦਰਾਂ 'ਤੇ ਕੰਟਰੋਲ ਕੀਤਾ ਜਾਵੇ।

## ਸਭਿਆਚਾਰ ਚੇਤਨਾ ਮੰਚ ਵੱਲੋਂ ਲੋਹੜੀ ਮੇਲੇ ਦੌਰਾਨ ਸਨਮਾਨਤ ਹੋਣ ਵਾਲੀਆਂ 15 ਧੀਆਂ ਦੇ ਨਾਵਾਂ ਦੀ ਚੋਣ



ਮਾਨਸਾ (ਆਤਮਾ ਸਿੰਘ ਪਮਾਰ) ਸੱਭਿਆਚਾਰ ਚੇਤਨਾ ਮੰਚ ਵੱਲੋਂ 6 ਜਨਵਰੀ ਨੂੰ ਮਾਤਾ ਸੁੰਦਰੀ ਯੂਨੀਵਰਸਿਟੀ ਗਰਲਜ਼ ਕਾਲਜ ਵਿਖੇ ਕਰਾਏ ਜਾ ਰਹੇ 19ਵੇਂ ਲੋਹੜੀ ਮੇਲੇ ਦੌਰਾਨ ਸਨਮਾਨਤ ਕੀਤੀਆਂ ਜਾਣ ਵਾਲੀਆਂ ਜ਼ਿਲ੍ਹੇ ਦੀਆਂ 15 ਹੋਣਹਾਰ ਧੀਆਂ ਦੇ ਨਾਵਾਂ ਦੀ ਚੋਣ ਕਰ ਲਈ ਹੈ। ਇਨ੍ਹਾਂ ਧੀਆਂ ਵਿੱਚ ਏਸ਼ਿਆਈ ਖੇਡਾਂ ਦੌਰਾਨ ਤੀਰਅੰਦਾਜ਼ੀ ਵਿੱਚ ਸੋਨ ਤਮਗਾ ਜਿੱਤਣ ਵਾਲੀ ਪ੍ਰਨੀਤ ਕੌਰ ਮੰਢਾਲੀ, 35 ਕਿਲੋਮੀਟਰ ਪੈਦਲ ਚਾਲ ਦੌਰਾਨ ਕਾਂਸੀ ਦਾ ਤਗਮਾ ਜਿੱਤਣ ਵਾਲੀ ਮੰਜੂ ਰਾਣੀ ਤੇ ਹੋਰਨਾਂ ਵੱਖ-ਵੱਖ ਖੇਤਰਾਂ 'ਚ ਨਾਮਣਾ ਖੱਟਣ ਵਾਲੀਆਂ ਧੀਆਂ ਸ਼ਾਮਲ ਹਨ।

ਮੰਚ ਵੱਲੋਂ ਲੋਹੜੀ ਮੇਲੇ ਦੌਰਾਨ ਸਨਮਾਨਤ ਕੀਤੀਆਂ ਜਾਣ ਵਾਲੀਆਂ ਹੋਰਨਾਂ ਧੀਆਂ ਦੇ ਨਾਵਾਂ ਦਾ ਐਲਾਨ ਨਵੇਂ ਸਾਲ ਮੌਕੇ ਕੀਤਾ ਜਾਵੇਗਾ। ਮੰਚ ਵੱਲੋਂ ਇਸ ਵਾਰ ਦਾ ਲੋਹੜੀ ਮੇਲਾ ਮੰਚ ਦੇ ਸਾਬਕਾ ਵਿੱਤ ਸਕੱਤਰ ਸਵ.ਕ੍ਰਿਸ਼ਨ ਚੰਦ ਫੱਤਾ ਨੂੰ ਸਮਰਪਤ ਕੀਤਾ ਗਿਆ ਹੈ।

ਮੰਚ ਦੇ ਪ੍ਰਧਾਨ ਹਰਿੰਦਰ ਮਾਨਸ਼ਾਹੀਆ, ਜਨਰਲ ਸਕੱਤਰ ਹਰਦੀਪ ਸਿੱਧੂ ਨੇ ਦੱਸਿਆ ਕਿ ਮੰਚ ਦੇ ਕੋਆਰਡੀਨੇਟਰ ਬਲਰਾਜ ਨੰਗਲ, ਵਿੱਤ ਸਕੱਤਰ ਪ੍ਰਿਤਪਾਲ ਸਿੰਘ, ਡਾਇਰੈਕਟਰ ਸਰਬਜੀਤ ਕੌਸ਼ਲ ਦੀ ਅਗਵਾਈ 'ਚ ਬਣਾਈ ਚੋਣ ਕਮੇਟੀ ਵੱਲੋਂ ਲੋਹੜੀ ਮੇਲੇ ਦੌਰਾਨ ਸਨਮਾਨਤ ਹੋਣ ਵਾਲੀਆਂ 15 ਧੀਆਂ ਦੇ ਨਾਵਾਂ ਦਾ ਐਲਾਨ ਕੀਤਾ ਗਿਆ ਹੈ, ਬਾਕੀ ਧੀਆਂ ਦੇ ਨਾਵਾਂ ਦਾ ਐਲਾਨ ਵੀ ਜਲਦੀ ਹੀ ਕੀਤਾ ਜਾਵੇਗਾ।

ਉਨ੍ਹਾਂ ਦੱਸਿਆ ਕਿ ਸਨਮਾਨਤ ਹੋਣ ਵਾਲੀਆਂ ਧੀਆਂ ਵਿੱਚ ਏਸ਼ਿਆਈ ਖੇਡਾਂ ਦੌਰਾਨ ਤੀਰਅੰਦਾਜ਼ੀ ਦੌਰਾਨ ਸੋਨ ਤਗਮਾ ਜਿੱਤਣ ਵਾਲੀ ਪ੍ਰਨੀਤ ਕੌਰ ਪੁੱਤਰੀ ਮਾਸਟਰ ਅਵਤਾਰ ਸਿੰਘ ਮੰਢਾਲੀ, 35 ਕਿਲੋਮੀਟਰ ਪੈਦਲ ਚਾਲ ਦੌਰਾਨ ਕਾਂਸੀ ਦਾ ਤਗਮਾ ਜਿੱਤਣ ਵਾਲੀ ਮੰਜੂ ਰਾਣੀ ਪੁੱਤਰੀ ਜਗਦੀਸ਼ ਗਾਮਾ ਖੈਰਾਂ ਕਲਾਂ, ਸਮਾਜ ਸੇਵਾ ਖੇਤਰ 'ਚ ਨੈਸ਼ਨਲ ਐਵਾਰਡ ਹਾਸਲ ਕਰਨ ਵਾਲੀ ਜੀਤ ਦਹੀਆ, ਸਿੱਖਿਆ ਬੋਰਡ ਦੀ ਪੰਜਵੀਂ ਦੀ ਪ੍ਰੀਖਿਆ ਦੌਰਾਨ ਪੰਜਾਬ ਭਰ ਚੋਂ ਪਹਿਲਾ, ਦੂਜਾ ਸਥਾਨ ਪ੍ਰਾਪਤ ਕਰਨ ਵਾਲੀਆਂ ਸਰਕਾਰੀ ਪ੍ਰਾਇਮਰੀ ਸਕੂਲ ਰੱਲਾ ਕੋਠੇ ਦੀਆਂ ਵਿਦਿਆਰਥਣਾਂ ਜਸਪ੍ਰੀਤ ਕੌਰ ਪੁੱਤਰੀ ਜਰਨੈਲ ਸਿੰਘ, ਨਵਦੀਪ ਕੌਰ ਪੁੱਤਰੀ ਕਰਮਜੀਤ ਸਿੰਘ,ਅੱਠਵੀਂ ਜਮਾਤ ਦੌਰਾਨ ਪੰਜਾਬ ਭਰ ਚੋਂ ਪਹਿਲਾ, ਦੂਜਾ ਸਥਾਨ ਪ੍ਰਾਪਤ ਕਰਨ ਵਾਲੀਆਂ ਸਰਕਾਰੀ ਸੀਨੀਅਰ ਸੈਕੰਡਰੀ ਕੰਨਿਆ ਸਕੂਲ ਬੁਢਲਾਡਾ ਦੀਆਂ ਵਿਦਿਆਰਥਣਾਂ ਲਵਪ੍ਰੀਤ ਕੌਰ ਪੁੱਤਰੀ ਕੁਲਵਿੰਦਰ ਸਿੰਘ ਬੁਢਲਾਡਾ, ਗੁਰਅੰਕਿਤ ਕੌਰ ਪੁੱਤਰੀ ਸੁਖਵਿੰਦਰ ਸਿੰਘ, ਦਸਵੀਂ ਜਮਾਤ ਵਿਚੋਂ ਪੰਜਾਬ ਭਰ 'ਚੋਂ ਤੀਜਾ ਸਥਾਨ ਪ੍ਰਾਪਤ ਕਰਨ ਵਾਲੀ ਹਰਮਨਦੀਪ ਕੌਰ ਸਰਕਾਰੀ ਹਾਈ ਸਕੂਲ ਮੰਢਾਲੀ, ਬਾਰ੍ਹਵੀਂ ਜਮਾਤ ਵਿੱਚੋਂ ਪੰਜਾਬ ਭਰ 'ਚੋਂ ਪਹਿਲਾ ਸਥਾਨ ਪ੍ਰਾਪਤ ਕਰਨ ਵਾਲੀ ਦਸਮੇਸ਼ ਕਾਨਵੈਂਟ ਸਕੂਲ ਸਰਦੂਲਗੜ੍ਹ ਦੀ ਵਿਦਿਆਰਥਣ ਸੁਜਾਨ ਕੌਰ ਪੁੱਤਰੀ ਨਿਰਮਲ ਸਿੰਘ, ਪੇਂਟਿੰਗ ਮੁਕਾਬਲੇ ਦੌਰਾਨ ਪੰਜਾਬ ਭਰ 'ਚੋਂ ਪਹਿਲਾ ਸਥਾਨ ਪ੍ਰਾਪਤ ਕਰਕੇ ਨੈਸ਼ਨਲ ਪੱਧਰੀ ਮੁਕਾਬਲੇ ਲਈ ਚੁਣੀ ਗਈ ਸਪਸ ਜੀਤਸਰ ਦੀ ਵਿਦਿਆਰਥਣ ਸਹਿਜਵੀਰ ਅਤੇ ਕਰਾਟੇ ਚ ਪੰਜਾਬ ਭਰ ਚੋਂ ਪਹਿਲਾ ਸਥਾਨ ਪ੍ਰਾਪਤ ਕਰਨ ਵਾਲੀ ਸੀਰਤਪ੍ਰੀਤ ਕੌਰ ਸਰਕਾਰੀ ਪ੍ਰਾਇਮਰੀ ਸਕੂਲ ਲੋਹਗੜ੍ਹ ਸ਼ਾਮਲ ਹਨ।

ਸਨਮਾਨਤ ਹੋਣ ਵਾਲੀਆਂ ਧੀਆਂ 'ਚ ਜੇ.ਈ.ਈ ਅਡਵਾਂਸ ਵਿੱਚ ਆਲ ਇੰਡੀਆ ਪੱਧਰ 'ਤੇ 206ਵਾਂ ਰੈਂਕ ਹਾਸਲ ਕਰਕੇ ਆਈ.ਆਈ.ਟੀ. ਮੁੰਬਈ ਵਿਖੇ ਕੰਪਿਊਟਰ ਸਾਇੰਸ ਵਿੱਚ ਦਾਖਲਾ ਲੈਣ ਵਾਲੀ ਇਸ਼ੀਤਾ ਪੁੱਤਰੀ ਪ੍ਰਵੀਨ ਗੋਇਲ ਮਾਨਸਾ, ਮੈਡੀਕਲ ਖੇਤਰ 'ਚ ਚੰਗਾ ਰੈਂਕ ਪ੍ਰਾਪਤ ਕਰਕੇ ਏਮਜ਼ ਬਠਿੰਡਾ 'ਚ ਐੱਮ.ਬੀ.ਬੀ.ਐੱਸ. ਕਰ ਰਹੀ ਸੁਖਨੂਰ ਪੁੱਤਰੀ ਰਾਕੇਸ਼ ਗਰਗ ਮੈਨੇਜਰ ਤੇ ਗੁਰੂ ਗੋਬਿੰਦ ਸਿੰਘ ਕਾਲਜ ਫ਼ਰੀਦਕੋਟ ਵਿਖੇ ਐੱਮ.ਬੀ.ਬੀ.ਐੱਸ. ਕਰ ਰਹੀਆਂ ਗੁਰਨੀਤ ਕੌਰ ਪੁੱਤਰੀ ਗੁਰਜੰਟ ਸਿੰਘ ਚਹਿਲ ਅਧਿਆਪਕ, ਦੀਆ ਗਰਗ ਪੁੱਤਰੀ ਜੀਵਨ ਕੁਮਾਰ ਸ਼ਾਮਲ ਹਨ।

## ਕਲਾਸੀਫਾਈਡ ਇਸ਼ਤਿਹਾਰ

### ਨੋਟਿਸ

[illegible]

### ਆਮ ਸੂਚਨਾ

[illegible]

### ਅਦਾਲਤੀ ਇਸ਼ਤਿਹਾਰ

[illegible]

### Admission Notice

BABA MONI JI MAHARAJ COLLEGE OF NURSING, LEHRA MOHABBAT, BATHINDA Direct Admission 2023 to BRIDGE PROGRAMME CERTIFICATE IN COMMUNITY HEALTH NURSING (BPCCHN) Eligibility as per B.F.U.H.S Faridkot Date of counselling in College on 29-12-2023 at 10 AM, Contacts 7262800005, 0164-2753318
moni_college@yahoo.in

### ਅਦਾਲਤੀ ਇਸ਼ਤਿਹਾਰ

ਬਾ-ਅਦਾਲਤ ਨਾਇਬ ਤਹਿਸੀਲਦਾਰ ਕਮ-ਸਹਾਇਕ ਕੁਲੈਕਟਰ ਦਰਜਾ ਅੱਵਲ, ਫਿੱਲਵਾਂ।

ਮਿਸਲ ਨੰ:-268/ਐਨ ਟੀ, 269/ਐਨ ਟੀ, 270/ਐਨ ਟੀ, 271/ਐਨ ਟੀ

ਤਾਰੀਖ ਰਜੂਆ : 04-09-2023

ਅਗਲੀ ਤਾਰੀਖ ਪੇਸ਼ੀ : 02-01-2024

[illegible]

### ਅਦਾਲਤੀ ਇਸ਼ਤਿਹਾਰ

[illegible]

### Public Notice

I Karanjit Singh S/o Gurmeet Singh R/o Dhakon Po Bahowal Tehsil Garhshankar Distt Hoshiarpur declare that the correct name of my father is Gurmeet Singh instead of Gurmit Singh.

### ਆਮ ਸੂਚਨਾ

ਮੈਂ ਜਸਵਿੰਦਰ ਸਿੰਘ ਪੁੱਤਰ ਸ੍ਰ. ਦਿਆਲ ਸਿੰਘ ਵਾਸੀ 204, ਸੁਦਰਸ਼ਨ ਨਗਰ, ਐਸ. ਡਬਲਯੂ ਰੋਡ, ਅੰਮ੍ਰਿਤਸਰ ਸੂਚਿਤ ਕਰਦਾ ਹਾਂ ਕਿ ਖਾਸ ਪਾਵਰ ਆਫ਼ ਅਟੋਰਨੀ, ਕੁਲ ਰਕਬਾ 201 ਵਰਗ ਗਜ਼, ਦਸਤਾਵੇਜ਼ ਨੰ. 12155, ਜਿਲਦ ਨੰ. 1014, ਸਫ਼ਾ ਨੰ. 49, ਤਸਦੀਕ ਮਿਤੀ 11.1.1995, ਜੋ ਮੇਰੀ ਪਤਨੀ [illegible]

### ਬੇਦਖ਼ਲੀ ਨੋਟਿਸ

[illegible]

### ਬੇਦਖ਼ਲੀ ਨੋਟਿਸ

[illegible]

### ਨਾਂਅ ਦੀ ਬਦਲੀ

ਮੈਂ, ਮੋਹਨ ਸਿੰਘ ਪੁੱਤਰ ਸੂਬਾ ਸਿੰਘ ਵਾਸੀ ਪਿੰਡ ਹਰਸ਼ਾ ਛੀਨਾਂ ਉਚਾ ਕਿਲ੍ਹਾ, ਤਹਿ. ਲੋਪੋਕੇ, ਜ਼ਿਲ੍ਹਾ ਅੰਮ੍ਰਿਤਸਰ ਨੇ ਆਪਣਾ ਨਾਂਅ ਬਦਲ ਕੇ ਮੋਹਨਦੀਪ ਸਿੰਘ ਰੱਖ ਲਿਆ ਹੈ। (ਨਾਰੰਗ)

ਮੈਂ, ਕਿਰਪਾਲ ਸਿੰਘ ਭੁੱਲਰ ਪੁੱਤਰ ਨਿਰਮਲ ਸਿੰਘ, ਵਾਸੀ ਦੋਹਲਾ ਦਰਵਾਜਾ ਧੂਰੀ ਪਿੰਡ (ਸੰਗਰੂਰ) ਨੇ ਆਪਣਾ ਨਾਮ ਬਦਲ ਕੇ ਕਿਰਪਾਲ ਸਿੰਘ ਰੱਖ ਲਿਆ ਹੈ।

### Change of Name

I, Anita Ramesh w/o No. 645246 Late Lac. Romesh Kumar r/o H.No.62/A, Cheema Nagar Extension, Jalandhar have changed my name from Anita Ramesh to Anita Khurana. All Please Note.

I, Kamaljit Singh s/o Sakattar Singh R/o Plot No. 4, 5 Park Avenue, Phase-II Colony, Noordi Chabhal Road, Tarn Taran-143401, Punjab have changed my name spelling from Kamaljit Singh to Kamaljeet Singh. All Please Note.

I, Vishal Babb S/o Vijay Kumar R/o H.No.10, Virdi Colony, Jalandhar, Punjab have changed my name from Vishal Babb to Vishal Babbar. (Babbar as surname) All Please Note.

I, Rajiv Kumar S/o Sukhdev Kumar R/o VPO. Chamiara, Distt. Jalandhar, Punjab have changed my name from Rajiv Kumar to Rajiv Kumar Ratti. (Ratti as surname) All Please Note.

I, Jasmeet S/o Gurdial R/o Gopalpur Alias Bidhipur, Jalandhar, Punjab have changed my name from Jasmeet to Jasmeet Kumar. (Kumar as surname) All Please Note.

I, Jyotsana Sharma W/o Rajesh Kumar R/o H.No. NE-117, Sehgalan Mohalla, Khingra Gate, Jalandhar, Punjab have changed my name from Jyotsana Sharma to Jyotsana. All Please Note.

I, Navneet Kaur D/o Himmat Singh R/o Kirpan Bhet Road, Prem Nagar, Machhiwara Khas, Ludhiana, Punjab-141115. have changed my name as Neelam Kumari. All Please Note.

I, Jarnail Singh S/o Udham Singh R/o Makha, Mansa, Punjab-151505. I have changed the name of my minor daughter Jaspreet Kaur aged about 17 Years and She shall hereafter be known as Nehmat Kaur. All Please Note.

I, Kunal S/o Rohtash R/o H.No.1185, Sukhan Pana, Ballah, Balla(30), Karnal, Haryana- 132040, have changed my name and shall hereafter be Known as Kunal Jangra. All Please Note.

I, Jiju Mohan S/o Kavuthi Parampath Mohanan R/o Flat No-P3/7C Second Floor, SRS Pearl Floors, Sector- 87, Kheri Kalan(113), Faridabad, Haryana- 121002, have changed my name as Joe Mohan. All Please Note.

I, Navdeep Hooda S/o Ravinder Singh Hooda R/o 855, Sector 25, Market Sector 25, Po. Sector 20 Panchkula, Distt. Panchkula, Haryana-134116. I have changed the name of my minor daughter Arya aged about 3 Years and She shall hereafter be known as Arya Hooda. All Please Note.

I, Jashanpal Singh S/o Harbhajan Singh R/o 5- A, Majitha Road, Gulmohar Avenue, Amritsar- I, Amritsar, Punjab- 143001, have changed my name as Jashan Singh Randhawa. All Please Note .

I, Sheetal Rathor W/o Yogesh Kumar R/o H.No.199/A, Street No. 5, Ganesh Nagar, Po. Dakoha, Jalandhar have changed my name from Sheetal Rathor to Sheetal Sharma (Surname as Sharma) All Please Note.

I, Sanjna W/o Deepak Kumar R/o Vill. Simbli, Po. Mehtiana, Distt. Hoshiarpur Have Changed My Name From Sanjna To Sanjna Paul, After Marriage. All Please Note.

I, Vishali W/o Barjinder Kumar R/o H.No.130, Baba Budha Ji Enclave, Dakoha, Distt. Jalandhar (144023) have changed my name from Vishali to Vishali Kumari. All Please Note.

I, Anita Rani W/o Munish Gupta R/o H.No. 67 N, Ward No 45, Gobind Nagar, Basti Guzan, Jalandhar, Punjab have changed my name from Anita Rani to Anita Gupta. (Gupta as surname) All Please Note.

### Change of Name

I Sawraj Singh S/o. Malkit Singh, Village Sathiala, Tehsil Baba Bakala, Distt. Amritsar, have changed my name from Swraj Singh to Sawraj Singh. Concerned Note.

I, Sai Ansh S/o Sameer Sharma R/o H.No.78, Lane No.2, Jujhar Singh Avenue, Airport Road, Amritsar have changed my name from Sai Ansh to Saiansh Sharma

I Sumanpreet Kaur W/O Harshdeep Singh R/O Vpo Khadur Sahib Patti Gurmukhan Di Tarn Taran Have Changed My Name From Sumanpreet Kaur To Given Name Sumanpreet Surname Kaur.

I Lakhvinder Kaur Alias Lakhwant Kaur W/O Rajinder Singh R/O Vill.nangal Pannuwan Tehsil Majitha Amritsar Have Changed My Name To Lakhwinder Kaur.

I, Preetmani Singh Mutneja S/o Jaswant Singh R/o 191-A, Gali No.6, Kapoor Nagar, Sultanwind Road, Amrisar have changed my name from Preetmani Singh Mutneja to Preetmani Singh

I RAKESH KUMAR S/o Naresh Kumar r/o 1771/88, gali no 2 , bharat Nagar, Batala Road amritsar, punjab india , i have changed my name from rakesh Kumar to Rakesh .

I, Sehaj Arora W/o Jatin Anand, R/o 310-B, Near Spring Blossom School, Green Avenue, Amritsar, Punjab, India 143001 have changed my name to Sehaj Anand.

I Hardial Singh S/O Teja Singh R/O 558, D-block, Ranjit Avenue, Amritsar Have Changed My Name To Hardial Singh Khaira

I, Rajesh Choudhary S/o Subash Chander Choudhary R/o H.No.3944, Street Krishna, Katra Khazana Amritsar have changed my minor Daughter's name from Dia to Dia Choudhary

I, Jiwan Bala W/O Deepak Kumar R/O H. No. 76, Diamond Avenue, Majitha Road, Amritsar Have Changed My Name To Jeewan Bala. All Concerned Please Note.

I Jobanjit singh s/o Joga singh r/o vill Kohala, po Tarsikka, teh Baba Bakala, Amritsar. I have changed my name from Jobanjit singh to Singh is my surname and Given name is Jobanjit

I, Gurjit singh son of harbhajan singh resident of Village Kalanjar Uttar PO Manawan Distt Tarn Taran changed his name to Gurjeet Singh

I, Anu W/o Hitesh Vij R/o H.No. 60/3, Dharampura Colony, Batala, Distt. Gurdaspur, Punjab have changed my name to Anu Vij. All concerned please note.

I, No. 2495616W HAV Himmatpal Singh S/o Swinder Singh R/o Village Bijliwal, P/o Sarwali, Tehsil Batala, Distt. Gurdaspur, Punjab declare that in my army record my daughter's name is wrongly mentioned as Simrjot Kaur but her correct name is Simarjot Kaur.

I, Kuldeep Singh s/o Gurbkash Singh r/o VPO. Todarpur, Distt. Hoshiarpur have changed my name to Given name as Kuldeep and Surname as Singh. All Please Note.

I, Amandeep Kaur w/o Manjit Singh r/o VPO. Sangatpur, Teh. Phagwara, Kapurthala have changed my name to Dip Kaur. All Please Note.

I, Ishwer Chander Kaler s/o Dhanna Ram Kaler r/o VPO. Madar, Distt.Jalandhar have changed my name spelling to Ishwar Chander Kaler. (Surname as Kaler) All Please Note.

I, hitherto known as Suhail s/o Kewal Singh r/o H.No. 102/16, Guru Nanak Pura West, Jalandhar, Po.Chogitti, Distt.Jalandhar, Punjab-144009 have changed my name and shall hereafter be known as Suhail Dhiman.

I, Nirmal s/o Hajara Singh r/o Sukhchain Nagar, Phagwara, Kapurthala, Punjab-144401, have changed my name to Nirmal Singh. All Please Note.

I, Khurshed Ansari s/o Munna Miyan r/o Vill & Po. Telpur, Ps-Lauriya, West Champaran, Bihar-845103, have changed my name to Khurshed Miyan. All Please Note.

I, Mamta w/o Dharam Pal r/o VPO. Kandola Kalan, Tehsil Phillaur, Distt. Jalandhar, Punjab have changed my name to Mamta Rani. All Please Note.

I, Dilwar Sain s/o Tufail Mohammd r/o VPO. Naugajja, Distt. Jalandhar, Punjab, 144301 have changed my name to Dilwer Hussain. All Please Note.

I, Pooja w/o Sandeep Malhotra r/o H.No. 606, Bagh Bahrian, Jalandhar, Punjab have changed my name to Pooja Malhotra. All Please Note.

I, Rashpal s/o Meet Ram r/o VPO. Chhokran, Tehsil Phillaur, Jalandhar, Punjab have changed my name to Rashpal Khuttan. All Please Note.

I, Santosh w/o Ranjit Singh r/o H.No. 54, Indera Colony, Vill. Dhina, Distt.Jalandhar, Punjab have changed my name to Santosh Rani. All Please Note.

I, Abhishake s/o Satish Kumar r/o EG-1089-B, Moh. Gobindgarh, SD College road, Jalandhar have changed my name to Abhishek Jindal. All Please Note.

I, Nikita Maini W/O Saurabh Maini R/O H.No.N.D.168, Bikram Pura, Near Tanda Road, Jalandhar, Punjab have changed my name after marriage as Nikita Maini. All note.

### Change of Name

I, Davinder Kaur W/oSukhdev Singh R/o 367/17, Krishna Nagar, Jalandhar Punjab changed my name to Parmjitkaur.

I Kawaljeet Kaur w/o Dilbag Singh R/0 village Arjan Manga, Tehsil Baba bakala Sahib, District Amritsar Punjab, Aadhar card number 4550 0559 2863 have changed my name from Kawaljeet Kaur to Kawaljit Kaur. note it.

I Vinkle Budhwar W/o. Gaurav Budhwar, R/o. H.No.689, Urban Estate, Kapurthala, Punjab, India, Now I want to change my name from VINKLE KAPOOR BADHWAR to VINKLE BUDHWAR.

I, Shinder Kumar Gill S/o Gurdial Gill R/o Vill. Rattare Post office Fattu Dhinga Tehsil & District Kapurthala, Punjab, India, That I have changed my name from SHINDER KUMAR to SHINDER KUMAR GILL.

I, Dalbir Kaur D/o Amar Singh W/o Suchcha Singh R/o V.P.O. Bham, Tehsil-Batala, Gurdaspur, Punjab, 143527 changed my name to Dalveer Kaur.

I, Malkiat Singh S/o Teja Singh R/o H.No. 11 Greater Kailash Kartarpur Road (Kapurthala) have changed my name from Malkiat Singh to Malkit Singh.

I, Parmod Kumar S/o Raj Dev Singh R/o H.no. 109, Issa Nagar, Sura, Jalandhar have changed my name to Pramod Kumar Singh

I, Sukhraj Aulakh S/O Mangal Singh Aulakh R/O Vpo. Lopoke Distt Amritsar Have Change Of My Name Is Sukhraj Singh

I, Ashwani Kumar S/o Atma Ram R/o H.No. 80, Bhai Ditt Singh Nagar, Jalandhar, have changed my name from Ashwani Kumar to Ashwani Kumar Maini. Please note.

I, Bhavya S/o Kamal Kumar R/o H.No. 62, Mohalla Number 30, Jalandhar Cantt, Punjab, have changed my name from Bhavya to Bhavvesh K Kumar. All concerned please note.

I, Saroopinder Singh S/o Bhagwan Singh R/o Vill. Baich Baja, Tehsil Dasuya (Hoshiarpur) Punjab, have changed my name to Sarupinder Singh. (Behl)

I, Anterpreet Kaur W/o Sh. Amandeep Singh Sandhu R/o Vill. Bashesharpur, P.O. Lambra, Tehsil & Distt. Jalandhar after my marriage I have changed my name Anterpreet Kaur to Anterpreet Kaur Sandhu.

I. ANITA W/O ROHIT DUNG. R/O 84 street no.2 near kalgidhar gurudwara naraingarh chheharta.Amritsar. have changed my name ANITA DUNG.TO ANITA All concerned pls note.

I, Gursharan Parshad Shandyal S/O Om Parkash Shandyal R/O b-1 Mch 1022/8 new colony, Una road, Bahadurpur, Hoshiarpur have changed my name from Gursharan Parshad Shandyal to Gursharn Parshad Shandyal. All note.

I Shakti Vir w/o Shanti Kumar resident of Mohalla Jainian, Sultanpur Lodhi, District Kapurthala. Have Changed My Name to Vir Shakti . Concerned Note.

### ਇਸ਼ਤਿਹਾਰਾਂ ਸੰਬੰਧੀ ਜ਼ਰੂਰੀ ਬੇਨਤੀ

'ਨਵਾਂ ਜ਼ਮਾਨਾ' ਅਖ਼ਬਾਰ ਵਿੱਚ ਛਪੇ ਇਸ਼ਤਿਹਾਰਾਂ (ਡਿਸਪਲੇ/ ਕਲਾਸੀਫਾਈਡ) ਦੇ ਤੱਥਾਂ ਤੇ ਦਾਅਵਿਆਂ ਦੀ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖ਼ਬਾਰ ਇਹਨਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਹਨਾਂ ਇਸ਼ਤਿਹਾਰਾਂ 'ਤੇ ਕਾਰਵਾਈ ਤੇ ਭਰੋਸੇ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।

### AXIS BANK

Retail Asset Centre: AXIS Bank Ltd, SCO 367-368, Sector – 34A, Chandigarh, 160022
Corporate Office: 'Axis House', Block-B, Bombay Dyeing Mills Compound, Pandurang Budhkar Marg, Worli, Mumbai-400025.
Registered Office: 'Trishul', 3rd Floor, Opposite Samartheswar Temple, Law Garden, Ellisbridge, Ahmedabad-380006.

**ਸਰਫੇਸੀ ਐਕਟ 2002 ਤਹਿਤ ਕਬਜ਼ਾ ਨੋਟਿਸ**

[illegible]

Ministry: 27.12.2023, ਸਥਾਨ : ਘੋੜਾ — ਅਧਿਕਾਰਤ ਅਫ਼ਸਰ, ਐਕਸਿਸ ਬੈਂਕ ਲਿਮਟਿਡ

### YES BANK

Regd. Office: YES BANK House, Off Western Express Highway, Santacruz (East), Mumbai – 400055
Branch Office: YES BANK LIMITED, B-XX 2427 – 928, 1st Floor, Gobind Nagar, Ferozepur Road, Ludhiana – 141001, website: www.yesbank.in

**ਸਰਫੇਸੀ ਐਕਟ ਦੇ ਸੈਕਸ਼ਨ 13 (2) ਅਧੀਨ ਨੋਟਿਸ ਦੀ ਪ੍ਰਕਾਸ਼ਨਾ**

[illegible]

ਮਿਤੀ : 27 ਦਸੰਬਰ 2023
ਸਥਾਨ : ਪੰਜਾਬ
ਅਧਿਕਾਰਤ ਅਫ਼ਸਰ, ਵਾਸਤੇ ਯੈੱਸ ਬੈਂਕ ਲਿਮਟਿਡ

27-DEC-PAGE-7.qxd 12/26/2023 10:32 PM Page 1



# ਬੇਅਦਬੀ ਰੋਕਣ ਦਾ ਦਾਅਵਾ ਕਰਨ ਵਾਲੇ ਪੁਲਸ ਅੱਗੇ ਨਹੀਂ ਪੇਸ਼ ਕਰ ਸਕੇ ਠੋਸ ਸਬੂਤ



**ਦੋਰਾਹਾ (ਹਰਮਿੰਦਰ ਸੇਠ)**

ਜੋਰਾ ਸਿੰਘ ਚੀਮਾ ਪ੍ਰਧਾਨ ਬਹੁਜਨ ਸਮਾਜ ਟਰੇਡ ਐਸੋਸੀਏਸ਼ਨ ਨੇ ਪੁਲਸ ਵੱਲੋਂ ਫੇਸਬੁਕ ਵੀਊ ਲੈਣ ਦੇ ਚੱਕਰ ਅਤੇ ਧਰਮ ਦੇ ਨਾਂਅ 'ਤੇ ਸਿਆਸਤ ਕਰਕੇ ਆਪਣਾ ਨਾਂਅ ਚਮਕਾਉਣ ਵਾਲੇ ਅਖੌਤੀ ਸਮਾਜ ਸੇਵੀ ਹਨੀ ਸੇਠੀ 'ਤੇ ਮੁਕੱਦਮਾ ਦਰਜ ਕਰਕੇ ਬਿਲਕੁਲ ਸਹੀ ਕੀਤਾ ਹੈ, ਕਿਉਂਕਿ ਇਸ ਤਰ੍ਹਾਂ ਦੇ ਫੇਮ ਦੇ ਭੁੱਖੇ ਲੋਕ ਆਪਣੇ ਨਿੱਜੀ ਮੁਫ਼ਾਦਾਂ ਲਈ ਕਿਸੇ ਵੀ ਹੱਦ ਤੱਕ ਗਿਰ ਸਕਦੇ ਨੇ।

ਇਹ ਲੋਕ ਧਰਮ ਦੀ ਆੜ ਹੇਠ ਭੋਲੇ-ਭਾਲੇ ਸਿੱਖਾਂ ਦੇ ਜਜ਼ਬਾਤਾਂ ਨਾਲ ਖੇਡਦੇ ਹਨ, ਕਿਉਂਕਿ ਉਨ੍ਹਾਂ ਦੇ ਹਿਰਦੇ ਪਹਿਲਾਂ ਹੀ ਵਾਪਰ ਚੁਕੀਆਂ ਬੇਅਦਵੀ ਦੀਆਂ ਘਟਨਾਵਾਂ ਨਾਲ ਵਲੂੰਧਰੇ ਪਏ ਹੁੰਦੇ ਹਨ, ਉਹ ਇਸ ਤਰ੍ਹਾਂ ਦੀ ਹਰ ਘਟਨਾ ਨੂੰ ਸਹੀ ਸਮਝ ਇਨ੍ਹਾਂ ਡਿਜੀਟਲ ਮੰਗਤਿਆਂ ਦੇ ਝਾਂਸੇ 'ਚ ਆ ਜਾਂਦੇ ਹਨ। ਜੋਰਾ ਸਿੰਘ ਚੀਮਾ ਨੇ ਅੱਗੇ ਆਖਿਆ ਇਸ ਪੂਰੇ ਘਟਨਾਕ੍ਰਮ 'ਚ ਪੁਲਸ ਦੀ ਕਾਰਗੁਜ਼ਾਰੀ ਪ੍ਰਸੰਸਾਯੋਗ ਹੀ ਕਹੀ ਜਾ ਸਕਦੀ ਹੈ, ਜਿਸਨੇ ਠਰੰਮੇ ਨਾਲ ਤੱਥਾਂ ਦੀ ਪੜਤਾਲ ਕਰਕੇ ਹਨੀ ਸੇਠੀ ਤੇ ਉਸਦੇ ਸਾਥੀਆਂ ਤੇ ਮੁਕੱਦਮਾ ਦਰਜ ਕੀਤਾ ਹੈ।

ਪੁਲਿਸ ਨੇ ਜੋ ਮੁਕੱਦਮਾ ਪਹਿਲਾਂ ਬੇਅਦਵੀ ਦੇ ਦੋਸ਼ੀ ਦੱਸੇ ਜਾ ਰਹੇ ਗੁਰਦੀਪ ਸਿੰਘ ਵਾਸੀ ਪਿੰਡ ਲੰਢਾ ਤੇ ਕੀਤਾ ਉਹ ਵੀ ਸਹੀ ਸੀ, ਕਿਉਂਕਿ ਹਨੀ ਸੇਠੀ ਤੇ ਉਸਦੇ ਸਾਥੀਆਂ ਨੇ ਜਿਸ ਤਰ੍ਹਾਂ ਦੇ ਹਾਲਾਤ ਫੇਸਬੁਕ 'ਤੇ ਲਾਈਵ ਹੋ ਕੇ ਬਣਾ ਦਿੱਤੇ ਸਨ। ਉਨ੍ਹਾਂ ਨਾਲ ਸਮਾਜ ਵਿੱਚ ਕੋਈ ਵੀ ਅਣਸੁਖਾਵੀਂ ਘਟਨਾ ਵਾਪਰ ਸਕਦੀ ਸੀ, ਜਾਤ ਧਰਮ ਦੇ ਨਾਮ ਤੇ ਮਾਰਕੁੱਟ ਹੋ ਸਕਦੀ ਸੀ, ਦੰਗਿਆਂ ਵਰਗੇ ਹਾਲਾਤ ਸਮਾਜਿਕ ਭਾਈਚਾਰੇ ਨੂੰ ਤੋੜ ਸਕਦੇ ਸਨ। ਪੁਲਸ ਕੋਲ ਜੋ ਵੀਡੀਓ ਪੇਸ਼ ਕੀਤੀ ਗਈ ਸੀ, ਉਸ ਵਿੱਚ ਗੁਟਕਾ ਸਾਹਿਬ ਦੇ ਅੰਗ ਪਾੜ ਕੇ ਉੱਪਰ ਜੁੱਤੀ ਰੱਖੀ ਹੋਈ ਸੀ, ਪਰ ਉਹ ਨੌਜਵਾਨ ਵੀਡੀਓ ਵਿੱਚ ਕਿਧਰੇ ਵੀ ਨਹੀਂ ਹੈ, ਜੋਕਿ ਇੱਕ ਗਵਾਂਢੀਆਂ ਵੱਲੋ ਰਚੀ ਸਾਜਿਸ਼ ਵੀ ਹੋ ਸਕਦੀ ਹੈ, ਜੋ ਜਾਂਚ ਦਾ ਵਿਸ਼ਾ ਹੈ।

ਦੂਜਾ ਝੂਠ ਹਨੀ ਸੇਠੀ ਨੇ ਪੁਲਸ ਕੋਲ ਐਫਆਈਆਰ 'ਚ ਇਹ ਬੋਲਿਆ ਕਿ ਉਸਨੇ ਵਿਹੜੇ 'ਚ ਖਿੱਲਰੇ ਪਏ ਗੁਟਕਾ ਸਾਹਿਬ ਦੇ ਅੰਗ ਖ਼ੁਦ ਇਕੱਠੇ ਕਰਕੇ ਰੁਮਾਲਾ ਸਾਹਿਬ 'ਚ ਰੱਖੇ, ਜਿਸਦਾ ਕੋਈ ਵੀ ਸਬੂਤ ਉਹ ਨਹੀਂ ਦੇ ਸਕਿਆ। ਫੇਸਬੁਕ 'ਤੇ ਚੱਲ ਰਹੇ ਲਾਈਵ 'ਚ ਸਭ ਸਪੱਸ਼ਟ ਹੈ ਅਜਿਹਾ ਕੁੱਝ ਨਹੀਂ ਹੋਇਆ, ਉਸਨੇ ਗੁਟਕਾ ਸਾਹਿਬ ਕਮਰੇ ਅੰਦਰੋਂ ਚੁੱਕਿਆ, ਜੋ ਕੱਪੜੇ ਵਿੱਚ ਲਪੇਟਿਆ ਹੋਇਆ ਸੀ।

ਗੱਡੀ ਵਿੱਚ ਜਾਂਦੇ ਹੋਏ ਵੀ ਉਹ ਗੁਟਕਾ ਸਾਹਿਬ ਹੱਥ ਵਿੱਚ ਫੜ ਉਸ ਨੌਜਵਾਨ ਨੂੰ ਗਾਲ੍ਹਾਂ ਕੱਢ ਰਿਹਾ ਹੈ, ਧਮਕਾ ਰਿਹਾ ਹੈ, ਜੋ ਆਪਣੇ ਆਪ ਵਿੱਚ ਗੁਟਕਾ ਸਾਹਿਬ ਦੀ ਬੇਅਦਬੀ ਹੈ। ਦੂਜੇ ਪਾਸੇ ਉਹ ਨੌਜਵਾਨ ਹਨੀ ਸੇਠੀ ਨੂੰ ਵਾਰ ਉਹ ਵੀਡੀਓ ਦਿਖਾਉਣ ਲਈ ਕਹਿ ਰਿਹਾ ਹੈ, ਜਿਸ ਵਿੱਚ ਉਹ ਗੁਟਕਾ ਸਾਹਿਬ ਦੇ ਅੰਗ ਪਾੜਨ ਦੀ ਗੱਲ ਕਹਿ ਰਿਹਾ ਹੈ। ਹੁਣ ਹਨੀ ਸੇਠੀ ਪੁਲਿਸ ਪ੍ਰਸ਼ਾਸਨ ਤੇ ਡੀਐਸਪੀ ਪਾਇਲ 'ਤੇ ਦੋਸ਼ ਲਾ ਰਿਹਾ ਹੈ ਕਿਉਂਕਿ ਉਨ੍ਹਾਂ ਨੇ ਉਸਦੀ ਝੂਠੀ ਕਹਾਣੀ 'ਤੇ ਵਿਸ਼ਵਾਸ ਨਹੀਂ ਕੀਤਾ, ਸਗੋਂ ਤੱਥਾਂ ਦੀ ਸਹੀ ਪੜਚੋਲ ਕਰਕੇ ਉਸਨੂੰ ਵੀ ਪਰਚੇ ਵਿੱਚ ਦੋਸ਼ੀ ਬਣਾ ਦਿੱਤਾ ਹੈ ਤੇ ਬਣਦੀਆਂ ਧਾਰਾਵਾਂ ਤਾਹਿਤ ਡੀਡੀਆਰ ਕੱਟ ਦਿੱਤੀ ਹੈ। ਜੋਰਾ ਸਿੰਘ ਚੀਮਾ ਨੇ ਕਿਹਾ ਕਿ ਇਹ ਮਾਮਲਾ ਹੱਕ ਤੇ ਸੱਚ ਦਾ ਹੈ, ਸੱਚਾਈ ਸਾਹਮਣੇ ਆਉਣੀ ਚਾਹੀਦੀ ਹੈ।

# ਮੁੱਖ ਮੰਤਰੀ ਪੰਜਾਬ ਦੇ ਨਾਂਅ ਵਿਧਾਇਕ ਬਰਿੰਦਰ ਗੋਇਲ ਨੂੰ ਸੌਂਪਿਆ ਮੰਗ ਪੱਤਰ



**ਲਹਿਰਾਗਾਗਾ (ਪਵਨ ਸ਼ਰਮਾ)**

ਕੰਪਿਊਟਰ ਅਧਿਆਪਕ ਯੂਨੀਅਨ ਪੰਜਾਬ ਦੀ ਅਗਵਾਈ ਹੇਠ ਬਲਾਕ ਇਕਾਈ ਨੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੂੰ ਵਿਧਾਇਕ ਬਰਿੰਦਰ ਗੋਇਲ ਹਲਕਾ ਲਹਿਰਾ ਰਾਹੀਂ ਮੰਗ ਪੱਤਰ ਸੌਂਪਿਆ ਹੈ। ਬਲਾਕ ਪ੍ਰਧਾਨ ਸੰਜੀਵ ਕੁਮਾਰ ਨੇ ਦੱਸਿਆ ਕਿ ਕੰਪਿਊਟਰ ਅਧਿਆਪਕਾਂ ਦੀਆਂ ਸੇਵਾਵਾਂ ਮਿਤੀ 01-07-2011 ਤੋਂ ਉਸ ਸਮੇਂ ਦੀ ਪੰਜਾਬ ਸਰਕਾਰ ਦੁਆਰਾ ਰੈਗੂਲਰ ਕੀਤੀਆਂ ਗਈਆਂ ਸਨ। ਇਸ ਸਬੰਧੀ ਬਕਾਇਦਾ ਨੋਟੀਫਿਕੇਸ਼ਨ ਜਾਰੀ ਕਰਕੇ ਸਾਰੇ ਕੰਪਿਊਟਰ ਅਧਿਆਪਕਾਂ ਨੂੰ ਨਿਯੁਕਤੀ ਪੱਤਰ ਜਾਰੀ ਕੀਤੇ ਗਏ ਸਨ। ਨਿਯੁਕਤੀ ਪੱਤਰ ਵਿੱਚ ਰੈਗੂਲਰ ਅਧਿਆਪਕਾਂ ਨੂੰ ਮਿਲਣ ਵਾਲੀਆਂ ਸਾਰੀਆਂ ਸ਼ਰਤਾਂ ਦਰਜ ਕੀਤੀਆਂ ਗਈਆਂ ਸਨ, ਪਰ ਇਸ ਦੇ ਬਾਵਜੂਦ ਸਿੱਖਿਆ ਵਿਭਾਗ ਵੱਲੋਂ ਕੰਪਿਊਟਰ ਅਧਿਆਪਕਾਂ 'ਤੇ ਪੂਰਨ ਤੌਰ 'ਤੇ ਇਹ ਸ਼ਰਤਾਂ ਲਾਗੂ ਨਹੀਂ ਕੀਤੀਆਂ ਗਈਆਂ। ਇੱਥੇ ਇਹ ਧਿਆਨ ਵਿੱਚ ਲਿਆਉਣਾ ਚਾਹੁੰਦੇ ਹਾਂ ਕਿ ਕੰਪਿਊਟਰ ਅਧਿਆਪਕਾਂ ਨੇ ਸਿੱਖਿਆ ਵਿਭਾਗ ਨੂੰ ਡਿਜੀਟਲ ਕਰਨ ਵਿੱਚ ਅਹਿਮ ਭੂਮਿਕਾ ਨਿਭਾਈ ਹੈ ਤੇ ਵਿਭਾਗ ਵੱਲੋਂ ਦਿੱਤੀਆਂ ਗਈਆਂ ਸਾਰੀਆਂ ਡਿਊਟੀਆਂ ਨੂੰ ਪੂਰੀ ਤਨਦੇਹੀ ਨਾਲ ਨਿਭਾਇਆ ਜਾਂਦਾ ਹੈ। ਬੜੇ ਦੁੱਖ ਦੀ ਗੱਲ ਹੈ ਕਿ ਸਰਕਾਰ ਤੇ ਵਿਭਾਗ ਵੱਲੋਂ ਹਮੇਸ਼ਾ ਹੀ ਕੰਪਿਊਟਰ ਅਧਿਆਪਕਾਂ ਨਾਲ ਵਿਤਕਰੇ ਵਾਲਾ ਵਿਵਹਾਰ ਕੀਤਾ ਜਾਂਦਾ ਹੈ। ਇੱਥੋਂ ਤੱਕ ਕਿ ਕਰੋਨਾ ਡਿਊਟੀ ਦੌਰਾਨ ਮਰਨ ਵਾਲੇ ਕੰਪਿਊਟਰ ਅਧਿਆਪਕ ਦੇ ਪਰਿਵਾਰ ਨੂੰ ਕੋਈ ਵੀ ਮਾਲੀ ਸਹਾਇਤਾ ਨਹੀਂ ਦਿੱਤੀ ਗਈ, ਜਦੋਂਕਿ ਪੰਜਾਬ ਦੇ ਦੂਜੇ ਮੁਲਾਜ਼ਮਾਂ ਨੂੰ ਕਰੋਨਾ ਡਿਊਟੀ ਦੌਰਾਨ ਮੌਤ ਹੋਣ ਕਾਰਨ ਪੰਜਾਹ ਲੱਖ ਰੁਪਏ ਦੀ ਮਾਲੀ ਸਹਾਇਤਾ ਦਿੱਤੀ ਗਈ। ਇਸ ਤੋਂ ਇਲਾਵਾ ਲਗਭਗ 100 ਦੇ ਕਰੀਬ ਕੰਪਿਊਟਰ ਅਧਿਆਪਕਾਂ ਦੀ ਮੌਤ ਹੋ ਚੁੱਕੀ ਹੈ। ਉਨ੍ਹਾਂ ਦੀਆਂ ਸੇਵਾਵਾਂ ਰੈਗੂਲਰ ਹੋਣ ਦੇ ਬਾਵਜੂਦ ਸਰਕਾਰ ਵੱਲੋਂ ਉਨ੍ਹਾਂ ਦੇ ਪਰਿਵਾਰਾਂ ਨੂੰ ਕਿਸੇ ਵੀ ਪ੍ਰਕਾਰ ਦੀ ਸਹਾਇਤਾ, ਗਰੈਚੁਟੀ, ਬਣਦਾ ਲਾਭ ਨਹੀਂ ਦਿੱਤਾ ਗਿਆ। ਉਨ੍ਹਾਂ ਦੇ ਪਰਿਵਾਰ ਸੜਕਾਂ 'ਤੇ ਰੁਲਣ ਲਈ ਮਜਬੂਰ ਹੋ ਰਹੇ ਹਨ, ਜਿਸ ਕਾਰਨ ਰੈਗੂਲਰ ਸੇਵਾਵਾਂ ਹੋਣ ਦੇ ਬਾਵਜੂਦ ਕੰਪਿਊਟਰ ਅਧਿਆਪਕਾਂ ਦਾ ਭਵਿੱਖ ਅਸੁਰੱਖਿਅਤ ਹੈ, ਜਿਸ ਕਾਰਨ ਸਮੁੱਚੇ ਕਾਡਰ ਵਿੱਚ ਸਰਕਾਰ ਖਿਲਾਫ ਭਾਰੀ ਰੋਸ ਤੇ ਨਿਰਾਸ਼ਾ ਹੈ। ਜਥੇਬੰਦੀ ਨੇ ਮੰਗ ਕੀਤੀ ਹੈ ਕਿ ਕੀਤੇ ਗਏ ਵਾਅਦੇ ਮੁਤਾਬਿਕ ਕੰਪਿਊਟਰ ਅਧਿਆਪਕਾਂ ਨੂੰ ਬਿਨਾਂ ਸ਼ਰਤ ਸਿੱਖਿਆ ਵਿਭਾਗ ਵਿੱਚ ਮਰਜ ਕੀਤਾ ਜਾਵੇ, 6ਵਾਂ ਪੇਅ ਕਮਿਸ਼ਨ ਤੇ ਪੰਜਾਬ ਸਿਵਲ ਸਰਵਿਸ ਰੂਲਜ਼ ਪੂਰਨ ਤੌਰ 'ਤੇ ਲਾਗੂ ਕੀਤੇ ਜਾਣ ਅਤੇ ਸਵਰਗਵਾਸ ਹੋ ਚੁੱਕੇ ਪਰਿਵਾਰਾਂ ਦੇ ਵਾਰਸਾਂ ਨੂੰ ਸਰਕਾਰੀ ਨੌਕਰੀ/ਵਿੱਤੀ ਲਾਭ ਦਾ ਪ੍ਰਬੰਧ ਕੀਤਾ ਜਾਵੇ। ਇਸ ਮੌਕੇ ਪ੍ਰਵੀਨ ਕੁਮਾਰ, ਅਸ਼ੋਕ ਕੁਮਾਰ, ਬੀਰਬਲ ਸਿੰਘ, ਈਸ਼ਵਰ ਕੁਮਾਰ ਤੇ ਹੋਰ ਹਾਜ਼ਰ ਸਨ।

## ਕਾਤਰਾਂ

### ਧਾਰਮਿਕ ਸਮਾਗਮ 4 ਤੋਂ

**ਬਠਿੰਡਾ ਪਰਵਿੰਦਰ ਜੀਤ ਸਿੰਘ)**-ਪੰਜਾਬ ਕ੍ਰਿਕਟ ਐਸੋਸੀਏਸ਼ਨ ਦੇ ਪ੍ਰਧਾਨ ਤੇ ਸਮਾਜ ਸੇਵੀ ਅਮਰਜੀਤ ਮਹਿਤਾ ਪਰਿਵਾਰ ਵੱਲੋਂ ਸਮੂਹ ਦੇਸ਼ ਵਾਸੀਆਂ ਤੇ ਪੰਜਾਬੀਆਂ ਨੂੰ ਨਵੇਂ ਸਾਲ ਦੀ ਵਧਾਈ ਦਿੱਤੀ। ਇਸ ਮੌਕੇ ਉਨ੍ਹਾ ਕਿਹਾ ਕਿ ਮਾਲਵਾ ਦੇ ਸ਼ਹਿਰ ਬਠਿੰਡਾ ਸਮੇਤ ਇਸ ਇਲਾਕਾ ਨਿਵਾਸੀਆਂ ਲਈ ਬੜੇ ਮਾਨ ਦੀ ਗੱਲ ਹੈ ਕਿ ਇਸ ਵਾਰ ਨਵਾਂ ਸਾਲ 2024 ਆਪਾਂ ਵੱਡੇ ਧਾਰਮਿਕ ਸਮਾਗਮ ਨਾਲ ਸ਼ੁਰੂਆਤ ਕਰਾਂਗੇ। ਉਨ੍ਹਾ ਜਾਣਕਾਰੀ ਦਿੱਤੀ ਕਿ ਖੇਡ ਸਟੇਡੀਅਮ ਬਠਿੰਡਾ ਵਿੱਚ 4 ਜਨਵਰੀ ਤੋਂ 10 ਜਨਵਰੀ ਤੱਕ ਵੱਡਾ ਧਾਰਮਿਕ ਸਮਾਗਮ ਕਰਵਾਇਆ ਜਾ ਰਿਹਾ ਹੈ, ਜਿਸ ਵਿੱਚ ਦੇਸ਼ ਦੇ ਮਾਹਰ ਕਥਾਵਾਚਕ ਪੰਡਿਤ ਪ੍ਰਦੀਪ ਮਿਸਰਾ ਆਪਣੀ ਕਥਾ ਨਾਲ ਸ਼ਰਧਾਲੂਆਂ ਨੂੰ ਸੰਬੋਧਨ ਕਰਨਗੇ ਤੇ 3 ਜਨਵਰੀ ਨੂੰ ਪੰਡਿਤ ਮਿਸਰਾ ਦੀ ਬਠਿੰਡਾ ਆਮਦ ਮੌਕੇ ਸ਼ੋਭਾ ਯਾਤਰਾ ਕੱਢੀ ਜਾਵੇਗੀ। ਇਹ ਸਮਾਗਮ ਬਿਲਕੁਲ ਮੁਫਤ ਹੋਵੇਗਾ, ਪਰ ਪਾਸ ਦੇ ਪ੍ਰਬੰਧ ਕੀਤੇ ਗਏ ਹਨ।

### ਨਿਧੀ ਵੱਲੋਂ ਜਾਗਰੂਕਤਾ ਕੈਂਪ ਅੱਜ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਕਰਮਚਾਰੀ ਭਵਿੱਖ ਨਿਧੀ ਸੰਗਠਨ ਖੇਤਰੀ ਦਫ਼ਤਰ ਬਠਿੰਡਾ ਵੱਲੋਂ 27 ਦਸੰਬਰ ਨੂੰ ਸਵੇਰੇ 10 ਵਜੇ ਸ਼੍ਰੀਮਾਕੀ ਕਾਮਦੇਵੀ ਮੈਮੋਰੀਅਲ ਕੇ ਡੀ ਹਸਪਤਾਲ ਫ਼ਿਰੋਜ਼ਪੁਰ ਵਿਖੇ ਜਾਗਰੂਕਤਾ ਕੈਂਪ ਲਗਾਇਆ ਜਾ ਰਿਹਾ ਹੈ।ਜਾਣਕਾਰੀ ਦਿੰਦਿਆਂ ਖੇਤਰੀ ਪ੍ਰਧਾਨ ਫੰਡ ਕਮਿਸ਼ਨਰ-1 ਰੀਨਾ ਮੰਡਲ ਨੇ ਦੱਸਿਆ ਕਿ ਜਾਗਰੂਕਤਾ ਕੈਂਪ ਵਿੱਚ ਰੁਜ਼ਗਾਰਦਾਤਾਵਾਂ ਤੇ ਮੈਂਬਰਾਂ ਨੂੰ ਈ ਪੀ ਐੱਫ ਓ ਵੱਲੋਂ ਕੀਤੇ ਜਾ ਰਹੇ ਕੰਮਾਂ ਸਬੰਧੀ ਜਾਣਕਾਰੀ ਦਿੱਤੀ ਜਾਵੇਗੀ।ਕੈਂਪ ਵਿੱਚ ਈ ਪੀ ਐੱਫ ਓ ਸਬੰਧੀ ਕਿਸੇ ਵੀ ਸ਼ਿਕਾਇਤ ਜਾਂ ਈ ਪੀ ਐੱਫ ਓ ਨਾਲ ਸਬੰਧਤ ਕੰਮ ਕਰਨ ਵਿੱਚ ਆਉਣ ਵਾਲੀ ਸਮੱਸਿਆ ਦਾ ਮੌਕੇ 'ਤੇ ਹੀ ਨਿਪਟਾਰਾ ਕੀਤਾ ਜਾਵੇਗਾ।

### ਸ਼ੱਕੀ ਵਾਹਨਾਂ ਦੀ ਕੀਤੀ ਚੈਕਿੰਗ

**ਗਿੱਦੜਬਾਹਾ (ਜਸਵੰਤ ਗਿੱਲ ਛੱਤਿਆਣਾ)**-ਸ਼ਹਿਰ ਵਿਖੇ ਹੋਈਆਂ ਚੋਰੀਆਂ ਦੇ ਮੱਦੇਨਜ਼ਰ ਸ਼ਹਿਰ ਵਿੱਚ ਮੋਬਾਇਲ ਨਾਕੇ ਲਾ ਕੇ ਆਉਣ-ਜਾਣ ਵਾਲੇ ਵਾਹਨਾਂ ਨੂੰ ਰੋਕ ਕੇ ਜਾਂਚ ਕੀਤੀ ਗਈ। ਡੀਐਸਪੀ ਜਸਬੀਰ ਸਿੰਘ ਪੰਨੂੰ ਨੇ ਦੱਸਿਆ ਕਿ ਡੀ ਜੀ ਪੀ ਤੇ ਐੱਸ.ਐੱਸ.ਪੀ. ਭਾਗਰਥ ਮੀਨਾ ਦੀਆਂ ਹਦਾਇਤਾਂ ਅਨੁਸਾਰ ਮੁਹਿੰਮ ਚਲਾਈ ਗਈ ਹੈ, ਜਿਸ ਤਹਿਤ ਗਿੱਦੜਬਾਹਾ ਵਿਖੇ ਮੋਬਾਇਲ ਨਾਕੇ ਲਾ ਕੇ ਆਉਣ ਜਾਣ ਵਾਲੇ ਵਾਹਨਾਂ ਦੀ ਡੂੰਘਾਈ ਨਾਲ ਜਾਂਚ ਕੀਤੀ ਜਾ ਰਹੀ ਹੈ। ਜੇਕਰ ਕੋਈ ਸ਼ੱਕੀ ਵਾਹਨ ਨੂੰ ਐਪ 'ਤੇ ਸਰਚ ਕਰਦੇ ਹਾਂ ਤੇ ਜੇਕਰ ਉਸ ਪਾਸੋਂ ਕੁਝ ਸ਼ੱਕੀ ਬਰਾਮਦ ਹੁੰਦਾ ਹੈ ਤਾਂ ਉਸ ਵਿਰੁੱਧ ਬਣਦੀ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ। ਇਸ ਮੌਕੇ ਟ੍ਰੈਫ਼ਿਕ ਇੰਚਾਰਜ ਏ ਐਸ ਆਈ ਹਰਬੰਸ ਸਿੰਘ, ਏ ਐਸ ਆਈ ਜਗਸੀਰ ਪੁਰੀ, ਏ ਐਸ ਆਈ ਹਾਕਮ ਸਿੰਘ, ਏ ਐਸ ਆਈ ਰਾਜ ਬਹਾਦਰ ਸਿੰਘ, ਵਿਜੇਸ਼ ਕੁਮਾਰ, ਗੁਰਮੀਤ ਸਿੰਘ, ਜਸਪ੍ਰੀਤ ਸਿੰਘ, ਮਨਪ੍ਰੀਤ ਸਿੰਘ, ਨਿਰਮਲ ਸਿੰਘ ਤੇ ਗੁਰਜੀਤ ਸਿੰਘ ਆਦਿ ਹਾਜ਼ਰ ਸਨ।

### ਵਿਆਹ ਤੋਂ ਇਨਕਾਰ ਕਰਨ 'ਤੇ ਕੁੱਟਮਾਰ, 4 ਨਾਮਜ਼ਦ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਕੈਂਟ ਫਿਰੋਜ਼ਪੁਰ ਸਥਿਤ ਲਾਇਟਾਂ ਵਾਲਾ ਚੌਕ ਵਿਖੇ ਇੱਕ ਵਿਅਕਤੀ ਦੀ ਕੁੱਟਮਾਰ ਕਰਕੇ ਜ਼ਖਮੀਂ ਕਰਨ ਦੇ ਦੋਸ਼ ਵਿੱਚ 4 ਲੋਕਾਂ ਖਿਲਾਫ ਮਾਮਲਾ ਦਰਜ ਕੀਤਾ ਹੈ। ਪੁਲਸ ਨੂੰ ਦਿੱਤੇ ਬਿਆਨਾਂ ਵਿੱਚ ਨਿਤਿਨ ਪੁੱਤਰ ਰਾਜੇਸ਼ ਕੁਮਾਰ ਵਾਸੀ ਮਕਾਨ ਨੰਬਰ 25/26 ਖਟੀਕ ਮੰਡੀ ਕੈਂਟ ਫਿਰੋਜ਼ਪੁਰ ਨੇ ਦੱਸਿਆ ਕਿ ਉਹ ਆਪਣੇ ਮੋਟਰਸਾਈਕਲ 'ਤੇ ਲਾਇਟਾਂ ਵਾਲਾ ਚੌਕ ਪਾਸ ਪੁੱਜਾ, ਜਿੱਥੇ ਦੋਸ਼ੀਆਨ ਰੀਨਾ ਪੁੱਤਰ ਮੁਕੇਸ਼ ਵਾਸੀ ਮਕਾਨ ਨੰਬਰ 185 ਇੰਦਰਾ ਕਾਲੋਨੀ ਕੈਂਟ ਫਿਰੋਜ਼ਪੁਰ, ਪ੍ਰਮੋਦ ਪੁੱਤਰ ਬੋਧ ਰਾਮ ਵਾਸੀ ਇੰਦਰਾ ਕਾਲੋਨੀ ਕੈਂਟ ਫਿਰੋਜ਼ਪੁਰ, ਵਿੱਕੀ ਤੇ ਰੋਹਿਤ ਵਾਸੀ ਚੁੰਗੀ ਨੰਬਰ 8 ਕੈਂਟ ਫਿਰੋਜ਼ਪੁਰ ਪਹਿਲਾਂ ਤੋਂ ਹੀ ਖੜੇ ਸਨ, ਤਾਂ ਦੋਸ਼ੀ ਪ੍ਰਮੋਦ ਨੇ ਉਸ ਨੂੰ ਕਿਹਾ ਕਿ ਤੂੰ ਸਾਡੀ ਭੈਣ ਨਾਲ ਵਿਆਹ ਕਰਾਉਣ ਤੋਂ ਇਨਕਾਰ ਕਰ ਦਿੱਤਾ ਹੈ ਤੇ ਇਸੇ ਗੱਲ ਤੋਂ ਉਸ ਦਾ ਦੋਸ਼ੀਆਨ ਨਾਲ ਬੋਲ ਬੁਲਾਰਾ ਹੋ ਗਿਆ ਤੇ ਦੋਸ਼ੀਆਨ ਨੇ ਉਸ ਦੀ ਕੁੱਟਮਾਰ ਕੀਤੀ ਤੇ ਸੱਟਾਂ ਮਾਰੀਆਂ। ਨਿਤਿਨ ਨੇ ਦੱਸਿਆ ਕਿ ਉਸ ਦਾ ਇਲਾਜ ਸਿਵਲ ਹਸਪਤਾਲ ਫਿਰੋਜ਼ਪੁਰ ਵਿਖੇ ਚੱਲ ਰਿਹਾ ਹੈ। ਇਸ ਮਾਮਲੇ ਦੀ ਜਾਂਚ ਕਰ ਰਹੇ ਸਬ ਇੰਸਪੈਕਟਰ ਤਰਲੋਕ ਸਿੰਘ ਨੇ ਦੱਸਿਆ ਕਿ ਪੁਲਸ ਨੇ ਸ਼ਿਕਾਇਤਕਰਤਾ ਦੇ ਬਿਆਨਾਂ 'ਤੇ ਉਕਤ ਦੋਸ਼ੀਆਨ ਖਿਲਾਫ ਮਾਮਲਾ ਦਰਜ ਕਰ ਲਿਆ ਹੈ।

# ਕਟਾਰੀਆ ਨੇ ਤੀਰਥ ਯਾਤਰਾ ਬੱਸ ਨੂੰ ਹਰੀ ਝੰਡੀ ਦਿਖਾ ਕੇ ਕੀਤਾ ਰਵਾਨਾ




**ਜ਼ੀਰਾ (ਨਰਿੰਦਰ ਅਨੇਜਾ)**-ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਸ਼ੁਰੂ ਕੀਤੀ 'ਮੁੱਖ ਮੰਤਰੀ ਤੀਰਥ ਯਾਤਰਾ ਸਕੀਮ' ਤਹਿਤ ਵਿਧਾਨ ਸਭਾ ਹਲਕਾ ਜ਼ੀਰਾ ਦੇ ਵਿਧਾਇਕ ਸ੍ਰੀ ਨਰੇਸ਼ ਕਟਾਰੀਆ ਨੇ ਹਲਕੇ ਕੇ ਯਾਤਰੀਆਂ ਦੀ ਬੱਸ ਨੂੰ ਹਰੀ ਝੰਡੀ ਦੇ ਕੇ ਰਵਾਨਾ ਕੀਤਾ।ਵਿਧਾਇਕ ਕਟਾਰੀਆ ਨੇ ਜ਼ੀਰਾ ਹਲਕੇ ਤੋਂ ਸ੍ਰੀ ਦਮਦਮਾ ਸਾਹਿਬ (ਤਲਵੰਡੀ ਸਾਬੋ) ਤੇ ਸ੍ਰੀ ਆਨੰਦਪੁਰ ਸਾਹਿਬ ਯਾਤਰਾ ਲਈ ਸ਼ਰਧਾਲੂਆਂ ਦੀ ਬੱਸ ਨੂੰ ਰਵਾਨਾ ਕਰਨ ਮੌਕੇ ਕਿਹਾ ਕਿ ਇਸ ਸਕੀਮ ਦੇ ਸ਼ੁਰੂ ਹੋਣ ਨਾਲ ਪੰਜਾਬ ਵਾਸੀਆਂ ਨੂੰ ਦੇਸ਼ ਭਰ ਵਿੱਚ ਵੱਖ-ਵੱਖ ਤੀਰਥ ਅਸਥਾਨਾਂ ਦੇ ਦਰਸ਼ਨਾਂ ਲਈ ਜਾਣ ਵਾਸਤੇ ਮੁਫ਼ਤ ਸਫ਼ਰ ਦੀ ਸਹੂਲਤ ਪੰਜਾਬ ਸਰਕਾਰ ਵੱਲੋਂ ਮੁਹੱਈਆ ਕਰਵਾਈ ਗਈ ਹੈ।ਉਨ੍ਹਾ ਕਿਹਾ ਕਿ ਇਸ ਸਕੀਮ ਤਹਿਤ ਯਾਤਰਾ 'ਤੇ ਜਾਣ ਵਾਲੇ ਯਾਤਰੀਆਂ ਦਾ ਖਰਚਾ ਪੰਜਾਬ ਸਰਕਾਰ ਕਰ ਰਹੀ ਹੈ। ਉਨ੍ਹਾ ਦੱਸਿਆ ਕਿ ਇਸ ਸਕੀਮ ਤਹਿਤ ਹਲਕੇ ਤੋਂ ਸੰਗਤ ਨੂੰ ਸ੍ਰੀ ਦਮਦਮਾ ਸਾਹਿਬ (ਤਲਵੰਡੀ ਸਾਬੋ) ਤੇ ਸ੍ਰੀ ਆਨੰਦਪੁਰ ਸਾਹਿਬ ਦੀ ਯਾਤਰਾ ਕਰਵਾਈ ਜਾਵੇਗੀ।ਪਹਿਲੇ ਦਿਨ ਇਹ ਬੱਸ ਸ੍ਰੀ ਦਮਦਮਾ ਸਾਹਿਬ (ਤਲਵੰਡੀ ਸਾਬੋ) ਤੇ ਦੂਜੇ ਦਿਨ ਸ੍ਰੀ ਆਨੰਦਪੁਰ ਸਾਹਿਬ ਜਾਵੇਗੀ ਅਤੇ ਕੱਲ੍ਹ ਸ਼ਾਮ ਨੂੰ ਵਾਪਸ ਆਵੇਗੀ।

ਇਸ ਮੌਕੇ ਬੱਸ 'ਤੇ ਜਾਣ ਵਾਲੇ ਯਾਤਰੀਆਂ ਦਾ ਮੈਡੀਕਲ ਚੈੱਕਅੱਪ ਵੀ ਕੀਤਾ ਗਿਆ ਤੇ ਮੁੱਖ ਮੰਤਰੀ ਤੀਰਥ ਯਾਤਰਾ ਵਾਲੇ ਬੈਗ, ਜਿਸ ਵਿੱਚ ਲੋੜੀਂਦੀਆਂ ਵਸਤੂਆਂ ਹਨ, ਉਹ ਯਾਤਰੀਆਂ ਨੂੰ ਮੁਹੱਈਆ ਕੀਤੀਆਂ ਗਈਆਂ।ਇਸ ਮੌਕੇ ਐੱਸ ਡੀ ਐੱਮ ਜ਼ੀਰਾ ਸ੍ਰੀ ਗੁਰਮੀਤ ਸਿੰਘ, ਨਾਇਬ ਤਹਿਸੀਲਦਾਰ ਵਿਨੋਦ ਕੁਮਾਰ, ਪੰਜਾਬ ਰੋਡਵੇਜ਼ ਦੇ ਅਧਿਕਾਰੀਆਂ ਆਦਿ ਸਮੇਤ ਵੱਡੀ ਗਿਣਤੀ ਵਿੱਚ ਸੰਗਤ ਹਾਜ਼ਰ ਸੀ।

# ਰੋਟਰੀ ਕਲੱਬ ਸਮਾਣਾ ਡਾਇਨਾਮਿਕ ਨੇ ਵਾਹਨਾਂ 'ਤੇ ਰਿਫਲੈਕਟਰ ਲਾਏ

**ਸਮਾਣਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)**-ਰੋਟਰੀ ਕਲੱਬ ਸਮਾਣਾ ਡਾਇਨਾਮਿਕ ਵੱਲੋਂ ਪ੍ਰਧਾਨ ਅਨਿਲ ਕੁਮਾਰ ਗਰਗ, ਸੈਕਟਰੀ ਗੌਤਮ ਗਰਗ, ਕੈਸ਼ੀਅਰ ਦੀਪਕ ਗੋਇਲ ਤੇ ਪ੍ਰੋਜੈਕਟ ਚੇਅਰਮੈਨ ਅਚਿਨ ਸਿੰਗਲਾ ਦੀ ਅਗਵਾਈ ਹੇਠ ਧੁੰਦ 'ਚ ਸੜਕੀ ਹਾਦਸਿਆਂ ਨੂੰ ਰੋਕਣ ਲਈ ਵਾਹਨਾਂ 'ਤੇ ਰਿਫਲੈਕਟਰ ਲਗਾਉਣ ਦੀ ਮੁਹਿੰਮ ਦਾ ਆਗਾਜ਼ ਡੀ ਐੱਸ ਪੀ ਸਮਾਣਾ ਮੈਡਮ ਨੇਹਾ ਅਗਰਵਾਲ ਤੇ ਥਾਣਾ ਸਿਟੀ ਐੱਸ ਐੱਚ ਓ ਗੁਰਇਕਬਾਲ ਸਿੰਘ ਸਿਕੰਦ ਵੱਲੋਂ ਕੀਤਾ ਗਿਆ ਤੇ ਉਨ੍ਹਾਂ ਰਿਫਲੈਕਟਰ ਲਗਾਉਣ ਲਈ ਸੰਸਥਾ ਦੇ ਉਪਰਾਲੇ ਦੀ ਸ਼ਲਾਘਾ ਕੀਤੀ। ਉਨ੍ਹਾਂ ਕਿਹਾ ਕਿ ਦਿਨ-ਬ-ਦਿਨ ਸੜਕੀ ਹਾਦਸਿਆਂ ਦੇ ਵਧਣ ਦਾ ਮੁੱਖ ਕਾਰਨ ਵਾਹਨ ਚਾਲਕਾਂ ਵੱਲੋਂ ਟ੍ਰੈਫਿਕ ਨਿਯਮਾਂ ਦੀ ਪਾਲਣਾ ਨਾ ਕਰਨਾ ਹੈ। ਉਨ੍ਹਾਂ ਕਿਹਾ ਕਿ ਵਾਹਨਾਂ ਦੇ ਮਗਰ ਲੱਗੀਆਂ ਲਾਈਟਾਂ ਖਰਾਬ ਹੋਣ ਤੇ ਰਿਫਲੈਕਟਰ ਨਾ ਲੱਗੇ ਹੋਣ ਕਾਰਨ ਵੀ ਕਈ ਵੱਡੇ ਹਾਦਸੇ ਵਾਪਰ ਚੁੱਕੇ ਹਨ। ਅਜਿਹੇ 'ਚ ਰੋਟਰੀ ਕਲੱਬ ਸਮਾਣਾ ਡਾਇਨਾਮਿਕ ਵੱਲੋਂ ਸ਼ੁਰੂ ਕੀਤੀ ਇਹ ਮੁਹਿੰਮ ਅਜਿਹੇ ਹਾਦਸਿਆਂ ਨੂੰ ਰੋਕਣ ਲਈ ਕਾਰਗਰ ਸਾਬਿਤ ਹੋਵੇਗੀ। ਇਸ ਮੌਕੇ ਟ੍ਰੈਫਿਕ ਇੰਚਾਰਜ ਸੁਖਵਿੰਦਰ ਸਿੰਘ ਨੇ ਵਾਹਨ ਚਾਲਕਾਂ ਨੂੰ ਅਪੀਲ ਕੀਤੀ ਕਿ ਆਉਣ ਵਾਲੇ ਸਮੇਂ ਵਿੱਚ ਠੰਢ ਤੇ ਧੁੰਦ ਵਧਣ ਦੇ ਕਾਫੀ ਆਸਾਰ ਹਨ। ਇਸ ਲਈ ਸਭ ਨੂੰ ਵਾਹਨਾਂ 'ਤੇ ਰਿਫਲੈਕਟਰ ਲਗਵਾਉਣੇ ਚਾਹੀਦੇ ਹਨ। ਇਸ ਮੌਕੇ ਵਿਸ਼ੇਸ਼ ਤੌਰ 'ਤੇ ਪਹੁੰਚੇ ਸ੍ਰੀ ਜੇ ਪੀ ਗਰਗ ਤੇ ਰਿਕੀ ਗਰਗ ਨੇ ਕਿਹਾ ਕਿ ਲੋਕਾਂ ਨੂੰ ਆਪਣੇ ਵਾਹਨ ਧੀਮੀ ਗਤੀ ਵਿੱਚ ਚਲਾਉਣੇ ਚਾਹੀਦੇ ਹਨ, ਕਿਉਂਕਿ ਧੁੰਦ ਦੇ ਮੌਸਮ ਦੌਰਾਨ ਵਾਹਨ ਚਲਾਉਂਦੇ ਸਮੇਂ ਸਾਨੂੰ ਸਾਫ਼ ਦਿਖਾਈ ਨਹੀਂ ਦਿੰਦਾ ਤੇ ਤੇਜ਼ ਗਤੀ ਵਿੱਚ ਜਾ ਰਹੇ ਵਾਹਨ ਨੂੰ ਸੰਭਾਲਣਾ ਔਖਾ ਹੋ ਜਾਂਦਾ ਹੈ, ਜੋ ਦੁਰਘਟਨਾ ਦਾ ਕਾਰਨ ਬਣਦਾ ਹੈ। ਇਸ ਮੌਕੇ ਰੋਟਰੀ ਕਲੱਬ ਸਮਾਣਾ ਡਾਇਨਾਮਿਕ ਦੇ ਪ੍ਰਧਾਨ ਅਨਿਲ ਗਰਗ, ਸਰਪ੍ਰਸਤ ਦਰਸ਼ਨ ਮਿੱਤਲ, ਸੁਰੇਸ਼ ਕੁਮਾਰ ਮਵੀ, ਅਸ਼ੋਕ ਸਰੋਲਾ, ਗੌਤਮ ਅਗਰਵਾਲ, ਸੁਮੀਤ ਗਰਗ ਟੀਨੂ, ਮੁਕੇਸ਼ ਬਾਂਸਲ, ਰਾਜੇਸ਼ ਬਾਂਸਲ, ਸੰਜੀਵ ਬਾਂਸਲ, ਸੌਰਵ ਗਰਗ, ਅਸ਼ਵਨੀ ਵਰਮਾ ਬੌਬੀ, ਲੱਕੀ ਬਾਂਸਲ, ਵਿਜੇ ਗਰਗ, ਸੰਨੀ ਘਈ, ਅਕੁੰਸ਼ ਗੋਇਲ, ਦੀਪਕ ਗੋਇਲ, ਕੋਮਲ ਗੋਇਲ, ਚੇਤਨ ਗੁਪਤਾ, ਲਲਿਤ ਕੁਮਾਰ, ਮਨੀਸ਼ ਕੁਮਾਰ, ਨਵਨੀਤ ਕੁਮਾਰ, ਸ਼ਕਤੀ ਸਿੰਗਲਾ, ਪ੍ਰਿੰਕਲ ਸਿੰਗਲਾ ਤੇ ਰਾਕੇਸ਼ ਸਿੰਗਲਾ ਆਦਿ ਨੇ ਦੱਸਿਆ ਕਿ ਉਨ੍ਹਾਂ ਵੱਲੋਂ 500 ਰੈਡੀਅਮ ਰਿਫਲੈਕਟਰ ਬਣਾਏ ਗਏ ਹਨ, ਜੋ ਟਰੱਕਾਂ, ਬੱਸਾਂ, ਟੈਂਪੂਆਂ, ਸਕੂਲ ਵੈਨਾਂ 'ਤੇ ਲਗਾਏ ਜਾ ਰਹੇ ਹਨ ਅਤੇ ਲੋੜ ਪੈਣ 'ਤੇ ਹੋਰ ਰੈਡੀਅਮ ਰਿਫਲੈਕਟਰ ਬਣਾਏ ਜਾਣਗੇ। ਇਸ ਮੌਕੇ ਟ੍ਰੈਫਿਕ ਕਰਮਚਾਰੀ ਏ ਐੱਸ ਆਈ ਸਸਵਿੰਦਰ ਸਿੰਘ, ਐੱਚ ਸੀ ਹਰਜੀਤ ਸਿੰਘ ਤੇ ਐੱਚ ਸੀ ਜਸਪਾਲ ਸਿੰਘ ਹਾਜ਼ਰ ਸਨ।

**ਡੀ ਐੱਸ ਪੀ ਨੇਹਾ ਅਗਰਵਾਲ ਤੇ ਐੱਸ ਐੱਚ ਓ ਸਿਕੰਦ ਵੱਲੋਂ ਸੰਸਥਾ ਦੇ ਉਪਰਾਲੇ ਦੀ ਸ਼ਲਾਘਾ**



# ਵਿਧਾਇਕ ਦੀ ਅਗਵਾਈ 'ਚ ਆਪ ਵਲੰਟੀਅਰਾਂ ਵੱਲੋਂ ਸਫਾਈ ਮੁਹਿੰਮ ਜਾਰੀ



**ਫਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**

ਫਤਿਹਗੜ੍ਹ ਸਾਹਿਬ ਦੇ ਵਿਧਾਇਕ ਐਡਵੋਕੇਟ ਲਖਬੀਰ ਸਿੰਘ ਰਾਏ ਵੱਲੋਂ ਆਮ ਆਦਮੀ ਪਾਰਟੀ ਦੇ ਵਲੰਟੀਅਰਾਂ ਦੇ ਨਾਲ ਮਿਲ ਕੇ ਤੀਜੇ ਦਿਨ ਵੀ ਲਗਾਤਾਰ ਸਫਾਈ ਮੁਹਿੰਮ ਜਾਰੀ ਰੱਖੀ ਗਈ, ਜਿਸ ਵਿੱਚ ਆਮ ਆਦਮੀ ਪਾਰਟੀ ਦੇ ਵਲੰਟੀਅਰਾਂ ਵੱਲੋਂ ਵਧ ਚੜ੍ਹ ਕੇ ਯੋਗਦਾਨ ਪਾਇਆ ਗਿਆ। ਉਨ੍ਹਾਂ ਨੇ ਜੋਤੀ ਸਰੂਪ ਚੌਕ ਤੋਂ ਲੈ ਕੇ ਗੁਰਦੁਆਰਾ ਸ੍ਰੀ ਫਤਿਹਗੜ੍ਹ ਸਾਹਿਬ ਤੱਕ ਸੜਕ ਦੇ ਦੋਵੇਂ ਪਾਸੇ ਸਾਫ ਸਫਾਈ ਕੀਤੀ। ਇਸ ਮੌਕੇ ਵਿਧਾਇਕ ਲਖਬੀਰ ਰਾਏ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਦੂਰ ਨੇੜਿਓਂ ਆਉਣ ਵਾਲੀ ਸੰਗਤ ਨੂੰ ਚੰਗਾ ਤੇ ਸਾਫ-ਸੁਥਰਾ ਵਾਤਾਵਰਨ ਮੁਹੱਈਆ ਕਰਵਾਉਣਾ ਸਾਡਾ ਫਰਜ਼ ਬਣਦਾ ਹੈ, ਜਦੋਂ ਸਾਡੇ ਘਰ ਕੋਈ ਮਹਿਮਾਨ ਆਉਂਦਾ ਹੈ ਤਾਂ ਉਸ ਦੀ ਮਹਿਮਾਨਬਾਜ਼ੀ ਵਿੱਚ ਅਸੀਂ ਅਥਾਹ ਆਓ ਭਗਤ ਕਰਦੇ ਹਾਂ। ਇਸੇ ਤਰ੍ਹਾਂ ਸ਼ਹੀਦੀ ਜੋੜ ਮੇਲ ਉੱਤੇ ਦੂਰ ਨੇੜਿਓਂ ਸੰਗਤਾਂ ਲੱਖਾਂ ਦੀ ਤਾਦਾਦ ਵਿੱਚ ਫਤਿਹਗੜ੍ਹ ਸਾਹਿਬ ਵਿਖੇ ਪਹੁੰਚਣੀਆਂ ਸ਼ੁਰੂ ਹੋ ਗਈਆਂ ਹਨ। ਆਮ ਆਦਮੀ ਪਾਰਟੀ ਦੇ ਸਾਰੇ ਹੀ ਵਲੰਟੀਅਰ ਫਤਿਹਗੜ੍ਹ ਸਾਹਿਬ ਵਿਖੇ ਪਹੁੰਚਣ ਵਾਲੀਆਂ ਸੰਗਤਾਂ ਨੂੰ 'ਜੀ ਆਇਆਂ ਨੂੰ' ਆਖਦੇ ਹਾਂ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਦੇ ਵਲੰਟੀਅਰਾਂ ਵੱਲੋਂ ਇਹ ਸੇਵਾ ਅੱਜ ਤੀਜੇ ਦਿਨ ਵੀ ਜਾਰੀ ਰੱਖੀ ਗਈ। ਇਸ ਤੋਂ ਬਾਅਦ ਵੀ ਆਮ ਆਦਮੀ ਪਾਰਟੀ ਦੇ ਵਰਕਰ ਸ਼ਹੀਦੀ ਜੋੜ ਮੇਲ ਤੱਕ ਹਾਜ਼ਰ ਰਹਿਣਗੇ। ਉਨ੍ਹਾਂ ਇਸ ਸ਼ਹੀਦੀ ਜੋੜ ਮੇਲ ਮੌਕੇ ਪਹੁੰਚਣ ਵਾਲੀ ਸੰਗਤ ਨੂੰ ਅਪੀਲ ਕਰਦਿਆਂ ਆਖਿਆ ਕਿ ਸਾਫ ਸਫਾਈ ਦਾ ਖਿਆਲ ਸਾਨੂੰ ਸਾਰਿਆਂ ਨੂੰ ਰੱਖਣਾ ਚਾਹੀਦਾ ਹੈ। ਨਗਰ ਕੌਂਸਲ ਸਰਹਿੰਦ ਦੇ ਸਹਿਯੋਗ ਨਾਲ ਡਸਟਬੀਨ ਥਾਂ-ਥਾਂ 'ਤੇ ਲਗਵਾਏ ਗਏ ਹਨ, ਕੂੜਾ ਸੁੱਟਣ ਲਈ ਉਨ੍ਹਾਂ ਡਸਟਬੀਨਾਂ ਦੀ ਵਰਤੋਂ ਕੀਤੀ ਜਾਵੇ। ਇਸ ਮੌਕੇ ਹੋਰਨਾਂ ਤੋਂ ਇਲਾਵਾ ਹਰਦੀਪ ਸਿੰਘ ਜਖਵਾਲੀ, ਜਗਜੀਤ ਸਿੰਘ ਰਿਉਣਾ, ਗੱਜਣ ਸਿੰਘ ਜਲਵੇੜਾ, ਸਤੀਸ਼ ਲਟੌਰ, ਬਲਵੀਰ ਸਿੰਘ, ਨਾਹਰ ਸਿੰਘ ਆਦਮਪੁਰ, ਅਸੀਸ ਕੁਮਾਰ ਅੱਤਰੀ, ਪ੍ਰਿਤਪਾਲ ਜੱਸੀ, ਗੁਰਸਤਿੰਦਰ ਸਿੰਘ ਜੱਲਾ, ਹਰਸ਼ ਰੁੜਕੀ, ਹਰਮੇਸ਼ ਸਿੰਘ ਛੰਨਾ, ਬਲਵੀਰ ਸਿੰਘ ਚੀਮਾ, ਅਵਤਾਰ ਸਿੰਘ ਆਦਿ ਹਾਜ਼ਰ ਸਨ।

# ਬੀ ਬੀ ਐੱਸ ਬੀ ਕਾਨਵੈਂਟ ਸਕੂਲ ਸਿੱਧਵਾਂ ਬੇਟ ਦਾ ਪ੍ਰਾਸਪੈਕਟ ਜਾਰੀ



**ਜਗਰਾਓ (ਨਛੱਤਰ ਸੰਧੂ)**-ਇਲਾਕੇ ਦੀ ਨਾਮਵਾਰ ਵਿੱਦਿਅਕ ਸੰਸਥਾ ਬੀ ਬੀ ਐੱਸ ਬੀ ਕਾਨਵੈਂਟ ਸਕੂਲ ਸਿੱਧਵਾਂ ਬੇਟ ਵਿਖੇ ਨਵੇਂ ਸੈਸ਼ਨ 2024-2025 ਲਈ ਨਵਾਂ ਪ੍ਰੋਸਪੈਕਟ ਜਾਰੀ ਕੀਤਾ ਗਿਆ।

ਇਸ ਮੌਕੇ ਪ੍ਰਿੰਸੀਪਲ ਮੈਡਮ ਮਿਸਿਜ਼ ਮੋਨਾ ਠਾਕੁਰ ਤੇ ਮੈਨੇਜਮੈਂਟ ਦੇ ਚੇਅਰਮੈਨ ਸਨੀ ਅਰੋੜਾ, ਵਾਈਸ ਚੇਅਰਮੈਨ ਰਜਿੰਦਰ ਕੁਮਾਰ ਬਾਵਾ, ਪ੍ਰੈਜ਼ੀਡੈਂਟ ਹਰੀਕ੍ਰਿਸ਼ਨ ਭਗਵਾਨ ਦਾਸ, ਮੈਨੇਜਿੰਗ ਡਾਇਰੈਕਟਰ ਸ਼ਾਮ ਸੁੰਦਰ ਭਾਰਦਵਾਜ, ਜਨਰਲ ਸੈਕਰੇਟਰੀ ਅੰਜੂ ਬਾਲਾ ਤੇ ਮੈਨੇਜਰ ਗਗਨਦੀਪ ਬਾਵਾ ਹਾਜ਼ਰ ਸਨ। ਇਸ ਮੌਕੇ ਪ੍ਰਿੰਸੀਪਲ ਮਿਸਿਜ਼ ਮੋਨਾ ਠਾਕੁਰ ਨੇ ਕਿਹਾ ਕਿ ਸਕੂਲ ਬੱਚਿਆਂ ਦੇ ਭਵਿੱਖ ਨੂੰ ਸਵਾਰਨ ਲਈ ਵਚਨਬੱਧ ਹੈ ਅਤੇ ਬੀ. ਬੀ. ਐੱਸ. ਬੀ. ਕਾਨਵੈਂਟ ਸਕੂਲ ਵਿੱਚ ਬੱਚਿਆਂ ਨੂੰ ਪੜ੍ਹਾਈ ਦੇ ਨਾਲ-ਨਾਲ ਨੈਤਿਕ ਸਿੱਖਿਆਵਾਂ ਵੀ ਦਿੱਤੀਆਂ ਜਾਂਦੀਆਂ ਹਨ। ਸਕੂਲ ਵਿੱਚ ਇੱਕ ਵਧੀਆ ਖੇਡ ਦਾ ਮੈਦਾਨ, ਹਰ ਜਮਾਤ ਵਿੱਚ ਏ. ਸੀ. ਤੇ ਸਰਦੀਆਂ ਵਿੱਚ ਖਾਣਾ ਗਰਮ ਰੱਖਣ ਲਈ ਓਵਨ ਦੀ ਸੁਵਿਧਾ ਉਪਲੱਬਧ ਹੈ। ਇਸੇ ਲੜੀ ਤਹਿਤ ਵਧੀਆ ਸਟਾਫ ਦੇ ਨਾਲ-ਨਾਲ ਖੇਡ ਦੇ ਲਈ ਵਧੀਆ ਕੋਚ ਵੀ ਹਨ, ਜੋ ਬੱਚਿਆਂ ਨੂੰ ਖੇਡਾਂ ਵਾਲੇ ਪਾਸੇ ਵੀ ਮੋਹਰੀ ਰੱਖਦੇ ਹਨ। ਸਕੂਲ ਵਿੱਚ ਇਸ ਦੇ ਨਾਲ-ਨਾਲ ਵਧੀਆ ਸਾਇੰਸ ਲੈਬ ਤੇ ਕੰਪਿਊਟਰ ਲੈਬ ਵੀ ਮੌਜੂਦ ਹਨ। ਸਕੂਲ ਦੇ ਪ੍ਰਿੰਸੀਪਲ ਮਿਸਿਜ਼ ਮੋਨਾ ਠਾਕੁਰ ਨੇ ਕਿਹਾ ਕਿ ਸਕੂਲ ਦੇ ਵਿਦਿਆਰਥੀ ਆਉਣ ਵਾਲੇ ਸਾਲਾਂ ਵਿੱਚ ਪੜ੍ਹਾਈ ਦੇ ਨਾਲ-ਨਾਲ ਖੇਡਾਂ ਤੇ ਹੋਰ ਕਈ ਖੇਤਰਾਂ ਵਿੱਚ ਨਵੇਂ ਕੀਰਤੀਮਾਨ ਸਥਾਪਤ ਕਰਨਗੇ। ਉਨ੍ਹਾ ਬੱਚਿਆਂ ਦੇ ਉਜਵਲ ਭਵਿੱਖ ਨੂੰ ਸਵਾਰਨ ਤੇ ਬੱਚਿਆਂ ਨੂੰ ਚੰਗੀ ਸਿੱਖਿਆ ਤੇ ਚੰਗੀਆਂ ਆਦਤਾਂ ਸਿਖਾਉਣ ਦਾ ਵਾਅਦਾ ਕੀਤਾ।

# ਕੌਮੀ ਕਿਸਾਨ ਯੂਨੀਅਨ ਦੇ ਆਗੂਆਂ ਡੀ ਸੀ ਨੂੰ ਸੌਂਪਿਆ ਮੰਗ ਪੱਤਰ



**ਫਿਰੋਜ਼ਪੁਰ (ਅਸ਼ੋਕ ਸ਼ਰਮਾ)**

ਖੇਤਾਂ ਵਿੱਚ ਝੋਨੇ ਦੀ ਪਰਾਲੀ ਨੂੰ ਵਾਹੁਣ ਕਾਰਨ ਕਣਕ ਦੀ ਫ਼ਸਲ ਦੇ ਨੁਕਸਾਨੇ ਜਾਣ ਸਬੰਧੀ ਕਿਸਾਨ ਯੂਨੀਅਨ ਦੇ ਆਗੂਆਂ ਨੇ ਪੰਜਾਬ ਪ੍ਰਧਾਨ ਬਿੰਦਰ ਸਿੰਘ ਗੋਲੇਵਾਲਾ ਦੀ ਪ੍ਰਧਾਨਗੀ ਹੇਠ ਡੀ ਸੀ ਫ਼ਿਰੋਜ਼ਪੁਰ ਨੂੰ ਮੰਗ ਪੱਤਰ ਸੌਂਪਿਆ।ਜਾਣਕਾਰੀ ਦਿੰਦੇ ਹੋਏ ਬਿੰਦਰ ਸਿੰਘ ਗੋਲੇਵਾਲਾ ਪ੍ਰਧਾਨ, ਜਸਕਰਨ ਸਿੰਘ, ਜਗਮੀਤਦਾਦ ਸਿੰਘ, ਰਘੁਬੀਰ ਸਿੰਘ, ਸੁਖਵਿੰਦਰ ਸਿੰਘ ਜ਼ਿਲ੍ਹਾ ਪ੍ਰਧਾਨ, ਸੁਖਮੰਦਰ ਸਿੰਘ, ਭੁਪਿੰਦਰ ਸਿੰਘ, ਲਖਵੀਰ ਸਿੰਘ, ਇਕਬਾਲ ਸਿੰਘ ਆਦਿ ਆਗੂਆਂ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਝੋਨਾ ਲਾਉਣ ਦੇ ਹੁਕਮ ਜਾਰੀ ਕੀਤੇ ਗਏ ਹਨ।ਕਿਸਾਨਾਂ ਨੂੰ ਪਰਾਲੀ ਨੂੰ ਖੇਤਾਂ ਵਿੱਚ ਵਾਹੁਣ ਲਈ ਮਜਬੂਰ ਕੀਤਾ ਗਿਆ, ਜਿਸ ਦਾ ਨਤੀਜਾ ਅੱਜ ਕਿਸਾਨ ਭੁਗਤ ਰਹੇ ਹਨ। ਉਨ੍ਹਾ ਕਿਹਾ ਕਿ ਪਰਾਲੀ ਕਾਰਨ ਕਣਕ 'ਤੇ ਸੁੰਡੀਆਂ ਦਾ ਅਸਰ ਪੈ ਰਿਹਾ ਹੈ ਤੇ ਖੇਤਾਂ ਵਿੱਚ ਪਈ ਕਣਕ ਦੀ ਫ਼ਸਲ ਬਰਬਾਦ ਹੋ ਗਈ ਹੈ।ਕਿਸਾਨ ਆਗੂਆਂ ਨੇ ਕਿਹਾ ਕਿ ਜਿਸ ਤਰ੍ਹਾਂ ਕਿਸਾਨਾਂ ਨੂੰ ਖੇਤਾਂ ਵਿੱਚ ਪਰਾਲੀ ਵਾਹੁਣ ਲਈ ਮਜਬੂਰ ਕੀਤਾ ਜਾਂਦਾ ਹੈ, ਉਸੇ ਤਰ੍ਹਾਂ ਹੁਣ ਕਿਸਾਨਾਂ ਤੋਂ ਰਿਪੋਰਟ ਲੈ ਕੇ ਗਿਰਦਾਵਰੀ ਕਰਵਾ ਕੇ ਕਿਸਾਨਾਂ ਨੂੰ ਜਲਦੀ ਤੋਂ ਜਲਦੀ ਮੁਆਵਜ਼ਾ ਦਿੱਤਾ ਜਾਵੇ।

ਉਨ੍ਹਾਂ ਕਿਹਾ ਕਿ ਅਸੀਂ 19 ਦਸੰਬਰ ਨੂੰ ਮੁੱਖ ਮੰਤਰੀ ਨਾਲ ਸਾਂਝੇ ਮੋਰਚੇ ਦੀ ਮੀਟਿੰਗ ਦੌਰਾਨ ਖਰਾਬ ਹੋਈ ਕਣਕ ਦੇ ਸੈਂਪਲ ਦਿਖਾਏ ਸਨ, ਕਿਉਂਕਿ ਇਹ ਨੁਕਸਾਨ ਪੰਜਾਬ ਦੇ 23 ਜ਼ਿਲ੍ਹਿਆਂ ਵਿੱਚ ਹੋਇਆ ਹੈ।ਉਨ੍ਹਾਂ ਕਿਹਾ ਕਿ ਜੇਕਰ ਸਾਡੀ ਅਪੀਲ 'ਤੇ ਕੋਈ ਕਾਰਵਾਈ ਨਾ ਹੋਈ ਤਾਂ ਅਸੀਂ ਸੰਘਰਸ਼ ਕਰਨ ਲਈ ਮਜਬੂਰ ਹੋਵਾਂਗੇ।

# ਸੰਤ ਬਾਬਾ ਫਤਿਹ ਸਿੰਘ ਫੁੱਟਬਾਲ ਟੂਰਨਾਮੈਂਟ ਭਲਕ ਤੋਂ



**ਕੋਟ ਈਸੇ ਖਾਂ (ਅਰੋੜਾ)**-ਸੰਤ ਬਾਬਾ ਫਤਿਹ ਸਿੰਘ ਯਾਦਗਾਰੀ ਅੰਡਰ-17 ਸਾਲ ਲੜਕੇ ਪਹਿਲਾ ਫੁੱਟਬਾਲ ਟੂਰਨਾਮੈਂਟ ਜੋ ਕਿ ਸ਼ਹੀਦ ਜੈਮਲ ਸਿੰਘ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਗਲੋਟੀ ਵਿਖੇ 28 ਦਸੰਬਰ ਤੋਂ ਸ਼ੁਰੂ ਹੋ ਰਿਹਾ ਹੈ ਜੋ ਸੰਤ ਬਾਬਾ ਗੁਰਮੀਤ ਸਿੰਘ ਦੀ ਰਹਿਨੁਮਾਈ ਹੇਠ ਕਰਵਾਇਆ ਜਾ ਰਿਹਾ ਹੈ।

ਮੋਗਾ ਜ਼ਿਲ੍ਹਾ ਫੁੱਟਬਾਲ ਐਸੋਸੀਏਸ਼ਨ ਦੇ ਜਨਰਲ ਸਕੱਤਰ ਲੈਕਚਰਾਰ ਪਲਵਿੰਦਰ ਸਿੰਘ ਨੇ ਦੱਸਿਆ ਕਿ ਇਹ ਟੂਰਨਾਮੈਂਟ ਦਾ ਉਦਘਾਟਨ ਮੋਗਾ ਜ਼ਿਲ੍ਹਾ ਦੇ ਡਿਪਟੀ ਕਮਿਸ਼ਨਰ ਕੁਲਵੰਤ ਸਿੰਘ 28 ਦਸੰਬਰ ਨੂੰ ਠੀਕ 10 ਵਜੇ ਕਰਨਗੇ। ਟੂਰਨਾਮੈਂਟ 'ਚ ਪਹਿਲਾ ਸਥਾਨ ਪ੍ਰਾਪਤ ਕਰਨ ਵਾਲੀ ਟੀਮ ਨੂੰ 21000 ਰੁਪਏ ਅਤੇ ਮੈਡਲ, ਦੂਸਰੇ ਸਥਾਨ ਪ੍ਰਾਪਤ ਕਰਨ ਵਾਲੀ ਟੀਮ ਨੂੰ 15000 ਰੁਪਏ, ਸ਼ੀਲਡ ਅਤੇ ਮੈਡਲ, ਤੀਸਰਾ ਅਤੇ ਚੌਥਾ ਸਥਾਨ ਪ੍ਰਾਪਤ ਕਰਨ ਵਾਲੀ ਟੀਮ ਨੂੰ ਪੰਜ ਪੰਜ ਹਜ਼ਾਰ ਰੁਪਏ ਅਤੇ ਸ਼ੀਲਡ ਦੇ ਕੇ ਸਨਮਾਨਤ ਕੀਤਾ ਜਾਵੇਗਾ। ਇਸ ਟੂਰਨਾਮੈਂਟ 'ਚ ਪੰਜਾਬ ਅਤੇ ਹੋਰ ਰਾਜਾਂ ਤੋਂ 32 ਟੀਮਾਂ ਭਾਗ ਲੈ ਰਹੀਆਂ ਹਨ। ਇਸ ਟੂਰਨਾਮੈਂਟ ਦੇ ਵਿਸ਼ੇਸ਼ ਮਹਿਮਾਨ ਚਾਰੂਮੀਤਾ ਐਸ ਡੀ ਐਮ ਧਰਮਕੋਟ ਅਤੇ ਸੰਤ ਬਾਬਾ ਹਰਚੰਦ ਸਿੰਘ ਖੋਸਿਆਂ ਵਾਲੇ ਹੋਣਗੇ । ਖਿਡਾਰੀਆਂ ਲਈ ਰਹਿਣ ਅਤੇ ਖਾਣ ਦਾ ਵਿਸ਼ੇਸ਼ ਪ੍ਰਬੰਧ ਅਮੋਲ ਫੁੱਟਬਾਲ ਅਕੈਡਮੀ ਖੋਸਾ ਵੱਲੋਂ ਕੀਤਾ ਜਾ ਰਿਹਾ ਹੈ। ਇਸ ਟੂਰਨਾਮੈਂਟ ਵਿੱਚ ਵਿਸ਼ੇਸ਼ ਯੋਗਦਾਨ ਗੁਰਦੁਆਰਾ ਭਾਈ ਮਨਸਾ ਸਿੰਘ ਪ੍ਰਬੰਧਕ ਕਮੇਟੀ ਗਲੋਟੀ ਵੱਲੋਂ ਦਿੱਤਾ ਜਾ ਰਿਹਾ ਹੈ। ਕਨਵੀਨਰ ਮੋਗਾ ਜ਼ਿਲ੍ਹਾ ਦੇ ਫੁੱਟਬਾਲ ਕੋਚ ਨਵਤੇਜ ਸਿੰਘ, ਖੇਲੋ ਇੰਡੀਆ ਦੇ ਕੋਚ ਜਸਪ੍ਰੀਤ ਸਿੰਘ, ਅਮੋਲ ਫੁੱਟਬਾਲ ਅਕੈਡਮੀ ਖੋਸਾ ਦੇ ਕੋਚ ਹਰਜੀਤ ਸਿੰਘ ਅਤੇ ਰੁਪਿੰਦਰ ਸਿੰਘ ਹੋਣਗੇ। ਇਹ ਟੂਰਨਾਮੈਂਟ ਨਾਕਆਊਟ ਵਿਧੀ ਨਾਲ ਕਰਵਾਇਆ ਜਾਵੇਗਾ।

# ਛੋਟੇ ਸਾਹਿਬਜ਼ਾਦਿਆਂ ਤੇ ਮਾਤਾ ਗੁਜਰੀ ਦਾ ਸ਼ਹੀਦੀ ਦਿਹਾੜਾ ਮਨਾਇਆ



**ਚੀਮਾ ਮੰਡੀ (ਰਵਿੰਦਰ ਚੀਮਾ)**-ਕਲਗੀਧਰ ਟਰੱਸਟ ਬੜੂ ਸਾਹਿਬ ਦੀ ਸਰਪ੍ਰਸਤੀ ਹੇਠ ਚੱਲ ਰਹੀ ਵਿੱਦਿਅਕ ਸੰਸਥਾ ਅਕਾਲ ਅਕੈਡਮੀ ਚੀਮਾ (ਪੀ.ਐੱਸ.ਈ.ਬੀ) ਤੇ ਅੰਗਰੇਜ਼ੀ ਮਾਧਿਅਮ ਦੇ ਸਮੂਹ ਸਟਾਫ ਅਤੇ ਵਿਦਿਆਰਥੀਆਂ ਵੱਲੋਂ ਗੁਰਦੁਆਰਾ ਜਨਮ ਸਥਾਨ ਸਾਹਿਬ ਸੰਤ ਅਤਰ ਸਿੰਘ ਜੀ ਚੀਮਾ ਸਾਹਿਬ ਵਿਖੇ ਚਾਰ ਸਾਹਿਬਜ਼ਾਦੇ, ਮਾਤਾ ਗੁਜਰ ਕੌਰ ਜੀ ਤੇ ਸਿੰਘ ਸ਼ਹੀਦਾਂ ਦੀ ਯਾਦ ਵਿੱਚ ਗੁਰਮਤਿ ਸਮਾਗਮ ਕੀਤਾ ਗਿਆ, ਜਿਸ ਵਿੱਚ ਅਕੈਡਮੀ ਦੇ ਸਮੂਹ ਵਿਦਿਆਰਥੀਆਂ ਤੇ ਸਟਾਫ ਨੇ ਪੰਜ ਬਾਣੀਆਂ ਦੇ ਜਾਪ ਕੀਤੇ। ਸ੍ਰੀ ਅਖੰਡ ਪਾਠ ਤੇ ਸ੍ਰੀ ਸਹਿਜ ਪਾਠ ਸਾਹਿਬ ਦੇ ਭੋਗ ਉਪਰੰਤ ਸ਼ਬਦ ਕੀਰਤਨ ਕੀਤਾ ਗਿਆ। ਵਿਦਿਆਰਥੀਆਂ ਵੱਲੋਂ ਸਮੂਹ ਸੰਗਤ ਨੂੰ ਸਾਹਿਬਜ਼ਾਦਿਆਂ ਦੇ ਸ਼ਹੀਦੀ ਸਾਕੇ ਤੋਂ ਜਾਣੂ ਕਰਵਾਇਆ ਗਿਆ। ਵਾਰਾਂ ਤੇ ਕਵਿਤਾਵਾਂ ਦੁਆਰਾ ਸਿੱਖ ਇਤਿਹਾਸ ਗਾਇਨ ਕਰਕੇ ਸੁਣਾਇਆ ਗਿਆ। ਸਮਾਗਮ ਵਿੱਚ ਸੰਸਥਾ ਦੇ ਪ੍ਰਿੰਸੀਪਲ, ਸਮੂਹ ਸਟਾਫ ਤੇ ਵਿਦਿਆਰਥੀਆਂ ਨੇ ਸ਼ਰਧਾ ਤੇ ਪਿਆਰ ਨਾਲ ਹਾਜ਼ਰੀ ਭਰੀ।

# ਯਸੂ ਮੁਕਤੀ ਚਮਤਕਾਰ ਚਰਚ 'ਚ ਮਨਾਇਆ ਕ੍ਰਿਸਮਸ ਡੇ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਸ਼ਹਿਰ ਦੇ ਮਾਡਲ ਟਾਊਨ ਵਿਖੇ ਸਥਿਤ ਯਿਸੂ ਮੁਕਤੀ ਚਮਤਕਾਰ ਚਰਚ ਵਿਖੇ ਪ੍ਰਭੂ ਯਿਸੂ ਮਸੀਹ ਕ੍ਰਿਸਮਸ ਡੇ ਦਾ ਦਿਹਾੜਾ ਚਰਚ ਦ ਸੰਚਾਲਕ ਬਜ਼ੁਰਗ ਪਾਸਟਰ ਦਿਲ ਬਹਾਦਰ ਅਤੇ ਸੰਗਤਾਂ ਦੇ ਸਹਿਯੋਗ ਸਦਕਾ ਬੜੀ ਧੂਮਧਾਮ ਨਾਲ ਮਨਾਇਆ ਗਿਆ। ਪ੍ਰੋਗਰਾਮ ਦੀ ਸ਼ੁਰੂਆਤ ਪਾਸਟਰ ਦਿਲ ਬਹਾਦਰ, ਸਿਸਟਰ ਸੁਮਨ ਅਤੇ ਦਾਸੀ ਸ਼ਕੁੰਤਲਾ ਰਾਣੀ ਵਲੋਂ ਪ੍ਰਭੂ ਯਿਸੂ ਮਸੀਹ ਦੇ ਕੇਕ ਕੱਟ ਕੇ ਕੀਤੀ। ਉਪਰੰਤ ਛੋਟੇ-ਛੋਟੇ ਬੱਚਿਆਂ ਵੱਲ ਮਸੀਹ ਗੀਤ ਪੇਸ਼ ਕੀਤੇ ਗਏ ਅਤੇ ਮਸੀਹ ਗੀਤਾਂ 'ਤੇ ਭੰਗੜਾ ਪਾ ਕੇ ਕ੍ਰਿਸਮਸ ਡੇ ਦੀ ਖ਼ੂਬਸੂਰਤੀ ਨੂੰ ਸਿਖਰਾਂ 'ਤੇ ਪਹੁੰਚਾਇਆਂ। ਇਸ ਮੌਕੇ ਛੋਟੇ ਬੱਚਿਆਂ ਨੇ ਸੈਂਟਾ ਕਲਾਜ਼ ਦੀਆਂ ਸੁੰਦਰ ਝਾਕੀਆਂ ਵੀ ਕੱਢੀਆਂ। ਇਸ ਮੌਕੇ ਸਰਬੱਤ ਦਾ ਭਲਾ ਸਾਂਝਾ ਮੰਚ ਜਥੇਬੰਦੀ ਰਜਿ: ਪੰਜਾਬ ਦੇ ਜਰਨਲ ਸਕੱਤਰ ਮਨਜੀਤ ਸਿੰਘ ਸਿੱਧੂ ਬਰਾੜ ਅਤੇ ਜਥੇਬੰਦੀ ਦੇ ਬਲਾਕ ਗਿੱਦੜਬਾਹਾ ਦੇ ਪ੍ਰਧਾਨ ਬਾਬਾ ਗੁਰਮੀਤ ਸਿੰਘ ਨੇ ਵਿਸ਼ੇਸ਼ ਤੌਰ 'ਤੇ ਹਾਜ਼ਰੀ ਲਵਾਈ। ਇਸ ਮੌਕੇ ਬਾਬਾ ਗੁਰਮੀਤ ਸਿੰਘ ਨੇ ਨੌਜਵਾਨ ਪੀੜ੍ਹੀ ਨੂੰ ਨਸ਼ਿਆਂ ਤੋਂ ਦੂਰ ਰਹਿ ਕੇ ਪੰਜਾਬ ਨੂੰ ਖੁਸ਼ਹਾਲ ਬਣਾਉਣ ਅਤੇ ਖੇਡਾਂ ਵੱਲ ਧਿਆਨ ਦੇਣ ਦੀ ਅਪੀਲ ਵੀ ਕੀਤੀ। ਇਸ ਮੌਕੇ ਲੋੜਵੰਦ ਪਰਵਾਰਾਂ ਨੂੰ ਕੱਪੜੇ ਅਤੇ ਗ਼ਰਮ ਕੰਬਲ ਵੀ ਵੰਡੇ ਗਏ। ਇਸ ਮੌਕੇ ਚਰਚ ਦੀ ਵਰਸ਼ਿਪ ਟੀਮ ਉਪਾਸਨਾ ਬਰਾੜ, ਖੁਸ਼ੀ, ਨੇਹਾ, ਹਰਪ੍ਰੀਤ ਕੌਰ, ਗਗਨ, ਰਮਨ, ਗੁੰਨੀ, ਪ੍ਰਿੰਸੀਕਾ, ਸੰਜਨਾ, ਹੀਨਾ, ਕੋਮਲ, ਮਨਿੰਦਰ, ਕਿਰਨਾ ਰਾਣੀ, ਜਸ਼ਨ, ਮਨਵੀਰ, ਅਮਨਦੀਪ ਬੱਚੀਆਂ ਨੇ ਪੰਜਾਬੀ ਗਿੱਧਾ ਬੋਲੀਆਂ ਪੇਸ਼ ਕਰਕੇ ਪ੍ਰੋਗਰਾਮ ਦੀ ਖੂਬਸੂਰਤੀ ਨੂੰ ਚਾਰ ਚੰਨ ਲਗਾਏ। ਇਸ ਮੌਕੇ ਪਾਸਟਰ ਦਿਲ ਬਹਾਦਰ, ਪਾਸਟਰ ਸਿਸਟਰ ਸੁਮਨ ਨੇ ਦੁਖੀਆਂ-ਬਿਮਾਰਾਂ ਅਤੇ ਪੰਜਾਬ ਦੀ ਭਲਾਈ ਸਿਵਲ ਪ੍ਰਸ਼ਾਸਨ, ਸ਼ਹਿਰ ਵਾਸੀਆਂ ਅਤੇ ਸਰਬੱਤ ਦੇ ਭਲੇ ਲਈ ਵਿਸ਼ੇਸ਼ ਪ੍ਰਾਰਥਨਾ ਕੀਤੀ। ਸਟੇਜ ਸੈਕਟਰੀ ਦੀ ਭੂਮਿਕਾ ਨੇਹਾ ਅਤੇ ਸਿਸਟਰ ਜੋਤੀ ਨੇ ਨਿਭਾਈ। ਇਸ ਮੌਕੇ ਪ੍ਰਭੂ ਦਾ ਲੰਗਰ ਵੀ ਵਰਤਾਇਆ ਗਿਆ। ਜਿਸ ਦੀ ਸੇਵਾ ਡਾ: ਹੈਪੀ, ਪ੍ਰਧਾਨ ਜਗਸੀਰ ਸਿੰਘ ਸੀਰਾ, ਰੋਸ਼ਨ ਅਮਨ, ਕੁਲਵੀਰ ਉਦੇਕਰਨ, ਕਿਸ਼ੋਰ ਕੁਮਾਰ, ਦੀਪ ਸਿੰਘ, ਗਗਨਦੀਪ ਸਿੰਘ, ਸੰਨੀ ਸਿੰਘ, ਸ਼ੇਰੀ ਖਾਨ ਨੇ ਬੜੀ ਸ਼ਰਧਾ ਨਾਲ ਨਿਭਾਈ।

# ਭਾਰਤੀ ਜਨਤਾ ਪਾਰਟੀ ਵੱਲੋਂ ਵਿਕਸਤ ਭਾਰਤ ਸੰਕਲਪ ਯਾਤਰਾ ਤਹਿਤ ਸਮਾਗਮ



**ਪਾਤੜਾਂ (ਨਿਸਾਨ ਸਿੰਘ ਬਣਵਾਲਾ)**-ਭਾਰਤੀ ਜਨਤਾ ਪਾਰਟੀ ਦੁਆਰਾ ਸ਼ੁਰੂ ਕੀਤੇ ਗਏ ਅਭਿਆਨ ਵਿਕਸਿਤ ਭਾਰਤ ਸੰਕਲਪ ਯਾਤਰਾ ਤਹਿਤ ਸ਼ਹਿਰ ਦੇ ਪੁਰਾਣੇ ਬੱਸ ਸਟੈਂਡ ਵਿਖੇ ਭਾਰਤੀ ਜਨਤਾ ਪਾਰਟੀ ਦੁਆਰਾ ਦਿੱਤੀਆਂ ਜਾ ਰਹੀਆਂ ਸਹੂਲਤਾਂ ਬਾਰੇ ਜਾਣੂ ਕਰਵਾਉਣ ਲਈ ਸਮਾਗਮ ਕਰਵਾਇਆ ਗਿਆ, ਜਿਸ ਦੌਰਾਨ ਕੇਂਦਰ ਦੀ ਨਰਿੰਦਰ ਮੋਦੀ ਸਰਕਾਰ ਦੀਆਂ ਲੋਕ ਪੱਖੀ ਨੀਤੀਆਂ ਬਾਰੇ ਜਾਗਰੂਕ ਕੀਤਾ। ਜੁੜੇ ਇਕੱਠ ਨੂੰ ਸੰਬੋਧਨ ਕਰਦਿਆਂ ਭਾਰਤੀ ਜਨਤਾ ਪਾਰਟੀ ਦੇ ਹਲਕਾ ਇੰਚਾਰਜ ਨਰਾਇਣ ਸਿੰਘ ਨਰਸੋਤ ਨੇ ਕਿਹਾ ਕਿ ਕੇਂਦਰ ਦੀ ਨਰਿੰਦਰ ਮੋਦੀ ਸਰਕਾਰ ਨੇ ਆਪਣੇ 10 ਸਾਲ ਦੇ ਕਾਰਜਕਾਲ ਦੌਰਾਨ ਗਰੀਬ ਵਰਗ ਦੇ ਲੋਕਾਂ ਦਾ ਜੀਵਨ ਪੱਧਰ ਉੱਚਾ ਚੁੱਕਣ ਲਈ ਵੱਡੇ ਪੱਧਰ ਉੱਤੇ ਕਾਰਜ ਕੀਤੇ ਹਨ। ਉਨ੍ਹਾ ਆਉਣ ਵਾਲੀਆਂ ਲੋਕ ਸਭਾ ਚੋਣਾਂ ਵਿੱਚ ਜਿਤਾਉਣ ਦੀ ਅਪੀਲ ਕਰਦਿਆਂ ਕਿਹਾ ਕਿ ਭਾਜਪਾ ਦੇ ਰਾਜ ਅਮਨ ਕਾਨੂੰਨ ਦੀ ਵਿਵਸਥਾ ਵਿੱਚ ਵੀ ਵੱਡਾ ਸੁਧਾਰ ਹੋਇਆ ਹੈ। ਉਨ੍ਹਾ ਪਾਰਟੀ ਵਰਕਰਾਂ ਨੂੰ ਭਾਜਪਾ ਦੀਆਂ ਨੀਤੀਆਂ ਘਰ ਘਰ ਪਹੁੰਚਾਉਣ ਦਾ ਸੱਦਾ ਦਿੱਤਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਰਮੇਸ਼ ਕੁਮਾਰ ਕੁੱਕੂ ਮੈਂਬਰ ਪੰਜਾਬ ਕਾਰਜਕਾਰੀ ਕਮੇਟੀ ਭਾਜਪਾ, ਬਗੀਚਾ ਸਿੰਘ ਦੁਤਾਲ ਜ਼ਿਲ੍ਹਾ ਪ੍ਰਧਾਨ ਕਿਸਾਨ ਮੋਰਚਾ ਭਾਜਪਾ ਪਟਿਆਲਾ ਸਾਊਥ, ਲਾਲ ਚੰਦ ਲਾਲੀ ਸਰਕਲ ਪ੍ਰਧਾਨ ਪਾਤੜਾਂ ਭਾਜਪਾ, ਸੋਨੂ ਮਿੱਤਲ ਜ਼ਿਲ੍ਹਾ ਸਕੱਤਰ ਭਾਜਪਾ ਪਟਿਆਲਾ ਸਾਊਥ, ਗਿਆਨ ਸਿੰਘ ਧਾਲੀਵਾਲ ਜ਼ਿਲ੍ਹਾ ਵਾਇਸ ਪ੍ਰਧਾਨ ਕਿਸਾਨ ਮੋਰਚਾ ਭਾਜਪਾ ਪਟਿਆਲਾ ਸਾਊਥ, ਗਿਆਨ ਚੰਦ ਜ਼ਿਲ੍ਹਾ ਵਾਇਸ ਪ੍ਰਧਾਨ, ਸਤੀਸ਼ ਗਰਗ, ਸਰਦੂਲ ਸਿੰਘ ਸੰਧੂ ਜ਼ਿਲ੍ਹਾ ਵਾਇਸ ਪ੍ਰਧਾਨ ਕਿਸਾਨ ਮੋਰਚਾ ਭਾਜਪਾ, ਵਿਜੈ ਪਤਲੀ, ਨਰਾਇਣ ਦਾਸ, ਸੋਨੂ ਗਰਗ ਆਈ ਟੀ ਸੈੱਲ ਵਾਇਸ ਕਨਵੀਨਰ, ਸੁਭਾਸ਼ ਚੰਦ ਹਮਝੇੜੀ ਆਦਿ ਹਾਜ਼ਰ ਸਨ।

# ਪੰਜਾਬ-ਚੰਡੀਗੜ੍ਹ ਜਰਨਲਿਸਟ ਯੂਨੀਅਨ ਦੇ ਚਾਨਾ ਸਰਬਸੰਮਤੀ ਨਾਲ ਪ੍ਰਧਾਨ ਚੁਣੇ



**ਕੋਟਕਪੂਰਾ (ਰਛਪਾਲ ਭੁੱਲਰ)**-'ਪੰਜਾਬ ਚੰਡੀਗੜ੍ਹ ਜਰਨਲਿਸਟ ਯੂਨੀਅਨ' ਬਲਾਕ ਇਕਾਈ ਕੋਟਕਪੂਰਾ ਦੇ ਲਗਾਤਾਰ ਦੂਜੀ ਵਾਰ ਅਗਲੇ ਦੋ ਸਾਲਾਂ ਲਈ ਹਰਪ੍ਰੀਤ ਸਿੰਘ ਚਾਨਾ ਨੂੰ ਸਰਬਸੰਮਤੀ ਨਾਲ ਪ੍ਰਧਾਨ ਚੁਣ ਲਿਆ ਗਿਆ। ਜਥੇਬੰਦੀ ਦੇ ਕੇਂਦਰੀ ਦਫਤਰ ਚੰਡੀਗੜ੍ਹ ਤੋਂ ਉਚੇਚੇ ਤੌਰ 'ਤੇ ਪੁੱਜੇ ਚੇਅਰਮੈਨ ਬਲਵਿੰਦਰ ਸਿੰਘ ਜੰਮੂ ਅਤੇ ਕਾਰਜਕਾਰੀ ਪ੍ਰਧਾਨ ਜੈ ਸਿੰਘ ਛਿੱਬਰ ਦੀ ਅਗਵਾਈ ਵਿੱਚ ਹੋਈ ਮੀਟਿੰਗ ਦੌਰਾਨ ਪਹਿਲਾਂ ਪਿਛਲੇ ਸਾਲ ਦੀ ਕਾਰਗੁਜ਼ਾਰੀ ਦਾ ਲੇਖਾ ਜੋਖਾ ਕੀਤਾ ਗਿਆ। ਆਪਣੇ ਸੰਬੋਧਨ ਦੌਰਾਨ ਬਲਾਕ ਇਕਾਈ ਕੋਟਕਪੂਰਾ ਦੇ ਚੇਅਰਮੈਨ ਗੁਰਿੰਦਰ ਸਿੰਘ ਮਹਿੰਦੀਰੱਤਾ ਨੇ ਦੱਸਿਆ ਕਿ ਪੰਜਾਬ ਚੰਡੀਗੜ੍ਹ ਜਰਨਲਿਸਟ ਯੂਨੀਅਨ ਦੀ ਇਸ ਇਕਾਈ ਵੱਲੋਂ ਪਿਛਲੇ ਇਕ ਸਾਲ ਵਿੱਚ ਮਨੁੱਖਤਾ ਦੀ ਭਲਾਈ ਵਾਲੇ ਸੇਵਾ ਕਾਰਜ ਅਤੇ ਸਮਾਜ ਸੁਧਾਰਕ ਕਾਰਜਾਂ ਲਈ ਵਧੀਆ ਕੰਮ ਕੀਤਾ ਗਿਆ, ਜਿਸ ਲਈ ਹਰਪ੍ਰੀਤ ਸਿੰਘ ਚਾਨਾ ਵਧਾਈ ਦੇ ਹੱਕਦਾਰ ਹਨ। ਉਨ੍ਹਾਂ ਵਿਸ਼ਵਾਸ ਦਿਵਾਇਆ ਕਿ ਜਥੇਬੰਦੀ ਦਾ ਨਾਂਅ ਹੋਰ ਰੋਸ਼ਨ ਕਰਨ ਅਤੇ ਇਸ ਨੂੰ ਮਜ਼ਬੂਤ ਕਰਨ ਲਈ ਇਕਾਈ ਕੋਟਕਪੂਰਾ ਦੀ ਕਾਰਜਕਾਰਨੀ ਯਤਨਸ਼ੀਲ ਰਹੇਗੀ। ਬਲਵਿੰਦਰ ਸਿੰਘ ਜੰਮੂ ਨੇ ਆਖਿਆ ਕਿ ਉਨ੍ਹਾਂ ਪਹਿਲਾਂ ਵੀ ਚਾਨਾ ਨੂੰ ਤਿੰਨ ਸਾਲ ਲਈ ਲਗਾਤਾਰ ਪ੍ਰਧਾਨ ਬਣਾਉਣ ਸਬੰਧੀ ਸੁਝਾਅ ਦਿੱਤਾ ਸੀ ਪਰ ਹੁਣ ਅਗਲੇ ਦੋ ਸਾਲਾਂ ਲਈ ਪ੍ਰਧਾਨਗੀ ਸੌਂਪਣ ਨਾਲ ਚਾਨਾ ਦਾ ਕਾਰਜਕਾਲ ਤਿੰਨ ਸਾਲ ਦਾ ਹੋ ਜਾਵੇਗਾ। ਜੈ ਸਿੰਘ ਛਿੱਬਰ ਨੇ ਜਥੇਬੰਦੀ ਦੀਆਂ ਪ੍ਰਾਪਤੀਆਂ ਅਤੇ ਸੰਘਰਸ਼ ਦਾ ਜ਼ਿਕਰ ਕੀਤਾ। ਸੁਖਨੈਬ ਸਿੱਧੂ ਅਤੇ ਗੁਰਤੇਜ ਸਿੰਘ ਸਿੱਧੂ ਨੇ ਆਖਿਆ ਕਿ ਅੱਜ ਤੋਂ ਪੁਰਾਣੀ ਕਾਰਜਕਾਰਨੀ ਭੰਗ ਕਰਕੇ ਚਾਨਾ ਨੂੰ ਨਵੀਂ ਕਾਰਜਕਾਰਨੀ ਦਾ ਗਠਨ ਕਰਨ ਦੇ ਸਾਰੇ ਅਧਿਕਾਰ ਸੌਂਪ ਦਿੱਤੇ ਗਏ ਹਨ। ਚਾਨਾ ਨੇ ਕੇਂਦਰੀ ਦਫਤਰ ਤੋਂ ਆਈ ਟੀਮ ਸਮੇਤ ਇਕਾਈ ਕੋਟਕਪੂਰਾ ਦੀ ਸਮੁੱਚੀ ਕਾਰਜਕਾਰਨੀ ਦਾ ਧੰਨਵਾਦ ਕਰਦਿਆਂ ਵਿਸ਼ਵਾਸ ਦਿਵਾਇਆ ਕਿ ਉਹ ਸਾਰਿਆਂ ਦੀਆਂ ਇੱਛਾਵਾਂ 'ਤੇ 100 ਫੀਸਦੀ ਖਰੇ ਉਤਰਨ ਦੀ ਕੋਸ਼ਿਸ਼ ਕਰਨਗੇ।

27-DEC-PAGE-8.qxd 12/26/2023 10:38 PM Page 1



# ਕੰਪਿਊਟਰ ਅਧਿਆਪਕ ਕਰਨਗੇ 29 ਨੂੰ ਮੋਹਾਲੀ ਸਿੱਖਿਆ ਦਫਤਰ ਦਾ ਘਿਰਾਓ



**ਜਲੰਧਰ ( ਰਾਜੇਸ਼ ਥਾਪਾ )**- ਜ਼ਿਲ੍ਹਾ ਜਲੰਧਰ ਪ੍ਰਧਾਨ ਰਮਨ ਕੁਮਾਰ ਅਤੇ ਸੂਬਾ ਪ੍ਰੈਸ ਸਕੱਤਰ ਹਰਜਿੰਦਰ ਮਹਿਸਮ ਪੁਰ ਨੇ ਸਾਂਝੇ ਤੌਰ 'ਤੇ ਪ੍ਰੈਸ ਨੂੰ ਦੱਸਿਆ ਕਿ ਸੂਬਾ ਪ੍ਰਧਾਨ ਗੁਰਵਿੰਦਰ ਸਿੰਘ ਤਰਨਤਾਰਨ ਦੀ ਅਗਵਾਈ ਹੇਠ ਅਗਲੇਰੇ ਸੰਘਰਸ਼ ਦੀ ਰੂਪ ਰੇਖਾ ਉਲੀਕਣ ਲਈ ਮੀਟਿੰਗ ਕੀਤੀ ਗਈ । ਮੀਟਿੰਗ ਵਿੱਚ ਪੰਜਾਬ ਭਰ ਤੋਂ ਜੱਥੇਬੰਦੀ ਦੇ ਆਗੂ ਸ਼ਾਮਲ ਹੋਏ ਜਿਨ੍ਹਾਂ ਨੇ ਪੰਜਾਬ ਸਰਕਾਰ ਤੇ ਕੰਪਿਊਟਰ ਅਧਿਆਪਕਾਂ ਨਾਲ ਕੀਤੇ ਵਾਅਦਿਆ ਨੂੰ ਨਾ ਪੂਰਾ ਕਰਨ ਦਾ ਦੋਸ਼ ਲਗਾਇਆ ਗਿਆ ਅਤੇ 2 ਸਾਲ ਦੌਰਾਨ ਮੁੱਖ ਮੰਤਰੀ ਪੰਜਾਬ ਨੇ ਜੱਥੇਬੰਦੀ ਨਾਲ ਇੱਕ ਵੀ ਮੀਟਿੰਗ ਨਹੀਂ ਕੀਤੀ ਅਤੇ ਜੱਥੇਬੰਦੀ ਨੂੰ ਬਾਰ-ਬਾਰ ਮੁੱਖ ਮੰਤਰੀ ਪੰਜਾਬ ਨਾਲ ਮੀਟਿੰਗ ਦਾ ਸਮਾਂ ਦੇ ਕੇ ਨਾ ਮੀਟਿੰਗ ਕਰਨ ਦਾ ਇਲਜਾਮ ਆਮ ਆਦਮੀ ਪਾਰਟੀ ਦੀ ਪੰਜਾਬ ਸਰਕਾਰ 'ਤੇ ਲਗਾਇਆ ਗਿਆ। ਜ਼ਿਕਰਯੋਗ ਹੈ ਕਿ 40 ਤੋਂ ਵੱਧ ਮੀਟਿੰਗਾਂ ਸਬ-ਕਮੇਟੀ, ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ, ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨਾਲ ਜੱਥੇਬੰਦੀ ਦੀਆਂ ਹੋ ਚੁੱਕੀਆਂ ਹਨ ਜਿਹਨਾਂ ਵਿੱਚ ਮੁੱਖ ਮੰਤਰੀ ਪੰਜਾਬ ਕੰਪਿਊਟਰ ਅਧਿਆਪਕਾਂ ਦੇ ਮਸਲਿਆਂ ਦੇ ਹੱਲ ਕਰਨ ਲਈ ਕਿਧਰੇ ਵੀਂ ਨਜਰ ਨਹੀਂ ਆਇਆ ਅਤੇ ਜੋ ਬੇ-ਨਤੀਜਾ ਰਹੀਆਂ ਹਨ । ਹੁਣ ਜਨਵਰੀ 4 ਨੂੰ ਮੁੱਖ ਮੰਤਰੀ ਨਾਲ ਜੱਥੇਬੰਦੀ ਦੀ ਮੀਟਿੰਗ ਤੈਅ ਹੋਈ ਹੈ ਜੇਕਰ ਇਸ ਮੀਟਿੰਗ ਵਿੱਚ ਕੰਪਿਊਟਰ ਅਧਿਆਪਕਾਂ ਦੇ ਮਸਲਿਆ ਦਾ ਹੱਲ ਨਾ ਕੀਤਾ ਗਿਆ ਤਾਂ 7 ਜਨਵਰੀ ਤੋਂ ਯੂਨੀਅਨ ਵਲੋਂ ਪੰਜਾਬ ਭਰ ਵਿੱਚ ਮੁੱਖ ਮੰਤਰੀ ਭਾਲ ਯਾਤਰਾ ਆਰੰਭ ਕੀਤੀ ਜਾਵੇਗੀ ਜਿਸ ਰਾਹੀ ਪੰਜਾਬ ਭਰ ਵਿੱਚ ਕੰਪਿਊਟਰ ਅਧਿਆਪਕਾਂ ਨਾਲ ਵਿਧਾਇਕਾਂ , ਮੰਤਰੀ ਅਤੇ ਲਿਖਤ ਕੀਤੇ ਵਾਦਿਆਂ ਨੂੰ ਪ੍ਰਚਾਰਿਆ ਜਾਵੇਗਾ ਜਿਸ ਦੀ ਸਮਾਪਤੀ ਲੋਹੜੀ ਤੋਂ ਪਹਿਲਾ ਸੂਬਾਈ ਰੈਲੀ ਚੰਡੀਗੜ੍ਹ ਮੁੱਖ ਮੰਤਰੀ ਪੰਜਾਬ ਦੀ ਰਿਹਾਇਸ਼ ਘੇਰਨ ਉਪਰੰਤ ਕੀਤੀ ਜਾਵੇਗੀ। ਦੱਸਣਯੋਗ ਹੈ ਕਿ ਸਰਕਾਰ ਨੂੰ ਗੁੰਮਰਾਹ ਕਰਨ ਵਾਲੇ ਉੱਚ ਸਿੱਖਿਆ ਅਧਿਕਾਰੀਆਂ ਦੀਆ ਮਨਮਰਜੀਆਂ ਵਿਰੁੱਧ ਅਤੇ ਵਿਭਾਗੀ ਮਸਲਿਆ ਨੂੰ ਹੱਲ ਕਰਵਾਉਣ ਲਈ 29 ਦਸੰਬਰ ਨੂੰ ਮੋਹਾਲੀ ਵਿਖੇ ਮੁੱਖ ਸਿੱਖਿਆ ਦਫਤਰ ਵਿਖੇ ਗੇਟ ਬੰਦ ਰੈਲੀ ਕੀਤੀ ਜਾਵੇਗੀ। ਮੀਟਿੰਗ ਦੌਰਾਨ ਸੀਨੀਅਰ ਮੀਤ ਪ੍ਰਧਾਨ ਹਰਜੀਤ ਸਿੰਘ ਸੰਧੂ , ਮੀਤ ਪ੍ਰਧਾਨ ਅਨਿਲ ਐਰੀ, ਮੀਤ ਪ੍ਰਧਾਨ ਸਿਕੰਦਰ ਸਿੰਘ, ਜਨਰਲ ਸਕੱਤਰ ਹਰਪ੍ਰੀਤ ਸਿੰਘ, ਵਿੱਤ ਸਕੱਤਰ ਹਰਜੀਤ ਸਿੰਘ ਬਰਕੰਦੀ,ਅਮਰਦੀਪ ਸਿੰਘ ਕਾਨੂੰਨੀ ਸਲਾਹਕਾਰ, ਹਰਮਿੰਦਰ ਸਿੰਘ ਸੰਧੂ ਅਤੇ ਹਰਜਿੰਦਰ ਮਹਿਸਮ ਪੁਰ ਪ੍ਰੈਸ ਸਕੱਤਰ, ਸਟੇਟ ਕਮੇਟੀ ਮੈਂਬਰ ਰਾਖੀ ਮੰਨਣ , ਜ਼ਿਲ੍ਹਾ ਪ੍ਰਧਾਨ ਗਗਨਦੀਪ ਸਿੰਘ ਅੰਮ੍ਰਿਤਸਰ, ਰਮਨ ਕੁਮਾਰ ਜਲੰਧਰ, ਪ੍ਰਦੀਪ ਕੁਮਾਰ ਬਰਨਾਲਾ,ਪ੍ਰਦੀਪ ਬੇਰੀ ਮੁਕਤਸਰ, ਜਗਦੀਸ਼ ਸ਼ਰਮਾ ਸੰਗਰੂਰ, ਸੀਤਲ ਸਿੰਘ ਤਰਨ ਤਾਰਨ , ਸੱਤਪ੍ਰਤਾਪ ਸਿੰਘ ਮਾਨਸਾ, ਹਰ ਰਾਏ ਕੁਮਾਰ ਲੁਧਿਆਣਾ ਅਤੇ ਹੋਰ ਬਹੁਤ ਸਾਰੇ ਆਗੂ ਸ਼ਾਮਲ ਹੋਏ ।

## ਜੋਗਿੰਦਰ ਸਿੰਘ ਮਾਨ ਨੇ ਚੱਕ ਹਕੀਮ ਵਿਖੇ ਸ਼ੁਰੂ ਕਰਵਾਏ ਵਿਕਾਸ ਦੇ ਕਾਰਜ

**ਫਗਵਾੜਾ ( ਡਾ. ਰਮਨ)**- ਹਲਕਾ ਵਿਧਾਨ ਸਭਾ ਫਗਵਾੜਾ ਦੇ ਪਿੰਡ ਚੱਕ ਹਕੀਮ ਵਿਖੇ 6.5 ਲੱਖ ਦੀ ਲਾਗਤ ਨਾਲ ਵੱਖ-ਵੱਖ ਵਿਕਾਸ ਕਾਰਜਾਂ ਦੀ ਸ਼ੁਰੂਆਤ ਆਮ ਆਦਮੀ ਪਾਰਟੀ ਦੇ ਹਲਕਾ ਇੰਚਾਰਜ ਜੋਗਿੰਦਰ ਸਿੰਘ ਮਾਨ ਵਲੋਂ ਕਰਵਾਈ ਗਈ। ਇਸ ਦੌਰਾਨ ਉਹਨਾਂ ਕਿਹਾ ਕਿ ਸੂਬੇ ਦੀ ਭਗਵੰਤ ਮਾਨ ਸਰਕਾਰ ਵਲੋਂ ਜਾਰੀ ਫੰਡਾਂ ਅਤੇ ਬਲਾਕ ਵਿਕਾਸ ਤੇ ਪੰਚਾਇਤ ਵਿਭਾਗ ਦੇ ਸਹਿਯੋਗ ਨਾਲ ਫਗਵਾੜਾ ਬਲਾਕ ਦੇ ਪਿੰਡਾਂ ਨੂੰ ਮਾਡਲ ਪਿੰਡਾਂ ਵਜੋਂ ਵਿਕਸਤ ਕਰਨ ਲਈ ਉਹ ਪੂਰੀ ਤਰ੍ਹਾਂ ਯਤਨਸ਼ੀਲ ਹਨ। ਇਸ ਮੌਕੇ ਸੀਨੀਅਰ ਆਪ ਆਗੂ ਦਲਜੀਤ ਸਿੰਘ ਰਾਜੂ ਨੇ ਸਮੂਹ ਆਪ ਵਰਕਰਾਂ ਤੇ ਸਮਰਥਕਾਂ ਨੂੰ ਪੰਚਾਇਤੀ ਚੋਣਾਂ ਦੀ ਤਿਆਰੀ ਕਰਨ ਲਈ ਵੀ ਪ੍ਰੇਰਿਤ ਕੀਤਾ। ਪਿੰਡ ਚੱਕ ਹਕੀਮ ਦੇ ਵਸਨੀਕ ਅਤੇ ਆਮ ਆਦਮੀ ਪਾਰਟੀ ਦੇ ਬਲਾਕ ਪ੍ਰਧਾਨ ਵਰੁਣ ਬੰਗੜ ਅਤੇ ਕੁਲਵਿੰਦਰ ਸਰਪੰਚ ਨੇ ਸਮੂਹ ਪਿੰਡ ਵਾਸੀਆਂ ਅਤੇ ਪੰਚਾਇਤ ਵਲੋਂ ਮੁੱਖ ਮੰਤਰੀ ਭਗਵੰਤ ਮਾਨ ਅਤੇ ਹਲਕਾ ਇੰਚਾਰਜ ਜੋਗਿੰਦਰ ਸਿੰਘ ਮਾਨ ਦਾ ਤਹਿ ਦਿਲੋਂ ਧੰਨਵਾਦ ਕੀਤਾ। ਉਹਨਾਂ ਕਿਹਾ ਕਿ ਜਦੋਂ ਤੋਂ ਸੂਬੇ ਵਿਚ ਆਪ ਪਾਰਟੀ ਦੀ ਸਰਕਾਰ ਬਣੀ ਹੈ, ਉਦੋਂ ਤੋਂ ਪਿੰਡ ਦੇ ਵਿਕਾਸ ਕਾਰਜਾਂ ਨੂੰ ਰਫਤਾਰ ਮਿਲੀ ਹੈ, ਜਿਸ ਨੂੰ ਲੈ ਕੇ ਪਿੰਡ ਵਾਸੀ ਬਹੁਤ ਖੁਸ਼ ਹਨ।

## ਸਾਲਾਨਾ ਜੋੜ ਮੇਲਾ ਧੂਮਧਾਮ ਨਾਲ ਮਨਾਇਆ



**ਮਾਹਿਲਪੁਰ (ਸਵਰੀ)**-ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਦਰਗਾਹ ਸਰੀਫ਼ ਬਾਬਾ ਰਜ਼ਾ ਬਲੀ ਜੀ ਕਾਦਰੀ ਸਾਈਂ ਮਸਕੀਨ ਜੀ ਮਸਕੀਨ ਕਾਦਰੀ ਤਕੀਆਂ ਖਜੂਰਾ ਵਾਲਾ ਪਿੰਡ ਦੇਨੋਵਾਲ ਖੁਰਦ ਨਜਦੀਕ ਗੜ੍ਹਸ਼ੰਕਰ ਦਰਬਾਰ 'ਤੇ ਸਾਲਾਨਾ ਜੋੜ ਮੇਲਾ ਬੜੀ ਧੂਮ ਧਾਮ ਨਾਲ ਮਨਾਇਆ ਗਿਆ ਇਸ ਸਬੰਧੀ ਦਰਬਾਰ ਦੇ ਮੁੱਖ ਸੇਵਾਦਾਰ ਤੇ ਗੱਦੀਨਸ਼ੀਨ ਸਾਈਂ ਨਿੱਕੇ ਸ਼ਾਹ ਜੀ ਕਾਦਰੀ ਵਲੋਂ ਦਰਗਾਹ ਸਰੀਫ਼ ਬਾਬਾ ਰਜ਼ਾ ਬਲੀ ਜੀ ਕਾਦਰੀ ਪਿੰਡ ਦੇਨੋਵਾਲ ਖੁਰਦ ਤੇ ਸਰਪੰਚ ਤੇ ਨੰਬਰਦਾਰ ਜਤਿੰਦਰ ਜੋਤੀ ਨੇ ਦੱਸਿਆ ਕਿ ਇਸ ਦਰਬਾਰ 'ਤੇ ਸਾਲਾਨਾ ਜੋੜ ਮੇਲਾ ਐਨ.ਆਰ.ਆਈਜ , ਨਗਰ ਪੰਚਾਇਤ ਅਤੇ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਬੜੀ ਸ਼ਰਧਾ ਪੂਰਵਕ ਕਰਵਾਇਆ ਜਾਂਦਾ ਹੈ । ਉਨ੍ਹਾਂ ਦੱਸਿਆ ਕਿ 23 ਦਸੰਬਰ ਨੂੰ ਮਹਿੰਦੀ ਦੀ ਰਸਮ ਅਦਾ ਕੀਤੀ ਗਈ ਤੇ 24 ਦਸੰਬਰ ਨੂੰ ਦਰਬਾਰ 'ਤੇ ਨਿਸ਼ਾਨ ਸਾਹਿਬ ਚੜਾਉਣ ਦੀ ਰਸਮ ਤੇ ਸ਼ਾਮ ਦੇ ਸਮੇਂ ਚਿਰਾਗ਼ ਰੋਸ਼ਨ ਕਰਨ ਦੀ ਰਸਮ ਅਦਾ ਕੀਤੀ ਗਈ ਸੀ। 25 ਦਸੰਬਰ ਨੂੰ ਚਾਦਰ ਚੜਾਉਣ ਦੀ ਰਸਮ ਅਦਾ ਕੀਤੀ ਗਈ, ਉਪਰੰਤ ਮਹਿਫਲ ਏ ਕਵਾਲ ਪ੍ਰੇਮ ਕਵਾਲ ਪਾਰਟੀ ਪਨਾਮ ਵਾਲੇ, ਹਰਬੰਸ ਲਾਲ ਕਵਾਲ ਪਾਰਟੀ ਗੋਬਿੰਦਪੁਰ ਵਾਲਿਆਂ ਨੇ ਬਾਬਾ ਜੀ ਦੀ ਮਹਿਮਾ ਦਾ ਗੁਣਗਾਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ।

## ਗੁਰਦੁਆਰਾ ਸਿੰਘ ਸ਼ਹੀਦਾਂ ਸੋਹਾਣਾ ਤੋਂ ਨਗਰ ਕੀਰਤਨ 29 ਨੂੰ



**ਮੁਹਾਲੀ (ਗੁਰਜੀਤ ਬਿੱਲਾ) :** ਇੱਥੋਂ ਨੇੜਲੇ ਪਿੰਡ ਸੋਹਾਣਾ ਦੇ ਇਤਿਹਾਸਕ ਗੁਰਦੁਆਰਾ ਸਿੰਘ ਸ਼ਹੀਦਾਂ ਸੋਹਾਣਾ ਤੋਂ ਮਾਤਾ ਗੁਜਰੀ ਜੀ ਅਤੇ ਸਾਹਿਬਜ਼ਾਦਿਆਂ ਨੂੰ ਸ਼ਰਧਾ ਦੇ ਫੁੱਲ ਭੇਟ ਕਰਨ ਲਈ ਸ੍ਰੀ ਫਤਹਿਗੜ੍ਹ ਸਾਹਿਬ ਤੱਕ ਵਿਸ਼ਾਲ ਨਗਰ ਕੀਰਤਨ 29 ਦਸੰਬਰ ਨੂੰ ਸਵੇਰੇ 9 ਵਜੇ ਅਰੰਭ ਹੋਵੇਗਾ । ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਬੁਲਾਰੇ ਨੇ ਦੱਸਿਆ ਕਿ ਬ੍ਰਹਮਲੀਨ ਬ੍ਰਹਮ ਗਿਆਨੀ ਸੰਤ ਬਾਬਾ ਅਜੀਤ ਸਿੰਘ ਜੀ ਹੰਸਾਲੀ ਵਾਲਿਆਂ ਦੀ ਪ੍ਰੇਰਨਾ ਸਦਕਾ ਮਾਤਾ ਗੁਜਰੀ ਜੀ ਅਤੇ ਛੋਟੇ ਸਾਹਿਬਜ਼ਾਦਿਆਂ ਦੀ ਮਿੱਠੀ ਯਾਦ ਵਿੱਚ ਹਰ ਸਾਲ ਦੀ ਤਰ੍ਹਾਂ 29 ਦਸੰਬਰ ਨੂੰ ਸ੍ਰੀ ਗੁਰੂ ਗ੍ਰੰਥ ਸਹਿਬ ਜੀ ਅਤੇ ਪੰਜ ਪਿਆਰਿਆਂ ਦੀ ਅਗਵਾਈ ਵਿੱਚ ਵਿਸ਼ਾਲ ਨਗਰ ਕੀਰਤਨ ਸਵੇਰੇ 9 ਵਜੇ ਗੁ: ਸਾਹਿਬ ਤੋਂ ਅਰੰਭ ਹੋਵੇਗਾ।

## ਵਿਦਿਆਰਥੀਆਂ ਵੱਲੋਂ ਕੇਸਰੀ ਪੱਗਾਂ ਸਜਾ ਕੇ ਸਾਹਿਬਜ਼ਾਦਿਆਂ ਨੂੰ ਸ਼ਰਧਾਂਜਲੀ



**ਭਾਲਣ (ਵਿੱਲੋਂ)**—ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਸੁਖਸਾਲ ਵਿਖੇ ਸਾਹਿਬਜ਼ਾਦਿਆਂ ਦੀ ਲਾਸਾਨੀ ਸ਼ਹਾਦਤ ਨੂੰ ਸਮਰਪਿਤ ਪ੍ਰਿੰਸੀਪਲ ਗੁਰਦੀਪ ਕੁਮਾਰ ਸ਼ਰਮਾ ਅਤੇ ਡੀ ਪੀ ਈ ਮੈਡਮ ਗੁਰਪ੍ਰੀਤ ਕੌਰ ਦੀ ਅਗਵਾਈ ਹੇਠ ਸਕੂਲ ਵਿਦਿਆਰਥੀਆਂ ਦੁਆਰਾ ਕੇਸਰੀ ਪੱਗਾਂ ਸਜਾ ਕੇ ਸਾਹਿਬਜਾਦਿਆਂ ਦੀ ਬਹਾਦਰੀ ਅਤੇ ਸ਼ਹਾਦਤ ਨੂੰ ਬਾਲ ਵੀਰ ਦਿਵਸ 'ਤੇ ਸ਼ਰਧਾਂਜਲੀ ਦਿੱਤੀ ਗਈ। ਇਸ ਮੌਕੇ 'ਤੇ ਅਧਿਆਪਕ ਸੋਹਨ ਸਿੰਘ ਚਾਹਲ ਨੇ ਕਿਹਾ ਕਿ ਅੱਜ ਦੇ ਸਮੇਂ ਵਿੱਚ ਸਾਹਿਬਜਾਦਿਆਂ ਦੀ ਵੀਰ ਗਾਥਾ ਅਤੇ ਜੀਵਨ ਸੰਦੇਸ਼ ਦੇਸ਼ ਦੇ ਹਰ ਬੱਚੇ ਤੱਕ ਜਰੂਰ ਪਹੁੰਚਣੇ ਚਾਹੀਦੇ ਹਨ ਤਾਂ ਜੋ ਦੇਸ਼ ਦਾ ਹਰ ਨੌਜਵਾਨ ਸਾਹਿਬਜਾਦਿਆਂ ਦੀਆਂ ਕੁਰਬਾਨੀਆਂ ਤੋਂ ਪ੍ਰੇਰਨਾ ਲੈ ਕੇ ਆਪਣੇ ਦੇਸ਼ ਅਤੇ ਕੌਮ ਪ੍ਰਤੀ ਸਮਰਪਿਤ ਨਾਗਰਿਕ ਬਣ ਸਕਣ। ਇਸ ਮੌਕੇ 'ਤੇ ਮੈਡਮ ਦਵਿੰਦਰ ਕੌਰ ਅਤੇ ਮੀਨੂ ਹਾਜਰ ਸਨ।

## ਬਾਬਾ ਸੈਣ ਭਗਤ ਦਾ ਪ੍ਰਕਾਸ਼ ਦਿਹਾੜਾ ਮਨਾਇਆ

**ਫਿਲੌਰ (ਨਿਰਮਲ)**-ਬਾਬਾ ਸੈਣ ਭਗਤ ਜੀ ਦਾ ਜਨਮ ਦਿਹਾੜਾ ਤੱਪੋ ਅਸਥਾਨ ਦੇਹਰਾ ਬਾਬਾ ਸੈਣ ਭਗਤ ਜੀ ਪ੍ਰਤਾਬਪੁਰਾ ਮਨਾਇਆ ਗਿਆ। 24 ਦਸੰਬਰ ਨੂੰ ਸ੍ਰੀ ਆਖੰਡ ਪਾਠ ਆਰੰਭ ਹੋਇਆ ਤੇ 26 ਦਸੰਬਰ ਨੂੰ ਸਵੇਰੇ 10 ਵਜੇ ਸ੍ਰੀ ਆਖੰਡ ਪਾਠ ਸਾਹਿਬ ਦੇ ਭੋਗ ਪੈਣ ਉਪਰੰਤ ਕੀਰਤਨ 11 ਵਜੇ ਤੋਂ 1 ਵਜੇ ਦੁਪਹਿਰ ਤੱਕ ਹੋਇਆ ਜਿਸ ਦੇ ਵਿਚ ਬਾਬਾ ਗੁਲਾਬ ਸਿੰਘ ਚਮਕੌਰ ਸਾਹਿਬ ਵਾਲੇ ਕੀਰਤਨ ਰਾਹੀ ਸੰਗਤਾਂ ਨੂੰ ਨਿਹਾਲ ਕੀਤਾ। ਇਸ ਮੌਕੇ ਪ੍ਰਬੰਧਕ ਕਮੇਟੀ ਕਰਨਵੀਰ ਸਿੰਘ ਮਾਝੂ ਜੱਜ ਸਾਹਿਬ ਵਲੋਂ ਨਵੇਂ ਸਾਲ ਦਾ ਕੈਲੰਡਰ ਜਾਰੀ ਕੀਤਾ ਤੇ ਮੱਖਣ ਪੱਲ੍ਹਣ ਤੇ ਸਮੂਹ ਕਮੇਟੀ ਨੇ ਬਾਬਾ ਸੈਣ ਭਗਤ ਜੀ ਦੇ ਪ੍ਰਕਾਸ਼ ਪੁਰਬ ਦੀਆਂ ਸੰਗਤਾਂ ਨੂੰ ਲੱਖ ਲੱਖ ਵਧਾਈਆਂ ਦਿੱਤੀਆਂ। ਇਸ ਮੌਕੇ ਸਰਵਣ ਸਿੰਘ ਫੌਜੀ ਸੀਨੀਅਰ ਮੀਤ ਪ੍ਰਧਾਨ, ਜਸਵਿੰਦਰ ਸਿੰਘ ਸਕੱਤਰ, ਚਨਜੀਤ ਲਾਡੀ ਰਾਏਕੋਟ ਮੀਤ ਪ੍ਰਧਾਨ, ਸੁਰਿੰਦਰ ਕੁਮਾਰ ਸੀਰਾ ਖਜਾਨਚੀ, ਸੁਰਜੀਤ ਸਿੰਘ ਦੁੱਲੇ ਸਰਪੰਚ , ਸੁਰਿੰਦਰਪਾਲ ਸਿੰਘ , ਡਾਕਟਰ ਗੁਰਤੇਜ ਸਿੰਘ ਭੀਖੀ ਅਤੇ ਦੇਸ਼ ਵਿਦੇਸ਼ ਤੋਂ ਸੰਗਤਾਂ ਭਾਰੀ ਗਿਣਤੀ 'ਚ ਸ਼ਾਮਲ ਸਨ।

## ਸਾਲਾਨਾ 40ਵਾਂ ਫੁੱਟਬਾਲ ਟੂਰਨਾਮੈਂਟ 31 ਤੱਕ

**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)** ਪਿੰਡ ਬੱਡੋ ਵਿਖੇ ਮਹਾਂਦਾਨੀ ਕੁੰਦਨ ਸਿੰਘ ਜੀ ਸਟੇਡੀਅਮ ਬੱਡੋ ਵਿਖੇ ਚਾਰੇ ਸਾਹਿਬਜਾਦਿਆਂ ਨੂੰ ਸਮਰਪਿਤ ਅਤੇ ਸ਼ਹੀਦ ਬਾਬਾ ਕਰਮ ਸਿੰਘ ਜੀ ਦੀ ਨਿੱਘੀ ਯਾਦ ਵਿੱਚ ਅਤੇ ਮਹਾਂਦਾਨੀ ਕੁੰਦਨ ਸਿੰਘ ਸਪੋਰਟਸ ਐਂਡ ਵੈਲਫੇਅਰ ਕਲੱਬ ਰਜਿ ਬੱਡੋ ਹੁਸ਼ਿਆਰਪੁਰ ਵੱਲੋਂ ਸਾਲਾਨਾ 40ਵਾਂ ਫੁੱਟਬਾਲ ਟੂਰਨਾਮੈਂਟ 31 ਦਸੰਬਰ ਤੱਕ ਕਰਵਾਇਆ ਜਾ ਰਿਹਾ ਹੈ। ਪ੍ਰਧਾਨ ਰਣਜੀਤ ਸਿੰਘ ਤੇ ਡਾਕਟਰ ਸੁਖਦੇਵ ਸਿੰਘ ਖਜਾਨਚੀ ਨੇ ਦੱਸਿਆ ਕਿਨ ਪਿੰਡ ਪੱਧਰ ਉਪਨ ਦੀਆਂ 36 ਟੀਮਾਂ, 2007 ਦੀਆਂ 16 ਟੀਮਾਂ ਹਿੱਸਾ ਲੈ ਰਹੀਆਂ ਹਨ। 31 ਦਸੰਬਰ ਨੂੰ ਫਾਈਨਲ ਮੈਚ ਕਰਵਾਏ ਜਾਣਗੇ। ਮੁੱਖ ਮਹਿਮਾਨ ਸੋਹਣ ਸਿੰਘ ਠੰਡਲ ਸਾਬਕਾ ਕੈਬਨਿਟ ਮੰਤਰੀ ਪੰਜਾਬ ਅਤੇ ਸੀਨੀਅਰ ਮੀਤ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਬਾਦਲ, ਤਰਲੋਚਨ ਸਿੰਘ ਪਰਮਾਰ ਕਨੇਡਾ ਸਾਂਝੇ ਤੌਰ 'ਤੇ ਜੇਤੂ ਅਤੇ ਉਪ ਜੇਤੂ ਟੀਮਾਂ ਨੂੰ ਇਨਾਮਾਂ ਦੀ ਵੰਡ ਕਰਨਗੇ। ਇਸ ਮੌਕੇ ਸਰਬਪ੍ਰੀਤ ਸਿੰਘ ਸੋਨੂੰ ਸੈਕਟਰੀ, ਹਰਦੀਪ ਸਿੰਘ ਖਾਲਸਾ, ਨਵਨੀਤ ਸਿੰਘ ਹੈਪੀ, ਸੰਦੀਪ ਸਿੰਘ ਬੱਡੋ, ਤਰਲੋਚਨ ਸਿੰਘ ਪਰਮਾਰ ਕਨੇਡਾ, ਬਲਵੀਰ ਸਿੰਘ ਧਰਮੀ ਫੌਜੀ, ਇੰਦਰਪਾਲ ਸਿੰਘ ਧਰਮੀ ਫੌਜੀ, ਅਮਰੀਕ ਸਿੰਘ, ਸੂਬੇਦਾਰ ਹਰਵਿੰਦਰ ਸਿੰਘ, ਹਰਦੇਵ ਸਿੰਘ, ਅਤੇ ਦਲਜੀਤ ਸਿੰਘ, ਹਰਵਿੰਦਰ ਸਿੰਘ, ਮੱਖਣ ਸਿੰਘ ਆਦਿ ਹਾਜਰ ਸਨ।

## ਸਰਹਾਲਾ ਕਲਾਂ ਵਿਖੇ ਸਫਰ-ਏ-ਸ਼ਹਾਦਤ ਨੂੰ ਸਮਰਪਤ ਗਰਮ ਦੁੱਧ ਦਾ ਲੰਗਰ ਲਗਾਇਆ



**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)** ਪਿੰਡ ਸਰਹਾਲਾ ਕਲਾਂ ਵਿਖੇ ਗੁਰਦੁਆਰਾ ਸ੍ਰੀ ਗੁਰੂ ਰਵਿਦਾਸ ਜੀ ਦੇ ਅਸਥਾਨ 'ਤੇ ਸਮੂਹ ਨਗਰ ਨਿਵਾਸੀ, ਗ੍ਰਾਮ ਪੰਚਾਇਤ, ਸਮੂਹ ਨੌਜਵਾਨ ਸਭਾ,ਪ੍ਰਵਾਸੀ ਭਾਰਤੀਆ ਅਤੇ ਇਲਾਕੇ ਦੇ ਸਹਿਯੋਗ ਨਾਲ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਧੰਨ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਾਰੇ ਸਾਹਿਬਜਾਦੇ, ਮਾਤਾ ਗੁਜਰੀ ਜੀ ਅਤੇ ਸਮੂਹ ਸ਼ਹੀਦਾਂ ਦੀ ਯਾਦ ਵਿੱਚ ਸਰਹਾਲਾ ਕਲਾਂ ਨੇੜੇ ਬੱਸ ਅੱਡਾ ਦੇ ਅਸਥਾਨ 'ਤੇ ਸਮੂਹ ਪ੍ਰਬੰਧਕਾਂ ਵੱਲੋਂ ਗਰਮ ਦੁੱਧ ਦਾ ਲੰਗਰ ਲਗਾਇਆ ਗਿਆ। ਇਸ ਮੌਕੇ ਗੁਰਦੁਆਰਾ ਸਾਹਿਬ ਜੀ ਦੇ ਪ੍ਰਧਾਨ ਜਥੇਦਾਰ ਮਨਜੀਤ ਸਿੰਘ ਖਾਲਸਾ ਨੇ ਆਪਣੇ ਸੰਬੋਧਨ ਵਿਚ ਕਿਹਾ ਕਿ ਸਾਨੂੰ ਸ਼ਹੀਦਾਂ ਦੀ ਕੁਰਬਾਨੀ ਨੂੰ ਯਾਦ ਰੱਖਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਜਿਹੜੀਆਂ ਕੌਮਾ ਇਤਿਹਾਸ ਨੂੰ ਭੁੱਲ ਜਾਂਦੀਆਂ ਹਨ। ਉਹ ਕੌਮਾਂ ਸਦਾ ਲਈ ਖਤਮ ਹੋ ਜਾਦੀਆ ਹਨ। ਸਮੂਹ ਸੇਵਾਦਾਰਾਂ ਵੱਲੋਂ ਆਉਣ ਜਾਣ ਵਾਲੀਆਂ ਸੰਗਤਾਂ ਨੂੰ ਗਰਮ ਦੁੱਧ ਛਕਾਇਆ ਗਿਆ। ਇਸ ਮੌਕੇ ਪ੍ਰਧਾਨ ਮਨਜੀਤ ਸਿੰਘ ਖਾਲਸਾ, ਸਰਪੰਚ ਮੋਹਨ ਸਿੰਘ ਸਰਹਾਲਾ ਕਲਾਂ, ਗੁਰਨਾਮ ਸਿੰਘ ਮ੍ਰੀਤ ਪ੍ਰਧਾਨ, ਗੁਰਦਿਆਲ ਸਿੰਘ, ਨੰਬਰਦਾਰ ਜਸਵਿੰਦਰ ਸਿੰਘ, ਉਂਕਾਰ ਸਿੰਘ, ਸੁਖਵਿੰਦਰ ਸਿੰਘ, ਮਨਜੀਤ ਕੌਰ, ਸੁਰਿੰਦਰ ਕੌਰ, ਮਨਜੀਤ ਸਿੰਘ, ਰੁਪਿੰਦਰ ਦੇਵ ਸਿੰਘ, ਸੋਨੂੰ, ਚੰਦਰ ਕੁਮਾਰ ਭਾਟੀਆ, ਲਾਡੀ, ਸਾਬੀ, ਬੰਟੂ, ਉਂਕਾਰ, ਜਸਪਾਲ ਸਿੰਘ, ਭੁਪਿੰਦਰ ਸਿੰਘ, ਰੋਨੀ, ਵਰਿੰਦਰ ਸਿੰਘ, ਸੁਖਚੈਨ ਸਿੰਘ ਭੱਟੀ, ਜਸਕਰਨ ਸਿੰਘ, ਅੰਮ੍ਰਿਤ ਪਾਲ, ਮਨੀਸ਼, ਅਮਰਜੀਤ ਸਿੰਘ ਮੰਗੀ, ਜਸਵੀਰ ਸਿੰਘ, ਮੰਗਾਂ, ਗੱਗੀ, ਅੰਮ੍ਰਿਤ ਪਾਲ, ਹੈਪੀ, ਅਮਨਦੀਪ ਸਿੰਘ, ਗੁਰਜੋਤ ਸਿੰਘ, ਹਰਪ੍ਰੀਤ ਸਿੰਘ, ਨਿੱਖਲ, ਕੋਕੀ, ਅੰਬੀ, ਹੈਪੀ, ਰੇਸਮ ਸਿੰਘ ਫੋਜੀ, ਕੁਲਵੰਤ ਸਿੰਘ ਤੋਤਾ, ਚਰਨਜੀਤ ਸਿੰਘ, ਸੰਨੀ, ਮਨਜੀਤ ਸਿੰਘ, ਮਨਜਿੰਦਰ ਸਿੰਘ ਫੌਜੀ, ਮਨਦੀਪ ਸਿੰਘ ਫੌਜੀ, ਗੁਰਚਰਨ ਸਿੰਘ ਗਿੱਲ, ਕੁਲਵਿੰਦਰ ਕੌਰ, ਪਰਮਜੀਤ ਕੌਰ, ਹਰਮੇਸ਼ ਲਾਲ ਪੰਚ, ਹਰਪ੍ਰੀਤ ਸਿੰਘ ਹੈਪੀ, ਵਿੱਦਿਆ, ਨੰਬਰਦਾਰ ਅਵਤਾਰ ਸਿੰਘ ਗਿੱਲ, ਬਲਵਿੰਦਰ ਸਿੰਘ ਆਦਿ ਹਾਜਰ ਸਨ।

## ਪੰਜਾਬ ਦੇ ਨੌਜਵਾਨ ਨਸ਼ਿਆਂ 'ਚ ਡੁੱਬ ਕੇ ਮਰ ਰਹੇ : ਬੇਗਮਪੁਰਾ ਟਾਈਗਰ ਫੋਰਸ

**ਹੁਸਿਆਰਪੁਰ, (ਬਲਵੀਰ ਸਿੰਘ ਸੈਣੀ, ਓ ਪੀ ਰਾਣਾ)**-ਬੇਗਮਪੁਰਾ ਟਾਈਗਰ ਫੋਰਸ ਦੀ ਇੱਕ ਮੀਟਿੰਗ ਫੋਰਸ ਦੇ ਪੰਜਾਬ ਪ੍ਰਧਾਨ ਵੀਰਪਾਲ ਠਰੋਲੀ ਦੀ ਪ੍ਰਧਾਨਗੀ ਹੇਠ ਨਜਦੀਕੀ ਪਿੰਡ ਠਰੋਲੀ ਦੇ ਸਤਿਗੁਰੂ ਰਵਿਦਾਸ ਮਹਾਰਾਜ ਦੀ ਦੇ ਗੁਰਦੁਆਰਾ ਸਾਹਿਬ ਵਿਖੇ ਹੋਈ । ਮੀਟਿੰਗ ਵਿੱਚ ਵਿਸੇਸ਼ ਤੌਰ 'ਤੇ ਫੋਰਸ ਦੇ ਦੋਆਬਾ ਪ੍ਰਧਾਨ ਨੇਕੂ ਅਜਨੋਹਾ ਅਤੇ ਜ਼ਿਲ੍ਹਾ ਪ੍ਰਧਾਨ ਹੈਪੀ ਫਤਿਹਗੜ੍ਹ ਨੇ ਹਾਜਰੀ ਲਗਵਾਈ । ਮੀਟਿੰਗ ਨੂੰ ਸੰਬੋਧਨ ਕਰਦਿਆਂ ਵੀਰਪਾਲ ਠਰੋਲੀ, ਨੇਕੂ ਅਜਨੋਹਾ ਤੇ ਹੈਪੀ ਫਤਿਹਗੜ੍ਹ ਨੇ ਕਿਹਾ ਕਿ ਬੇਗਮਪੁਰਾ ਟਾਇਗਰ ਫੋਰਸ ਵਿੱਚੋ ਕੁਝ ਕੱਢੇ ਹੋਏ ਸ਼ਰਾਰਤੀ ਅਨਸਰ ਪਿੰਡਾਂ ਵਿੱਚ ਜਾ ਕੇ ਬੇਗਮਪਰਾ ਟਾਇਗਰ ਫੋਰਸ ਦਾ ਨਾਂਅ ਲੈ ਕੇ ਭੋਲੇ ਭਾਲੇ ਲੋਕਾਂ ਨੂੰ ਅਤੇ ਪ੍ਰਸਾਸ਼ਨ ਨੂੰ ਗੁਮਰਾਹ ਕਰਦੇ ਹਨ, ਇਨ੍ਹਾਂ ਲੋਕਾਂ 'ਤੇ ਤੁਰੰਤ ਕਾਨੂੰਨੀ ਕਾਰਵਾਈ ਕੀਤੀ ਜਾਵੇ। ਆਗੂਆਂ ਨੇ ਕਿਹਾ ਕਿ ਦੁਨੀਆਂ ਭਰ ਵਿੱਚ ਬਹਾਦਰੀ ਲਈ ਜਾਣੇ ਜਾਂਦੇ ਪੰਜਾਬ ਦੇ ਨੌਜਵਾਨ ਨਸ਼ਿਆਂ ਵਿੱਚ ਡੁੱਬ ਕੇ ਮਰ ਰਹੇ ਹਨ। ਪੰਜਾਬ ਵਿੱਚੋਂ ਨਸ਼ਿਆਂ ਨੂੰ ਖਤਮ ਕਰਨਾ ਬਹੁਤ ਹੀ ਜਰੂਰੀ ਹੈ। ਹਲਾਤ ਇੱਥੋਂ ਤੱਕ ਵਿਗੜ ਚੁੱਕੇ ਹਨ ਕਿ ਅੱਜ ਦੇ ਦੌਰ ਵਿੱਚ ਔਰਤਾਂ ਤੇ ਨੌਜਵਾਨ ਕੁੜੀਆ ਵੀ ਵੱਧ ਡੋਜ ਲੈਣ ਕਾਰਨ ਮਰ ਰਹੀਆਂ ਹਨ। ਉਨ੍ਹਾਂ ਕਿਹਾ ਕਿ ਇਤਿਹਾਸ ਵਿੱਚ ਪੰਜਾਬੀਆਂ ਦੇ ਬਹਾਦਰੀ ਦੇ ਕਿੱਸੇ ਗਾਏ ਜਾਂਦੇ ਹਨ, ਪਰ ਮੌਜੂਦਾ ਸਮੇਂ ਪੰਜਾਬ ਦੇ ਗੱਭਰੂ ਨਸ਼ਿਆਂ ਵਿੱਚ ਫਸ ਕੇ ਆਪਣੀ ਜਿੰਦਗੀ ਤਬਾਹ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਸਰਕਾਰ ਤਾਂ ਨਸਿਆਂ ਨੂੰ ਖਤਮ ਕਰਨ ਲਈ ਫੇਲ੍ਹ ਸਾਬਤ ਹੋ ਚੁੱਕੀ ਹੈ। ਇਸ ਲਈ ਸਮਾਜ ਸੇਵੀਆਂ ਨੂੰ ਹੀ ਅੱਗੇ ਆ ਕੇ ਪੰਜਾਬ ਦੀ ਜਵਾਨੀ ਬਚਾਉਣ ਲਈ ਨਸ਼ਿਆਂ ਨੂੰ ਖਤਮ ਕਰਨ ਲਈ ਯਤਨ ਕਰਨੇ ਚਾਹੀਦੇ ਹਨ। ਇਸ ਮੌਕੇ ਹੋਰਨਾਂ ਤੋਂ ਇਲਾਵਾ ਮੀਡੀਆ ਇੰਚਾਰਜ ਚੰਦਰ ਪਾਲ ਹੈਪੀ , ਜਸਤੀਸ਼ ਕੁਮਾਰ ਸ਼ੇਰਗੜ੍ਹ ,ਰਾਜ ਕੁਮਾਰ ਬੱਧਣ ਨਾਰਾ, ਰਾਜ ਕੁਮਾਰ ਬੱਧਣ ਸ਼ੇਰਗੜ੍ਹ , ਚਰਨਜੀਤ ਡਾਡਾ ,ਰਾਕੇਸ਼ ਕੁਮਾਰ ਭੱਟੀ ,ਅਮਨਦੀਪ, ਮੁਨੀਸ਼ ਕੁਮਾਰ,ਵਿੱਕੀ ਸਿੰਘ ਪੁਰਹੀਰਾਂ, ਮੰਗਾ ਸ਼ੇਰਗੜ੍ਹ ,ਅਮਨਦੀਪ ,ਮੁਨੀਸ਼, ਗੁਰਪ੍ਰੀਤ ਕੁਮਾਰ,ਸਨੀ ਸੀਣਾ ,ਬਿੰਦਾ ਸੀਣਾ ,ਰਾਕੇਸ਼ ਕੁਮਾਰ ਜੱਲੋਵਾਲ ,ਅਮਨਦੀਪ 'ਦੋਆਬਾ ਇੰਚਾਰਜ ਜੱਸਾ ਸਿੰਘ ਨੰਦਨ , ਗੋਗਾ ਮਾਂਝੀ ,ਵਿਜੈ ਕੁਮਾਰ ਸੋਨੂੰ ,ਜਸਵਿੰਦਰ ਗਿਆਨੀ ਅਵਿਨਾਸ਼ ਸਿੰਘ ਬਿੱਟੂ ਵਿਰਦੀ ਪੰਚ ਸ਼ੇਰਗੜ੍ਹ ,ਕਮਲਜੀਤ ਸਿੰਘ, ਦਵਿੰਦਰ ਕੁਮਾਰ , ਨਰੇਸ਼ ਕੁਮਾਰ ਸ਼ਹਿਰੀ ਪ੍ਰਧਾਨ ਤੇ ਹੋਰ ਅਹੁਦੇਦਾਰ ਤੇ ਮੈਂਬਰ ਹਾਜ਼ਰ ਸਨ।

# ਵੁਡਬਰੀ ਇੰਟਰਨੈਸ਼ਨਲ ਪਬਲਿਕ ਸਕੂਲ 'ਚ ਚਾਰ ਸਾਹਿਬਜ਼ਾਦਿਆਂ ਨੂੰ ਸ਼ਰਧਾਂਜਲੀ ਭੇਟ



**ਭੋਗਪੁਰ (ਕੁਲਵੀਰ ਸਿੰਘ ਕਾਹਲੋਂ)**-ਵੁਡਬਰੀ ਇੰਟਰਨੈਸ਼ਨਲ ਪਬਲਿਕ ਸਕੂਲ ਭੋਗਪੁਰ ਵਿਖੇ ਚੇਅਰ ਪਰਸਨ ਪਰਮਜੀਤ ਕੌਰ ਦੀ ਅਗਵਾਈ ਹੇਠ ਸ਼ਹੀਦੀ ਹਫਤੇ ਦੌਰਾਨ ਚਾਰ ਸਾਹਿਬਜਾਦਿਆਂ ਦੀ ਕੁਰਬਾਨੀ ਨੂੰ ਯਾਦ ਕਰਦਿਆਂ ਸ਼ਰਧਾਂਜਲੀ ਭੇਟ ਕੀਤੀ ਗਈ। ਇਸ ਦੌਰਾਨ ਸਕੂਲ ਦੇ ਬੱਚਿਆਂ ਨੂੰ ਚਾਰ ਸਾਹਿਬਜਾਦਿਆਂ ਦੇ ਜੀਵਨ ਬਾਰੇ ਉਹਨਾਂ ਵੱਲੋਂ ਦਿੱਤੀ ਗਈ ਧਰਮ ਦੀ ਖਾਤਰ ਕੁਰਬਾਨੀ ਬਾਰੇ ਜਾਣੂ ਕਰਵਾਇਆ ਗਿਆ। ਉਨਾਂ ਦੇ ਜੀਵਨ 'ਤੇ ਬਣੀ ਫਿਲਮ ਦਿਖਾਈ ਗਈ। ਬੱਚਿਆਂ ਨੂੰ ਦੱਸਿਆ ਗਿਆ ਕਿ ਸਿੱਖ ਧਰਮ ਇਤਿਹਾਸ ਕੁਰਬਾਨੀਆਂ ਨਾਲ ਭਰਿਆ ਹੋਇਆ ਹੈ। ਸਕੂਲ ਦੇ ਬੱਚਿਆਂ ਵੱਲੋਂ ਵੱਖ-ਵੱਖ ਪ੍ਰਤੀਯੋਗਤਾਵਾਂ ਪੇਸ਼ ਕੀਤੀਆਂ ਗਈਆਂ ਜਿਸ ਵਿੱਚ ਕਵਿਤਾਵਾਂ, ਕਹਾਣੀਆਂ, ਸਲੋਗਨ, ਲੇਖ ਆਦਿ ਸ਼ਾਮਿਲ ਸਨ ਜੋ ਸਾਹਿਬਜਾਦਿਆਂ ਦੀ ਸ਼ਹਾਦਤ ਨੂੰ ਬਿਆਨ ਕਰਦੀਆਂ ਹਨ। ਸ੍ਰੀਮਤੀ ਪਰਮਜੀਤ ਕੌਰ ਨੇ ਕਿਹਾ ਕਿ ਸਾਨੂੰ ਛੋਟੀ ਉਮਰ ਤੋਂ ਹੀ ਆਪਣੇ ਬੱਚਿਆਂ ਨੂੰ ਇਤਿਹਾਸ ਨਾਲ ਜੋੜਨਾ ਚਾਹੀਦਾ ਹੈ। ਜਿਸ ਦੀ ਸਿੱਖਿਆ ਨਾਲ ਉਹ ਆਪਣੇ ਜੀਵਨ ਵਿੱਚ ਇੱਕ ਆਦਰਸ਼ ਨਾਗਰਿਕ ਬਣ ਸਕਦੇ ਹਨ। ਇਸ ਮੌਕੇ ਸਮੂਹ ਸਟਾਫ ਅਤੇ ਵਿਦਿਆਰਥੀ ਸ਼ਾਮਿਲ ਸਨ।

## ਸਕੂਲ 'ਚੋਂ ਲੱਖਾਂ ਦਾ ਸਾਮਾਨ ਚੋਰੀ

**ਫਿਲੌਰ, (ਨਿਰਮਲ)**-ਬੀਤੀ ਰਾਤ ਚੋਰਾਂ ਵਲੋਂ ਪਿੰਡ ਰਾਏਪੁਰ ਅਰਾਈਆਂ ਦੇ ਇੱਕ ਸਰਕਾਰੀ ਮਿਡਲ ਸਕੂਲ 'ਚੋਂ ਲੱਖਾਂ ਦਾ ਸਾਮਾਨ ਚੋਰੀ ਕਰ ਲਿਆ ਗਿਆ। ਮਾਮਲੇ ਸਬੰਧੀ ਸਕੂਲ ਇੰਚਾਰਜ ਮੈਡਮ ਹਰਪ੍ਰੀਤ ਕੌਰ ਨੇ ਦਸਿਆ ਕਿ ਚੋਰਾਂ ਨੇ ਲੈਬ ਦੇ ਜਿੰਦਰੇ ਭੰਨ ਉਸ ਵਿਚੋਂ ਇੱਕ ਐਲ. ਈ. ਡੀ. 43 ਇੰਚ, 3 ਕੰਪਿਊਟਰ ਸੈੱਟ ਸਮੇਤ ਸਕਰੀਨ ਅਤੇ ਬੈਟਰੀ, ਇੱਕ ਕੰਪਿਊਟਰ ਬੈਟਰੀ ਅਤੇ ਸੀ. ਪੀ. ਯੂ., 2 ਕੰਪਿਊਟਰ ਬੈਟਰੀਆਂ, ਇੱਕ ਬੈਟਰੀ ਅਤੇ ਇਨਵਰਟਰ, ਗੈਸ ਸਿਲੰਡਰ, 2 ਕੈਮਰੇ ਸਮੇਤ ਡੀ. ਵੀ. ਆਰ., ਖੇਡਾਂ ਦਾ ਸਾਮਾਨ, 2 ਛੱਤ ਵਾਲੇ ਪੱਖੇ, ਇੰਟਰਨੈੱਟ ਮਾਡਮ ਅਤੇ ਵਾਈ ਫਾਈ ਸੈੱਟ, ਇੱਕ ਪ੍ਰਿੰਟਰ ਐਚ. ਪੀ. ਅਤੇ 2 ਸਪੀਕਰ ਚੋਰੀ ਕਰ ਲਏ ਗਏ ਹਨ। ਮੈਡਮ ਨੇ ਦੱਸਿਆ ਕਿ ਉਨ੍ਹਾਂ ਦੇ ਸਕੂਲ ਦਾ ਕੁੱਲ 3 ਲੱਖ ਦੇ ਕਰੀਬ ਦਾ ਨੁਕਸਾਨ ਹੋ ਚੁੱਕਾ ਹੈ, ਜਿਸ ਸਬੰਧੀ ਲਸਾੜਾ ਪੁਲਸ ਨੂੰ ਲਿਖਤੀ ਸ਼ਿਕਾਇਤ ਵੀ ਦੇ ਦਿੱਤੀ ਗਈ। ਪਿੰਡ ਦੇ ਸਰਪੰਚ ਸੁਰਿੰਦਰ ਸਿੰਘ ਨੇ ਦੱਸਿਆਂ ਕਿ ਚੋਰ ਬੇਖੌਫ ਹੋ ਕੇ ਵਾਰਦਾਤਾਂ ਨੂੰ ਅੰਜਾਮ ਦੇ ਰਹੇ ਹਨ ਤੇ ਲਗਾਤਾਰ ਲੁੱਟਾਂ- ਖੋਹਾਂ ਹੋਣ ਕਾਰਨ ਲੋਕ ਸਹਿਮ ਦੇ ਮਾਹੌਲ 'ਚ ਹਨ ਤੇ ਆਪਣੇ ਆਪ ਨੂੰ ਅਸੁਰੱਖਿਅਤ ਮਹਿਸੂਸ ਕਰ ਰਹੇ ਹਨ। ਸਰਪੰਚ ਨੇ ਪੁਲਸ ਨੂੰ ਅਪੀਲ ਕੀਤੀ ਕਿ ਜਲਦ ਕੈਮਰੇ ਚੈੱਕ ਕਰਕੇ ਚੋਰਾਂ ਨੂੰ ਕਾਬੂ ਕੀਤਾ ਜਾਵੇ ਤਾਂ ਜੋ ਸਕੂਲ ਦੇ ਸਾਮਾਨ ਦੀ ਬਰਾਮਦਗੀ ਹੋ ਸਕੇ ਕਿਉਂਕਿ ਕੰਪਿਊਟਰ ਅਤੇ ਹੋਰ ਸਾਮਾਨ ਚੋਰੀ ਹੋਣ ਕਰਕੇ ਬੱਚਿਆਂ ਦੀ ਪੜ੍ਹਾਈ 'ਤੇ ਵੀ ਬੁਰਾ ਅਸਰ ਪਵੇਗਾ।

## ਸਾਲਾਨਾ ਫੁੱਟਬਾਲ ਟੂਰਨਾਮੈਂਟ ਸੰਬੰਧੀ ਪੋਸਟਰ ਰਿਲੀਜ਼



**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)** — ਪਿੰਡ ਭਾਮ ਵਿਖੇ ਨੌਜਵਾਨ ਸਪੋਰਟਸ ਕਲੱਬ ਭਾਮ, ਐਨ ਆਰ ਆਈ ਵੀਰ, ਸਮੂਹ ਨਗਰ ਨਿਵਾਸੀਆਂ, ਗ੍ਰਾਮ ਪੰਚਾਇਤ ਅਤੇ ਇਲਾਕੇ ਦੇ ਸਹਿਯੋਗ ਨਾਲ ਸਰਦਾਰ ਸੁਰਿੰਦਰ ਸਿੰਘ ਸੋਢੀ ਪਿੰਡ ਪੱਧਰ ਸਾਲਾਨਾ ਫੁੱਟਬਾਲ ਟੂਰਨਾਮੈਂਟ 28 ਦਸੰਬਰ ਤੋਂ 03 ਜਨਵਰੀ ਤੱਕ ਕਰਵਾਇਆ ਜਾ ਰਿਹਾ ਹੈ। ਉਦਘਾਟਨ ਕਲੱਬ ਪ੍ਰਧਾਨ ਗੁਰਦੀਪ ਸਿੰਘ ਥਾਪਾ, ਸਰਪੰਚ ਪਰਮਿੰਦਰ ਸਿੰਘ ਜਸਵਾਲ, ਮਾਸਟਰ ਜਸਵਿੰਦਰ ਸਿੰਘ ਜਸਵਾਲ ਮੀਡੀਆ ਇੰਚਾਰਜ ਨੇ ਦੱਸਿਆ ਕਿ 28 ਦਸੰਬਰ ਨੂੰ ਮੁੱਖ ਮਹਿਮਾਨ ਜਸਵਿੰਦਰ ਸਿੰਘ ਅਮਰੀਕਾ, ਜਥੇਦਾਰ ਹਰੀ ਸਿੰਘ ਜਸਵਾਲ, ਸਰਪੰਚ ਪਰਮਿੰਦਰ ਸਿੰਘ ਜਸਵਾਲ ਅਤੇ ਸਮੂਹ ਕਲੱਬ ਮੈਂਬਰਾਂ ਸਾਂਝੇ ਤੌਰ 'ਤੇ ਕਰਨਗੇ। ਇਸ ਮੌਕੇ ਟੂਰਨਾਮੈਂਟ ਸਬੰਧੀ ਪੋਸਟਰ ਰਿਲੀਜ ਕੀਤੇ ਗਏ। ਪ੍ਰਬੰਧਕਾਂ ਨੇ ਦੱਸਿਆ ਕਿ 03 ਜਨਵਰੀ ਨੂੰ ਫਾਈਨਲ ਮੈਚ ਕਰਵਾਏ ਜਾਣਗੇ। ਪੋਸਟਰ ਰਿਲੀਜ ਕਰਨ ਸਮੇਂ ਕਲੱਬ ਪ੍ਰਧਾਨ ਗੁਰਦੀਪ ਸਿੰਘ ਥਾਪਾ, ਸੁਲੀਨ ਕੁਮਾਰ ਮੀਤ ਪ੍ਰਧਾਨ, ਸਰਪੰਚ ਪਰਮਿੰਦਰ ਸਿੰਘ ਜਸਵਾਲ ਖਜਾਨਚੀ, ਮਾਸਟਰ ਜਸਵਿੰਦਰ ਸਿੰਘ ਜਸਵਾਲ ਸੈਕਟਰੀ, ਦਲਜੀਤ ਸਿੰਘ ਨੀਟਾ ਪ੍ਰੈਸ ਸਕੱਤਰ, ਪ੍ਰਿੰਸੀਪਲ ਦਲਵੀਰ ਸਿੰਘ, ਸਤਪਾਲ ਸਿੰਘ ਬਿੱਟੂ ਭਾਮ, ਗੁਰਜਿੰਦਰ ਸਿੰਘ ਗੋਗੀ, ਜਸਵਿੰਦਰ ਸਿੰਘ ਕੱਕੂ ਅਮਰੀਕਾ, ਭੀਸ਼ਮ ਅਮਰੀਕਾ, ਸਤਨਾਮ ਸਿੰਘ ਇਟਲੀ, ਹਨੀ, ਬਿੰਦੂ, ਮਨਜੋਤ, ਚੰਨਾ, ਪਾਲੀ, ਲੱਡੂ, ਗਗਨ, ਗੁਰਪ੍ਰੀਤ ਸਿੰਘ ਗੋਪੀ ਅਮਰੀਕਾ, ਅਬਾਦ ਅਲੀ ਅਮਰੀਕਾ, ਪੰਡਤ ਤਰਸੇਮ, ਮੰਗਲ ਭਾਮ, ਕੁਲਵੀਰ ਸਿੰਘ ਬੱਬੂ ਇੰਗਲੈਂਡ, ਰਿੱਕੂ ਇਟਲੀ, ਕੁਲਦੀਪ ਸਿੰਘ ਅਮਰੀਕਾ, ਕਾਲਾ ਇੰਗਲੈਂਡ, ਦੀਪਾ ਇੰਗਲੈਂਡ ਆਦਿ ਹਾਜਰ ਸਨ।

## ਨਸ਼ਿਆਂ ਤੋਂ ਮੁਕਤੀ ਦੇ ਵਾਅਦੇ ਨੂੰ ਅਮਲੀ ਜਾਮਾ ਪਹਿਨਾਉਣਾ ਬਹੁਤ ਜ਼ਰੂਰੀ : ਐਡਵੋਕੇਟ ਚੌਹਾਨ



**ਨਵਾਂਸ਼ਹਿਰ ( ਕੁਲਵਿੰਦਰ ਸਿੰਘ ਦੁਰਗਾਪੁਰੀਆ)**- ਐਡਵੋਕੇਟ ਰਾਜਪਾਲ ਚੌਹਾਨ ਬਲਾਚੌਰ ਸਪੋਰਟਸ ਕਲੱਬ ਦੇ ਸਰਪ੍ਰਸਤ ਨੇ ਕਿਹਾ ਕਿ ਨਸ਼ਿਆਂ ਤੋਂ ਮੁਕਤੀ ਦੇ ਵਾਅਦੇ ਨੂੰ ਅਮਲੀ ਜਾਮਾ ਪਹਿਨਾਉਣਾ ਬਹੁਤ ਜ਼ਰੂਰੀ ਹੈ। ਸਾਡੀ ਸਭ ਤੋਂ ਵੱਡੀ ਜਿੰਮੇਵਾਰੀ ਹੈ ਕਿ ਅਸੀਂ ਆਪਣੇ ਸਮਾਜਿਕ ਘੇਰੇ ਤੋਂ ਨਸ਼ਾ ਮੁਕਤ ਕਰਕੇ ਉਨ੍ਹਾ ਨੂੰ ਸਮਾਜ ਦੀ ਮੁੱਖ ਧਾਰਾ ਵਿੱਚ ਲਿਆਈਏ। ਜੇਕਰ ਪਰਵਾਰ ਦਾ ਇੱਕ ਮੈਂਬਰ ਵੀ ਨਸ਼ੇ ਦੀ ਲਤ ਦਾ ਸ਼ਿਕਾਰ ਹੋ ਜਾਵੇ ਤਾਂ ਇਸ ਦਾ ਅਸਰ ਪਰਵਾਰ ਦੇ ਨਾਲ-ਨਾਲ ਆਂਢ-ਗੁਆਂਢ 'ਤੇ ਵੀ ਪੈਣਾ ਸ਼ੁਰੂ ਹੋ ਜਾਂਦਾ ਹੈ। ਉਨ੍ਹਾਂ ਕਿਹਾ ਕਿ ਜੇਕਰ ਅਸੀਂ ਆਪਣੇ ਯਤਨਾਂ ਨਾਲ ਨਸ਼ਿਆਂ ਦੇ ਆਦੀ ਨੌਜਵਾਨਾਂ ਨੂੰ ਮੁੜ ਸਮਾਜਿਕ ਮੁੱਖ ਧਾਰਾ ਵਿੱਚ ਲਿਆਉਂਦੇ ਹਾਂ ਤਾਂ ਇਹ ਸਿਰਫ ਇੱਕ ਪਰਵਾਰ ਨੂੰ ਹੀ ਨਹੀਂ ਸਗੋਂ ਸਮੁੱਚੇ ਸਮਾਜ ਲਈ ਸਾਡਾ ਸਭ ਤੋਂ ਵੱਡਾ ਤੋਹਫਾ ਹੋਵੇਗਾ। ਫਿਰ ਜਦੋਂ ਕੋਈ ਵਿਅਕਤੀ ਇਸ ਦੀ ਲਪੇਟ ਵਿਚ ਆ ਜਾਂਦਾ ਹੈ ਤਾਂ ਉਹ ਕਿਸੇ ਵੀ ਕੀਮਤ 'ਤੇ ਨਸ਼ਾ ਲੈਣ ਲਈ ਭੱਜਣ ਲੱਗ ਪੈਂਦਾ ਹੈ। ਐਡਵੋਕੇਟ ਚੌਹਾਨ ਨੇ ਦੱਸਿਆ ਕਿ ਪਰਵਾਰ, ਦੋਸਤਾਂ ਅਤੇ ਕੰਮ ਪ੍ਰਤੀ ਵਿਅਕਤੀ ਦੀ ਕੁਝ ਜ਼ਿੰਮੇਵਾਰੀ ਹੁੰਦੀ ਹੈ। ਇਸ ਦੀ ਪੂਰਤੀ ਲਈ ਸਾਨੂੰ ਵੀ ਗੰਭੀਰ ਹੋਣਾ ਪਵੇਗਾ। ਸਾਨੂੰ ਆਪਣੀਆਂ ਜ਼ਿੰਮੇਵਾਰੀਆਂ ਨਿਭਾਉਣ ਲਈ ਸਖਤ ਮਿਹਨਤ ਕਰਨੀ ਚਾਹੀਦੀ ਹੈ। ਇਹਨਾਂ ਸਾਰੀਆਂ ਜਿੰਮੇਵਾਰੀਆਂ ਵਿੱਚੋਂ ਦੇਸ਼ ਪ੍ਰਤੀ ਕੁਝ ਕਰਨਾ ਸਾਡੀ ਮੁੱਖ ਜਿੰਮੇਵਾਰੀ ਹੈ। ਸਾਨੂੰ ਇਸ ਨੂੰ ਕਿਸੇ ਨਾ ਕਿਸੇ ਤਰੀਕੇ ਨਾਲ ਪੂਰਾ ਕਰਨਾ ਚਾਹੀਦਾ ਹੈ। ਸਾਨੂੰ ਹਮੇਸ਼ਾ ਲੋੜਵੰਦਾਂ ਦੀ ਮਦਦ ਲਈ ਅੱਗੇ ਆਉਣਾ ਚਾਹੀਦਾ ਹੈ ਅਤੇ ਭ੍ਰਿਸ਼ਟਾਚਾਰ ਵਿਰੁੱਧ ਆਪਣੀ ਆਵਾਜ ਬੁਲੰਦ ਕਰਨੀ ਚਾਹੀਦੀ ਹੈ। ਅਸੀਂ ਨੌਜਵਾਨ ਪੀੜ੍ਹੀ ਨੂੰ ਚੰਗੇ ਮਾੜੇ ਦੇ ਫਰਕ ਦੀ ਸਮਝ ਦੇ ਕੇ ਚੰਗੇ ਸਮਾਜ ਦੀ ਉਸਾਰੀ ਕਰ ਸਕਦੇ ਹਾਂ। ਆਧੁਨਿਕਤਾ ਦੇ ਪ੍ਰਭਾਵ ਹੇਠ ਅੱਜ ਦਾ ਨੌਜਵਾਨ ਆਪਣੀਆਂ ਕਦਰਾਂ-ਕੀਮਤਾਂ, ਨੈਤਿਕਤਾ ਅਤੇ ਬਜੁਰਗਾਂ ਦਾ ਸਤਿਕਾਰ ਕਰਨਾ ਭੁੱਲਦਾ ਜਾ ਰਿਹਾ ਹੈ। ਨੌਜਵਾਨ ਪੀੜ੍ਹੀ ਨੂੰ ਸਹੀ ਰਸਤਾ ਦਿਖਾਉਣਾ ਸਾਡੀ ਜ਼ਿੰਮੇਵਾਰੀ ਹੈ, ਤਾਂ ਜੋ ਭਵਿੱਖ ਬਿਹਤਰ ਹੋਵੇ। ਜਿੱਥੇ ਵੀ ਕੋਈ ਬੱਚਾ ਗਲਤ ਕੰਮ ਕਰਦਾ ਹੈ, ਉਸਨੂੰ ਰੋਕਿਆ ਜਾਣਾ ਚਾਹੀਦਾ ਹੈ। ਮਨੁੱਖ ਸੰਸਾਰ ਵਿੱਚ ਪਰਮਾਤਮਾ ਦੀ ਮੁੱਖ ਅਤੇ ਸੁੰਦਰ ਕਲਾਕ੍ਰਿਤੀ ਹੈ ਅਤੇ ਮਨੁੱਖ ਇੱਕ ਸਮਾਜਿਕ ਪ੍ਰਾਣੀ ਹੈ। ਮਨੁੱਖ ਹੋਣ ਦੇ ਨਾਤੇ, ਅਸੀਂ ਕੁਝ ਮਨੁੱਖੀ ਸੰਵੇਦਨਾਵਾਂ, ਲੋੜਾਂ, ਉਮੀਦਾਂ ਅਤੇ ਵਿਸ਼ਵਾਸਾਂ ਨਾਲ ਬੱਝੇ ਹੋਏ ਹਾਂ, ਜਿਨ੍ਹਾਂ ਦਾ ਕੋਈ ਕਾਨੂੰਨੀ, ਜਮਾਤੀ, ਧਾਰਮਿਕ ਜਾਂ ਜਾਤੀ ਬੰਧਨ ਨਾ ਹੋਣ ਦੇ ਬਾਵਜੂਦ, ਸਾਡੇ ਨਿੱਜੀ, ਸਮਾਜਿਕ, ਪਰਵਾਰਕ ਅਤੇ ਰਾਸ਼ਟਰੀ ਜੀਵਨ 'ਤੇ ਸਿੱਧਾ ਅਸਰ ਪੈਂਦਾ ਹੈ। ਇਨ੍ਹਾਂ ਨੂੰ ਪੂਰਾ ਕਰਨਾ ਸਾਡੀ ਨੈਤਿਕ ਜ਼ਿੰਮੇਵਾਰੀ ਦਾ ਵੱਡਾ ਹਿੱਸਾ ਹੈ।

# ਲੋਕਾਂ ਨੇ ਆਪ ਉੱਦਮ ਕਰਕੇ ਪੂਰੇ ਸੜਕ ਦੇ ਟੋਏ



**ਅੱਡਾ ਸਰਾਂ (ਕਾਜਲ )**-ਟਾਂਡਾ- ਢੋਲਵਾਹਾ ਰੋਡ ਦੀ ਖਸਤਾ ਜਰਜਰ ਹਾਲਤ ਤੋਂ ਦੁਖੀ ਲੋਕਾਂ ਨੇ ਸਰਕਾਰ ਵੱਲੋਂ ਸੜਕ ਬਣਾਉਣ ਲਈ ਕੋਈ ਸੁਣਵਾਈ ਨਾ ਕਰਨ ਕਾਰਨ ਆ ਰਹੀਆਂ ਮੁਸ਼ਕਿਲਾਂ ਦੇ ਆਰਜੀ ਹੱਲ ਲਈ ਮਿੱਟੀ ਗਟਕਾ ਪਾ ਕੇ ਸੜਕ 'ਤੇ ਟੋਏ ਭਰੇ। ਇਸ ਦੌਰਾਨ ਉਨ੍ਹਾਂ ਸਰਕਾਰ ਦੀ ਕਾਰਗੁਜਾਰੀ ਪ੍ਰਤੀ ਰੋਸ ਵੀ ਜਤਾਇਆ।

ਇਹ ਪਹਿਲਕਦਮੀ ਕੰਧਾਲ਼ੀ ਨਰੰਗਪੁਰ, ਹੁਸੈਨਪੁਰ, ਲਾਲੋਵਾਲ, ਸਕਰਾਲਾ, ਧੁਰੀਆਂ, ਸਰਾਈ, ਖਿਆਲਾ, ਬੈਰਮਪੁਰ ਨਾਲ ਜੁੜੇ ਨੌਜਵਾਨਾਂ ਨੇ ਕੀਤੀ ਹੈ। ਇਸ ਦੌਰਾਨ ਪਿੰਡ ਕੰਧਾਲੀ ਨਰੰਗਪੁਰ ਤੋਂ ਧੂਤਾ ਤੱਕ ਟੋਇਆ ਨੂੰ ਭਰਨ ਲਈ ਲਗਭਗ 1 ਲੱਖ 15 ਹਜ਼ਾਰ ਰੁਪਏ ਦੀ ਲਾਗਤ ਨਾਲ ਟਰੈਕਟਰ ਟਰਾਲੀਆਂ ਦੀ ਮਦਦ ਨਾਲ ਸੜਕ ਦੇ ਟੋਏ ਭਰੇ ਗਏ। ਇਸ ਦੌਰਾਨ ਮੌਜੂਦ ਹਰਜਿੰਦਰ ਸਿੰਘ,ਅਮਿਤ ਪੰਡਿਤ,ਸੋਨੀ ਖਿਆਲਾਂ,ਪ੍ਰਿਥਪਾਲ ਸਿੰਘ ਗੁਰਾਇਆ,ਸਰਪੰਚ ਸੁਖਵਿੰਦਰ ਸਿੰਘ ਬੰਟੂ,ਬਿੰਦਰ ਕੰਧਾਲ਼ੀ,ਸੁਖਦੀਪ ਸਿੰਘ ਕੰਧਾਲੀ ,ਸੰਦੀਪ ਸਿੰਘ ਲਾਲੋਵਾਲ ,ਹਰਜੀਤ ਸਿੰਘ ਜਗਰੂਪ ਸਿੰਘ ਲਾਲੋਵਾਲ , ਸੁਖਪਾਲ ਸਿੰਘ ਗੁਰਾਇਆ, ਹਰਮਨ ਹੁਸੈਨਪੁਰ, ਪਵਨ ਕੁਮਾਰ, ਸੋਨੂ ਸਕਰਾਲਾ,ਦਲਜੀਤ ਸਿੰਘ, ਵਿੱਕੀ ਮੋਹਾਂ,ਜੱਸਾ ਕੰਧਾਲਾ,ਅਮ੍ਰਿਤਪਾਲ, ਰੰਮੀ ਕੰਧਾਲਾ.ਲਾਡੀ ਧੁਰੀਆ,ਦਿਲਬਾਗ ਸਿੰਘ ,ਜਸਵੀਰ ਸਿੰਘ ਆਦਿ ਨੌਜਵਾਨਾਂ ਅਤੇ ਪਿੰਡਾਂ ਦੇ ਵਾਸੀਆਂ ਨੇ ਰੋਸ ਜਤਾਉਂਦੇ ਹੋਏ ਆਖਿਆ ਪਿਛਲੇ ਲੰਬੇ ਸਮੇ ਤੋਂ ਇਸ ਰੋਡ ਦੀ ਹਾਲਤ ਬੇਹੱਦ ਤਰਸਯੋਗ ਬਣੀ ਹੋਈ ਹੈ। ਕਈ ਸਥਾਨਾਂ ਤੋਂ ਸੜਕ ਦਾ ਨਾਮੋ ਨਿਸ਼ਾਨ ਮਿੱਟ ਚੁੱਕਾ ਹੈ। ਦੋ ਵਿਧਾਨ ਸਭਾ ਹਲਕਿਆਂ ਉੜਮੁੜ ਅਤੇ ਸ਼ਾਮ ਚੌਰਾਸੀ ਨਾਲ ਸੰਬੰਧਿਤ ਇਸ ਸੜਕ ਨੂੰ ਬਣਾਉਣ ਲਈ ਸਰਕਾਰ ਤੋਂ ਲਗਾਤਾਰ ਮੰਗ ਕੀਤੀ ਜਾ ਰਹੀ ਹੈ। ਪਰੰਤੂ ਇਸ ਸਰਕਾਰ ਦੇ ਲਗਭਗ ਪੌਣੇ ਦੋ ਸਾਲ ਪੂਰੇ ਹੋਣ ਦੇ ਬਾਵਜੂਦ ਉਨ੍ਹਾਂ ਦੀ ਸਮੱਸਿਆ ਹੱਲ ਨਹੀਂ ਹੋਈ। ਉਨ੍ਹਾਂ ਆਖਿਆ ਸੜਕ ਦੀ ਜਰਜਰ ਹਾਲਤ ਕਾਰਨ ਨਿੱਤ ਹਾਦਸੇ ਵਾਪਰਦੇ ਹਨ ਅਤੇ ਵਾਹਨਾਂ ਦਾ ਨੁਕਸਾਨ ਹੁੰਦਾ ਹੈ । ਹੁਣ ਗੰਨੇ ਦੇ ਸੀਜਨ ਦੌਰਾਨ ਟਰਾਲੀਆਂ ਟਰੈਕਟਰਾਂ ਨੂੰ ਹਾਦਸਿਆਂ ਤੋਂ ਬਚਾਉਣ ਲਈ ਉਨ੍ਹਾਂ ਇਹ ਉੱਦਮ ਕੀਤਾ ਹੈ .। ਉਨ੍ਹਾਂ ਸਰਕਾਰ ਤੋਂ ਮੰਗ ਕੀਤੀ ਕਿ ਜਲਦ ਤੋਂ ਜਲਦ ਇਸ ਰੋਡ ਦਾ ਨਿਰਮਾਣ ਕਰਵਾਇਆ ਜਾਵੇ।

# ਲਾਇਨਜ਼ ਕਲੱਬ ਨੇ ਪੰਜ ਲੋੜਵੰਦ ਔਰਤਾਂ ਨੂੰ ਵੰਡਿਆ ਰਾਸ਼ਨ



**ਫਗਵਾੜਾ ( ਡਾ. ਰਮਨ, ਜਸਵਿੰਦਰ ਢੱਡਾ)** ਲਾਇਨਜ਼ ਕਲੱਬ ਫਗਵਾੜਾ ਸਰਵਿਸ ਦੀ ਜਨਰਲ ਬਾਡੀ ਮੀਟਿੰਗ ਕਲੱਬ ਪ੍ਰਧਾਨ ਲਾਇਨ ਵਿਪਨ ਹਾਂਡਾ ਦੀ ਪ੍ਰਧਾਨਗੀ ਹੇਠ ਹੋਈ। ਜਿਸ ਵਿੱਚ ਲਾਇਨਜ਼ ਇੰਟਰਨੈਸ਼ਨਲ 321-ਡੀ ਦੇ ਜ਼ੋਨ ਚੇਅਰਮੈਨ ਲਾਇਨ ਹਰਮੇਸ਼ ਲਾਲ ਨੇ ਆਫਿਸ਼ਿਅਲ ਵਿਜਿਟ ਕੀਤੀ। ਉਨ੍ਹਾਂ ਕਲੱਬ ਦੀਆਂ ਗਤੀਵਿਧੀਆਂ ਬਾਰੇ ਜਾਣਕਾਰੀ ਲੈਂਦਿਆਂ ਲਾਇਨਜ਼ ਇੰਟਰਨੈਸ਼ਨਲ ਦੀ ਰਵਾਇਤ ਅਨੁਸਾਰ ਸਮਾਜ ਸੇਵਾ ਵਿੱਚ ਪਾਏ ਜਾ ਰਹੇ ਵੱਡਮੁੱਲੇ ਯੋਗਦਾਨ ਲਈ ਲਾਇਨ ਵਿਪਨ ਹਾਂਡਾ ਅਤੇ ਉਨ੍ਹਾਂ ਦੀ ਸਮੁੱਚੀ ਟੀਮ ਦੀ ਸ਼ਲਾਘਾ ਕੀਤੀ। ਇਸ ਦੌਰਾਨ ਉਨ੍ਹਾਂ ਕਲੱਬ ਦੀ ਨਵੀਂ ਮੈਂਬਰਸ਼ਿਪ ਬਾਰੇ ਵੀ ਜਾਣਕਾਰੀ ਲਈ। ਜਿਸ 'ਤੇ ਕਲੱਬ ਪ੍ਰਧਾਨ ਲਾਇਨ ਵਿਪਨ ਹਾਂਡਾ ਨੇ ਦੱਸਿਆ ਕਿ ਇਸ ਵਾਰ ਕਲੱਬ 'ਚ ਰਿਕਾਰਡ 24 ਨਵੇਂ ਮੈਂਬਰ ਸ਼ਾਮਲ ਹੋਏ ਹਨ। ਜ਼ੋਨ ਚੇਅਰਮੈਨ ਲਾਇਨ ਹਰਮੇਸ਼ ਲਾਲ ਨੇ ਕਲੱਬ ਦੀ ਟੀਮ ਨੂੰ ਸਨਮਾਨ ਚਿੰਨ੍ਹ ਵਜੋਂ ਸਰਟੀਫਿਕੇਟ ਭੇਂਟ ਕੀਤੇ। ਮੀਟਿੰਗ ਦੌਰਾਨ ਕਲੱਬ ਵੱਲੋਂ ਪੰਜ ਲੋੜਵੰਦ ਔਰਤਾਂ ਨੂੰ ਰਾਸ਼ਨ ਵੀ ਭੇਟ ਕੀਤਾ ਗਿਆ। ਇਸ ਪ੍ਰੋਜੈਕਟ ਦੇ ਚੇਅਰਮੈਨ ਲਾਇਨ ਅਜੇ ਹਾਂਡਾ ਅਤੇ ਲਾਇਨ ਰਾਕੇਸ਼ ਕੁਮਾਰ ਟਾਈਗਰ ਸਨ। ਲਾਇਨ ਵਿਪਨ ਹਾਂਡਾ ਨੇ ਕਿਹਾ ਕਿ ਜੋ ਸੰਤੁਸ਼ਟੀ ਲੋੜਵੰਦਾਂ ਦੀ ਸੇਵਾ ਅਤੇ ਮਦਦ ਕਰਨ ਨਾਲ ਮਿਲਦੀ ਹੈ, ਉਹ ਕਿਸੇ ਹੋਰ ਪੁੰਨ ਦੇ ਕੰਮ ਵਿੱਚ ਨਹੀਂ ਮਿਲਦੀ। ਉਨ੍ਹਾਂ ਭਰੋਸਾ ਦਿਵਾਇਆ ਕਿ ਨਵੇਂ ਸਾਲ 2024 ਮੌਕੇ ਉਨ੍ਹਾਂ ਦੀ ਟੀਮ ਵੱਲੋਂ ਹੋਰ ਵੀ ਸਮਾਜ ਸੇਵੀ ਪ੍ਰੋਜੈਕਟ ਕੀਤੇ ਜਾਣਗੇ। ਕਲੱਬ ਵੱਲੋਂ ਜ਼ੋਨ ਚੇਅਰਮੈਨ ਲਾਇਨ ਹਰਮੇਸ਼ ਲਾਲ ਨੂੰ ਯਾਦਗਾਰੀ ਚਿੰਨ੍ਹ ਭੇਟ ਕਰਕੇ ਸਨਮਾਨਿਤ ਵੀ ਕੀਤਾ ਗਿਆ। ਇਸ ਮੌਕੇ ਲਾਇਨ ਸੁਰਿੰਦਰ ਮਿੱਤਲ, ਲਾਇਨ ਅਜੈ ਭਗਤ, ਲਾਇਨ ਸੰਜੀਵ ਬੇਦੀ, ਲਾਇਨ ਰਣਜੀਤ ਮੱਲ੍ਹਣ, ਲਾਇਨ ਵਿਜੇ ਸ਼ਰਮਾ, ਲਾਇਨ ਕੁਲਵੰਤ ਸਿੰਘ, ਲਾਇਨ ਇੰਦਰਜੀਤ ਪਨੇਸਰ, ਲਾਇਨ ਸੁਨੀਲ ਬੇਦੀ, ਲਾਇਨ ਰਾਜੀਵ ਮਹਿਰਾ, ਲਾਇਨ ਬਿੰਦਰ ਪਾਲ, ਲਾਇਨ ਰਾਜਦੀਪ, ਲਾਇਨ ਜੀ.ਐਸ. ਸੱਗੂ, ਲਾਇਨ ਬ੍ਰਿਜ ਜੋਸ਼ੀ, ਲਾਇਨ ਨਵੀਨ ਕੁਮਾਰ, ਲਾਇਨ ਰੌਬਿਨ ਗਰੋਵਰ ਅਤੇ ਲਾਇਨ ਗੁਪਤਾ ਆਦਿ ਹਾਜ਼ਰ ਸਨ।

## ਸਰਕਾਰੀ ਪ੍ਰਾਇਮਰੀ ਸਕੂਲ ਕਡਿਆਣਾ 'ਚ ਸੱਭਿਆਚਾਰਕ ਖੇਡ ਮੇਲਾ



**ਆਦਮਪੁਰ (ਪਰਮਜੀਤ ਸਿੰਘ)**-ਸਰਕਾਰੀ ਪ੍ਰਾਇਮਰੀ ਸਕੂਲ ਕਡਿਆਣਾ ਵਿਖੇ ਬੇਬਾਕ ਖਿਆਲ ਅਤੇ ਕਲਮ ਸੰਸਥਾ ਵੱਲੋਂ ਸਕੂਲੀ ਬੱਚਿਆਂ ਦਾ ਸੱਭਿਆਚਾਰਕ ਖੇਡ ਮੇਲਾ ਕਰਵਾਇਆ ਗਿਆ, ਜਿਸ ਦੀ ਪ੍ਰਧਾਨਗੀ ਸੰਸਥਾ ਦੇ ਨੌਜਵਾਨ ਮੈਂਬਰ ਦਾਮਨ ਝਮਟ,ਨਿਤਿਨ ਪੁਆਰ, ਅਰਮਾਨ ਪੁਆਰ, ਅਜੇ ਕੁਮਾਰ ਅਤੇ ਮਾਸਟਰ ਸਤੀਸ਼ ਨੇ ਕੀਤੀ। ਬੱਚਿਆਂ 'ਚ ਦੇਸ਼ ਭਗਤੀ, ਪੰਜਾਬੀ ਭੰਗੜਾ, ਗਿੱਧਾ, ਸ਼ਬਦ ਗਾਇਨ, ਸਕਿੱਟ, ਸੁੰਦਰ ਲਿਖਾਈ, ਡਰਾਇੰਗ ਅਤੇ ਰੰਗੋਲੀ ਦੇ ਮੁਕਾਬਲੇ ਕਰਵਾਏ ਗਏ। ਹੈੱਡ ਮਾਸਟਰ ਸ਼ਿਵਰਾਜ ਨੇ ਦੱਸਿਆ ਕਿ ਮੈਡਮ ਮੀਨਾ ਕੁਮਾਰੀ, ਮੈਡਮ ਸੁਨੀਤਾ ਰਾਣੀ ਅਤੇ ਮੈਡਮ ਮਨਪ੍ਰੀਤ ਕੌਰ ਨੇ ਬੱਚਿਆਂ ਨੂੰ ਇਸ ਮੁਕਾਬਲੇ ਵਿੱਚ ਭਾਗ ਲੈਣ ਲਈ ਲਗਭਗ ਇੱਕ ਹਫਤਾ ਬਹੁਤ ਮਿਹਨਤ ਨਾਲ ਤਿਆਰ ਕੀਤਾ, ਜਿਸ ਸਦਕਾ ਬੱਚਿਆਂ ਨੇ ਸ਼ਾਨਦਾਰ ਪ੍ਰਦਰਸ਼ਨ ਕੀਤਾ। ਬੇਬਾਕ ਖਿਆਲ ਅਤੇ ਕਲਮ ਸੰਸਥਾ ਦੇ ਮੈਂਬਰਾਂ ਨੇ ਮੁਕਾਬਲਿਆਂ ਵਿੱਚ ਭਾਗ ਲੈਣ ਵਾਲੇ ਬੱਚਿਆਂ ਨੂੰ ਪੈਨ, ਪੈਨਸਿਲ, ਕਾਪੀਆਂ, ਸਕੂਲ ਬੈਗ ਅਤੇ ਹੋਰ ਸਟੇਸ਼ਨਰੀ ਦਾ ਸਮਾਨ ਦੇ ਕੇ ਸਨਮਾਨਿਤ ਕੀਤਾ। ਇਸ ਮੌਕੇ ਪੀ.ਟੀ.ਏ ਮੈਂਬਰ, ਬੱਚਿਆਂ ਦੇ ਮਾਪੇ ਅਤੇ ਪਿੰਡ ਦੇ ਪਤਵੰਤੇ ਹਾਜਰ ਸਨ।

# ਰਾਊਂਡ ਗਲਾਸ ਗਰਾਸ ਰੂਟ ਹਾਕੀ ਲੀਗ

## ਮਿੱਠਾਪੁਰ ਤੇ ਰਾਊਂਡ ਨਿੱਕੇ ਘੁੰਮਣਾਂ ਕਵਾਰਟਰ ਫਾਈਨਲ 'ਚ



**ਜਲੰਧਰ (ਸ਼ੈਲੀ ਐਲਬਰਟ)**-ਰਾਊਂਡ ਗਲਾਸ ਮਿੱਠਾਪੁਰ ਨੇ ਰਾਊਂਗ ਗਲਾਸ ਚਾਹਲ ਕਲਾਂ ਨੂੰ 5-0 ਨਾਲ ਅਤੇ ਰਾਊਂਡ ਗਲਾਸ ਨਿੱਕੇ ਘੁੰਮਣਾਂ ਨੇ ਰਾਊਂਡ ਗਲਾਸ ਧੰਨੋਵਾਲੀ ਨੂੰ 5-0 ਨਾਲ ਹਰਾ ਕੇ ਦੂਸਰੀ ਰਾਊਂਡ ਗਲਾਸ ਗਰਾਸਰੂਟ ਹਾਕੀ ਲੀਗ 2023 (ਅੰਡਰ 16 ਲੜਕੇ) ਦੇ ਕਵਾਰਟਰ ਫਾਇਨਲ ਵਿੱਚ ਪ੍ਰਵੇਸ਼ ਕਰ ਲਿਆ।

ਸਥਾਨਕ ਉਲੰਪੀਅਨ ਸੁਰਜੀਤ ਹਾਕੀ ਸਟੇਡੀਅਮ ਵਿਖੇ ਜਾਰੀ ਹਾਕੀ ਲੀਗ ਦੇ ਦੂਜੇ ਦਿਨ ਚਾਰ ਲੀਗ ਮੈਚ ਖੇਡੇ ਗਏ। ਰਾਊਂਡ ਗਲਾਸ ਕੁੱਕੜ ਪਿੰਡ ਅਤੇ ਰਾਊਂਡ ਗਲਾਸ ਬੁਤਾਲਾ ਦੀਆਂ ਟੀਮਾਂ 2-2 ਦੀ ਬਰਾਬਰੀ 'ਤੇ ਰਹੀਆਂ ਅਤੇ ਰਾਊਂਡ ਗਲਾਸ ਸੰਸਾਰਪੁਰ ਨੇ ਰਾਊਂਡ ਗਲਾਸ ਚਚਰਾੜੀ ਨੂੰ 6-5 ਦੇ ਫਰਕ ਨਾਲ ਹਰਾ ਕੇ ਤਿੰਨ ਅੰਕ ਹਾਸਲ ਕੀਤੇ । ਪੂਲ ਏ ਵਿੱਚ ਪਹਿਲੇ ਮੈਚ ਵਿੱਚ ਰਾਊਂਡ ਗਲਾਸ ਬੁਤਾਲਾ ਅਤੇ ਰਾਊਂਡ ਗਲਾਸ ਕੁੱਕੜ ਪਿੰਡ ਦੀਆਂ ਟੀਮਾਂ ਦਰਮਿਆਨ ਬੇਹਤਰੀਨ ਹਾਕੀ ਦੇਖਣ ਨੂੰ ਮਿਲੀ। ਬੁਤਾਲਾ ਦੀ ਟੀਮ ਨੇ ਮੈਚ ਦੇ 40ਵੇਂ ਮਿੰਟ ਤੱਕ ਆਪਣਾ ਦਬਦਬਾ ਕਾਇਮ ਰੱਖਿਆ ਅਤੇ ਇਸ ਦੌਰਾਨ ਉਨ੍ਹਾਂ ਵਲੋਂ ਖੇਡ ਦੇ 8ਵੇਂ ਮਿੰਟ ਵਿੱਚ ਅਕਾਸ਼ਦੀਪ ਸਿੰਘ ਨੇ ਅਤੇ 27ਵੇਂ ਮਿੰਟ ਵਿੱਚ ਮਨਜੋਤ ਸਿੰਘ ਨੇ ਗੋਲ ਕਰਕੇ 2-0 ਕੀਤਾ। ਖੇਡ ਦੇ 41ਵੇਂ ਮਿੰਟ ਵਿੱਚ ਕੁੱਕੜ ਪਿੰਡ ਦੇ ਜਤਿਨ ਅਤੇ ਖੇਡ ਦੇ 54ਵੇਂ ਮਿੰਟ ਵਿੱਚ ਮਨਿੰਦਰ ਨੇ ਗੋਲ ਕਰਕੇ ਆਪਣੀ ਟੀਮ ਨੂੰ ਬਰਾਬਰੀ ਤੇ ਲਿਆ ਖੜ੍ਹਾ ਕੀਤਾ। ਮੈਚ ਬਰਾਬਰ ਰਹਿਣ ਕਰਕੇ ਦੋਵੇਂ ਟੀਮਾਂ ਨੂੰ 1-1 ਅੰਕ ਮਿਲਿਆ। ਬੁਤਾਲਾ ਟੀਮ ਦੇ ਮਨਜੋਤ ਸਿੰਘ ਨੂੰ ਬੇਹਤਰੀਨ ਖਿਡਾਰੀ ਐਲਾਨਿਆ ਗਿਆ ਉਸ ਦਾ ਅਲਫਾ ਹਾਕੀ ਸਟਿੱਕ ਨਾਲ ਸਨਮਾਨ ਕੀਤਾ ਗਿਆ ।

ਪੂਲ ਸੀ ਵਿੱਚ ਦੂਜੇ ਮੈਚ ਵਿੱਚ ਰਾਊਂਡ ਗਲਾਸ ਨਿੱਕੇ ਘੁੰਮਣਾਂ ਨੇ ਰਾਊਂਡ ਗਲਾਸ ਧੰਨੋਵਾਲੀ ਨੂੰ 5-0 ਨਾਲ ਹਰਾ ਕੇ ਲੀਗ ਦੌਰ ਵਿੱਚ ਲਗਾਤਾਰ ਦੂਜੀ ਜਿੱਤ ਦਰਜ ਕਰਕੇ 6 ਅੰਕ ਹਾਸਲ ਕਰਕੇ ਕਵਾਰਟਰ ਫਾਇਨਲ ਵਿੱਚ ਸਥਾਨ ਬਣਾਇਆ। ਨਿੱਕੇ ਘੁੰਮਣਾਂ ਵਲੋਂ ਖੇਡ ਦੇ ਚੌਥੇ ਮਿੰਟ ਵਿੱਚ ਅਰਸ਼ਪ੍ਰੀਤ ਸਿੰਘ ਨੇ, 25ਵੇਂ ਮਿੰਟ ਵਿੱਚ ਲਵਪ੍ਰੀਤ ਨੇ, 47ਵੇਂ ਮਿੰਟ ਵਿੱਚ ਇੰਦਰਜੀਤ ਸਿੰਘ ਨੇ, 49ਵੇਂ ਮਿੰਟ ਵਿੱਚ ਹਰਸ਼ਪ੍ਰੀਤ ਸਿੰਘ ਨੇ ਅਤੇ 53ਵੇਂ ਮਿੰਟ ਵਿਚ ਅਰਸ਼ਦੀਪ ਸਿੰਘ ਨੇ ਗੋਲ ਕੀਤੇ। ਨਿੱਕੇ ਘੁੰਮਣਾਂ ਟੀਮ ਦੇ ਲਵਪ੍ਰੀਤ ਸਿੰਘ ਨੂੰ ਮੈਚ ਦਾ ਬੇਹਤਰੀਨ ਖਿਡਾਰੀ ਐਲਾਨਿਆ ਗਿਆ ਉਸ ਦਾ ਅਲਫਾ ਹਾਕੀ ਸਟਿੱਕ ਨਾਲ ਸਨਮਾਨ ਕੀਤਾ ਗਿਆ । ਪੂਲ ਬੀ ਵਿੱਚ ਤੀਜੇ ਮੈਚ ਵਿੱਚ ਰਾਊਂਡ ਗਲਾਸ ਮਿੱਠਾਪੁਰ ਨੇ ਰਾਊਂਡ ਗਲਾਸ ਚਾਹਲ ਕਲਾਂ ਨੂੰ 5-0 ਨਾਲ ਮਾਤ ਦੇ ਕੇ ਕਵਾਰਟਰ ਫਾਇਨਲ ਵਿੱਚ ਪ੍ਰਵੇਸ਼ ਕੀਤਾ। ਜੇਤੂ ਟੀਮ ਵਲੋਂ ਅਕਾਸ਼ਦੀਪ ਸਿੰਘ ਨੇ ਖੇਡ ਦੇ 39ਵੇਂ ਮਿੰਟ ਅਤੇ 43ਵੇਂ ਮਿੰਟ ਵਿੱਚ ਗੋਲ ਕੀਤੇ। ਜਦਕਿ ਵਿਕਾਸ ਨੇ 34ਵੇਂ ਅਤੇ ਨਵਪ੍ਰੀਤ ਸਿੰਘ ਨੇ ਚੌਥੇ ਮਿੰਟ ਵਿੱਚ ਅਤੇ ਦਿਲਜਾਨ ਸਿੰਘ ਨੇ 56ਵੇਂ ਮਿੰਟ ਵਿੱਚ ਗੋਲ ਕੀਤੇ। ਮਿੱਠਾਪੁਰ ਦੇ ਜਸ਼ਨਪ੍ਰੀਤ ਸਿੰਘ ਨੂੰ ਮੈਚ ਦਾ ਬੇਹਤਰੀਨ ਖਿਡਾਰੀ ਐਲਾਨਿਆ ਗਿਆ ਉਸ ਦਾ ਅਲਫਾ ਹਾਕੀ ਸਟਿੱਕ ਨਾਲ ਸਨਮਾਨ ਕੀਤਾ ਗਿਆ। ਪੂਲ ਡੀ ਵਿੱਚ ਚੌਥੇ ਮੈਚ ਵਿਚ ਰਾਊਂਡ ਗਲਾਸ ਸੰਸਾਰਪੁਰ ਨੇ ਰਾਊਂਡ ਗਲਾਸ ਚਚਰਾੜੀ ਨੂੰ 6-5 ਦੇ ਫਰਕ ਨਾਲ ਹਰਾਇਆ। ਚਚਰਾੜੀ ਦੀ ਟੀਮ ਲੀਗ ਦੌਰ 'ਤੇ ਦੋਵੇਂ ਮੈਚ ਹਾਰ ਕੇ ਲੀਗ ਵਿਚੋਂ ਬਾਹਰ ਹੋਣ ਵਾਲੀ ਪਹਿਲੀ ਟੀਮ ਬਣੀ। ਜੇਤੂ ਟੀਮ ਵਲੋਂ ਗੁਭੇਜਦੀਪ ਸਿੰਘ ਨੇ ਤੀਸਰੇ ਅਤੇ 18ਵੇਂ ਮਿੰਟ ਵਿੱਚ, ਸ਼ਿਵ ਕੁਮਾਰ ਨੇ 9ਵੇਂ ਅਤੇ ਰੋਹਨ ਨੇ 26ਵੇਂ ਮਿੰਟ ਵਿੱਚ ਗੋਲ ਕਰਕੇ ਸਕੋਰ 4-0 ਕੀਤਾ। ਖੇਡ ਦੇ 30ਵੇਂ ਮਿੰਟ ਵਿੱਚ ਚਚਰਾੜੀ ਦੇ ਗਗਨਦੀਪ ਸਿੰਘ ਨੇ ਗੋਲ ਕਰਕੇ ਸਕੋਰ 1-4 ਕੀਤਾ। ਖੇਡ ਦੇ ਦੂਜੇ ਅੱਧ ਦੇ 37ਵੇਂ ਮਿੰਟ ਵਿੱਚ ਕੁਸ਼ਾਲ ਨੇ ਮਿੱਠਾਪੁਰ ਲਈ ਗੋਲ ਕਰਕੇ ਸਕੋਰ 5-1 ਕੀਤਾ। 44ਵੇਂ ਮਿੰਟ ਵਿੱਚ ਚਚਰਾੜੀ ਦੇ ਮਨਵੀਰ ਸਿੰਘ ਨੇ ਅਤੇ 48ਵੇਂ ਮਿੰਟ ਵਿੱਚ ਸਿਮਰਨਦੀਪ ਸਿੰਘ ਨੇ ਗੋਲ ਕਰਕੇ ਸਕੋਰ 3-5 ਕੀਤਾ। 52ਵੇਂ ਮਿੰਟ ਵਿੱਚ ਸੰਸਾਰਪੁਰ ਦੇ ਮਨੀਸ਼ ਨੇ ਗੋਲ ਕਰਕੇ ਸਕੋਰ 6-3 ਕੀਤਾ। 55ਵੇਂ ਮਿੰਟ ਵਿੱਚ ਚਚਰਾੜੀ ਦੇ ਸਿਮਰਨਦੀਪ ਸਿੰਘ ਨੇ ਗੋਲ ਕਰਕੇ ਸਕੋਰ 4-6 ਕੀਤਾ। ਖੇਡ ਦੇ ਆਖਰੀ ਮਿੰਟ ਵਿੱਚ ਚਚਰਾੜੀ ਦੇ ਮਨਵੀਰ ਸਿੰਘ ਨੇ ਗੋਲ ਕਰਕੇ ਸਕੋਰ 5-6 ਕੀਤਾ। ਚਚਰਾੜੀ ਦੇ ਮਨਵੀਰ ਸਿੰਘ ਨੂੰ ਬੇਹਤਰੀਨ ਖਿਡਾਰੀ ਐਲਾਨਿਆ ਗਿਆ ਉਸ ਨੂੰ ਅਲਫਾ ਹਾਕੀ ਸਟਿੱਕ ਨਾਲ ਸਨਮਾਨਿਤ ਕੀਤਾ ਗਿਆ। ਮੈਚਾਂ ਦੇ ਮੁੱਖ ਮਹਿਮਾਨ ਉਲੰਪੀਅਨ ਰਜਿੰਦਰ ਸਿੰਘ ਜੂਨੀਅਰ ਨੇ ਟੀਮਾਂ ਨਾਲ ਜਾਣ ਪਛਾਣ ਕੀਤੀ।

ਇਸ ਮੌਕੇ 'ਤੇ ਉਲੰਪੀਅਨ ਰਜਿੰਦਰ ਸਿੰਘ ਸੀਨੀਅਰ, ਅਸ਼ਫਾਕ ਉਲਾ ਖਾਨ, ਗੁਰਿੰਦਰ ਸਿੰਘ ਸੰਘਾ, ਹਰਿੰਦਰ ਸਿੰਘ ਸੰਘਾ, ਕੁਲਬੀਰ ਸਿੰਘ ਸੈਣੀ, ਬਲਵਿੰਦਰ ਸਿੰਘ, ਰਵਿੰਦਰ ਸਿੰਘ, ਮਲਕੀਤ ਸਿੰਘ, ਜਤਿੰਦਰ ਬੌਬੀ, ਬਲਜੋਤ ਸੰਘਾ,ਗੌਰਵ ਮਹਾਜਨ (ਜੋਨੈਕਸ) ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।

27-DEC-PAGE-9.qxd 12/26/2023 10:38 PM Page 1



# ਸੰਧਵਾਂ ਵੱਲੋਂ ਸਾਬਕਾ ਰਾਸ਼ਟਰਪਤੀ ਗਿਆਨੀ ਜ਼ੈਲ ਸਿੰਘ ਦੀ ਬਰਸੀ 'ਤੇ ਸ਼ਰਧਾਂਜਲੀ ਭੇਟ

**ਚੰਡੀਗੜ੍ਹ (ਗੁਰਜੀਤ ਬਿੱਲਾ)**-ਦੇਸ਼ ਦੇ ਸਾਬਕਾ ਰਾਸ਼ਟਰਪਤੀ ਗਿਆਨੀ ਜ਼ੈਲ ਸਿੰਘ ਦੀ ਬਰਸੀ ਮੌਕੇ ਪਿੰਡ ਸੰਧਵਾਂ ਵਿਖੇ ਹੋਏ ਇੱਕ ਪ੍ਰਭਾਵਸ਼ਾਲੀ ਸ਼ਰਧਾਂਜਲੀ ਸਮਾਗਮ ਦੌਰਾਨ ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਉਨ੍ਹਾਂ ਵੱਲੋਂ ਮੁਲਕ ਅਤੇ ਖਾਸ ਕਰਕੇ ਪੰਜਾਬ ਲਈ ਕੀਤੇ ਕਾਰਜਾਂ ਨੂੰ ਯਾਦ ਕਰਦਿਆਂ ਗਿਆਨੀ ਜੀ ਨੂੰ ਸਿਜਦਾ ਕੀਤਾ। ਸੰਧਵਾਂ ਨੇ ਗਿਆਨੀ ਜੀ ਦੀ ਤੁਲਨਾ ਅਮਰੀਕਾ ਦੇ ਰਾਸ਼ਟਰਪਤੀ ਅਬਰਾਹਿਮ ਲਿੰਕਨ ਨਾਲ ਕਰਦਿਆਂ ਕਿਹਾ ਕਿ ਅੱਧੀ ਸਦੀ ਤੱਕ ਸੱਤਾ ਨਾਲ ਜੁੜੇ ਰਹਿਣ ਦੇ ਬਾਵਜੂਦ ਵੀ ਨਿਮਰ ਰਹਿੰਦਿਆਂ ਉਨ੍ਹਾਂ ਨੇ ਸਮਾਜ ਦੇ ਪਿਛੜੇ ਵਰਗਾਂ ਦੀ ਭਲਾਈ ਲਈ ਯਤਨਸ਼ੀਲ ਰਹੇ। ਉਨ੍ਹਾਂ ਨੇ ਕਿਹਾ ਕਿ ਗਿਆਨੀ ਜੈਲ ਸਿੰਘ ਸਿੱਖ ਧਰਮ ਦੇ ਧਾਰਨੀ ਸਨ ਅਤੇ ਉਨ੍ਹਾਂ ਨੇ ਗੁਰੂ ਸਾਹਿਬਾਨ ਦੀ ਅਪਾਰ ਕਿਰਪਾ ਸਦਕਾ ਜਿੱਥੋਂ ਜਿੱਥੋਂ ਦੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਲੰਘੇ ਸਨ, ਉਥੇ ਗੁਰੂ ਗੋਬਿੰਦ ਸਿੰਘ ਮਾਰਗ ਬਣਾ ਕੇ ਗੁਰੂ ਸਾਹਿਬ ਦੀ ਸੇਵਾ ਦਾ ਕਾਰਜ ਕੀਤਾ। ਸੰਧਵਾਂ ਜੋ ਕਿ ਖੁਦ ਗਿਆਨੀ ਜੈਲ ਸਿੰਘ ਦੇ ਭਰਾ ਦੇ ਪੋਤਰੇ ਹਨ, ਨੇ ਉਨ੍ਹਾਂ ਦੇ ਕਾਰਜਕਾਲ ਦੇ ਸਮੇਂ ਨੂੰ ਯਾਦ ਕਰਦਿਆਂ ਉਨ੍ਹਾਂ ਵੱਲੋਂ ਫਰੀਦਕੋਟ ਨੂੰ ਜ਼ਿਲ੍ਹਾ ਬਣਾਉਣ ਦਾ ਜ਼ਿਕਰ ਕਰਦਿਆਂ ਕਿਹਾ ਕਿ ਜ਼ਿਲ੍ਹਾ ਬਣਾਉਣ ਮੌਕੇ ਉਨ੍ਹਾਂ ਨੇ ਫਰੀਦਕੋਟ ਦੇ ਉਸ ਸਾਬਕਾ ਮਹਾਰਾਜਾ ਤੋਂ ਇਮਾਰਤਾਂ ਹਾਸਲ ਕੀਤੀਆਂ ਜਿਨ੍ਹਾਂ ਨੇ ਕਦੇ ਅਜਾਦੀ ਤੋਂ ਪਹਿਲਾਂ ਉਨ੍ਹਾਂ 'ਤੇ ਅੱਤਿਆਚਾਰ ਕੀਤਾ ਸੀ। ਇਹ ਉਨ੍ਹਾਂ ਦੀ ਕੁਸ਼ਲ ਪ੍ਰਸ਼ਾਸਕੀ ਮਨੁੱਖ ਦਾ ਹੀ ਨਤੀਜਾ ਸੀ ਕਿ ਉਹ ਹਰ ਇਕ ਨੂੰ ਨਾਲ ਲੈ ਕੇ ਚਲਦੇ ਸਨ ਅਤੇ ਪੰਜਾਬ ਦੇ ਮੁੱਖ ਮੰਤਰੀ ਤੋਂ ਲੈ ਕੇ ਦੇਸ਼ ਦੇ ਸਭ ਤੋਂ ਉੱਚ ਅਹੁਦੇ ਰਾਸ਼ਟਰਪਤੀ ਤੱਕ ਬਣੇ। ਸੰਧਵਾਂ ਨੇ ਕਿਹਾ ਕਿ ਗਿਆਨੀ ਜੀ ਬਹੁਤ ਹੀ ਸੂਝਵਾਨ ਅਤੇ ਦੂਰਦਰਸ਼ੀ ਸਿਆਸਤਦਾਨ ਸਨ। ਉਹ ਆਪਣੇ ਪਰਵਾਰ ਅਤੇ ਰਾਜਨੀਤੀ ਨੂੰ ਕਿਸ ਤਰ੍ਹਾਂ ਅਲੱਗ ਰੱਖਦੇ ਸਨ ਇਸਦੀ ਉਦਾਹਰਨ ਦਿੰਦਿਆਂ ਉਨ੍ਹਾਂ ਨੇ ਕਿਹਾ ਕਿ ਜਦ ਗਿਆਨੀ ਜੀ ਮੁੱਖ ਮੰਤਰੀ ਬਣੇ ਤਾਂ ਉਨ੍ਹਾਂ ਆਪਣੇ ਪੁੱਤਰ ਨੂੰ ਗੁਰਦੁਆਰਾ ਸਾਹਿਬ ਲਿਜਾ ਕੇ ਪ੍ਰਣ ਕਰਵਾਇਆ ਕਿ ਉਹ ਉਨ੍ਹਾਂ ਦੇ ਸਰਕਾਰੀ ਕੰਮ ਤੋਂ ਦੂਰ ਰਹਿਣਗੇ। ਗਿਆਨੀ ਜੀ ਨੂੰ ਵਿਕਾਸ ਪੁਰਖ ਦੱਸਦਿਆਂ ਸਪੀਕਰ ਨੇ ਕਿਹਾ ਕਿ ਪੰਜਾਬ ਦੇ 100 ਫੀਸਦੀ ਪਿੰਡਾਂ ਦਾ ਬਿਜਲੀਕਰਨ ਉਨ੍ਹਾਂ ਦੇ ਕਾਰਜਕਾਲ ਸਮੇਂ ਹੀ ਹੋਇਆ।

ਫਰੀਦਕੋਟ ਵਿਚ ਮੈਡੀਕਲ ਕਾਲਜ ਲਿਆਉਣਾ ਵੀ ਉਨ੍ਹਾਂ ਦੀ ਦੂਰਦਰਸ਼ੀ ਸੋਚ ਦਾ ਹੀ ਨਤੀਜਾ ਸੀ। ਇਸੇ ਤਰ੍ਹਾਂ ਸ਼ਹੀਦ ਊਧਮ ਸਿੰਘ ਦੀਆਂ ਅਸਥੀਆਂ ਵੀ ਗਿਆਨੀ ਜੈਲ ਸਿੰਘ ਦੇ ਯਤਨਾਂ ਨਾਲ ਹੀ ਭਾਰਤ ਆਈਆਂ। ਉਨ੍ਹਾਂ ਨੇ ਜੰਗ ਏ ਆਜ਼ਾਦੀ ਦੇ ਪੰਜਾਬ ਦੇ ਮਹਾਨ ਸ਼ਹੀਦਾਂ ਦੀਆਂ ਯਾਦਗਾਰਾਂ ਬਣਵਾਈਆਂ। ਪਰਜਾਮੰਡਲ ਲਹਿਰ ਵਿਚ ਸ਼ਾਮਲ ਹੋ ਕੇ ਜਿੱਥੇ ਉਨ੍ਹਾਂ ਨੇ ਅਜਾਦੀ ਦੀ ਲੜਾਈ ਵਿਚ ਸ਼ਮੂਲੀਅਤ ਕੀਤੀ ਸੀ ਉਥੇ ਹੀ ਉਨ੍ਹਾਂ ਨੇ ਅਜਾਦੀ ਘੁਲਾਟੀਆਂ ਨੂੰ ਤਾਮਰ ਪੱਤਰਾਂ ਨਾਲ ਸਨਮਾਨਿਤ ਕਰਨ ਦੀ ਯੋਜਨਾ ਲਾਗੂ ਕਰਨ ਵਿਚ ਵੀ ਅਹਿਮ ਭੂਮਿਕਾ ਨਿਭਾਈ।

# ਦੁੱਧ ਦਾ ਲੰਗਰ ਲਾਇਆ



**ਮਾਹਿਲਪੁਰ (ਸਰਹੀ)** - ਦਸਮੇਸ਼ ਪਿਤਾ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਲਖਤੇ ਜਿਗਰ ਚਾਰ ਸਾਹਿਬਜਾਦੇ ਅਤੇ ਮਾਤਾ ਗੁਜਰੀ ਜੀ ਦੀ ਲਾਸਾਨੀ ਤੇ ਅਦੁੱਤੀ ਸ਼ਹਾਦਤ ਨੂੰ ਸਮਰਪਿਤ ਨਗਰ ਨਿਵਾਸੀ ਮਾਹਿਲਪੁਰ ਅਤੇ ਐਨ ਆਰ ਆਈ ਵੀਰਾਂ ਦੇ ਸਹਿਯੋਗ ਨਾਲ ਦੁੱਧ ਦਾ ਲੰਗਰ ਲਾਇਆ ਗਿਆ ।

ਜਿਸ ਵਿੱਚ ਬੀਬੀ ਸੰਤੋਸ਼ ਕੁਮਾਰੀ ਵਲੋਂ ਸਹਿਯੋਗੀ ਵੀਰਾਂ ਨੂੰ ਸਰੋਪਿਆਂ ਨਾਲ ਸਨਮਾਨਿਤ ਕੀਤਾ ਗਿਆ। 108 ਸੰਤ ਹਰੀ ਓਮ ਜੀ ਮਾਹਿਲਪੁਰ ਵਾਲਿਆਂ ਦੀ ਅਰਦਾਸ ਤੋਂ ਬਾਅਦ ਦੁੱਧ ਦੇ ਲੰਗਰ ਦੀ ਸ਼ੁਰੂਆਤ ਕੀਤੀ ਗਈ ।

ਇਸ ਮੌਕੇ ਚਰਨਜੀਤ ਸਿੰਘ ਕੁਕੂ , ਗੋਵਿੰਦ , ਰਣਜੀਤ, ਹਰਜਿੰਦਰ, ਸੀਲਾ , ਵਿੱਕੀ , ਰਾਜੂ, ਐਨ ਆਰ ਆਈ , ਨਵੀ ਐਨ ਆਰ ਆਈ , ਨੰਬਰਦਾਰ ਗੁਰਮੀਤ ਸਿੰਘ, ਗੁਰਤੇਜ , ਸਿੰਘ ਦਿਲਬਾਗ ਸਿੰਘ ਮਹਿਮੀ ਹਾਜਰ ਸਨ।

# ਸਰਦੀ ਦੇ ਮੌਸਮ ਵਿੱਚ ਬੱਚਿਆਂ ਦਾ ਰੱਖਿਆ ਜਾਵੇ ਖਾਸ ਖਿਆਲ : ਡਾ. ਹਰਪ੍ਰੀਤ ਕੌਰ



**ਨਵਾਂ ਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ)** ਰਾਓ ਮਦਨ ਮੈਮੋਰੀਅਲ ਹਸਪਤਾਲ ਗੜ੍ਹਸ਼ੰਕਰ ਦੇ ਡਾਕਟਰ ਹਰਪ੍ਰੀਤ ਕੌਰ ਨੇ ਕਿਹਾ ਕਿ ਸਰਦੀ ਦੇ ਮੌਸਮ ਵਿੱਚ ਬੱਚਿਆਂ ਦਾ ਖਾਸ ਖਿਆਲ ਰੱਖੋ। ਉਨ੍ਹਾਂ ਕਿਹਾ ਕਿ ਮਾਵਾਂ ਨੂੰ ਦੁੱਧ ਪਿਲਾਉਣ ਦੇ ਨਾਲ-ਨਾਲ ਆਪਣੇ ਬੱਚਿਆਂ ਨੂੰ ਪੌਸ਼ਟਿਕ ਭੋਜਨ ਜਿਵੇਂ ਦਾਲ ਪਾਣੀ, ਰੋਟੀਆਂ, ਦਲੀਆ ਆਦਿ ਵੀ ਖੁਆਉਣਾ ਚਾਹੀਦਾ ਹੈ। ਦੋ ਸਾਲ ਤੱਕ ਆਪਣੇ ਬੱਚਿਆਂ ਨੂੰ ਸਿਰਫ ਦੁੱਧ 'ਤੇ ਹੀ ਨਿਰਭਰ ਰੱਖਣ ਵਾਲੀਆਂ ਮਾਂ ਕੁਪੋਸ਼ਣ ਦਾ ਸ਼ਿਕਾਰ ਹੋ ਸਕਦੀ ਹੈ। ਜੇਕਰ ਬੱਚੇ ਦੇ ਪੈਰ ਅਤੇ ਪੇਟ ਵੱਡੇ ਹੋਣ ਤਾਂ ਬੱਚਾ ਬਿਮਾਰ ਹੈ। ਉਨ੍ਹਾਂ ਗਰਭਵਤੀ ਔਰਤਾਂ ਨੂੰ ਖੂਨ ਦੀ ਕਮੀ ਨੂੰ ਪੂਰਾ ਕਰਨ ਲਈ ਦਵਾਈਆਂ ਲੈਣ ਲਈ ਵੀ ਕਿਹਾ। ਖੂਨ ਦੀ ਕਮੀ ਦੇ ਲੱਛਣਾਂ 'ਚ ਸਾਹ ਲੈਣ ਵਿੱਚ ਤਕਲੀਫ, ਹਾਈ ਬਲੱਡ ਪ੍ਰੈਸ਼ਰ, ਲੱਤਾਂ ਵਿੱਚ ਸੋਜ ਅਤੇ ਛਾਤੀ ਵਿੱਚ ਬੇਅਰਾਮੀ, ਖਾਸ ਕਰਕੇ ਸੈਰ ਕਰਦੇ ਸਮੇਂ ਸ਼ਾਮਲ ਹਨ। ਜੇਕਰ ਇਹ ਲੱਛਣ ਦਿਖਾਈ ਦੇਣ ਤਾਂ ਤੁਰੰਤ ਡਾਕਟਰ ਦੀ ਸਲਾਹ ਲੈਣੀ ਚਾਹੀਦੀ ਹੈ। ਸਰਦੀਆਂ ਵਿੱਚ ਲੋੜੀਂਦੇ ਕੱਪੜੇ ਪਾਉਣੇ ਜਰੂਰੀ ਹਨ, ਕਿਉਂਕਿ ਠੰਡੇ ਮੌਸਮ ਵਿੱਚ ਖੂਨ ਦੀਆਂ ਨਾੜੀਆਂ ਤੰਗ ਹੋ ਜਾਂਦੀਆਂ ਹਨ, ਜਿਸ ਨਾਲ ਦਿਲ 'ਤੇ ਵਾਧੂ ਦਬਾਅ ਪੈਂਦਾ ਹੈ। ਨਿਯਮਤ ਸਰੀਰਕ ਗਤੀਵਿਧੀ ਵੀ ਜਰੂਰੀ ਹੈ, ਠੰਡ ਵਿੱਚ ਬਾਹਰ ਦੀ ਬਜਾਏ ਘਰ ਦੇ ਅੰਦਰ ਹੀ ਕਸਰਤ ਕਰੋ। ਇੱਕ ਸੰਤੁਲਿਤ ਭੋਜਨ ਖਾਓ ਜਿਸ ਵਿੱਚ ਚਰਬੀ ਦੀ ਮਾਤਰਾ ਨੂੰ ਸੀਮਤ ਕਰਨਾ ਅਤੇ ਕਈ ਤਰ੍ਹਾਂ ਦੇ ਫਲ ਅਤੇ ਸਬਜੀਆਂ ਸ਼ਾਮਲ ਹਨ। ਨਟਸ, ਪੋਲਟਰੀ, ਸਾਬਤ ਅਨਾਜ ਵਰਗੇ ਭੋਜਨ ਨੂੰ ਖੁਰਾਕ ਵਿੱਚ ਸ਼ਾਮਲ ਕੀਤਾ ਜਾ ਸਕਦਾ ਹੈ। ਤੁਹਾਨੂੰ ਖੰਡ, ਸੋਡੀਅਮ ਅਤੇ ਟ੍ਰਾਂਸ ਫੈਟ ਵਾਲੇ ਭੋਜਨਾਂ ਤੋਂ ਵੀ ਪਰਹੇਜ ਕਰਨਾ ਚਾਹੀਦਾ ਹੈ।

## ਕੁਲਵੰਤ ਸਿੰਘ ਨੇ ਨਗਰ ਕੀਰਤਨ ਦੀ ਆਰੰਭਤਾ ਦੌਰਾਨ ਅਰਦਾਸ 'ਚ ਕੀਤੀ ਸ਼ਮੂਲੀਅਤ

**ਮੋਹਾਲੀ (ਕ੍ਰਿਸ਼ਨ ਗਰਗ)**- ਇੰਨੀ ਛੋਟੀ ਉਮਰ ਦੇ 'ਚ ਪੂਰੀ ਚੜ੍ਹਦੀ ਕਲਾ 'ਚ ਹੁੰਦੇ ਹੋਏ ਆਪਣੀ ਸ਼ਹਾਦਤ ਦੇਣੀ ਅਤੇ ਈਨ ਨਾ ਮੰਨੀ, ਛੋਟੇ ਸ਼ਾਹਿਬਜ਼ਾਦੇ ਬਾਬਾ ਜੋਰਾਵਰ ਸਿੰਘ, ਬਾਬਾ ਫਤਿਹ ਸਿੰਘ ਅਤੇ ਉਨ੍ਹਾਂ ਦੇ ਦਾਦੀ ਜੀ ਮਾਤਾ ਗੁਜਰ ਕੌਰ ਨੂੰ ਦੇਸ਼ਾਂ-ਵਿਦੇਸ਼ਾਂ 'ਚ ਵਸਦਾ ਹਰ ਸ਼ਰਧਾਲੂ ਪੂਰੀ ਸ਼ਰਧਾ ਨਾਲ ਕੋਟਨ ਕੋਟ ਪ੍ਰਣਾਮ ਕਰ ਰਿਹਾ ਹੈ ਅਤੇ ਉਹਨਾਂ ਦੀ ਕੁਰਬਾਨੀ ਨੂੰ ਨਤਮਸਤਕ ਹੋ ਰਿਹਾ ਹੈ। ਇਹ ਗੱਲ ਗੁਰਦੁਆਰਾ ਸਾਚਾ ਧਨ ਸਾਹਿਬ ਫੇਜ ਥਰੀ ਬੀ ਵਨ ਮੋਹਾਲੀ ਦੇ ਬਾਹਰ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਮੋਹਾਲੀ ਤੋਂ ਵਿਧਾਇਕ ਕੁਲਵੰਤ ਸਿੰਘ ਨੇ ਕਹੀ। ਗੁਰਦੁਆਰਾ ਪ੍ਰਬੰਧਕ ਕਮੇਟੀ ਸਾਚਾ ਧਨ ਸਾਹਿਬ ਦੇ ਪ੍ਰਧਾਨ ਪ੍ਰਧਾਨ ਭਜਨ ਸਿੰਘ ਨੇ ਦੱਸਿਆ ਕਿ ਗੁਰਦੁਆਰਾ ਸਾਚਾ ਧਨ ਸਾਹਿਬ ਤੋਂ ਅਨੰਦ ਸਾਹਿਬ ਦੇ ਪਾਠ ਅਤੇ ਅਰਦਾਸ ਕਰਨ ਤੋਂ ਬਾਅਦ ਪੰਜ ਪਿਆਰਿਆਂ ਦੀ ਅਗਵਾਈ ਹੇਠ ਨਗਰ ਕੀਰਤਨ ਗੁਰਦੁਆਰਾ ਸਿੰਘ ਸਭਾ ਫੇਸ 11 ਮੋਹਾਲੀ ਲਈ ਰਵਾਨਾ ਹੋਇਆ। ਇਸ ਮੌਕੇ ਕੁਲਦੀਪ ਸਿੰਘ ਸਮਾਣਾ, ਸਾਬਕਾ ਕੌਂਸਲਰ -ਪਰਮਜੀਤ ਸਿੰਘ ਕਾਹਲੋਂ, ਡਾਕਟਰ ਕੁਲਦੀਪ ਸਿੰਘ, ਸਾਬਕਾ ਕੌਂਸਲਰ ਆਰ.ਪੀ ਸ਼ਰਮਾ, ਸਾਬਕਾ ਕੌਂਸਲਰ ਗੁਰਮੁਖ ਸਿੰਘ ਸੋਹਲ, ਹਰਵਿੰਦਰ ਸਿੰਘ ਸੈਣੀ, ਅਕਵਿੰਦਰ ਸਿੰਘ ਗੋਸਲ, ਐਡਵੋਕੇਟ ਗਗਨਪ੍ਰੀਤ ਸਿੰਘ ਬੈਂਸ, ਬਲਿੰਦਰ ਸਿੰਘ, ਮੰਨਾ ਸੰਧੂ, ਬਲਜੀਤ ਸਿੰਘ ਹੈਪੀ, ਸਮੇਤ ਵੱਡੀ ਗਿਣਤੀ 'ਚ ਇਲਾਕਿਆਂ ਦੀਆਂ ਸੰਗਤਾਂ ਵੀ ਹਾਜ਼ਰ ਸਨ।

## ਘੁੰਮਣਾਂ ਤੇ ਲੱਖਪੁਰ ਵਿਖੇ ਲਗਾਏ ਦੁੱਧ ਦੇ ਲੰਗਰ





**ਫਗਵਾੜਾ (ਡਾ. ਰਮਨ, ਜਸਵਿੰਦਰ ਢੱਡਾ)**-ਪਿੰਡ ਘੁੰਮਣਾ ਵਿਖੇ ਗੁਰਦੁਆਰਾ ਸ਼ਹੀਦ ਸਿੰਘਾਂ ਦੀ ਪ੍ਰਬੰਧਕ ਕਮੇਟੀ ਅਤੇ ਪਿੰਡ ਲੱਖਪੁਰ ਵਿਖੇ ਗੁਰਦੁਆਰਾ ਸ੍ਰੀ ਚੌੜਾ ਖੂਹ ਦੀ ਪ੍ਰਬੰਧਕ ਕਮੇਟੀ ਵਲੋਂ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਮਾਤਾ ਗੁਜਰੀ ਜੀ, ਚਾਰੇ ਸਾਹਿਬਜਾਦਿਆਂ ਅਤੇ ਸਮੂਹ ਸਿੰਘਾਂ, ਸਿੰਘਣੀਆਂ ਦੀਆਂ ਲਸਾਨੀ ਸ਼ਹਾਦਤਾਂ ਨੂੰ ਸਮਰਪਿਤ ਦੁੱਧ ਦੇ ਲੰਗਰ ਲਗਾਏ ਗਏ। ਦੁੱਧ ਤੇ ਬਿਸਕੁਟਾਂ ਦੇ ਲੰਗਰਾਂ ਦੀ ਸੇਵਾ ਨੌਜਵਾਨਾਂ ਵਲੋਂ ਬੜੀ ਸ਼ਰਧਾ ਤੇ ਪ੍ਰੇਮ ਨਾਲ ਵਰਤਾਈ ਗਈ। ਇਸ ਮੌਕੇ ਗੁਰਦੁਆਰਾ ਸਾਹਿਬ ਘੁੰਮਣਾ ਦੇ ਪ੍ਰਧਾਨ ਸੁਰਜੀਤ ਸਿੰਘ, ਕਰਨੈਲ ਸਿੰਘ, ਗੁੱਜਰ ਸਿੰਘ ਤੋਂ ਇਲਾਵਾ ਪਿੰਡ ਲੱਖਪੁਰ ਦੇ ਗੁਰਦੁਆਰਾ ਸਾਹਿਬ ਦੀ ਕਮੇਟੀ ਦੇ ਪ੍ਰਧਾਨ ਬਲਵਿੰਦਰ ਸਿੰਘ, ਸੰਸਾਰ ਸਿੰਘ ਬਿੱਲੂ ਅਤੇ ਪਰਮਿੰਦਰ ਸਿੰਘ ਨੇ ਮਾਤਾ ਗੁਜਰੀ ਜੀ, ਚਾਰੇ ਸਾਹਿਬਜਾਦਿਆਂ ਅਤੇ ਸਮੂਹ ਸਿੰਘ, ਸਿੰਘਣੀਆਂ ਦੀਆਂ ਲਸਾਨੀ ਸ਼ਹਾਦਤਾਂ ਨੂੰ ਯਾਦ ਕਰਦੇ ਹੋਏ ਕਿਹਾ ਕਿ ਨੌਂਵੀ ਪਾਤਸ਼ਾਹੀ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਪਾਏ ਪੂਰਨਿਆਂ 'ਤੇ ਚਲਦੇ ਹੋਏ ਮਾਤਾ ਗੁਜਰੀ ਜੀ, ਦਸ਼ਮ ਪਿਤਾ ਦੇ ਚਾਰੇ ਸਾਹਿਬਜਾਦਿਆਂ ਅਤੇ ਸਮੂਹ ਸਿੰਘਾਂ ਤੇ ਸਿੰਘਣੀਆਂ ਨੇ ਧਰਮ ਦੀ ਆਨ-ਬਾਨ-ਸ਼ਾਨ ਨੂੰ ਬਰਕਰਾਰ ਰੱਖਣ ਲਈ ਆਪਣੀਆਂ ਜਿੰਦਗੀਆਂ ਕੁਰਬਾਨ ਕੀਤੀਆਂ ਸਨ। ਸਾਨੂੰ ਉਹਨਾਂ ਦੇ ਹੌਸਲੇ ਨੂੰ ਜਿੱਥੇ ਪ੍ਰਣਾਮ ਕਰਨਾ ਚਾਹੀਦਾ ਹੈ, ਉੱਥੇ ਹੀ ਇਹਨਾਂ ਲਸਾਨੀ ਸ਼ਹਾਦਤਾਂ ਨੂੰ ਯਾਦ ਰੱਖਦੇ ਹੋਏ ਨੌਜਵਾਨ ਪੀੜ੍ਹੀ ਨੂੰ ਜਬਰ ਤੇ ਜ਼ੁਲਮ ਦੇ ਖਿਲਾਫ ਹਮੇਸ਼ਾ ਡਟੇ ਰਹਿਣ ਦੀ ਸੇਧ ਲੈਣੀ ਚਾਹੀਦੀ ਹੈ। ਇਸ ਮੌਕੇ ਪਰਮਜੀਤ ਸਿੰਘ, ਕੁਲਦੀਪ ਸਿੰਘ, ਜਸਵਿੰਦਰ ਸਿੰਘ ਘੁੰਮਣਾਂ ਤੋਂ ਇਲਾਵਾ ਹਰਸ਼ ਭਾਰਦਵਾਜ, ਲਾਡੀ ਲੱਖਪੁਰ, ਸਤਪਾਲ, ਤਜਿੰਦਰ ਸਿੰਘ, ਹਰਪ੍ਰੀਤ ਸਿੰਘ, ਰਣਬੀਰ ਸਿੰਘ ਸਮੇਤ ਪਿੰਡ ਦੀਆਂ ਸੰਗਤਾਂ ਹਾਜਰ ਸਨ।

## ਸੰਤ ਸੰਮੇਲਨ 30 ਨੂੰ

**ਬਹਿਰਾਮ (ਅਵਤਾਰ ਕਲੇਰ)** ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ 647ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਅਤੇ ਸੰਤ ਨਰੰਜਣ ਦਾਸ ਗੱਦੀਨਸ਼ੀਨ ਡੇਰਾ ਸੱਚ ਖੰਡ ਬੱਲਾਂ ਦੀ ਸਰਪ੍ਰਸਤੀ ਹੇਠ , ਸ੍ਰੀ ਗੁਰੂ ਰਵਿਦਾਸ ਵੈਲਫੇਅਰ ਟਰੱਸਟ ਬਹਿਰਾਮ ਅਤੇ ਇਲਾਕੇ ਦੀਆਂ ਸੰਗਤਾਂ ਦੇ ਸਹਿਯੋਗ ਨਾਲ 17ਵਾਂ ਮਹਾਨ ਸੰਤ ਸੰਮੇਲਨ 30 ਦਸੰਬਰ ਨੂੰ ਬਹਿਰਾਮ ਵਿਖੇ ਕਰਵਾਇਆ ਜਾ ਰਿਹਾ ਹੈ । ਸ੍ਰੀ ਗੁਰੂ ਰਵਿਦਾਸ ਅੰਮ੍ਰਿਤ ਬਾਣੀ ਦੇ ਭੋਗ ਪਾਏ ਜਾਣਗੇ ਉਪਰੰਤ ਕੀਰਤਨੀ ਜਥੇ ਸੰਗਤਾਂ ਨੂੰ ਕੀਰਤਨ ਅਤੇ ਪ੍ਰਵਚਨਾਂ ਨਾਲ ਨਿਹਾਲ ਕਰਨਗੇ । ਸੰਮੇਲਨ 'ਚ ਸੰਤ ਨਰੰਜਣ ਦਾਸ ਗੱਦੀਨਸ਼ੀਨ ਡੇਰਾ ਸੱਚ ਖੰਡ ਬੱਲਾਂ , ਸੰਤ ਕ੍ਰਿਸ਼ਨ ਨਾਥ ਚਹੇੜੂ , ਸੰਤ ਪ੍ਰੀਤਮ ਦਾਸ ਡੇਰਾ ਸੰਗਤਪੁਰ , ਸੰਤ ਹਰਵਿੰਦਰ ਦਾਸ ਡੇਰਾ ਈਸਪੁਰ , ਸੰਤ ਸਤਨਾਮ ਦਾਸ ਡੇਰਾ ਫਰਾਲਾ , ਸੰਤ ਸੁਖਵਿੰਦਰ ਦਾਸ ਡੇਰਾ ਢੱਡੇ , ਸਾਈਂ ਪੱਪਲ ਸਾਹ ਭਰੋਮਜਾਰਾ , ਸੰਤ ਲੇਖ ਰਾਜ ਨੂਰਪੁਰ ਆਦਿ ਸੰਤ ਮਹਾਂਪੁਰਸ਼ ਸ਼ਿਰਕਤ ਕਰਨਗੇ ।

## ਪੰਜਾਬੀ ਨੌਜਵਾਨ ਦੀ ਇਟਲੀ 'ਚ ਸੜਕ ਹਾਦਸੇ ਦੌਰਾਨ ਮੌਤ

**ਕਪੂਰਥਲਾ (ਬਲਵਿੰਦਰ ਸਿੰਘ ਧਾਲੀਵਾਲ)**-ਰੋਜ਼ੀ ਰੋਟੀ ਦੀ ਖਾਤਰ ਦੋ ਮਹੀਨੇ ਪਹਿਲਾਂ ਵਿਦੇਸ਼ ਇਟਲੀ ਗਏ ਪੰਜਾਬੀ ਨੌਜਵਾਨ ਦੀ ਸੜਕ ਹਾਦਸੇ ਵਿੱਚ ਮੌਤ ਹੋ ਗਈ। ਮ੍ਰਿਤਕ ਦੇ ਰਿਸ਼ਤੇਦਾਰ ਮਨਦੀਪ ਕੁਮਾਰ ਨੇ ਦੱਸਿਆ ਕਿ ਮੇਰਾ ਜੀਜਾ ਅਜੈ ਕੁਮਾਰ (36) ਪੁੱਤਰ ਗੁਰਧਿਆਨ ਵਾਸੀ ਨਡਾਲਾ (ਕਪੂਰਥਲਾ) ਦੋ ਮਹੀਨੇ ਪਹਿਲਾਂ ਵਿਦੇਸ਼ ਇਟਲੀ ਗਿਆ ਸੀ। ਲੰਘੇ ਦਿਨ ਉਹ ਆਪਣੇ ਸਾਥੀ ਰਕੇਸ਼ ਕੁਮਾਰ ਦੀ ਗੱਡੀ ਵਿੱਚ ਬੈਠ ਕੇ ਲਾਸੀਓ ਸੂਬੇ ਦੇ ਜ਼ਿਲ੍ਹਾ ਲਾਤੀਨਾ ਤੋਂ ਫਿਉਮੀਚੀਨੋ ਹਵਾਈ ਅੱਡੇ 'ਤੇ ਕਿਸੇ ਰਿਸ਼ਤੇਦਾਰ ਨੂੰ ਲੈਣ ਚਲੇ ਗਏ ਜਿੱਥੇ ਗੱਡੀ ਚਾਲਕ ਹਵਾਈ ਅੱਡੇ ਨੇੜੇ ਪਾਰਕਿੰਗ ਦੇ ਪੈਸੇ ਬਚਾਉਣ ਖਾਤਰ ਗੱਡੀ ਨੋ ਪਾਰਕਿੰਗ 'ਚ ਲਗਾ ਕੇ ਰਿਸ਼ਤੇਦਾਰ ਦੀ ਫਲਾਈਟ ਦਾ ਇੰਤਜ਼ਾਰ ਕਰਨ ਲੱਗੇ । ਇਸ ਦੌਰਾਨ ਅਜੈ ਕੁਮਾਰ ਬਾਥਰੂਮ ਜਾਣ ਲਈ ਸੜਕ ਕਰਾਸ ਕਰਨ ਲੱਗਾ ਤਾਂ ਇੱਕ ਤੇਜ਼ ਰਫਤਾਰ ਕਾਰ ਦੀ ਲਪੇਟ ਵਿੱਚ ਆਉਣ ਨਾਲ ਉਸਦੀ ਮੌਕੇ 'ਤੇ ਹੀ ਮੌਤ ਹੋ ਗਈ । ਪਰਵਾਰਕ ਮੈਂਬਰਾਂ ਨੇ ਦੱਸਿਆ ਕਿ ਮ੍ਰਿਤਕ ਦੇ ਦੋ ਛੋਟੇ ਬੱਚੇ ਹਨ। ਉਹਨਾਂ ਇਟਲੀ ਸਰਕਾਰ ਤੋਂ ਇਸ ਹਾਦਸੇ ਦੀ ਜਾਂਚ ਅਤੇ ਮ੍ਰਿਤਕ ਦੇਹ ਭਾਰਤ ਲਿਆਉਣ ਲਈ ਮਦਦ ਮੰਗੀ ਹੈ।

# ਲਾਸਾਨੀ ਸ਼ਹਾਦਤਾਂ ਨੂੰ ਸਮਰਪਤ ਕਵੀ ਦਰਬਾਰ





**ਫਗਵਾੜਾ (ਡਾ. ਰਮਨ, ਜਸਵਿੰਦਰ ਢੱਡਾ)** ਦੋਆਬਾ ਸਾਹਿਤ ਅਤੇ ਸਮਾਜਿਕ ਕੇਂਦਰ ਫਗਵਾੜਾ ਵੱਲੋਂ ਮਾਤਾ ਗੁਜਰੀ ਜੀ, ਚਾਰੇ ਸਾਹਿਬਜਾਦਿਆਂ ਅਤੇ ਸਮੂਹ ਸਿੰਘਾਂ, ਸਿੰਘਣੀਆਂ ਦੀਆਂ ਸ਼ਹਾਦਤਾਂ ਨੂੰ ਸਮਰਪਿਤ ਧਾਰਮਿਕ ਕਵੀ ਦਰਬਾਰ ਲੰਗਰ ਹਾਲ, ਨੇੜੇ ਬੰਗਾ ਰੋਡ ਚੁੰਗੀ ਵਿਖੇ ਸਭਾ ਦੇ ਪ੍ਰਧਾਨ ਰਵਿੰਦਰ ਸਿੰਘ ਰਾਏ ਅਤੇ ਸਰਪ੍ਰਸਤ ਪ੍ਰਦੀਪ ਸਿੰਘ ਬਸਰਾ ਦੀ ਅਗਵਾਈ ਹੇਠ ਕਰਵਾਇਆ ਗਿਆ। ਇਸ ਮੌਕੇ ਪ੍ਰਿੰਸੀਪਲ ਡਾ. ਇੰਦਰਜੀਤ ਸਿੰਘ ਵਾਸੂ, ਬਲਦੇਵ ਕੋਮਲ, ਸੁਖਦੇਵ ਸਿੰਘ ਗੰਢਵਾਂ, ਹਰਚਰਨ ਭਾਰਤੀ, ਲਸ਼ਕਰ ਢੰਡਵਾੜਵੀ ਸਮੇਤ ਹੋਰ ਕਵੀਆਂ ਨੇ ਮਾਤਾ ਗੁਜਰ ਕੌਰ, ਚਾਰੇ ਸਾਹਿਬਜਾਦਿਆਂ ਅਤੇ ਸਮੂਹ ਸਿੰਘ, ਸਿੰਘਣੀਆਂ ਦੀਆਂ ਲਸਾਨੀ ਸ਼ਹਾਦਤਾਂ ਨੂੰ ਯਾਦ ਕਰਦੇ ਹੋਏ ਕਵਿਤਾਵਾਂ ਪੇਸ਼ ਕੀਤੀਆਂ। ਪ੍ਰਸਿੱਧ ਲੇਖਕ ਅਤੇ ਕਾਲਮ ਨਵੀਸ ਪ੍ਰਿੰਸੀਪਲ ਗੁਰਮੀਤ ਸਿੰਘ ਪਲਾਹੀ, ਰਵਿੰਦਰ ਚੋਟ, ਵਾਈਸ ਪ੍ਰਧਾਨ ਗੁਰਨਾਮ ਸਿੰਘ ਨੇ ਆਪਣੇ ਵਿਚਾਰ ਪੇਸ਼ ਕਰਦਿਆਂ ਕਿਹਾ ਕਿ ਨੌਂਵੀ ਪਾਤਸ਼ਾਹੀ ਸ੍ਰੀ ਗੁਰੂ ਤੇਗ ਬਹਾਦਰ, ਮਾਤਾ ਗੁਜਰੀ, ਦਸ਼ਮ ਪਿਤਾ ਦੇ ਚਾਰੇ ਸਾਹਿਬਜਾਦਿਆਂ ਅਤੇ ਸਮੂਹ ਸਿੰਘਾਂ, ਸਿੰਘਣੀਆਂ ਨੇ ਧਰਮ ਦੀ ਆਨ-ਬਾਨ-ਸ਼ਾਨ ਨੂੰ ਬਰਕਰਾਰ ਰੱਖਣ ਲਈ ਜ਼ਿੰਦਗੀਆਂ ਕੁਰਬਾਨ ਕੀਤੀਆਂ। ਸਾਨੂੰ ਉਹਨਾਂ ਦੇ ਹੌਸਲੇ ਨੂੰ ਪ੍ਰਣਾਮ ਕਰਦੇ ਹੋਏ ਲਸਾਨੀ ਸ਼ਹਾਦਤਾਂ ਨੂੰ ਹਮੇਸ਼ਾ ਯਾਦ ਰੱਖਣਾ ਚਾਹੀਦਾ ਹੈ। ਅਖੀਰ 'ਚ ਪ੍ਰਦੀਪ ਸਿੰਘ ਬਸਰਾ ਨੇ ਸਮੂਹ ਕਵੀਆਂ, ਸਾਹਿਤਕਾਰਾਂ ਅਤੇ ਪਤਵੰਤਿਆਂ ਦਾ ਧੰਨਵਾਦ ਕੀਤਾ। ਸਟੇਜ ਦੀ ਸੇਵਾ ਪ੍ਰਧਾਨ ਰਵਿੰਦਰ ਸਿੰਘ ਰਾਏ ਵੱਲੋਂ ਬਾਖੂਬੀ ਨਿਭਾਈ ਗਈ। ਇਸ ਮੌਕੇ ਸਰਬ ਨੌਜਵਾਨ ਵੈਲਫੇਅਰ ਸੁਸਾਇਟੀ (ਰਜਿ.) ਫਗਵਾੜਾ ਦੇ ਪ੍ਰਧਾਨ ਸੁਖਵਿੰਦਰ ਸਿੰਘ, ਡਾ. ਐਸ ਪੀ ਮਾਨ, ਓਮ ਪ੍ਰਕਾਸ਼ ਪਾਲ, ਅਸ਼ੋਕ ਸ਼ਰਮਾ, ਮਧੂ ਪਲਾਹੀ, ਗੁਰਪ੍ਰੀਤ ਸਿੰਘ, ਜਤਿੰਦਰ ਸਿੰਘ, ਡਾ. ਅਸ਼ੋਕ ਸਾਗਰ, ਹਰਮਨ ਸਿੰਘ, ਤਰਸੇਮ ਸਿੰਘ ਆਦਿ ਹਾਜ਼ਰ ਸਨ।

## ਚਾਰ ਸਾਹਿਬਜ਼ਾਦਿਆਂ ਨੂੰ ਸਮਰਪਿਤ ਚੇਤਨਾ ਮਾਰਚ ਭਲਕੇ

**ਅੱਡਾ ਸਰਾਂ (ਜਸਵੀਰ ਕਾਜਲ )** ਸਰਬੰਸ ਦਾਨੀ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਜੀ ਦੇ ਚਾਰ ਸਾਹਿਬਜਾਦਿਆਂ ਦੀ ਲਾਸਾਨੀ ਸ਼ਹਾਦਤ ਨੂੰ ਸਮਰਪਿਤ ਚੇਤਨਾ ਮਾਰਚ 28 ਦਸੰਬਰ ਨੂੰ ਗੁਰਦੁਆਰਾ ਬਾਬਾ ਬਿਸ਼ਨ ਸਿੰਘ ਜੀ ਪ੍ਰਬੰਧਕ ਕਮੇਟੀ ਕੰਧਾਲਾ ਜੱਟਾਂ ਵਲੋਂ ਸ਼ਾਮ 3 ਵਜੇ ਤੋਂ 5 ਵਜੇ ਤੱਕ ਕੱਢਿਆ ਜਾਵੇਗਾ।



ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਦੱਸਿਆ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਦੇ ਭੋਗ ਉਪਰੰਤ ਨਗਰ ਕੰਧਾਲਾ ਜੱਟਾਂ ਵਿੱਚ ਬੱਚਿਆਂ ਨੂੰ ਨਾਲ ਲੈ ਕੇ ਚੇਤਨਾ ਮਾਰਚ ਕੱਢਿਆ ਜਾਵੇਗਾ। ਗੁਰਦੁਆਰਾ ਸਾਹਿਬ ਵਿਖੇ ਪਹੁੰਚਣ 'ਤੇ ਆਈਆਂ ਹੋਈਆਂ ਸੰਗਤਾਂ ਅਤੇ ਬੱਚਿਆਂ ਵਾਸਤੇ ਚਾਹ ਦੇ ਲੰਗਰ ਵੀ ਲਗਾਏ ਜਾਣੇ ਹਨ।

ਇਸ ਮੌਕੇ ਕਮੇਟੀ ਪ੍ਰਧਾਨ ਅੰਮ੍ਰਿਤ ਪਾਲ ਸਿੰਘ , ਸੀ ਏ ਕੈਪਟਨ ਸੁਰਿੰਦਰ ਸਿੰਘ ,ਮਨਜੀਤ ਸਿੰਘ ਖਜਾਨਚੀ, ਪਲਵਿੰਦਰ ਸਿੰਘ ਬਿੱਟੀ, ਸੁਰਿੰਦਰ ਸਿੰਘ ਗੁਗਲੀ, ਇੰਦਰਜੀਤ ਸਿੰਘ ਰਾਜਾ ,ਅੰਮ੍ਰਿਤਪਾਲ ਸਿੰਘ, ਅਜੀਤ ਸਿੰਘ ,ਮੋਹਣ ਸਿੰਘ ਆਦਿ ਹਾਜਰ ਸਨ।

# ਸਦਭਾਵਨਾ, ਸ਼ਾਂਤੀ, ਪ੍ਰੇਮ ਤੇ ਦਯਾ ਦਾ ਸੰਦੇਸ਼ ਦਿੰਦਾ ਹੈ ਕ੍ਰਿਸਮਸ ਦਾ ਤਿਉਹਾਰ : ਜਿੰਪਾ



**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ, ਓ ਪੀ ਰਾਣਾ)**-ਕ੍ਰਿਸਮਸ ਦਾ ਤਿਉਹਾਰ ਸਦਭਾਵਨਾ, ਪ੍ਰੇਮ ਅਤੇ ਆਸ਼ਾ ਦਾ ਪ੍ਰਤੀਕ ਹੈ। ਕ੍ਰਿਸਮਸ ਦਾ ਇਹ ਵੱਡਾ ਦਿਨ ਪ੍ਰਭੂ ਯਿਸੂ ਮਸੀਹ ਦੇ ਜਨਮ ਦੀ ਖੁਸ਼ੀ ਵਿਚ ਮਨਾਇਆ ਜਾਣ ਵਾਲਾ ਤਿਉਹਾਰ ਹੈ। ਪ੍ਰਭੂ ਯਿਸੂ ਮਸੀਹ ਦਾ ਸ਼ਾਂਤੀ, ਪਿਆਰ ਅਤੇ ਦਯਾ ਦਾ ਸੰਦੇਸ਼ ਦੁਨੀਆਂ ਭਰ ਕੇ ਲੋਕਾਂ ਨੂੰ ਏਕਤਾ ਦੀ ਰਾਹ ਦਿਖਾਉਂਦਾ ਹੈ।

ਇਹ ਵਿਚਾਰ ਕੈਬਨਿਟ ਮੰਤਰੀ ਪੰਜਾਬ ਬ੍ਰਮ ਸ਼ੰਕਰ ਜਿੰਪਾ ਨੇ ਸੀ.ਐਨ.ਆਈ ਚਰਚ ਗਰੀਨ ਵਿਊ ਪਾਰਕ ਵਿਚ ਕ੍ਰਿਸਮਸ ਪ੍ਰਾਰਥਨਾ 'ਤੇ ਰੱਖੇ। ਇਸ ਉਪਰੰਤ ਉਨ੍ਹਾਂ ਮੋਨਾ ਮੈਮੋਰੀਅਲ ਚਰਚ ਸਿਵਲ ਲਾਈਨ ਵਿਚ ਜਾ ਕੇ ਪ੍ਰਾਰਥਨਾ ਵਿਚ ਹਿੱਸਾ ਲਿਆ ਅਤੇ ਸਮੂਹ ਈਸਾਈ ਭਾਈਚਾਰੇ ਨੂੰ ਕ੍ਰਿਸਮਸ ਦੀਆਂ ਸ਼ੁੱਭਕਾਮਨਾਵਾਂ ਦਿੱਤੀਆਂ। ਕੈਬਨਿਟ ਮੰਤਰੀ ਨੇ ਕਿਹਾ ਕਿ ਇਹ ਮਹੱਤਵਪੂਰਨ ਦਿਨ ਸਾਨੂੰ ਲੋਕਾਂ ਨੂੰ ਮਾਫ ਕਰਨਾ ਸਿਖਾਉਂਦਾ ਹੈ, ਇਸ ਲਈ ਸਾਨੂੰ ਸਾਰਿਆਂ ਨੂੰ ਆਪਣੇ ਗੁੱਸੇ ਦੂਰ ਕਰਕੇ ਲੋਕਾਂ ਨੂੰ ਮਾਫ਼ ਕਰਨੇ ਚਾਹੀਦੇ ਹਨ ਕਿਉਂਕਿ ਪ੍ਰਭੂ ਯਿਸੂ ਨੇ ਸਾਨੂੰ ਇਹੀ ਸੰਦੇਸ਼ ਦਿੱਤਾ ਹੈ। ਇਸ ਦੌਰਾਨ ਉਨ੍ਹਾਂ ਨੇ ਆਏ ਲੋਕਾਂ ਨੂੰ ਪ੍ਰਭੂ ਯਿਸੂ ਮਸੀਹ ਦੇ ਆਦਰਸ਼ਾਂ 'ਤੇ ਚੱਲਣ ਦੀ ਪ੍ਰੇਰਨਾ ਵੀ ਦਿੱਤੀ। ਉਨ੍ਹਾਂ ਭਰੋਸਾ ਦਿਵਾਇਆ ਕਿ ਚਰਚ ਦੀ ਹਰ ਜ਼ਰੂਰਤ ਨੂੰ ਪੂਰਾ ਕੀਤਾ ਜਾਵੇਗਾ ਅਤੇ ਕਿਸੇ ਤਰ੍ਹਾਂ ਦੀ ਕੋਈ ਕਮੀ ਨਹੀਂ ਛੱਡੀ ਜਾਵੇਗੀ। ਉਨ੍ਹਾਂ ਚਰਚ ਪ੍ਰਬੰਧਕ ਕਮੇਟੀਆਂ ਦੇ ਅਧਿਕਾਰੀਆਂ ਨੂੰ ਕਿਹਾ ਕਿ ਉਹ ਜ਼ਰੂਰਤ ਪੈਣ 'ਤੇ ਕਿਸੇ ਵੀ ਸਮੇਂ ਉਨ੍ਹਾਂ ਨਾਲ ਸੰਪਰਕ ਕਰ ਸਕਦੇ ਹਨ।

ਇਸ ਦੌਰਾਨ ਮੇਅਰ ਸੁਰਿੰਦਰ ਕੁਮਾਰ, ਕੌਂਸਲਰ ਪ੍ਰਦੀਪ ਬਿੱਟੂ, ਵਰਿੰਦਰ ਵੈਦ, ਲਾਰੈਂਸ ਚੌਧਰੀ, ਪਾਦਰੀ ਮਨਦੀਪ ਨਾਹਰ, ਸਕੱਤਰ ਜੇਸਨ ਮੈਥਿਊ, ਸਟੀਫਨ, ਅਨੁ, ਓਲਫਤ ਮੈਥਿਊ, ਅਨੀਤਾ, ਰੂਪ ਲਾਲ ਥਾਪਰ, ਦੀਪਕ, ਰਾਜੀਵ ਰੰਗਾ ਤੋਂ ਇਲਾਵਾ ਹੋਰ ਪਤਵੰਤੇ ਵੀ ਮੌਜੂਦ ਸਨ।

## ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ ਦੇ ਕੇਸਾਂ ਲਈ ਸ਼ਡਿਊਲ ਜਾਰੀ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ, ਓ ਪੀ ਰਾਣਾ)**— ਜ਼ਿਲ੍ਹਾ ਸਮਾਜਿਕ ਨਿਆਂ ਅਤੇ ਅਧਿਕਾਰਤਾ ਅਫ਼ਸਰ ਰਜਿੰਦਰ ਸਿੰਘ ਨੇ ਦੱਸਿਆ ਕਿ ਸਮਾਜਿਕ ਨਿਆਂ ਅਤੇ ਅਧਿਕਾਰਤਾ ਤੇ ਘੱਟ ਗਿਣਤੀ ਵਿਭਾਗ ਵਲੋਂ ਪੋਸਟ ਮੈਟ੍ਰਿਕ ਸਕਾਲਰਸ਼ਿਪ ਫਾਰ ਐਸ.ਸੀ ਸਟੂਡੈਂਟਸ ਸਕੀਮ ਦੇ ਵਿਦਿਆਰਥੀਆਂ ਵੱਲੋਂ ਅਪਲਾਈ ਕਰਨ ਅਤੇ ਯੋਗ ਅਨੁਸੂਚਿਤ ਜਾਤੀਆਂ ਦੇ ਵਿਦਿਆਰਥੀਆਂ ਦੇ ਕੇਸ, ਜੋ ਕਿ ਸੰਸਥਾਵਾਂ, ਸੈਂਕਸ਼ਨਿੰਗ ਅਥਾਰਟੀ ਅਤੇ ਲਾਗੂ ਕਰਤਾ ਵਿਭਾਗ ਦੇ ਪੱਧਰ 'ਤੇ ਪੈਂਡਿੰਗ ਹਨ, ਉਨ੍ਹਾਂ ਨੂੰ ਵੈਰੀਫਾਈ ਕਰਨ ਲਈ ਡਾ. ਅੰਬੇਡਕਰ ਸਕਾਲਰਸ਼ਿਪ ਪੋਰਟਲ ਖੋਲ੍ਹਿਆ ਗਿਆ ਹੈ। ਉਨ੍ਹਾਂ ਦੱਸਿਆ ਕਿ ਡਾ. ਅੰਬੇਡਕਰ ਸਕਾਲਰਸ਼ਿਪ ਪੋਰਟਲ ਨੂੰ ਵਿੱਦਿਅਕ ਸੰਸਥਾਵਾਂ ਵੱਲੋਂ ਸੁਧਾਰ ਉਪਰੰਤ ਸਾਰੇ ਕੇਸਾਂ ਨੂੰ ਮਨਜ਼ੂਰ ਕਰਨ ਵਾਲੀ ਅਥਾਰਟੀ (ਨਵੇਂ ਅਤੇ ਨਵੀਨੀਕਰਨ) ਲਈ ਕੇਸ ਭੇਜਣ ਦੀ ਆਖਰੀ ਮਿਤੀ 8 ਜਨਵਰੀ 2024, ਸਕਾਲਰਸ਼ਿਪ ਲਈ ਲਾਈਨ ਵਿਭਾਗਾਂ/ਸੈਂਕਸ਼ਨਿੰਗ ਵਿਭਾਗਾਂ ਨੂੰ ਆਨਲਾਈਨ ਪ੍ਰਸਤਾਵ ਭੇਜਣ ਲਈ ਮਨਜ਼ੂਰੀ ਦੇਣ ਵਾਲੀ ਅਥਾਰਟੀ ਲਈ ਅੰਤਿਮ ਮਿਤੀ 19 ਜਨਵਰੀ 2024 ਅਤੇ ਸਕਾਲਰਸ਼ਿਪ ਲਈ ਭਲਾਈ ਵਿਭਾਗ ਨੂੰ ਆਨਲਾਈਨ ਪ੍ਰਸਤਾਵ ਭੇਜਣ ਲਈ ਲਾਈਨ ਵਿਭਾਗਾਂ/ਸੈਂਕਸ਼ਨਿੰਗ ਵਿਭਾਗਾਂ ਲਈ ਆਖਰੀ ਮਿਤੀ 29 ਜਨਵਰੀ 2024 ਹੈ, ਤਾਂ ਜੋ ਵੱਧ ਤੋਂ ਵੱਧ ਵਿਦਿਆਰਥੀਆਂ ਨੂੰ ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ ਦਾ ਲਾਭ ਮਿਲ ਸਕੇ।

# ਜਲ ਸ਼ਕਤੀ ਕੇਂਦਰ ਨੇ ਮਨਾਇਆ ਰਾਸ਼ਟਰੀ ਕਿਸਾਨ ਦਿਵਸ




**ਹੁਸ਼ਿਆਰਪੁਰ, (ਓ ਪੀ ਰਾਣਾ, ਬਲਵੀਰ ਸਿੰਘ ਸੈਣੀ )**-ਜਲ ਸਕਤੀ ਕੇਂਦਰ ਹੁਸ਼ਿਆਰਪੁਰ ਅਤੇ ਪੰਡਿਤ ਜਗਤ ਰਾਮ ਮੈਮੋਰੀਅਲ ਫੋਰਸ ਟਰੱਸਟ ਵੱਲੋਂ ਲੁਧਿਆਣਾ ਬੇਵਰੇਜਜ ਪ੍ਰਾਈਵੇਟ ਲਿਮਟਿਡ ਦੇ ਸਹਿਯੋਗ ਨਾਲ ਪਿੰਡ ਬੱਸੀ ਹਸਤ ਖਾਂ ਵਿਖੇ ਰਾਸ਼ਟਰੀ ਕਿਸਾਨ ਦਿਵਸ ਮੌਕੇ ਸਮਾਗਮ ਕਰਵਾਇਆ ਗਿਆ, ਜਿਸ ਵਿਚ ਇਲਾਕੇ ਦੇ ਕਿਸਾਨ ਵੱਡੀ ਗਿਣਤੀ ਵਿਚ ਸ਼ਾਮਿਲ ਹੋਏ। ਮੁੱਖ ਖੇਤੀਬਾੜੀ ਅਫਸਰ ਡਾ. ਕੁਲਦੀਪ ਸਿੰਘ ਸਿੰਘ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ ਜਦਕਿ ਡਾਇਰੈਕਟਰ ਆਤਮਾ ਡਾ. ਰਮਨ ਸ਼ਰਮਾ, ਡਾਇਰੈਕਟਰ ਇੰਚਾਰਜ ਕੇ. ਵੀ. ਕੇ ਹੁਸ਼ਿਆਰਪੁਰ ਡਾ. ਮਨਿੰਦਰ ਸਿੰਘ ਬੌਂਸ , ਸਾਬਕਾ ਡਿਪਟੀ ਡਾਇਰੈਕਟਰ ਖੇਤੀਬਾੜੀ ਵਿਭਾਗ ਡਾ. ਚਮਨ ਲਾਲ ਵਸ਼ਿਸ਼ਟ , ਪ੍ਰਧਾਨ ਫੈਪਰੋ ਜਸਵੀਰ ਸਿੰਘ, ਸਹਾਇਕ ਮੈਨੇਜਰ ਐਲ. ਬੀ. ਪੀ. ਐਲ ਗੁਰਮੀਤ ਸਿੰਘ, ਪ੍ਰਧਾਨ ਫੋਰਸ ਜੋਤੀ ਸ਼ਰਮਾ, ਡਾਇਰੈਕਟਰ ਫੋਰਸ ਸੰਜੀਵ ਸ਼ਰਮਾ ਵੀ ਹਾਜਰ ਹੋਏ। ਡਾਇਰੈਕਟਰ ਫੋਰਸ ਸੰਜੀਵ ਸ਼ਰਮਾ ਨੇ ਇਸ ਦਿਨ ਦੀ ਸਾਰਥਿਕਤਾ ਅਤੇ ਫੋਰਸ ਟਰੱਸਟ ਵੱਲੋਂ ਕੀਤੇ ਜਾ ਰਹੇ ਕੰਮਾਂ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ। ਡਾ. ਰਮਨ ਸ਼ਰਮਾ ਨੇ ਪ੍ਰਬੰਧਕਾਂ ਦਾ ਧੰਨਵਾਦ ਕਰਦੇ ਹੋਏ ਦੱਸਿਆ ਕਿ ਕੁਦਰਤੀ ਖੇਤੀ ਹੁਣ ਸਰਕਾਰ ਦੀ ਮੁੱਖ ਤਰਜੀਹ ਹੈ ਅਤੇ ਇਸ ਨੂੰ ਉਤਸ਼ਾਹਿਤ ਕਰਨ ਲਈ ਵਿਆਪਕ ਯੋਜਨਾਵਾਂ ਬਣਾਈਆਂ ਜਾ ਰਹੀਆਂ ਹਨ। ਡਾ. ਕੁਲਦੀਪ ਸਿੰਘ ਨੇ ਖੇਤੀਬਾੜੀ ਖੇਤਰ ਵਿਚ ਦਰਪੇਸ਼ ਚੁਣੌਤੀਆਂ ਬਾਰੇ ਸੰਖੇਪ ਜਾਣਕਾਰੀ ਦਿੱਤੀ। ਉਨ੍ਹਾਂ ਨੇ ਪਾਣੀ ਦੀ ਸੰਭਾਲ ਦੀ ਮਹੱਤਤਾ 'ਤੇ ਜ਼ੋਰ ਦਿੱਤਾ। ਉਨ੍ਹਾਂ ਕਿਸਾਨਾਂ ਨੂੰ ਸਥਾਨਕ ਤੌਰ 'ਤੇ ਢੁਕਵੀਆਂ ਕਿਸਮਾਂ ਲੈਣ ਅਤੇ ਰਸਾਇਣਾਂ ਦੀ ਘੱਟ ਵਰਤੋਂ ਕਰਨ ਦੀ ਵੀ ਅਪੀਲ ਕੀਤੀ । ਮਨਿੰਦਰ ਸਿੰਘ ਬੌਂਸ ਨੇ ਕੇ .ਵੀ. ਕੇ ਦੁਆਰਾ ਸਿਖਲਾਈ ਲਈ ਪ੍ਰਦਾਨ ਕੀਤੇ ਮੌਕਿਆਂ ਬਾਰੇ ਗੱਲ ਕੀਤੀ ਅਤੇ ਕਿਸਾਨਾਂ ਨੂੰ ਆਮਦਨ ਵਧਾਉਣ ਲਈ ਸਿਖਲਾਈ ਵਿਚ ਹਿੱਸਾ ਲੈਣ ਦਾ ਸੱਦਾ ਦਿੱਤਾ। ਡਾ. ਜਸਵੀਰ ਸਿੰਘ ਨੇ ਪੰਜਾਬ ਵਿਚ ਪਾਣੀ ਅਤੇ ਮਿੱਟੀ ਦੀ ਨਿਘਰਦੀ ਜਾ ਰਹੀ ਸਥਿਤੀ 'ਤੇ ਸਖਤ ਚਿੰਤਾ ਪ੍ਰਗਟਾਈ ਅਤੇ ਸਿਹਤਮੰਦ ਭੋਜਨ ਪੈਦਾ ਕਰਨ ਲਈ ਖੇਤੀਬਾੜੀ ਦੇ ਜੈਵਿਕ ਅਤੇ ਨੈਚੁਰਲਾਈਜੇਸ਼ਨ ਦੀ ਸਿਫਾਰਿਸ਼ ਕੀਤੀ। ਡਾ. ਚਮਨ ਲਾਲ ਵਸ਼ਿਸ਼ਟ ਨੇ ਪੰਜ ਤੱਤਾਂ ਮਿੱਟੀ, ਪਾਣੀ, ਹਵਾ, ਸੂਰਜ ਦੀ ਰੋਸ਼ਨੀ ਅਤੇ ਸਪੇਸ ਬਾਰੇ ਵਿਸਥਾਰ ਵਿਚ ਦੱਸਿਆ। ਉਨ੍ਹਾਂ ਕਿਹਾ ਕਿ ਫਸਲ ਜਿਓਮੈਟਰੀ, ਇਥੋਂ ਤੱਕ ਕਿ ਫਸਲਾਂ ਦੀ ਵਿੱਥ ਵੀ ਮਾਇਨੇ ਰੱਖਦੀ ਹੈ। ਉਨ੍ਹਾਂ ਕਿਹਾ ਕਿ ਇਸ ਵਿਧੀ ਨਾਲ ਪਾਣੀ ਦੀ ਭਾਰੀ ਬੱਚਤ ਕੀਤੀ ਜਾ ਸਕਦੀ ਹੈ । ਜੋਤੀ ਸ਼ਰਮਾ ਨੇ ਮੰਚ 'ਤੇ ਮੌਜੂਦ ਪਤਵੰਤੇ ਸੱਜਣਾਂ ਅਤੇ ਲੁਧਿਆਣਾ ਬੇਵਰੇਜਜ ਦਾ ਧੰਨਵਾਦ ਕੀਤਾ। ਇਸ ਮੌਕੇ ਜਲਵਾਯੂ ਅਤੇ ਪਾਣੀ ਬਚਾਉਣ ਦੇ ਉਪਰਾਲੇ ਕਰਨ ਵਾਲੇ ਅਗਾਂਹਵਧੂ ਕਿਸਾਨਾਂ ਨੂੰ ਸਨਮਾਨਿਤ ਕੀਤਾ ਗਿਆ। ਇਸ ਦੌਰਾਨ ਸਵੈ ਸਹਾਇਤਾ ਗਰੁੱਪਾਂ ਵੱਲੋਂ ਪ੍ਰਦਰਸ਼ਨੀ ਸਟਾਲ ਵੀ ਲਗਾਏ ਗਏ।

## ਸ਼ਹੀਦ ਊਧਮ ਸਿੰਘ ਦੇ ਜਨਮ ਦਿਨ ਨੂੰ ਸਮਰਪਿਤ ਮੀਟਿੰਗ

**ਖਰੜ (ਹਰਨਾਮ ਸਿੰਘ ਡੱਲਾ)**-ਗਦਰੀ ਬਾਬੇ ਵਿਚਾਰਧਾਰਕ ਮੰਚ ਪੰਜਾਬ ਦੀ ਵਿਸ਼ੇਸ਼ ਇਕੱਤਰਤਾ ਹਰਨਾਮ ਸਿੰਘ ਡੱਲਾ ਦੀ ਪ੍ਰਧਾਨਗੀ ਹੇਠ ਨਗਰ ਕੌਂਸਲ ਪਾਰਕ ਖਰੜ ਵਿਖੇ ਹੋਈ। ਇਹ ਮੀਟਿੰਗ ਸ਼ਹੀਦ ਊਧਮ ਸਿੰਘ ਦੇ ਜਨਮ ਦਿਨ ਨੂੰ ਸਮਰਪਿਤ ਸੀ। ਜਿਸ ਮਹਾਨ ਸਪੂਤ ਨੇ ਜਲ੍ਹਿਆਂ ਵਾਲਾ ਬਾਗ ਦੇ ਕਤਲੇਆਮ ਲਈ ਜ਼ਿੰਮੇਵਾਰ ਅੰਗਰੇਜ ਜਨਰਲ ਡਾਇਰ ਨੂੰ ਲੰਦਨ ਵਿੱਚ ਜਾ ਕੇ ਮਾਰ ਮੁਕਾਇਆ ਸੀ ਅਤੇ ਹਜਾਰਾਂ ਨਿਹੱਥੇ ਪੰਜਾਬੀਆਂ ਦੀ ਜਾਨ ਦਾ ਬਦਲਾ ਲਿਆ ਸੀ। ਇੱਕ ਫੈਸਲੇ ਰਾਹੀਂ ਗਦਰੀ ਬਾਬੇ ਵਿਚਾਰਧਾਰਕ ਮੰਚ ਵਲੋਂ ਪੁਆਧ ਦੇ ਗਦਰੀ ਸ਼ਹੀਦ ਕਾਂਸ਼ੀ ਰਾਮ ਦੀ ਸ਼ਹਾਦਤ ਨੂੰ ਸਮਰਪਿਤ 'ਗਦਰੀ ਬਾਬਿਆਂ ਦੀ ਵਿਚਾਰਧਾਰਾ ਅਤੇ ਅੱਜ ਦੇ ਹਾਲਾਤ' ਵਿਸ਼ਸ਼ ਉੱਤੇ 20 ਜਨਵਰੀ 2024 ਨੂੰ ਇੱਕ ਸੈਮੀਨਾਰ ਆਯੋਜਿਤ ਕਰਵਾਉਂਣ ਦਾ ਅਹਿਮ ਫੈਸਲਾ ਲਿਆ ਗਿਆ। ਚੇਤੇ ਰਹੇ ਕਿ ਸ਼ਹੀਦ ਕਾਂਸੀ ਰਾਮ ਗਦਰ ਪਾਰਟੀ ਦੇ ਫਾਉਂਡਰ ਮੈਂਬਰ ਰਹੇ ਹਨ ਅਤੇ ਪੁਆਧ ਇਲਾਕੇ ਦੇ ਅਜਾਦੀ ਲਈ ਜਾਨ ਵਾਰਨ ਵਾਲੇ ਸ਼ਹੀਦਾਂ ਵਿੱਚੋਂ ਸਿਰਮੌਰ ਸਨ। ਹਾਜਰ ਮੈਂਬਰਾਂ ਵਲੋਂ ਮੰਚ ਦੇ ਵਿਧਾਨ ਨੂੰ ਅੰਤਿਮ ਰੂਪ ਦਿੱਤਾ ਗਿਆ। ਇਸ ਇਕੱਤਰਤਾ ਵਿੱਚ ਸੇਵਾ ਸਿੰਘ ਖਾਨਪੁਰ,ਯੋਗ ਰਾਜ,ਦਿਨੇਸ਼ ਪ੍ਰਸਾਦ,ਗੁਰਮੇਲ ਸਿੰਘ,ਕਿਰਪਾਲ ਸਿੰਘ ਮੁੰਡੀ ਖਰੜ,ਸੁਰਿੰਦਰ ਸਿੰਘ ਬਡਾਲਾ,ਸੁਰਿੰਦਰ ਸਿੰਘ ਮੋਰਿੰਡਾ,ਸੁਖਵਿੰਦਰ ਸਿੰਘ ਦੁਮਣਾ,ਗੁਰਦੇਵ ਅਰਨੀਵਾਲਾ,ਅਮਰਜੀਤ ਸਿੰਘ ਅਤੇ ਸੁਰਿੰਦਰ ਸਿੰਘ ਰਸੂਲਪੁਰ ਸ਼ਾਮਲ ਹੋਏ।

# ਸੇਂਟ ਕਬੀਰ ਪਬਲਿਕ ਹਾਈ ਸਕੂਲ 'ਚ ਸ਼ਹੀਦੀ ਦਿਹਾੜਾ, ਤੁਲਸੀ ਦਿਵਸ ਤੇ ਕ੍ਰਿਸਮਸ ਮਨਾਈ



**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਸੇਂਟ ਕਬੀਰ ਪਬਲਿਕ ਹਾਈ ਸਕੂਲ ਵਿਖੇ ਅਧਿਆਪਕ ਮਾਪੇ ਮਿਲਨੀ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਸ਼ਹੀਦੀ ਦਿਹਾੜਾ, ਤੁਲਸੀ ਦਿਵਸ ਅਤੇ ਕ੍ਰਿਸਮਸ ਦਾ ਦਿਹਾੜਾ ਵੀ ਮਨਾਇਆ ਗਿਆ। ਇਹ ਸਾਰੇ ਪ੍ਰੋਗਰਾਮ ਸਕੂਲ ਦੇ ਐਮ.ਡੀ. ਡਾ. ਅਸ਼ੀਸ਼ ਸਰੀਨ ਅਤੇ ਪ੍ਰਿੰਸੀਪਲ ਰਾਕੇਸ਼ ਭਸੀਨ ਦੀ ਅਗਵਾਈ ਹੇਠ ਕੀਤੇ ਗਏ। ਇਸ ਵਿੱਚ ਸਮੂਹ ਸਕੂਲ ਸਟਾਫ ਅਤੇ ਮਾਪਿਆਂ ਨੇ ਵੀ ਵੱਧ ਚੜ੍ਹ ਕੇ ਸ਼ਿਰਕਤ ਕੀਤੀ। ਸਕੂਲ ਦੀ ਗਰਾਉਂਡ ਨੂੰ ਪੂਰੀ ਤਰ੍ਹਾਂ ਰੰਗ ਬਿਰੰਗੇ ਗੁਬਾਰਿਆਂ ਨਾਲ ਸਜਾਇਆ ਗਿਆ ਸੀ। ਇਸ ਦੌਰਾਨ ਸਭ ਤੋਂ ਪਹਿਲਾਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਅਤੇ ਉਹਨਾਂ ਦੇ ਚਾਰੋਂ ਸਾਹਿਬਜਾਦਿਆਂ ਨੂੰ ਯਾਦ ਕਰਦੇ ਹੋਏ ਇਕ ਦ੍ਰਿਸ਼ ਪੇਸ਼ ਕੀਤਾ ਗਿਆ। ਇਸ ਦ੍ਰਿਸ਼ ਵਿੱਚ ਬੱਚਿਆਂ ਨੇ ਗੱਜ ਕੇ ਫਤਿਹ ਬੁਲਾਈ ਅਤੇ ਸ਼ਹੀਦਾਂ ਨੂੰ ਪ੍ਰਣਾਮ ਕੀਤਾ। ਇਸ ਤੋਂ ਬਾਅਦ ਤੁਲਸੀ ਪੂਜਾ ਦਾ ਦ੍ਰਿਸ਼ ਪੇਸ਼ ਕੀਤਾ ਗਿਆ, ਜਿਸ ਵਿੱਚ ਬੱਚਿਆਂ ਵਲੋਂ ਮੰਤਰ ਉਚਾਰਨ ਕਰ ਕੇ ਤੁਲਸੀ ਪੂਜਾ ਕੀਤੀ ਗਈ। ਇਸ ਮੌਕੇ ਐਮ.ਡੀ. ਡਾ. ਅਸ਼ੀਸ਼ ਸਰੀਨ ਨੇ ਤੁਲਸੀ ਮਾਤਾ ਨੂੰ ਫੁੱਲ ਭੇਂਟ ਕੀਤੇ ਅਤੇ ਮੰਤਰਾਂ ਨੂੰ ਧਿਆਨ ਨਾਲ ਸੁਣ ਕੇ ਉਹਨਾਂ ਦਾ ਵਿਚਰਨ ਕੀਤਾ। ਇਸ ਤੋਂ ਬਾਅਦ ਸਕੂਲ ਦੀ ਗਰਾਊਂਡ ਵਿੱਚ ਕ੍ਰਿਸਮਸ ਦਾ ਦ੍ਰਿਸ਼ ਵੀ ਪੇਸ਼ ਕੀਤਾ ਗਿਆ ਜਿਸ ਵਿੱਚ ਬੱਚਿਆਂ ਨੇ ਵੱਧ ਚੜ੍ਹ ਕੇ ਭਾਗ ਲਿਆ। ਅਖੀਰ ਵਿੱਚ ਸਕੂਲ ਦੇ ਐਮ.ਡੀ. ਡਾ. ਅਸ਼ੀਸ਼ ਸਰੀਨ ਨੇ ਆਪਣੇ ਭਾਸ਼ਨ ਵਿੱਚ ਕਿਹਾ ਕਿ ਸਾਡਾ ਸਕੂਲ ਸਰਵ ਧਰਮ ਸਕੂਲ ਹੈ ਜਿਸ ਵਿੱਚ ਅਸੀਂ ਬੱਚਿਆਂ ਨੂੰ ਹਰ ਧਰਮ ਨਾਲ ਜੁੜਨਾ ਤੇ ਉਹਨਾਂ ਦਾ ਸਤਕਾਰ ਕਰਨਾ ਸਿਖਾਉਂਦੇ ਹਾਂ। ਇਸ ਤੋਂ ਉਪਰੰਤ ਡਾ. ਅਸ਼ੀਸ਼ ਸਰੀਨ ਨੇ ਬੱਚਿਆਂ ਨੂੰ ਇਨਾਮ ਵੰਡੇ ਅਤੇ ਪ੍ਰੋਗਰਾਮ ਦਾ ਸਮਾਪਨ ਬੜੇ ਸੁਚੱਜੇ ਢੰਗ ਨਾਲ ਹੋਇਆ।

# ਸਫਰ-ਏ-ਸ਼ਹਾਦਤ ਸ਼ਹੀਦੀ ਦਿਵਸ ਨੂੰ ਸਮਰਪਤ ਸਜਾਇਆ ਨਗਰ ਕੀਰਤਨ





**ਅੱਡਾ ਸਰਾਂ, (ਕਾਜਲ)**-ਪਿੰਡ ਬਾਬਕ 'ਚ ਮਾਤਾ ਗੁੱਜਰ ਕੌਰ ਅਤੇ ਚਾਰ ਸਾਹਿਬਜਾਦਿਆਂ ਦੀ ਲਾਸਾਨੀ ਸ਼ਹਾਦਤ ਨੂੰ ਸਮਰਪਿਤ ਸਫਰ-ਏ-ਸ਼ਹਾਦਤ ਸ਼ਹੀਦੀ ਸਮਾਗਮ ਦੇ ਸੰਬੰਧ 'ਚ ਨਗਰ ਕੀਰਤਨ ਸਜਾਇਆ ਗਿਆ, ਜਿਸ 'ਚ ਵੱਡੀ ਗਿਣਤੀ ਵਿੱਚ ਸੰਗਤ ਨੇ ਹਾਜ਼ਰੀ ਭਰੀ। ਸ੍ਰੀ ਗੁਰਦੁਆਰਾ ਪ੍ਰਬੰਧਕ ਕਮੇਟੀ, ਪ੍ਰਵਾਸੀ ਪੰਜਾਬੀਆਂ, ਨਗਰ ਪੰਚਾਇਤ ਅਤੇ ਨਗਰ ਦੀਆਂ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਸਜਾਇਆ ਗਿਆ। ਨਗਰ ਕੀਰਤਨ ਦਾ ਘੋੜਾਵਾਹਾ, ਦਰੀਆ, ਕੰਧਾਲਾ ਜੱਟਾਂ, ਸਰਾ, ਰਾਮਪੁਰ, ਧੂਤਾ ਅਤੇ ਨੈਨੋਵਾਲ ਵੈਦ ਪਿੰਡਾਂ ਵਿਚ ਸੰਗਤਾਂ ਨੇ ਫੁੱਲਾਂ ਦੀ ਵਰਖਾ ਨਾਲ ਭਰਵਾਂ ਸਵਾਗਤ ਕੀਤਾ। ਇਸ ਦੌਰਾਨ ਬਾਬਾ ਪਰਮਿੰਦਰ ਸਿੰਘ ਅਤੇ ਭਾਈ ਦਾਤਾਰ ਦਰੀਆਂ ਵਾਲਿਆਂ ਨੇ ਸੰਗਤ ਨੂੰ ਗੁਰਬਾਣੀ ਕੀਰਤਨ ਅਤੇ ਸ਼ਹਾਦਤਾਂ ਦੇ ਇਤਿਹਾਸ ਨਾਲ ਜੋੜਿਆ। ਇਸ ਦੌਰਾਨ ਗਤਕਾ ਅਖਾੜਾ ਦੇ ਮੈਂਬਰਾਂ ਨੇ ਸਿੱਖ ਮਾਰਸ਼ਲ ਆਰਟ ਗਤਕਾ ਦਾ ਪ੍ਰਦਰਸ਼ਨ ਕੀਤਾ। ਇਸ ਤੋਂ ਪਹਿਲਾ ਚੌਥੇ ਦਿਨ ਦੇ ਰਾਤਰੀ ਦੀਵਾਨ 'ਚ ਵੱਖ-ਵੱਖ ਪ੍ਰਚਾਰਕਾਂ ਭਾਈ ਗੁਰਸਾਹਿਬ ਸਿੰਘ ਜਫਰਵਾਲ, ਬਾਬਾ ਅਮਰਦੀਪ ਸਿੰਘ ਨਾਨਕ ਗੁਰਮਤਸਰ ਵਾਲੇ ਅਤੇ ਗਿਆਨੀ ਪ੍ਰਤਾਪ ਸਿੰਘ ਹੈੱਡ ਗ੍ਰੰਥੀ ਤਖਤ ਸੱਚਖੰਡ ਹਜ਼ੂਰ ਸਾਹਿਬ ਵਾਲਿਆਂ ਨੇ ਸਿੱਖ ਕੌਮ ਦਾ ਕੁਰਬਾਨੀਆਂ ਭਰਿਆ ਸ਼ਾਨਾਮੱਤਾ ਇਤਿਹਾਸ ਸੁਣਾਇਆ। ਇਸ ਮੌਕੇ ਜਥੇ. ਅਵਤਾਰ ਸਿੰਘ ਖਾਲਸਾ, ਗੁਰਪ੍ਰੀਤ ਸਿੰਘ, ਧਰਮ ਸਿੰਘ, ਜੈ ਸਿੰਘ ਫੌਜੀ, ਸੁਰਜੀਤ ਸਿੰਘ, ਜਸਵੀਰ ਸਿੰਘ, ਮਹਿੰਦਰ ਸਿੰਘ, ਮਲਕੀਤ ਸਿੰਘ, ਹਰਭਜਨ ਸਿੰਘ, ਇਕਬਾਲ ਸਿੰਘ, ਰਛਪਾਲ ਸਿੰਘ, ਸਰਪੰਚ ਦਵਿੰਦਰ ਸਿੰਘ, ਸਾਬਕਾ ਸਰਪੰਚ ਅਮਰੀਕ ਸਿੰਘ, ਗੁਰਦੀਪ ਸਿੰਘ, ਸੁਮਿਤ ਸਿੰਘ, ਸਵਰਨ ਸਿੰਘ, ਗਿਆਨੀ ਸੁਖਦੇਵ ਸਿੰਘ, ਜਰਨੈਲ ਸਿੰਘ ਢਿੱਲੋਂ, ਬਲਬੀਰ ਸਿੰਘ, ਮਨਦੀਪ ਸਿੰਘ, ਹਰਮਨ, ਰਣਜੀਤ ਸਿੰਘ ਤੇ ਦਲਜੀਤ ਸਿੰਘ ਆਦਿ ਹਾਜ਼ਰ ਸਨ।


# ਖਾਲਸਾ ਸਕੂਲ ਦਾ ਸਾਲਾਨਾ ਸ਼ਹੀਦੀ ਟੂਰਨਾਮੈਂਟ ਸਮਾਪਤ



**ਸ੍ਰੀ ਚਮਕੌਰ ਸਾਹਿਬ (ਗੁਰਵਿੰਦਰਪਾਲ ਸਿੰਘ ਬੌਬੀ)**-ਚਮਕੌਰ ਸਾਹਿਬ ਦੀ ਜੰਗ ਵਿੱਚ ਸ਼ਹੀਦ ਹੋਏ ਸਾਹਿਬਜਾਦਿਆਂ ਅਤੇ ਸਿੰਘਾਂ ਦੀ ਸ਼ਹੀਦੀ ਨੂੰ ਸਮਰਪਿਤ ਖਾਲਸਾ ਸਕੂਲ ਵੱਲੋਂ ਕਰਵਾਇਆ ਜਾਂਦਾ ਸਾਲਾਨਾ ਟੂਰਨਾਮੈਂਟ ਸਮਾਪਤ ਹੋ ਗਿਆ । ਸਕੂਲ ਕਮੇਟੀ ਦੇ ਮੈਨੇਜਰ ਹਰਬੰਸ ਸਿੰਘ ਕੰਧੋਲਾ ਨੇ ਦੱਸਿਆ ਕਿ ਟੂਰਨਾਮੈਂਟ ਦੇ ਆਖਰੀ ਦਿਨ ਰਵੀਇੰਦਰ ਸਿੰਘ ਸਾਬਕਾ ਸਪੀਕਰ ਪੰਜਾਬ ਵਿਧਾਨ ਸਭਾ ਵਿਸ਼ੇਸ਼ ਤੌਰ 'ਤੇ ਖਿਡਾਰੀਆਂ ਨੂੰ ਹੌਸਲਾ ਅਫਜ਼ਾਈ ਦੇਣ ਲਈ ਪਹੁੰਚੇ । ਉਨ੍ਹਾਂ ਖਿਡਾਰੀਆਂ ਨੂੰ ਨਸ਼ਿਆਂ ਤੋਂ ਦੂਰ ਰਹਿ ਕੇ ਖੇਡਾਂ ਵੱਲ ਧਿਆਨ ਦੇਣ ਲਈ ਪ੍ਰੇਰਿਤ ਕਰਦਿਆਂ ਕਿਹਾ ਕਿ ਉਹ ਪੜ੍ਹਾਈ ਨੂੰ ਤਰਜੀਹ ਦੇਣ । ਸਕੂਲ ਪ੍ਰਿੰਸੀਪਲ ਕਿਰਨਜੋਤ ਕੌਰ ਖੰਗੜੂ ਨੇ ਦੱਸਿਆ ਕਿ ਸਕੂਲ ਦੀਆਂ ਲੜਕੀਆਂ ਦੀਆਂ ਕਬੱਡੀ ਟੀਮਾਂ ਜੋ ਕਿ ਪੀਟੀਆਈ ਦਲਜੀਤ ਕੌਰ ਭੂਰੜੇ ਨੇ ਤਿਆਰ ਕੀਤੀਆਂ ਹੋਈਆ ਸਨ, ਦੇ ਮੁਕਾਬਲੇ ਵਿੱਚ ਬਾਬਾ ਅਜੀਤ ਸਿੰਘ ਹਾਉਸ ਨੇ ਪਹਿਲਾ ਅਤੇ ਬਾਬਾ ਫਤਿਹ ਸਿੰਘ ਹਾਊਸ ਨੇ ਦੂਜਾ ਸਥਾਨ ਹਾਸਲ ਕੀਤਾ । ਜਦੋਂ ਕਿ ਫਾਈਨਲ ਮੁਕਾਬਲੇ ਵਿੱਚ ਖਿਡਾਰਨ ਮਨਪ੍ਰੀਤ ਕੌਰ ਨੂੰ ਬੈਸਟ ਜਾਫੀ ਐਲਾਨਿਆ ਗਿਆ ਅਤੇ ਗੁਰਵੀਰ ਕੌਰ ਨੂੰ ਬੈਸਟ ਰੇਡਰ ਐਲਾਨਿਆ ਗਿਆ । ਉਨ੍ਹਾਂ ਦੱਸਿਆ ਕਿ ਪੰਜਾਬ ਅਤੇ ਹਰਿਆਣੇ ਦੀਆਂ ਲੜਕੀਆਂ ਦੇ ਕਲੱਬਾਂ ਦੇ ਟੂਰਨਾਮੈਂਟ ਵਿੱਚ ਪੰਜਾਬ ਦੀਆਂ ਲੜਕੀਆਂ ਜੇਤੂ ਰਹੀਆਂ ਤੇ ਹਰਿਆਣੇ ਦੀਆਂ ਲੜਕੀਆਂ ਸੈਕਿੰਡ ਰਹੀਆਂ । ਲੜਕਿਆਂ ਦੇ ਕਲੱਬਾਂ ਵਿੱਚੋਂ ਬਾਬਾ ਕਰਤਾਰ ਸਿੰਘ ਜੀ ਕਲੱਬ ਭੈਰੋ ਮਾਜਰਾ ਦੀ ਟੀਮ ਨੇ ਪਹਿਲਾ ਤੇ ਬਾਬਾ ਮੁੰਨੇ ਜੀ ਕਲੱਬ ਕਮਾਲਪੁਰ ਦੀ ਟੀਮ ਨੇ ਦੂਜਾ ਸਥਾਨ ਹਾਸਲ ਕੀਤਾ । ਜੇਤੂ ਟੀਮਾਂ ਦੇ ਨਾਲ ਸੰਗਤ ਸਿੰਘ ਸੰਗਤੀ ਨੂੰ ਬੈਸਟ ਰੇਡਰ ਅਤੇ ਰਾਜਵਿੰਦਰ ਸਿੰਘ ਕਮਾਲਪੁਰ ਨੂੰ ਬੈਸਟ ਜਾਫੀ ਐਲਾਨ ਦੇ ਹੋਏ ਵਿਸ਼ੇਸ਼ ਟਰਾਫੀਆਂ ਨਾਲ ਸਨਮਾਨਿਤ ਕੀਤਾ ਗਿਆ । ਇਸ ਤੋਂ ਇਲਾਵਾ ਮਨਪ੍ਰੀਤ ਕੌਰ ਜੋ ਕਿ ਪੰਜਾਬ ਸਕੂਲ ਖੇਡਾਂ ਅੰਡਰ 19 ਵਿੱਚ ਬੈਸਟ ਜਾਫੀ ਬਣੀ ਸੀ ,ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਗਿਆ ਗਿਆ । ਟੂਰਨਾਮੈਂਟ ਦੌਰਾਨ ਗੁਰਦਿਆਲ ਸਿੰਘ ਮੁੰਡੀਆਂ ਦੇ ਪਰਵਾਰ ਵੱਲੋਂ ਉਨ੍ਹਾਂ ਦੇ ਪੁੱਤਰ ਤਰਲੋਚਨ ਸਿੰਘ ਨੇ 21 ਹਜਾਰ ਰੁਪਏ ਅਤੇ ਪੀਟੀਆਈ ਤਰਲੋਚਨ ਸਿੰਘ ਕੰਧੋਲਾ ਦੇ ਪਰਵਾਰ ਵੱਲੋਂ 51 ਸੌ ਰੁਪਏ ਸਹਾਇਤਾ ਵਜੋਂ ਦਿੱਤੇ ਗਏ । ਇਸ ਮੌਕੇ ਪ੍ਰਿੰਸੀਪਲ ਅਮਰਜੀਤ ਸਿੰਘ ਕੰਗ, ਡਾ. ਰਾਜਪਾਲ ਚੌਧਰੀ, ਪ੍ਰਿੰਸੀਪਲ ਕੁਲਵਿੰਦਰ ਸਿੰਘ, ਜਥੇ. ਪ੍ਰੀਤਮ ਸਿੰਘ ਸੱਲੋਮਾਜਰਾ, ਤਜਿੰਦਰ ਸਿੰਘ, ਜਥੇ. ਭਰਭੂਰ ਸਿੰਘ, ਸੁਖਵਿੰਦਰ ਸਿੰਘ ਅਤੇ ਬਲਦੇਵ ਸਿੰਘ ਆਦਿ ਹਾਜਰ ਸਨ ।

# ਨਰਪਾਲ ਸਿੰਘ ਸ਼ੇਰਗਿੱਲ ਦੀ ਪੁਸਤਕ ਲੋਕ ਅਰਪਣ

## ਪ੍ਰਵਾਸ ਦੇ ਰੁਝਾਨ ਦਾ ਕਾਰਨ ਬੁੱਧੀਜੀਵੀ ਵਰਗ ਦੀ ਆਪਣੀ ਭੂਮਿਕਾ ਨਿਭਾਉਣ 'ਚ ਅਸਫਲਤਾ : ਡਾ. ਸਵਰਾਜ ਸਿੰਘ



**ਫਗਵਾੜਾ ( ਡਾ. ਰਮਨ)**- ਵੱਧ ਰਹੇ ਪ੍ਰਵਾਸ ਦੇ ਰੁਝਾਨ ਨੂੰ ਪੰਜਾਬ ਦਾ ਸਭ ਤੋਂ ਵੱਡਾ ਸੰਕਟ ਦਸਦਿਆਂ, ਪ੍ਰਸਿੱਧ ਪੰਜਾਬੀ ਲੇਖਕ ਅਤੇ ਚਿੰਤਕ ਡਾ: ਸਵਰਾਜ ਸਿੰਘ ਨੇ ਕਿਹਾ ਕਿ ਇਸਦਾ ਮੁੱਖ ਕਾਰਨ ਬੁੱਧੀਜੀਵੀ ਵਰਗ ਦੀ ਇਸ ਸਬੰਧੀ ਆਪਣੀ ਭੂਮਿਕਾ ਨਿਭਾਉਣ 'ਚ ਅਸਫਲਤਾ ਹੈ।

ਉਹ ਇਥੇ ਪੰਜਾਬੀ ਕਾਲਮਨਵੀਸ ਪੱਤਰਕਾਰ ਮੰਚ ਅਤੇ ਪੰਜਾਬੀ ਵਿਰਸਾ ਟਰੱਸਟ ਵਲੋਂ ਕਰਵਾਏ ਗਏ ਇੱਕ ਸਮਾਗਮ ਵਿੱਚ "ਵਿਸ਼ਵ ਵਿੱਚ ਉੱਭਰ ਰਹੇ ਨਵੇਂ ਰੁਝਾਨ" ਸਬੰਧੀ ਆਪਣਾ ਕੁੰਜੀਵਤ ਸੰਬੋਧਨ ਕਰ ਰਹੇ ਸਨ। ਇਸ ਸਮਾਗਮ ਵਿੱਚ ਅੰਤਰਰਾਸ਼ਟਰੀ ਪੱਤਰਕਾਰ ਨਰਪਾਲ ਸਿੰਘ ਸ਼ੇਰਗਿੱਲ ਦੀ ਸਿਲਵਰ ਜੁਬਲੀ ਵੱਡ ਅਕਾਰੀ ਪੁਸਤਕ ਇੰਡੀਅਨਜ਼ ਐਵਰੌਡ ਐਂਡ ਪੰਜਾਬ ਇਮਪੈਕਟ (ਪੰਜਾਬੀ ਸੰਸਾਰ-2023) ਵੱਡੀ ਗਿਣਤੀ ਜਚ ਹਾਜ਼ਰ ਲੇਖਕਾਂ, ਪੰਜਾਬੀ ਪਿਆਰਿਆਂ ਦੀ ਹਾਜ਼ਰੀ ਵਿੱਚ ਲੋਕ ਅਰਪਣ ਕੀਤੀ ਗਈ। ਆਪਣੇ ਸੰਬੋਧਨ ਨੂੰ ਅੱਗੇ ਤੋਰਦਿਆਂ ਡਾ: ਸਵਰਾਜ ਸਿੰਘ ਨੇ ਕਿਹਾ ਕਿ ਅਸੀਂ ਪ੍ਰਵਾਸ ਦੇ ਰੁਝਾਨ ਨੂੰ ਰੋਕ ਨਹੀਂ ਸਕੇ। ਉਹਨੰ ਨੇ ਅੰਤਰਰਾਸ਼ਟਰੀ ਪੱਧਰ 'ਤੇ ਵਾਪਰ ਰਹੀਆਂ ਪ੍ਰਮੁੱਖ ਘਟਨਾਵਾਂ ਦਾ ਜ਼ਿਕਰ ਕਰਦਿਆਂ ਰੂਸ ਯੂਕਰੇਨ, ਇਮਜ਼ਰਾਈਲ, ਫਲਸਤੀਨ ਜੰਗਾਂ ਦਾ ਵੀ ਜ਼ਿਕਰ ਕੀਤਾ। ਉਹਨਾਂ ਕਿਹਾ ਕਿ ਭਾਰਤ ਆਉਣ ਵਾਲੇ ਸਮੇਂ 'ਚ ਆਰਥਿਕ ਤੌਰ 'ਤੇ ਮੋਹਰੀ ਦੇਸ਼ ਬਨਣ ਵਾਲੇ ਪਾਸੇ ਵਧ ਰਿਹਾ ਹੈ, ਪਰ ਇਸ ਬਾਰੇ ਕੋਈ ਭਰੋਸਾ ਨਹੀਂ ਕਿ ਦੇਸ਼ 'ਚ ਦੌਲਤ ਦੀ ਵੰਡ ਸਾਂਵੀ ਪੱਧਰੀ ਹੋਵੇਗੀ ਜਾਂ ਨਹੀਂ। ਉਹਨਾ ਕਿਹਾ ਕਿ ਸਵਰਗ ਨਰਕ ਕੁਝ ਵੀ ਨਹੀਂ ਹੁੰਦਾ, ਇਹ ਸਿਰਫ਼ ਇੱਕ ਮਨੋਅਵਸਥਾ ਹੈ, ਜਿਸ ਬਾਰੇ ਗੁਰੂ ਨਾਨਕ ਦੇਵ ਜੀ ਦੀ ਫਿਲਾਸਫੀ ਅੱਛਾ ਮਾਰਗ ਦਰਸ਼ਨ ਕਰਦੀ ਹੈ।

ਸਮਾਗਮ ਦੀ ਪ੍ਰਧਾਨਗੀ ਡਾ: ਸਵਰਾਜ ਸਿੰਘ, ਨਰਪਾਲ ਸਿੰਘ ਸ਼ੇਰਗਿੱਲ, ਗਿਆਨ ਸਿੰਘ ਮੋਗਾ, ਪ੍ਰੋ: ਜਸਵੰਤ ਸਿੰਘ ਗੰਡਮ, ਪ੍ਰਿੰ: ਗੁਰਮੀਤ ਸਿੰਘ ਪਲਾਹੀ ਨੇ ਕੀਤੀ। ਇਸ ਮੌਕੇ ਪੰਜਾਬੀ ਵਿਰਸਾ ਟਰੱਸਟ ਦੇ ਪ੍ਰਧਾਨ ਪ੍ਰੋ: ਜਸਵੰਤ ਸਿੰਘ ਗੰਡਮ ਨੇ ਆਏ ਲੇਖਕਾਂ ਤੇ ਪੰਜਾਬੀ ਪਿਆਰਿਆਂ ਨੂੰ ਜੀਅ ਆਇਆਂ ਕਹਿੰਦਿਆਂ ਡਾ: ਸਵਰਾਜ ਸਿੰਘ ਦੀ ਬੌਧਿਕਤਾ ਅਤੇ ਨਰਪਾਲ ਸਿੰਘ ਸ਼ੇਰਗਿੱਲ ਦੀ ਸਖ਼ਤ ਮਿਹਨਤ ਦੁਆਰਾ ਤਿਆਰ ਕੀਤੀ ਗਈ ਵਿਸ਼ਵ ਦਰਸ਼ਨ ਕਰਾਉਣ ਵਾਲੀ ਡਾਇਰੈਕਟਰੀ ਦੀ ਪ੍ਰਸੰਸਾ ਕੀਤੀ। ਉਹਨਾ ਨੇ ਦੇਸ਼ ਵਿੱਚ ਅਸਹਿਮਤੀ ਪ੍ਰਤੀ ਵਧ ਰਹੀ ਆਕਰਮਿਕ, ਅਸਹਿਨਸ਼ੀਲਤਾ ਉਤੇ ਚਿੰਤਾ ਪ੍ਰਗਟਾਈ।

ਨਰਪਾਲ ਸਿੰਘ ਸ਼ੇਰਗਿੱਲ ਨੇ ਆਪਣੇ ਸੰਬੋਧਨ 'ਚ ਕਿਹਾ ਕਿ ਉਹ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦਾ ਮੁਦੱਈ ਹੈ ਅਤੇ ਪਿਛਲੇ 57 ਸਾਲ ਤੋਂ ਨਿਰਪੱਖ ਪੱਤਰਕਾਰਤਾ ਨੂੰ ਪ੍ਰਣਾਇਆ ਹੋਇਆ ਹੈ। ਉਹਨਾਂ ਨੇ ਕਿਹਾ ਕਿ ਉਹ ਲੰਮੇ ਸਮੇਂ ਤੋਂ ਵਿਦੇਸ਼ ਵਸਦੇ ਪੰਜਾਬੀਆਂ, ਜਿਹਨਾਂ ਨੇ ਪੰਜਾਬ ਦਾ ਨਾਂਅ ਰੋਸ਼ਨ ਕੀਤਾ ਹੈ, ਦੀ ਸਾਂਝ ਪੰਜਾਬ ਦੇ ਲੋਕਾਂ ਨਾਲ ਤਾਂ ਪਵਾ ਹੀ ਰਿਹਾ ਹੈ ਪਰ ਨਾਲ ਦੀ ਨਾਲ ਸਿੱਖ ਧਰਮ ਦੇ ਸਾਂਝੀਵਾਲਤਾ ਦੇ ਉਪਦੇਸ਼ ਨੂੰ ਦੁਨੀਆ ਸਾਹਮਣੇ ਲਿਆਉਣ ਦਾ ਉਪਰਾਲਾ ਕਰਨ ਲਈ ਪੰਜਾਬੀ ਸੰਸਾਰ ਅਤੇ ਸਿੱਖ ਸੰਸਾਰ ਪੁਸਤਕਾਂ ਹਰ ਵਰ੍ਹੇ ਲੋਕ ਅਰਪਿਤ ਕਰਦਾ ਹੈ।

ਇਸ ਮੌਕੇ ਪ੍ਰਿੰ: ਗੁਰਮੀਤ ਸਿੰਘ ਪਲਾਹੀ, ਐਡਵੋਕੇਟ ਐਸ.ਐਲ. ਵਿਰਦੀ, ਰਵਿੰਦਰ ਚੋਟ, ਗਿਆਨ ਸਿੰਘ ਮੋਗਾ, ਬਲਦੇਵ ਰਾਜ ਕੋਮਲ, ਇੰਦਰਜੀਤ ਸਿੰਘ ਸੰਪਾਦਕ ਸੱਤ ਸਮੰਦਰੋਂ ਪਾਰ ਨੇ ਵੀ ਸੰਬੋਧਨ ਕੀਤਾ। ਸਮਾਗਮ ਵਿੱਚ ਹੋਰਨਾਂ ਤੋਂ ਬਿਨਾਂ ਗੁਰਿੰਦਰ ਖਹਿਰਾ, ਜਸਵਿੰਦਰ ਕੌਰ, ਪ੍ਰਿੰ: ਤਰਸੇਮ ਸਿੰਘ, ਕਰਮਜੀਤ ਸਿੰਘ ਸੰਧੂ, ਦਵਿੰਦਰ ਜੱਸਲ ਮਾਧੋਪੁਰੀ, ਰਾਮਪਾਲ ਮੱਲ, ਕੁਲਵੰਤ ਭਿੰਡਰ, ਰਮਨ ਨਹਿਰਾ, ਗੁਰਮੀਤ ਸਿੰਘ ਨੈਸ਼ਨਲ ਐਵਾਰਡੀ, ਰਵਿੰਦਰ ਰਾਏ, ਸੁਖਵਿੰਦਰ ਸਿੰਘ ਪ੍ਰਧਾਨ ਸਰਬ ਨੌਜਵਾਨ ਸਭਾ, ਕਮਲੇਸ਼ ਸੰਧੂ, ਮਾਸਟਰ ਮਨਦੀਪ ਸਿੰਘ, ਸੁਸ਼ੀਲ ਸ਼ਰਮਾ, ਅਸ਼ੋਕ ਸ਼ਰਮਾ, ਬੰਸੋ ਦੇਵੀ, ਜਨਕ ਪਲਾਹੀ, ਚਰਨਜੀਤ ਸਿੰਘ ਚਾਨਾ ਆਦਿ ਹਾਜ਼ਰ ਸਨ। ਇਸ ਮੌਕੇ ਪ੍ਰਸਿੱਧ ਚਿੰਤਕ ਡਾ: ਸਵਰਾਜ ਸਿੰਘ ਅਤੇ ਅੰਤਰਰਾਸ਼ਟਰੀ ਪੱਤਰਕਾਰ ਨਰਪਾਲ ਸਿੰਘ ਸ਼ੇਰਗਿੱਲ ਨੂੰ ਦੁਸ਼ਾਲਾ ਦੇ ਕੇ ਸਨਮਾਨਿਤ ਕੀਤਾ ਗਿਆ। ਸਟੇਜ ਦੀ ਕਾਰਵਾਈ ਰਵਿੰਦਰ ਚੋਟ ਨੇ ਬਾਖ਼ੂਬੀ ਨਿਭਾਈ।

ਮਾਮਲਾ ਪੁਲਸ ਵੱਲੋਂ ਨਸ਼ਾ ਤਸਕਰੀ ਦਾ ਪਰਚਾ ਦਰਜ ਕਰਨ ਦਾ

# ਟਰੱਕ ਯੂਨੀਅਨ ਦੇ ਪ੍ਰਧਾਨ ਨੂੰ ਇਨਸਾਫ਼ ਦੇਣ ਦੀ ਮੰਗ ਉੱਠੀ



**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**

ਟਰੱਕ ਯੂਨੀਅਨ ਦੇ ਪ੍ਰਧਾਨ ਅਰਸ਼ਦੀਪ ਸਿੰਘ ਬਿੱਟੂ ਦੇ ਗ੍ਰਹਿ ਵਿਖੇ ਇਲਾਕੇ ਦੇ ਸਰਪੰਚਾਂ ਤੇ ਮੋਹਤਬਰਾਂ ਦੀ ਇਕੱਤਰਤਾ ਹੋਈ। ਗੱਲਬਾਤ ਕਰਦਿਆਂ ਪਤਨੀ ਸੁਖਪਾਲ ਕੌਰ ਨੇ ਬਰਨਾਲਾ ਪੁਲਸ 'ਤੇ ਅਰਸ਼ਦੀਪ ਸਿੰਘ ਬਿੱਟੂ 'ਤੇ ਝੂਠਾ ਪਰਚਾ ਪਾਉਣ ਦਾ ਦੋਸ਼ ਲਾਇਆ। ਉਨ੍ਹਾਂ ਕਿਹਾ ਕਿ ਪੁਲਸ ਅਧਿਕਾਰੀਆਂ ਵੱਲੋਂ ਕਈ ਦਿਨ ਪਹਿਲਾ ਉਸ ਦੇ ਪਤੀ ਨੂੰ ਫ਼ੋਨ ਕਰ ਕੇ ਬਰਨਾਲਾ ਬੁਲਾਇਆ ਜਾਂਦਾ ਰਿਹਾ। ਆਖ਼ਰ 8 ਦਸੰਬਰ ਵਾਲੇ ਦਿਨ ਸ਼ਾਮ ਨੂੰ ਸਵਾ 3 ਵਜੇ ਕਚਹਿਰੀਆਂ ਕੋਲ ਬੁਲਾ ਬਰਨਾਲਾ ਪੁਲਸ ਦੇ ਇੱਕ ਸਬ-ਇੰਸਪੈਕਟਰ ਨੇ ਪੁੱਛਗਿੱਛ ਦੇ ਬਹਾਨੇ ਗ੍ਰਿਫ਼ਤਾਰ ਕਰ ਲਿਆ। ਉਸ ਵੇਲੇ ਬਿੱਟੂ ਨਾਲ ਦੋ ਨੌਜਵਾਨ ਸਨ। ਮਾਮਲੇ ਨੂੰ ਰਫ਼ਾ-ਦਫ਼ਾ ਕਰਨ ਲਈ 10 ਲੱਖ ਰੁਪਏ ਦੀ ਰਿਸ਼ਵਤ ਦੀ ਮੰਗ ਵੀ ਕੀਤੀ ਗਈ। ਇਹ ਪੈਸੇ ਨਾ ਦੇਣ 'ਤੇ ਰਾਤ ਨੂੰ 8 ਵਜੇ ਉਨ੍ਹਾਂ 'ਤੇ ਨਸ਼ਾ ਤਸਕਰੀ ਦਾ ਝੂਠਾ ਪਰਚਾ ਦਰਜ ਕਰ ਦਿੱਤਾ ਗਿਆ ਤੇ ਬਡਬਰ ਨਹਿਰ ਦੇ ਪੁਲ ਨੇੜਿਓਂ ਗ੍ਰਿਫ਼ਤਾਰੀ ਦਿਖਾ ਦਿੱਤੀ ਗਈ। ਸੁਖਪਾਲ ਕੌਰ ਨੇ ਕਿਹਾ ਕਿ ਉਨ੍ਹਾਂ ਦੇ ਪਤੀ 2019 ਤੋਂ ਦਸ਼ਮੇਸ਼ ਟਰੱਕ ਆਪ੍ਰੇਟਰ ਯੂਨੀਅਨ ਦੀ ਪ੍ਰਧਾਨਗੀ ਇਮਾਨਦਾਰੀ ਨਾਲ ਕਰ ਰਹੇ ਹਨ ਤੇ ਪਿਛਲੇ 3 ਸਾਲਾਂ 'ਚ ਉਨ੍ਹਾਂ 'ਤੇ ਕੋਈ ਅਪਰਾਧਕ ਮਾਮਲਾ ਦਰਜ ਨਹੀਂ ਹੋਇਆ ਅਤੇ ਐਨ.ਆਈ.ਏ. ਵੱਲੋਂ ਵੀ ਉਨ੍ਹਾਂ ਨੂੰ ਕਲੀਨ ਚਿੱਟ ਦਿੱਤੀ ਜਾ ਚੁੱਕੀ ਹੈ। ਸਰਪੰਚੀ ਚੋਣਾਂ ਦੇ ਮੱਦੇਨਜ਼ਰ ਉਨ੍ਹਾਂ ਦੇ ਪਤੀ ਦੇ ਵਧਦੇ ਪ੍ਰਭਾਵ ਤੋਂ ਖ਼ਫ਼ਾ ਹੋ ਕੇ ਇੱਥੋਂ ਦੇ 5 ਵਿਅਕਤੀਆਂ ਵੱਲੋਂ ਪੁਲਸ ਨਾਲ ਮਿਲੀਭੁਗਤ ਕਰਕੇ ਇਹ ਮਾਮਲਾ ਦਰਜ ਕਰਾਇਆ ਗਿਆ ਹੈ, ਜਿਸ ਦਾ ਖੁਲਾਸਾ ਉਹ ਮਾਨਯੋਗ ਹਾਈਕੋਰਟ 'ਚ ਕਰਨਗੇ।

ਉਨ੍ਹਾਂ ਦਾਅਵਾ ਕੀਤਾ ਕਿ ਪੁਲਸ ਕੋਲ ਉਨ੍ਹਾਂ ਦੇ ਪਤੀ ਵਲੋਂ ਚਿੱਟਾ ਵੇਚਣ ਸਬੰਧੀ ਕੋਈ ਸਬੂਤ ਨਹੀਂ, ਪਹਿਲਾਂ ਵੀ ਇੱਕ ਝੂਠਾ ਪਰਚਾ ਦਰਜ ਕੀਤਾ ਗਿਆ, ਜਿਸ ਦੀ ਇਨਕੁਆਰੀ 'ਚ ਉਨ੍ਹਾਂ ਦੇ ਪਤੀ ਨਿਰਦੋਸ਼ ਪਾਏ ਗਏ। ਉਨ੍ਹਾਂ ਅਧਿਕਾਰੀ 'ਤੇ ਦੁਰਵਿਹਾਰ ਕਰਨ ਦਾ ਦੋਸ਼ ਲਾਉਂਦਿਆਂ ਕਿਹਾ ਕਿ ਜੇਕਰ ਉਨ੍ਹਾਂ ਦੇ ਪਤੀ ਨੂੰ ਫ਼ੇਕ ਇਨਕਾਊਂਟਰ ਦਾ ਸ਼ਿਕਾਰ ਬਣਾਇਆ ਗਿਆ ਤਾਂ ਇਸ ਦੀ ਜ਼ਿੰਮੇਵਾਰ ਬਰਨਾਲਾ ਪੁਲਸ ਅਤੇ ਉਕਤ ਪੁਲਸ ਅਧਿਕਾਰੀ ਹੋਵੇਗਾ। ਪਰਵਾਰਕ ਮੈਂਬਰਾਂ ਨੇ ਚੀਫ਼ ਜਸਟਿਸ ਆਫ਼ ਇੰਡੀਆ, ਮੁੱਖ ਮੰਤਰੀ ਭਗਵੰਤ ਮਾਨ, ਡੀ.ਜੀ.ਪੀ. ਪੰਜਾਬ ਤੋਂ ਇਨਸਾਫ਼ ਦੀ ਮੰਗ ਕੀਤੀ। ਸ਼੍ਰੋਮਣੀ ਅਕਾਲੀ ਦਲ ਦੇ ਕੌਮੀ ਮੀਤ ਪ੍ਰਧਾਨ ਰਿੰਕਾ ਕੁਤਬਾ ਬਾਹਮਣੀਆਂ ਅਤੇ ਵੱਖ-ਵੱਖ ਆਗੂਆਂ ਨੇ ਪੰਜਾਬ ਸਰਕਾਰ ਨੂੰ ਇਸ ਮਾਮਲੇ ਦੀ ਇਮਾਨਦਾਰੀ ਨਾਲ ਇਨਕੁਆਰੀ ਕਰਾ ਦੁੱਧ ਦਾ ਦੁੱਧ ਪਾਣੀ ਦਾ ਪਾਣੀ ਕਰਨ ਦੀ ਅਪੀਲ ਕੀਤੀ। ਇਸ ਮੌਕੇ ਲੋਕਾਂ ਨੇ ਹੱਥ ਖੜੇ ਕਰਕੇ ਪ੍ਰਧਾਨ ਅਰਸ਼ਦੀਪ ਸਿੰਘ ਬਿੱਟੂ ਨੂੰ ਇਨਸਾਫ਼ ਦੇਣ ਦੀ ਮੰਗ ਕੀਤੀ। ਇਸ ਮੌਕੇ ਮੌਜੂਦ ਲੋਕਾਂ ਵਲੋਂ ਇਨਸਾਫ਼ ਲਈ ਮੰਗ ਪੱਤਰ ਹਲਕਾ ਵਿਧਾਇਕ ਕੁਲਵੰਤ ਸਿੰਘ ਪੰਡੋਰੀ ਨੂੰ ਗਿਆ ਹੈ। ਇਸ ਮੌਕੇ ਚੇਅਰਮੈਨ ਹਰਜਿੰਦਰ ਕੌਰ ਹਰੀ, ਮਨਜੀਤ ਸਿੰਘ ਮਹਿਲ ਖ਼ੁਰਦ, ਸਰਪੰਚ ਮਿਸ਼ਰ ਸਿੰਘ, ਜਸ਼ਨਦੀਪ ਸਿੰਘ ਵਜੀਦਕੇ, ਸਰਪੰਚ ਪਲਵਿੰਦਰ ਸਿੰਘ ਕਲਾਲਮਾਜਰਾ, ਸਰਪੰਚ ਬਲੌਰ ਸਿੰਘ ਮਹਿਲ ਕਲਾਂ, ਸਾਬਕਾ ਸਰਪੰਚ ਹਰਭੁਪਿੰਦਰ ਸਿੰਘ ਲਾਡੀ, ਜਸਵਿੰਦਰ ਸਿੰਘ ਮਾਂਗਟ, ਸਮਰੱਥ ਸਿੰਘ ਮਹਿਲ ਖ਼ੁਰਦ, ਭਾਕਿਯੂ ਕਾਦੀਆਂ ਦੇ ਆਗੂ ਸਤਨਾਮ ਸਿੰਘ ਧਨੇਰ, ਭਾਕਿਯੂ ਡਕੌਂਦਾ ਦੇ ਜੱਗਾ ਸਿੰਘ ਮਹਿਲ ਕਲਾਂ, ਅਜਮੇਰ ਸਿੰਘ ਭੱਠਲ, ਮੋਹਿਤ ਕੁਮਾਰ ਗਰਗ, ਸਮਰੱਥ ਸਿੰਘ ਮਹਿਲ ਖ਼ੁਰਦ, ਸਰਬਜੀਤ ਸਿੰਘ ਸ਼ੰਭੂ ਤੇ ਧਰਮਪਾਲ ਸਿੰਘ ਗੰਗੋਹਰ ਆਦਿ ਹਾਜ਼ਰ ਸਨ।

# ਕਿਰਤੀ ਕਿਸਾਨ ਯੂਨੀਅਨ ਵੱਲੋਂ ਨਵੇਂ ਸਾਲ ਤੋਂ ਮੈਂਬਰਸ਼ਿਪ ਮੁਹਿੰਮ

## ਲੋਕਾਂ ਨੂੰ ਜਥੇਬੰਦੀ ਨਾਲ ਜੁੜਨ ਦੀ ਕੀਤੀ ਅਪੀਲ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਕਿਰਤੀ ਕਿਸਾਨ ਯੂਨੀਅਨ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਦੀ ਇੱਕ ਵਿਸਤਾਰੀ ਮੀਟਿੰਗ ਭਾਈ ਮਹਾ ਸਿੰਘ ਦੀਵਾਨ ਹਾਲ ਵਿਖੇ ਜਗਮੀਤ ਸਿੰਘ ਕੋਟਲੀ ਅਬਲੂ ਦੀ ਅਗਵਾਈ ਹੇਠ ਕੀਤੀ ਗਈ। ਮੀਟਿੰਗ ਵਿੱਚ ਸੂਬਾ ਕਮੇਟੀ ਦੇ ਫੈਸਲਿਆਂ ਨੂੰ ਨਿਸ਼ਚਤ ਸਮੇਂ ਤੇ ਠੀਕ ਢੰਗ ਨਾਲ ਲਾਗੂ ਕਰਨ ਬਾਰੇ ਵਿਚਾਰ ਚਰਚਾ ਕੀਤੀ ਗਈ। ਮੀਟਿੰਗ ਨੂੰ ਸੰਬੋਧਨ ਕਰਦਿਆਂ ਸੂਬਾ ਵਿੱਤ ਸਕੱਤਰ ਜਸਵਿੰਦਰ ਸਿੰਘ ਝਬੇਲਵਾਲੀ ਤੇ ਜ਼ਿਲ੍ਹਾ ਪ੍ਰਧਾਨ ਬਲਜੀਤ ਸਿੰਘ ਲੰਡੇ ਰੋਡੇ ਨੇ ਕਿਹਾ ਨਵੇਂ ਸਾਲ ਜਨਵਰੀ ਮਹੀਨੇ ਤੋਂ ਜਥੇਬੰਦੀ ਦੀ ਮੈਂਬਰਸ਼ਿਪ ਲਈ ਜ਼ੋਰਦਾਰ ਮੁਹਿੰਮ ਸ਼ੁਰੂ ਕੀਤੀ ਜਾਵੇਗੀ ਤੇ ਜਥੇਬੰਦੀ ਦੀ ਵਿਚਾਰਧਾਰਾ ਤੋਂ ਲੋਕਾਂ ਨੂੰ ਜਾਣੂ ਕਰਵਾਇਆ ਜਾਵੇਗਾ। ਉਨ੍ਹਾਂ ਕਿਹਾ ਕਿ ਜਥੇਬੰਦੀ ਲਗਾਤਾਰ ਪਿਛਲੇ ਲੰਮੇ ਸਮੇਂ ਤੋਂ ਕਿਸਾਨੀ ਮੁੱਦਿਆਂ ਤੇ ਲੋਕ ਮੁੱਦਿਆਂ 'ਤੇ ਸੰਘਰਸ਼ ਕਰ ਰਹੀ ਹੈ। ਇਨ੍ਹਾਂ ਮੁੱਦਿਆਂ ਵਿੱਚ ਕਾਰਪੋਰੇਟ ਪੱਖੀ ਖੇਤੀ ਮਾਡਲ ਬਦਲ ਕੇ ਕੁਦਰਤ ਤੇ ਲੋਕ ਪੱਖੀ ਨਵੀਂ ਖੇਤੀ ਨੀਤੀ ਲਾਗੂ ਕਰਵਾਉਣ, ਪਾਣੀਆਂ ਦੀ ਵੰਡ ਰਿਪੇਰੀਅਨ ਸਿਧਾਂਤ ਦੇ ਮੁਤਾਬਕ ਕੀਤੀ ਜਾਵੇ, ਭਾਰਤ-ਪਾਕਿਸਤਾਨ ਵਪਾਰ ਲਈ ਵਾਘਾ ਬਾਰਡਰ ਤੇ ਹੁਸੈਨੀਵਾਲਾ ਬਾਰਡਰ ਖੁੱਲ੍ਹਵਾਉਣ, ਕਿਸਾਨੀ ਦਾ ਸਮੁੱਚਾ ਕਰਜ਼ਾ ਮਾਫ ਕਰਾਉਣ, ਨਿੱਜੀਕਰਨ ਦੀ ਨੀਤੀ ਤਹਿਤ ਲਾਏ ਜਾ ਰਹੇ ਸਮਾਰਟ ਮੀਟਰ ਬੰਦ ਕਰਵਾਉਣ, 60 ਸਾਲ ਤੋਂ ਉੱਪਰ ਕਿਸਾਨਾਂ ਨੂੰ ਪੈਨਸ਼ਨ ਲਾਗੂ ਕਰਾਉਣ, ਅਵਾਰਾ ਪਸ਼ੂਆਂ ਦੀ ਸਾਂਭ ਸੰਭਾਲ ਦਾ ਪੁਖਤਾ ਪ੍ਰਬੰਧ ਕਰਾਉਣ, ਫਸਲਾਂ ਦੇ ਖਰਾਬੇ ਦਾ ਘੱਟੋ ਘੱਟ 50 ਹਜ਼ਾਰ ਰੁਪਏ ਪ੍ਰਤੀ ਏਕੜ ਮੁਆਵਜ਼ਾ ਦਿਵਾਉਣ, ਸਰਹੰਦ ਫੀਡਰ 'ਤੇ ਲੱਗੇ ਲਿਫਟ ਪੰਪ ਤੇ ਚਲਦੀਆਂ ਮੋਟਰਾਂ ਦੇ ਬਿਜਲੀ ਬਿੱਲ ਮਾਫ ਕਰਵਾਉਣ ਆਦਿ ਮੁੱਖ ਮੁੱਦੇ ਹਨ। ਉਨ੍ਹਾਂ ਦੱਸਿਆ ਕਿ ਪਿਛਲੇ ਦਿਨੀਂ ਸੰਯੁਕਤ ਕਿਸਾਨ ਮੋਰਚੇ ਦੀਆਂ ਜਥੇਬੰਦੀਆਂ ਦੀ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨਾਲ ਚੰਡੀਗੜ੍ਹ ਵਿਖੇ ਇੱਕ ਪੈਨਲ ਮੀਟਿੰਗ ਕੀਤੀ ਗਈ ਸੀ, ਜਿਸ ਵਿੱਚ ਉਪਰੋਕਤ ਮੰਗਾਂ ਤੋਂ ਇਲਾਵਾ ਹੋਰ ਮੰਗਾਂ ਬਾਰੇ ਵੀ ਚਰਚਾ ਕੀਤੀ ਗਈ ਸੀ ਤੇ ਸਰਕਾਰ ਵੱਲੋਂ ਖੇਤੀਬਾੜੀ ਮੰਤਰੀ ਗੁਰਮੀਤ ਸਿੰਘ ਖੁਡੀਆ ਦੀ ਅਗਵਾਈ ਹੇਠ ਮੰਗਾਂ ਦੇ 31 ਮਾਰਚ 2024 ਤੱਕ ਹੱਲ ਲਈ ਇੱਕ ਸਬ ਕਮੇਟੀ ਬਣਾਈ ਗਈ ਹੈ, ਜਿਸ ਵਿੱਚ ਪੰਜ ਕਿਸਾਨ ਆਗੂਆਂ ਦੀ ਨੁਮਾਇੰਦਗੀ ਹੋਵੇਗੀ। ਉਨ੍ਹਾਂ ਕਿਹਾ ਕਿ ਜੇਕਰ ਸਰਕਾਰ ਨੇ ਕਿਸਾਨੀ ਮੰਗਾਂ ਦਾ ਕੋਈ ਸਾਰਥਕ ਹੱਲ ਨਾ ਕੀਤਾ ਤਾਂ ਮੰਗਾਂ ਦੀ ਪ੍ਰਾਪਤੀ ਲਈ ਸੰਯੁਕਤ ਕਿਸਾਨ ਮੋਰਚੇ ਨੇ ਜੋ ਵੀ ਫੈਸਲਾ ਕੀਤਾ, ਕਿਰਤੀ ਕਿਸਾਨ ਯੂਨੀਅਨ ਉਸ ਨੂੰ ਤਨਦੇਹੀ ਨਾਲ ਲਾਗੂ ਕਰੇਗੀ।

ਜਥੇਬੰਦੀ ਦੇ ਜ਼ਿਲ੍ਹਾ ਮੀਤ ਪ੍ਰਧਾਨ ਨਿਰਮਲ ਸਿੰਘ ਗੋਨਿਆਣਾ, ਬਲਵਿੰਦਰ ਸਿੰਘ ਥਾਂਦੇਵਾਲਾ ਤੇ ਸੁਖਪਾਲ ਸਿੰਘ ਰਾਮਗੜ੍ਹ ਚੂੰਘਾ ਨੇ ਕਿਹਾ ਕਿ ਸ੍ਰੀ ਮੁਕਤਸਰ ਸਾਹਿਬ ਜ਼ਿਲ੍ਹੇ ਦੇ ਲੋਕ ਪੀਣ ਵਾਲੇ ਪਾਣੀ ਦੀ ਗੰਭੀਰ ਸਮੱਸਿਆ ਨਾਲ ਜੂਝ ਰਹੇ ਹਨ, ਪਰ ਜ਼ਿਲ੍ਹਾ ਪ੍ਰਸ਼ਾਸਨ ਤੇ ਸਰਕਾਰ ਦਾ ਇਸ ਪਾਸੇ ਕੋਈ ਧਿਆਨ ਨਹੀਂ ਹੈ। ਉਨ੍ਹਾਂ ਸਰਕਾਰ ਤੋਂ ਮੰਗ ਕੀਤੀ ਕਿ ਇਸ ਮਸਲੇ ਦਾ ਤੁਰੰਤ ਹੱਲ ਕੀਤਾ ਜਾਵੇ, ਨਹੀਂ ਜਥੇਬੰਦੀ ਸੰਘਰਸ਼ ਵਿੱਢਣ ਲਈ ਮਜਬੂਰ ਹੋਵੇਗੀ। ਅੰਤ ਵਿੱਚ ਆਗੂਆਂ ਨੇ ਕਿਸਾਨਾਂ ਨੂੰ ਕਿਰਤੀ ਕਿਸਾਨ ਯੂਨੀਅਨ ਦੀ ਵੱਧ ਤੋਂ ਵੱਧ ਮੈਂਬਰਸ਼ਿਪ ਹਾਸਲ ਕਰਕੇ ਜਥੇਬੰਦੀ ਨਾਲ ਜੁੜਨ ਦੀ ਅਪੀਲ ਕੀਤੀ। ਇਸ ਮੌਕੇ ਪ੍ਰਗਟ ਸਿੰਘ ਝਬੇਲਵਾਲੀ, ਬਲਜੀਤ ਸਿੰਘ ਫੌਜੀ, ਸਰਬਜੀਤ ਸਿੰਘ ਝਬੇਲਵਾਲੀ, ਪਰਦੀਪ ਕੌਰ ਚੱਕ ਗਾਂਧਾ ਸਿੰਘ ਵਾਲਾ, ਚਮਕੌਰ ਸਿੰਘ ਤਖਤ ਮਲਾਨਾ, ਲੱਖਾ ਸਿੰਘ ਵੜਿੰਗ, ਚਰਨ ਸਿੰਘ, ਅੰਗਰੇਜ ਸਿੰਘ ਗੋਨੇਆਣਾ, ਭੁਪਿੰਦਰ ਸਿੰਘ ਥੰਦੇਵਾਲਾ ਆਦਿ ਆਗੂ ਹਾਜ਼ਰ ਸਨ।

## ਕਾਤਰਾਂ

### ਤੇਜ਼ਧਾਰ ਹਥਿਆਰਾਂ ਸਮੇਤ ਤਿੰਨ ਕਾਰ ਸਵਾਰ ਕਾਬੂ

**ਸ੍ਰੀ ਫ਼ਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਸਰਹਿੰਦ ਵਿਖੇ ਪੁਲਸ ਵੱਲੋਂ ਤਿੰਨ ਕਾਰ ਸਵਾਰ ਵਿਅਕਤੀਆਂ ਨੂੰ ਕਮਾਨੀਦਾਰ ਚਾਕੂਆਂ ਸਮੇਤ ਕਾਬੂ ਕੀਤੇ ਜਾਣ ਦਾ ਸਮਾਚਾਰ ਹੈ। ਪ੍ਰਾਪਤ ਹੋਈ ਜਾਣਕਾਰੀ ਅਨੁਸਾਰ ਆਪਣੀ ਟੀਮ ਸਮੇਤ ਸ਼ੱਕੀ ਵਿਅਕਤੀਆਂ ਦੀ ਚੈਕਿੰਗ ਕਰ ਰਹੇ ਸੀ.ਆਈ.ਏ. ਸਟਾਫ ਸਰਹਿੰਦ ਦੇ ਸਹਾਇਕ ਥਾਣੇਦਾਰ ਬਲਦੇਵ ਸਿੰਘ ਨੂੰ ਮੁਖ਼ਬਰੀ ਮਿਲੀ ਸੀ ਕਿ ਸੁਖਪਾਲ ਸਿੰਘ ਉਰਫ਼ ਪਾਲਾ ਵਾਸੀ ਪਿੰਡ ਬੁੱਗਰਾਂ (ਸੰਗਰੂਰ), ਬਲਵਿੰਦਰ ਸਿੰਘ ਉਰਫ਼ ਵਿਸਕੀ ਵਾਸੀ ਪਿੰਡ ਦੁੱਗਾਂ (ਸੰਗਰੂਰ) ਤੇ ਹਰਸ਼ ਕੁਮਾਰ ਉਰਫ਼ ਗੁੱਡੂ ਵਾਸੀ ਪੰਨਾ, ਜੋ ਕਿ ਮਾੜੀ ਪ੍ਰਵਿਰਤੀ ਦੇ ਵਿਅਕਤੀ ਹਨ, ਕਮਾਨੀਦਾਰ ਚਾਕੂਆਂ ਸਮੇਤ ਸਵਿਫਟ ਕਾਰ 'ਚ ਸਵਾਰ ਹੋ ਕੇ ਆ ਰਹੇ ਹਨ, ਜੋ ਕਿ ਸ਼ਹੀਦੀ ਸਭਾ ਦੇ ਭੀੜ ਭੜੱਕੇ ਵਾਲੇ ਇਲਾਕੇ 'ਚ ਕਿਸੇ ਵਾਰਦਾਤ ਨੂੰ ਅੰਜਾਮ ਦੇਣ ਦੀ ਫਿਰਾਕ 'ਚ ਹਨ। ਸੂਚਨਾ ਮਿਲਣ 'ਤੇ ਪੁਲਸ ਪਾਰਟੀ ਵੱਲੋਂ ਉਕਤ ਵਿਅਕਤੀਆਂ ਨੂੰ ਗ੍ਰਿਫ਼ਤਾਰ ਕਰਦਿਆਂ ਉਨ੍ਹਾਂ ਦੇ ਕਬਜ਼ੇ 'ਚ ਤਿੰਨ ਕਮਾਨੀਦਾਰ ਚਾਕੂ ਬਰਾਮਦ ਕੀਤੇ ਗਏ ਹਨ।

### ਮਾਤਾ ਕਰਤਾਰ ਕੌਰ ਦੇ ਦੇਹਾਂਤ 'ਤੇ ਕੁਲਵੰਤ ਮਲੂਕਾ ਵੱਲੋਂ ਦੁੱਖ ਪ੍ਰਗਟ

**ਭਗਤਾ ਭਾਈ ਕਾ (ਰਾਜੀਵ ਗੋਇਲ)**-ਨਗਰ ਪੰਚਾਇਤ ਭਾਈਰੂਪਾ



ਦੇ ਮੀਤ ਪ੍ਰਧਾਨ ਗੁਰਚਰਨ ਸਿੰਘ ਧਾਲੀਵਾਲ ਦੀ ਮਾਤਾ ਕਰਤਾਰ ਕੌਰ ਦੇ ਅਕਾਲ ਚਲਾਣੇ ਨੂੰ ਲੈ ਕੇ ਕਲੇਰ ਇੰਟਰਨੈਸ਼ਨਲ ਪਬਲਿਕ ਸਕੂਲ ਦੇ ਚੇਅਰਮੈਨ ਕੁਲਵੰਤ ਸਿੰਘ ਮਲੂਕਾ ਵੱਲੋਂ ਜਿੱਥੇ ਆਪਣੇ ਨਜ਼ਦੀਕੀ ਮਿੱਤਰ ਨਾਲ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ ਹੈ, ਉੱਥੇ ਹੀ ਮਾਤਾ ਕਰਤਾਰ ਕੌਰ ਦੇ ਵਿਛੋੜੇ ਨੂੰ ਕਦੇ ਵੀ ਨਾ ਪੂਰਾ ਹੋਣ ਵਾਲਾ ਘਾਟਾ ਦੱਸਦੇ ਹੋਏ ਕਿਹਾ ਕਿ ਮਾਂ ਦੀ ਘਾਟ ਕੋਈ ਵੀ ਰਿਸ਼ਤਾ ਪੂਰੀ ਨਹੀਂ ਕਰ ਸਕਦਾ। ਉਨ੍ਹਾ ਸਮੂਹ ਧਾਲੀਵਾਲ ਪਰਿਵਾਰ ਨਾਲ ਡੂੰਘੀ ਹਮਦਰਦੀ ਦਾ ਪ੍ਰਗਟਾਵਾ ਕੀਤਾ ਹੈ।

### ਮੁਕਤਸਰ ਵਿਕਾਸ ਮਿਸ਼ਨ ਦੀ ਮੀਟਿੰਗ 30 ਨੂੰ

**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਸਮਾਜ ਦੇ ਭਲੇ ਤੇ ਵਿਕਾਸ ਨੂੰ ਸਮਰਪਤ ਪ੍ਰਮੁੱਖ ਗੈਰ-ਸਰਕਾਰੀ ਸਮਾਜ ਸੇਵੀ ਸੰਸਥਾ ਮੁਕਤਸਰ ਵਿਕਾਸ ਮਿਸ਼ਨ ਦੀ ਵਿਸ਼ੇਸ਼ ਮੀਟਿੰਗ ਆਉਂਦੀ 30 ਦਸੰਬਰ ਨੂੰ ਸਵੇਰੇ 11:00 ਵਜੇ ਸਥਾਨਕ ਪਵਨ ਹੋਟਲ ਐਂਡ ਸਵੀਟਸ ਸ਼ਾਪ ਵਿਖੇ ਹੋਵੇਗੀ। ਮੌਜੂਦਾ ਸਾਲ ਦੀ ਹੋਣ ਵਾਲੀ ਇਸ ਆਖਰੀ ਮੀਟਿੰਗ ਵਿੱਚ ਮਿਸ਼ਨ ਦੀਆਂ ਸਾਲ ਭਰ ਦੀਆਂ ਗਤੀਵਿਧੀਆਂ ਦਾ ਲੇਖਾ ਜੋਖਾ ਕੀਤਾ ਜਾਵੇਗਾ। ਮਿਸ਼ਨ ਮੁਖੀ ਪ੍ਰਸਿੱਧ ਸਮਾਜ ਸੇਵਕ ਜਗਦੀਸ਼ ਰਾਏ ਢੋਸੀਵਾਲ ਨੇ ਦੱਸਿਆ ਕਿ ਸੰਸਥਾ ਦੀ ਗਵਰਨਿੰਗ ਬਾਡੀ ਵਿੱਚ ਫੇਰ ਬਦਲ ਕਰਕੇ ਢਾਂਚੇ ਵਿੱਚ ਤਬਦੀਲੀ ਕੀਤੀ ਜਾਵੇਗੀ ਤੇ ਕੁਝ ਨਵੇਂ ਮੈਂਬਰ ਸ਼ਾਮਲ ਕੀਤੇ ਜਾਣਗੇ। ਢੋਸੀਵਾਲ ਨੇ ਕਿਹਾ ਕਿ ਉਹ ਮਿਸ਼ਨ ਦੀ ਸਮੁੱਚੀ ਟੀਮ ਦੀ ਨੇਕ ਨੀਤੀ ਤੇ ਸਾਰਥਿਕ ਸਹਿਯੋਗ ਨਾਲ ਹੀ ਸਮਾਜ ਸੇਵਾ ਦੇ ਕਾਰਜਾਂ ਨੂੰ ਨੇਪਰੇ ਚਾੜ੍ਹਦੇ ਆ ਰਹੇ ਹਨ, ਜਿਸ ਲਈ ਸਮੁੱਚੀ ਟੀਮ ਵਧਾਈ ਤੇ ਪ੍ਰਸੰਸਾ ਦੀ ਪਾਤਰ ਹੈ। ਢੋਸੀਵਾਲ ਨੇ ਦੱਸਿਆ ਕਿ ਉਕਤ ਮੀਟਿੰਗ ਦੌਰਾਨ ਮਿਸ਼ਨ ਮੈਂਬਰਾਂ ਨੂੰ ਮੈਡਲ ਭੇਟ ਕਰਕੇ ਸਨਮਾਨਤ ਕੀਤਾ ਜਾਵੇਗਾ ਤੇ ਸਭਨਾਂ ਲਈ ਚਾਹ-ਪਾਣੀ ਦਾ ਵਿਸ਼ੇਸ਼ ਪ੍ਰਬੰਧ ਕੀਤਾ ਜਾਵੇਗਾ। ਪ੍ਰਧਾਨ ਢੋਸੀਵਾਲ ਨੇ ਮਿਸ਼ਨ ਦੇ ਸਮੂਹ ਅਹੁਦੇਦਾਰਾਂ ਤੇ ਮੈਂਬਰਾਂ ਨੂੰ ਉਕਤ ਮੀਟਿੰਗ ਵਿੱਚ ਸਮੇਂ ਸਿਰ ਪਹੁੰਚਣ ਦੀ ਅਪੀਲ ਕੀਤੀ।

### ਖੱਬੀਆਂ ਪਾਰਟੀਆਂ ਵੱਲੋਂ ਇਜ਼ਰਾਇਲ ਸਰਕਾਰ ਵਿਰੁੱਧ ਰੋਸ ਪ੍ਰਦਰਸ਼ਨ ਪਹਿਲੀ ਨੂੰ

**ਬਠਿੰਡਾ/ਸੰਗਤ ਮੰਡੀ (ਪਰਵਿੰਦਰ ਜੀਤ ਸਿੰਘ/ਰਾਜਦੀਪ ਜੋਸ਼ੀ)**-ਟੀਚਰ ਹੋਮ ਬਠਿੰਡਾ ਵਿਖੇ ਖੱਬੀਆਂ ਤੇ ਇਨਕਲਾਬੀ ਪਾਰਟੀਆਂ ਅਤੇ ਜਥੇਬੰਦੀਆਂ ਦੀ ਮੀਟਿੰਗ ਕੀਤੀ ਗਈ। ਇਸ ਮੀਟਿੰਗ ਵਿੱਚ ਅਮਰੀਕੀ ਸਾਮਰਾਜਵਾਦ ਤੇ ਹੋਰ ਸਾਮਰਾਜੀ ਤਾਕਤਾਂ ਦੀ ਸ਼ਹਿ 'ਤੇ ਇਜ਼ਰਾਇਲ ਸਰਕਾਰ ਵੱਲੋਂ ਫਲਸਤੀਨੀ ਲੋਕਾਂ 'ਤੇ ਮੜ੍ਹੀ ਜਾ ਰਹੀ ਹੱਕੀ ਜੰਗ ਦਾ ਵਿਰੋਧ ਕਰਨ ਲਈ ਇੱਕ ਜਨਵਰੀ 2024 ਨੂੰ ਬਠਿੰਡਾ ਵਿਖੇ ਰੋਸ ਪ੍ਰਦਰਸ਼ਨ ਕਰਨ ਦਾ ਫੈਸਲਾ ਕੀਤਾ ਗਿਆ ਹੈ। ਮੀਟਿੰਗ ਵਿੱਚ ਮੰਗ ਕੀਤੀ ਕਿ ਫਲਸਤੀਨ ਅੰਦਰ ਨਸਲ ਘਾਤ ਕਰਨ ਵਾਲੇ ਅਜ਼ਰਾਇਲੀ ਹਾਕਮਰਾਨ ਦਾ ਬਾਈਕਾਟ ਕੀਤਾ ਜਾਵੇ ਤੇ ਮੋਦੀ ਸਰਕਾਰ ਅਜ਼ਰਾਇਲ ਸਰਕਾਰ ਦੇ ਹਮਲੇ ਦਾ ਵਿਰੋਧ ਕਰੇ ਤੇ ਇਸ ਹਮਲੇ ਦਾ ਵਿਰੋਧ ਕਰਨ ਵਾਲੇ ਲੋਕਾਂ, ਬੁੱਧੀਜੀਵੀਆਂ ਤੇ ਪੱਤਰਕਾਰਾਂ ਦਾ ਦਮਨ ਕਰਨਾ ਬੰਦ ਕਰੇ। ਇਸ ਤੋਂ ਇਲਾਵਾ ਮੀਟਿੰਗ ਵਿੱਚ ਇਨਕਲਾਬੀ ਕੇਂਦਰ ਪੰਜਾਬ ਦੇ ਆਗੂ ਮਖਤਿਆਰ ਸਿੰਘ ਪੂਹਲਾ, ਜਗਜੀਤ ਸਿੰਘ ਲਹਿਰਾ, ਸੀ ਪੀ ਆਈ ਦੇ ਆਗੂ ਬਲਕਰਨ ਬਰਾੜ, ਪੀ ਆਈ ਐੱਮ ਐੱਲ ਲਿਬਰੇਸ਼ਨ ਦੇ ਗੁਰਤੇਜ ਮਹਿਰਾਜ, ਆਰ ਐੱਮ ਪੀ ਆਈ ਦੇ ਆਗੂ ਪ੍ਰਕਾਸ਼ ਨੰਦਗੜ੍ਹ ਤੇ ਲਲਕਾਰ ਦੇ ਆਗੂ ਸ੍ਰਿਸ਼ਟੀ ਲੁਧਿਆਣਾ, ਪੀ ਐੱਸ ਯੂ ਦੇ ਰਜਿੰਦਰ ਢਿੱਲਵਾਂ ਕਲਾਂ ਆਦਿ ਹਾਜ਼ਰ ਸਨ।

## ਜ਼ਖ਼ਮੀਆਂ ਦੀ ਤੰਦਰੁਸਤੀ ਲਈ ਕੀਤੀ ਅਰਦਾਸ



**ਲੌਂਗੋਵਾਲ (ਕੁਲਦੀਪ ਅੱਤਰੀ)**-ਬੀਤੇ ਦਿਨ ਪਿੰਡ ਬਹਾਦਰਪੁਰ ਕੋਲ ਇੱਕ ਸੜਕ ਹਾਦਸੇ ਵਿੱਚ ਲੌਂਗੋਵਾਲ ਦੇ ਪੱਤਰਕਾਰ ਪ੍ਰਦੀਪ ਸੱਪਲ ਤੇ ਉਨ੍ਹਾਂ ਦਾ ਭਤੀਜਾ ਬੰਟੀ ਸੱਪਲ ਜ਼ਖ਼ਮੀ ਹੋ ਗਏ ਸਨ ਅਤੇ ਉਨ੍ਹਾਂ ਦੀਆਂ ਲੱਤਾਂ 'ਤੇ ਵੀ ਫਰੈਕਚਰ ਆਇਆ ਹੈ। ਉਨ੍ਹਾਂ ਦੀ ਤੰਦਰੁਸਤੀ ਲਈ ਸਾਬਕਾ ਵਿਧਾਇਕ ਭਾਈ ਗੋਬਿੰਦ ਸਿੰਘ ਲੌਂਗੋਵਾਲ, ਭਾਈ ਦਿਆਲਾ ਜੀ ਪਬਲਿਕ ਸਕੂਲ ਦੇ ਚੇਅਰਮੈਨ ਮਹਿੰਦਰ ਸਿੰਘ ਦੁੱਲਟ, ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ (ਫਤਹਿ) ਦੇ ਕੌਮੀ ਜਨਰਲ ਸਕੱਤਰ ਅੰਮ੍ਰਿਤਪਾਲ ਸਿੰਘ ਸਿੱਧੂ, ਸ਼੍ਰੋਮਣੀ ਅਕਾਲੀ ਦਲ (ਅ) ਦੇ ਪ੍ਰੈੱਸ ਸਕੱਤਰ ਅਮਰਜੀਤ ਸਿੰਘ, ਬਲਵਿੰਦਰ ਸਿੰਘ ਢਿੱਲੋਂ, ਨੀਟੂ ਸ਼ਰਮਾ, ਸੁਰਜੀਤ ਸਿੰਘ ਦੁੱਲਟ, ਪ੍ਰਧਾਨ ਗੁਰਜੰਟ ਸਿੰਘ ਦੁੱਲਟ ਨੇ ਵਾਹਿਗੁਰੂ ਅੱਗੇ ਅਰਦਾਸ ਕੀਤੀ। ਇਸ ਤੋਂ ਇਲਾਵਾ ਡੇਰਾ ਬਾਬਾ ਲੱਛਾ ਦਾਸ ਦੇ ਮਹੰਤ ਬਾਬਾ ਮਨੀ ਦਾਸ ਨੇ ਆਪਣੇ ਮੁੱਖ ਸੰਸਥਾਨ ਦੇ ਇਨ੍ਹਾਂ ਜ਼ਖ਼ਮੀਆਂ ਦੀ ਤੰਦਰੁਸਤੀ ਲਈ ਅਰਦਾਸ ਕੀਤੀ ਅਤੇ ਬੀਬੀ ਸ਼ਮਿੰਦਰ ਕੌਰ ਗਿੱਲ ਨੇ ਵੀ ਸ੍ਰੀ ਹਜ਼ੂਰ ਸਾਹਿਬ ਜਾ ਕੇ ਪ੍ਰਦੀਪ ਸੱਪਲ ਤੇ ਬੰਟੀ ਸੱਪਲ ਦੀ ਤੰਦਰੁਸਤੀ ਲਈ ਵਾਹਿਗੁਰੂ ਅੱਗੇ ਅਰਦਾਸ ਕੀਤੀ।

# ਸਿੱਧੂ ਦੀ ਧੜੱਲੇਦਾਰ, ਇਮਾਨਦਾਰ ਤੇ ਬੇਬਾਕ ਆਗੂ ਵਜੋਂ ਚਰਚਾ : ਮਾਨਸ਼ਾਹੀਆ

## ਮਹਿਰਾਜ ਰੈਲੀ ਤੋਂ ਬਾਅਦ ਨੁੱਕੜ ਮੀਟਿੰਗਾਂ ਦਾ ਸਿਲਸਿਲਾ ਸ਼ੁਰੂ



**ਮਾਨਸਾ (ਆਤਮਾ ਸਿੰਘ ਪਮਾਰ)**-ਸਾਬਕਾ ਲੋਕ ਸਭਾ ਮੈਂਬਰ, ਕੈਪਟਨ ਸਰਕਾਰ ਵਿੱਚ ਕੈਬਨਿਟ ਮੰਤਰੀ ਰਹੇ ਤੇ ਪੰਜਾਬ ਕਾਂਗਰਸ ਕਮੇਟੀ ਦੇ ਸਾਬਕਾ ਪ੍ਰਧਾਨ ਨਵਜੋਤ ਸਿੰਘ ਸਿੱਧੂ ਇੱਕ ਧੜੱਲੇਦਾਰ, ਇਮਾਨਦਾਰ ਤੇ ਬੇਬਾਕ ਆਗੂ ਵਜੋਂ ਜਨਤਕ ਤੌਰ 'ਤੇ ਮਕਬੂਲੀਅਤ ਵੱਲ ਵਧ ਰਹੇ ਹਨ। ਸਿੱਧੂ ਦੀ ਪਿੰਡਾਂ ਦੀਆਂ ਸੱਥਾਂ ਤੇ ਸ਼ਹਿਰਾਂ ਦੇ ਪਾਰਕਾਂ ਵਿੱਚ ਅੱਜਕੱਲ੍ਹ ਖੂਬ ਚਰਚਾ ਹੋ ਰਹੀ ਹੈ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਸਾਡੇ ਇਸ ਪ੍ਰਤੀਨਿਧ ਨਾਲ ਪੰਜਾਬ ਦੀ ਮੌਜੂਦਾ ਰਾਜਸੀ ਸਥਿਤੀ 'ਤੇ ਗੱਲਬਾਤ ਕਰਦਿਆਂ ਸਾਬਕਾ ਵਿਧਾਇਕ ਨਾਜ਼ਰ ਸਿੰਘ ਮਾਨਸ਼ਾਹੀਆ ਵੱਲੋਂ ਕੀਤਾ ਗਿਆ। ਮਹਿਰਾਜ ਰੈਲੀ ਸਬੰਧੀ ਇੱਕ ਸਵਾਲ ਦੇ ਜਵਾਬ ਵਿੱਚ ਮਾਨਸ਼ਾਹੀਆ ਨੇ ਕਿਹਾ ਕਿ ਇੰਨੀ ਵੱਡੀ ਇਕੱਤਰਤਾ ਦਾ ਹੋ ਜਾਣਾ ਨਵਜੋਤ ਸਿੰਘ ਸਿੱਧੂ ਦੀ ਹੇਠਲੇ ਪੱਧਰ ਦੇ ਵਰਕਰਾਂ ਵਿੱਚ ਹਰਮਨ ਪਿਆਰਤਾ, ਉਨ੍ਹਾਂ ਦੇ ਸਾਫ ਸੁਥਰੇ ਅਕਸ ਤੇ ਇਮਾਨਦਾਰੀ ਦੀ ਮੂੰਹ ਬੋਲਦੀ ਤਸਵੀਰ ਹੈ। ਜਦੋਂ ਉਨ੍ਹਾਂ ਤੋਂ ਆਗਾਮੀ ਲੋਕ ਸਭਾ ਚੋਣਾਂ ਦੌਰਾਨ ਪੰਜਾਬ ਵਿੱਚ ਆਮ ਆਦਮੀ ਪਾਰਟੀ ਤੇ ਕਾਂਗਰਸ ਦੇ ਗੱਠਜੋੜ ਸਬੰਧੀ ਪੁੱਛਿਆ ਗਿਆ ਤਾਂ ਮਾਨਸ਼ਾਹੀਆ ਨੇ ਕਿਹਾ ਕਿ ਹਾਈ ਕਮਾਂਡ ਵੱਲੋਂ ਸੂਬਾ ਪੱਧਰ 'ਤੇ ਜੋ ਵੀ ਨਿਰਦੇਸ਼/ਹਦਾਇਤਾਂ ਜਾਰੀ ਕੀਤੀਆਂ ਜਾਣਗੀਆਂ ਨੂੰ ਸਮੁੱਚੇ ਪਾਰਟੀ ਆਗੂ ਤੇ ਵਰਕਰ ਪਾਰਟੀ ਅਨੁਸ਼ਾਸਨ ਮੁਤਾਬਕ ਮੰਨਣ ਲਈ ਪਾਬੰਦ ਹੀ ਹੁੰਦੇ ਹਨ, ਇਸ ਲਈ ਅਸੀਂ ਵੀ ਪਾਰਟੀ ਦੇ ਵਫਾਦਾਰ ਸਿਪਾਹੀ ਹੋਣ ਦੇ ਨਾਤੇ ਹਾਈ ਕਮਾਂਡ ਦੇ ਆਦੇਸ਼ਾਂ 'ਤੇ ਫੁੱਲ ਚੜ੍ਹਾਉਂਦੇ ਹੋਏ ਪਾਰਟੀ ਦੀ ਬਿਹਤਰੀ ਲਈ ਤਨ ਮਨ ਧਨ ਨਾਲ ਸੰਭਵ ਯਤਨ ਕਰਾਂਗੇ। ਸਾਬਕਾ ਵਿਧਾਇਕ ਨੇ ਪਾਰਟੀ ਦੇ ਸਮੁੱਚੇ ਆਗੂਆਂ ਤੇ ਸਰਗਰਮ ਕਾਰਕੁਨਾਂ ਨੂੰ ਪੁਰਜ਼ੋਰ ਅਪੀਲ ਕੀਤੀ ਕਿ ਭਾਰਤੀ ਜਨਤਾ ਪਾਰਟੀ ਵਰਗੇ ਦੇਸ਼ ਦੀ ਏਕਤਾ ਤੇ ਅਖੰਡਤਾ ਲਈ ਖਤਰਾ ਬਣੇ ਰਾਜਨੀਤਕ ਦਲ ਨੂੰ ਦੇਸ਼ ਦੀ ਕੇਂਦਰੀ ਸੱਤਾ ਤੋਂ ਲਾਂਭੇ ਕਰਨ ਲਈ ਆਪਣੇ ਛੋਟੇ ਮੋਟੇ ਮੱਤਭੇਦ ਭੁਲਾ ਕੇ 2024 ਦੀਆਂ ਚੋਣਾਂ ਲਈ ਹੁਣੇ ਤੋਂ ਹੀ ਕਮਰ ਕੱਸੇ ਕਰ ਲੈਣ ਤਾਂ ਜੋ ਵੱਖਵਾਦੀ ਤਾਕਤਾਂ ਨੂੰ ਭਾਂਜ ਦਿੱਤੀ ਜਾ ਸਕੇ। ਇਸ ਸਮੇਂ ਹਾਜ਼ਰ ਜਸ਼ੰਦਰ ਅਜੀਤ ਸਿੰਘ ਬਖਸ਼ੀ ਵਾਲਾ ਤੇ ਸਾਬਕਾ ਸਰਪੰਚ ਮੋਹਣ ਸਿੰਘ ਖੁਡਾਲ ਕਲਾਂ ਨੇ ਦੱਸਿਆ ਕਿ ਮਹਿਰਾਜ ਰੈਲੀ ਤੋਂ ਬਾਅਦ ਪਿੰਡਾਂ ਵਿੱਚ ਨੁੱਕੜ ਮੀਟਿੰਗਾਂ ਦਾ ਸਿਲਸਿਲਾ ਸ਼ੁਰੂ ਕਰ ਦਿੱਤਾ ਗਿਆ ਹੈ। ਇਸ ਸਮੇਂ ਜੀਵਾ ਸਿੰਘ ਸੀਨੀਅਰ ਕਾਂਗਰਸੀ ਆਗੂ ਅਕਬਰਪੁਰ ਖੁਡਾਲ, ਰੂਪ ਸਿੰਘ ਦਿਆਲਪੁਰਾ ਬਲਾਕ ਪ੍ਰਧਾਨ ਕਾਂਗਰਸ, ਹਰਬੰਸ ਸਿੰਘ ਢਿੱਲੋਂ ਤੇ ਦਰਸ਼ਨ ਸਿੰਘ ਦਾਤੇਵਾਸ ਆਦਿ ਹਾਜ਼ਰ ਸਨ।

# ਪਾਰਟੀ ਦੀ 98ਵੀਂ ਵਰ੍ਹੇਗੰਢ ਮਨਾਈ



**ਬੁਢਲਾਡਾ (ਅਸ਼ੋਕ ਲਾਕੜਾ)**-ਪਾਰਟੀ ਦਫ਼ਤਰ ਵਿਖੇ ਕਾਮਰੇਡ ਵੇਦ ਪ੍ਰਕਾਸ਼ ਬਲਾਕ ਸਕੱਤਰ ਬੁਢਲਾਡਾ ਦੀ ਅਗਵਾਈ ਹੇਠ ਝੰਡੇ ਦੀ ਰਸਮ ਅਦਾ ਕੀਤੀ ਗਈ ਤੇ ਪਾਰਟੀ ਦੀ 98ਵੀਂ ਵਰ੍ਹੇਗੰਢ ਮਨਾਈ। ਇਸ ਸ਼ੁਭ ਦਿਹਾੜੇ ਦੀ ਖੁਸ਼ੀ ਵਿੱਚ ਸਾਥੀਆਂ ਨੂੰ ਲੱਡੂ ਵੰਡੇ ਤੇ ਖ਼ੁਸੀ ਮਨਾਈ। ਇਸ ਮੌਕੇ ਉਪਰ ਗ਼ਰੀਬੂ ਸਿੰਘ ਬੱਛੋਆਣਾ, ਲਾਲਾ ਬੱਛੋਆਣਾ, ਦਰਸ਼ਨ ਗੁਰਨੇ ਅਮਰਜੀਤ ਬੁਢਲਾਡਾ, ਪਵਨ ਕੁਮਾਰ ਬੁਢਲਾਡਾ, ਚਿਮਨ ਲਾਲ (ਕਾਕਾ), ਗੁਰਮੀਤ ਸਿੰਘ ਬੁਡਲਾਢਾ, ਪਵਨ ਬਾਜ਼ੀ.ਗਰ, ਹਾਕਮ ਸਿੰਘ ਕਣਕਵਾਲ ਤੇ ਨਾਜ਼ਰ ਸਿੰਘ ਕਣਕਵਾਲ ਹਾਜ਼ਰ ਸਨ।

# ਵਿਧਾਇਕ ਰਾਏ ਤੇ ਡੀ ਸੀ ਨੇ ਕਰਾਈ ਵਿਕਾਸ ਪ੍ਰਦਰਸ਼ਨੀ ਦੀ ਸ਼ੁਰੂਆਤ



**ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**

ਸ਼ਹੀਦੀ ਸਭਾ ਦੇ ਪਹਿਲੇ ਦਿਨ ਵਿਧਾਇਕ ਐਡਵੋਕੇਟ ਲਖਵੀਰ ਸਿੰਘ ਰਾਏ ਤੇ ਡਿਪਟੀ ਕਮਿਸ਼ਨਰ ਸ਼੍ਰੀਮਤੀ ਪਰਨੀਤ ਸ਼ੇਰਗਿੱਲ ਨੇ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਵੱਖ-ਵੱਖ ਸਰਕਾਰੀ ਵਿਭਾਗਾਂ ਅਤੇ ਗ਼ੈਰ ਸਰਕਾਰੀ ਅਦਾਰਿਆਂ ਵੱਲੋਂ ਵਿਕਾਸ ਅਤੇ ਆਪਣੀਆਂ ਗਤੀਵਿਧੀਆਂ ਨੂੰ ਦਰਸਾਉਂਦੀ ਤੇ ਸ਼ਹੀਦੀ ਸਭਾ ਨੂੰ ਸਮਰਪਤ ਵਿਸ਼ਾਲ ਵਿਕਾਸ ਪ੍ਰਦਰਸ਼ਨੀ ਦੀ ਸ਼ੁਰੂਆਤ ਕਰਾਈ। ਉਪਰੰਤ ਵੱਖ-ਵੱਖ ਸਟਾਲਾਂ 'ਤੇ ਜਾ ਕੇ ਲਾਈਆਂ ਪ੍ਰਦਰਸ਼ਨੀਆਂ ਬਾਰੇ ਵਿਸਥਾਰ ਪੂਰਵਕ ਜਾਣਕਾਰੀ ਹਾਸਲ ਕੀਤੀ ਅਤੇ ਵਿਭਾਗਾਂ ਦੇ ਕੰਮਕਾਜ ਦੀ ਸ਼ਲਾਘਾ ਕੀਤੀ।

ਐਡਵੋਕੇਟ ਲਖਵੀਰ ਸਿੰਘ ਰਾਏ ਨੇ ਇਨ੍ਹਾਂ ਪ੍ਰਦਰਸ਼ਨੀਆਂ ਦਾ ਮੁਆਇਨਾ ਉਪਰੰਤ ਕਿਹਾ ਕਿ ਲੱਖਾਂ ਸ਼ਰਧਾਲੂ ਦੇਸ਼ ਤੇ ਵਿਦੇਸ਼ਾਂ ਵਿੱਚੋਂ ਛੋਟੇ ਸਾਹਿਬਜ਼ਾਦਿਆਂ ਬਾਬਾ ਜ਼ੋਰਾਵਰ ਸਿੰਘ, ਬਾਬਾ ਫ਼ਤਹਿ ਸਿੰਘ ਅਤੇ ਮਾਤਾ ਗੁਜਰੀ ਜੀ ਦੀ ਸ਼ਹਾਦਤ ਨੂੰ ਨਤਮਸਤਕ ਹੋਣ ਆਉਂਦੇ ਹਨ ਅਤੇ ਪੰਜਾਬ ਸਰਕਾਰ ਅਤੇ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਲਾਈ ਗਈ ਇਹ ਪ੍ਰਦਰਸ਼ਨੀ ਸੰਗਤ ਨੂੰ ਸਰਕਾਰੀ ਵਿਭਾਗਾਂ ਦੀਆਂ ਲੋਕ ਭਲਾਈ ਸਕੀਮਾਂ ਤੋਂ ਜਾਣੂ ਕਰਾਉਣ ਦਾ ਸ਼ਲਾਘਾਯੋਗ ਵਸੀਲਾ ਹੈ। ਉਨ੍ਹਾਂ ਕਿਹਾ ਕਿ ਇੱਥੇ ਬਹੁਤ ਸਾਰੀਆਂ ਕੰਪਨੀਆਂ, ਸਵੈ ਸਹਾਇਤਾ ਸਮੂਹਾਂ ਦੇ ਮੈਂਬਰਾਂ ਵੱਲੋਂ ਆਪਣੇ ਉਤਪਾਦ ਵੀ ਲਿਆਂਦੇ ਗਏ ਹਨ, ਜੋ ਲੋਕਾਂ ਲਈ ਲਾਹੇਵੰਦ ਸਾਬਤ ਸਕਦੇ ਹਨ।

ਡਿਪਟੀ ਕਮਿਸਨਰ ਸ੍ਰੀਮਤੀ ਪਰਨੀਤ ਸ਼ੇਰਗਿੱਲ ਨੇ ਕਿਹਾ ਕਿ ਛੋਟੇ ਸਾਹਿਬਜ਼ਾਦਿਆਂ ਦੀ ਮਹਾਨ ਸਹਾਦਤ ਦੀ ਮਿਸਾਲ ਦੁਨੀਆਂ ਵਿੱਚ ਹੋਰ ਕਿਧਰੇ ਨਹੀਂ ਮਿਲਦੀ। ਉਨ੍ਹਾਂ ਕਿਹਾ ਕਿ ਸ਼੍ਰੀ ਫਤਹਿਗੜ੍ਹ ਸਾਹਿਬ ਦੀ ਧਰਤੀ 'ਤੇ ਸ਼ਹੀਦੀ ਸਭਾ ਮੌਕੇ ਸੰਗਤਾਂ ਦਾ ਵੱਡਾ ਇਤਿਹਾਸਕ ਇਕੱਠ ਹੁੰਦਾ ਹੈ ਅਤੇ ਇਸ ਮੌਕੇ ਆਯੋਜਤ ਵਿਸ਼ਾਲ ਪ੍ਰਦਰਸ਼ਨੀ ਲੋਕ ਭਲਾਈ ਸਕੀਮਾਂ ਤੋਂ ਜਾਣੂ ਕਰਾਉਣ ਲਈ ਅਹਿਮ ਸਾਬਤ ਹੁੰਦੀ ਹੈ। ਡਿਪਟੀ ਕਮਿਸ਼ਨਰ ਨੇ ਕਿਹਾ ਕਿ ਇਸ ਪ੍ਰਦਰਸ਼ਨੀ ਰਾਹੀਂ ਪੰਜਾਬ ਸਰਕਾਰ ਦੇ ਵੱਖ-ਵੱਖ ਵਿਭਾਗਾਂ ਅਤੇ ਗ਼ੈਰ ਸਰਕਾਰੀ ਅਦਾਰਿਆਂ ਵੱਲੋਂ ਲੋਕ ਭਲਾਈ ਦੀਆਂ ਸਕੀਮਾਂ ਸਮੇਤ ਉਨਤ ਖੇਤੀ ਲਈ ਈਜਾਦ ਹੋਈਆਂ ਨਵੀਂਆਂ ਤਕਨੀਕਾਂ ਤੇ ਨਵੀਂ ਮਸ਼ੀਨਰੀ ਬਾਰੇ ਇੱਥੇ ਪੁੱਜਣ ਵਾਲਿਆਂ ਨੂੰ ਜਾਣੂ ਕਰਾਇਆ ਜਾਂਦਾ ਹੈ।

# ਸ਼ਹੀਦੀ ਸਭਾ ਦੀ ਅਰੰਭਤਾ ਮੌਕੇ ਤਹਿਸੀਲ ਕੰਪਲੈਕਸ 'ਚ ਸੁਖਮਨੀ ਸਾਹਿਬ ਦਾ ਪਾਠ ਕਰਵਾਇਆ



**ਫਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**

ਸਰਬੰਸਦਾਨੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਸਾਹਿਬਜ਼ਾਦਿਆਂ ਬਾਬਾ ਜ਼ੋਰਾਵਰ ਸਿੰਘ, ਬਾਬਾ ਫ਼ਤਹਿ ਸਿੰਘ ਤੇ ਮਾਤਾ ਗੁਜਰੀ ਜੀ ਦੀ ਲਾਸਾਨੀ ਸ਼ਹਾਦਤ ਦੀ ਯਾਦ ਵਿੱਚ ਮੰਗਲਵਾਰ ਤੋਂ ਅਰੰਭ ਹੋਈ ਸ਼ਹੀਦੀ ਸਭਾ ਮੌਕੇ ਨਵੇਂ ਤਹਿਸੀਲ ਕੰਪਲੈਕਸ ਵਿਖੇ ਸ੍ਰੀ ਸੁਖਮਨੀ ਸਾਹਿਬ ਦਾ ਪਾਠ ਕਰਵਾਇਆ ਗਿਆ। ਇਸ ਮੌਕੇ ਡਿਪਟੀ ਕਮਿਸ਼ਨਰ ਸ੍ਰੀਮਤੀ ਪਰਨੀਤ ਸ਼ੇਰਗਿੱਲ, ਵਧੀਕ ਡਿਪਟੀ ਕਮਿਸ਼ਨਰ (ਜ) ਸ੍ਰੀਮਤੀ ਈਸ਼ਾ ਸਿੰਗਲ, ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਸ੍ਰੀ ਸੁਰਿੰਦਰ ਸਿੰਘ ਧਾਲੀਵਾਲ, ਐੱਸ.ਡੀ.ਐੱਮ. ਫ਼ਤਹਿਗੜ੍ਹ ਸਾਹਿਬ ਸ੍ਰੀ ਅਰਵਿੰਦ ਕੁਮਾਰ, ਮੁੱਖ ਮੰਤਰੀ ਪੰਜਾਬ ਦੇ ਫੀਲਡ ਅਫਸਰ ਸ੍ਰੀ ਅਭਿਸ਼ੇਕ ਸ਼ਰਮਾ ਤੇ ਸਹਾਇਕ ਕਮਿਸ਼ਨਰ (ਜ) ਸ੍ਰੀਮਤੀ ਪ੍ਰੋਮਿਲਾ ਸ਼ਰਮਾ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ਨੂੰ ਨਤਮਸਤਕ ਹੋ ਕੇ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ। ਛੋਟੇ ਸਾਹਿਬਜ਼ਾਦਿਆਂ ਤੇ ਮਾਤਾ ਗੁਜਰੀ ਜੀ ਦੀ ਲਾਸਾਨੀ ਸ਼ਹਾਦਤ ਨੂੰ ਨਤਮਸਤਕ ਹੁੰਦੇ ਹੋਏ ਡਿਪਟੀ ਕਮਿਸ਼ਨਰ ਸ੍ਰੀਮਤੀ ਪਰਨੀਤ ਸ਼ੇਰਗਿੱਲ ਨੇ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਸ਼ਹੀਦੀ ਸਭਾ ਦੌਰਾਨ ਦੇਸ਼ ਵਿਦੇਸ਼ ਤੋਂ ਲੱਖਾਂ ਦੀ ਗਿਣਤੀ ਵਿੱਚ ਨਤਮਸਤਕ ਹੋਣ ਲਈ ਆਉਣ ਵਾਲੀ ਸੰਗਤ ਦੀ ਸੁਰੱਖਿਆ ਤੇ ਸਹੂਲਤ ਦੇ ਪੁਖਤਾ ਪ੍ਰਬੰਧ ਕੀਤੇ ਗਏ ਹਨ ਅਤੇ ਪ੍ਰਸ਼ਾਸਨ ਵੱਲੋਂ ਸੰਗਤ ਨੂੰ ਲੋੜੀਂਦੀਆਂ ਸਹੂਲਤਾਂ ਮੁਹੱਈਆ ਕਰਵਾਉਣ ਵਿੱਚ ਕੋਈ ਕਸਰ ਨਹੀਂ ਛੱਡੀ ਜਾ ਰਹੀ। ਉਨ੍ਹਾ ਇਸ ਮੌਕੇ ਸੰਗਤ ਨੂੰ ਅਪੀਲ ਕੀਤੀ ਕਿ ਦੁਨੀਆ ਦੇ ਇਤਿਹਾਸ ਦੀ ਇਸ ਮਹਾਨ ਸ਼ਹਾਦਤ ਨੂੰ ਸਾਦਗੀ ਤੇ ਸ਼ਾਂਤੀਪੂਰਵਕ ਢੰਗ ਨਾਲ ਨਤਮਸਤਕ ਹੋਇਆ ਜਾਵੇ ਤੇ ਸਾਫ ਸਫਾਈ ਦਾ ਖਾਸ ਧਿਆਨ ਰੱਖਿਆ ਜਾਵੇ।

# ਡਿਪਟੀ ਕਮਿਸ਼ਨਰ ਨੇ 15 ਆਂਗਣਵਾੜੀ ਵਰਕਰਾਂ ਨੂੰ ਵੰਡੇ ਸਮਾਰਟ ਫ਼ੋਨ



**ਸਿਰਸਾ (ਸੁਰਿੰਦਰ ਪਾਲ ਸਿੰਘ)**-ਦੇਸ਼ ਦੇ ਸਾਬਕਾ ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪਾਈ ਤੇ ਸੁਤੰਤਰਤਾ ਸੈਨਾਨੀ ਮਦਨ ਮੋਹਨ ਮਾਲਵੀਆ ਦੇ ਜਨਮ ਦਿਨ 'ਤੇ ਮਿੰਨੀ ਸਕੱਤਰੇਤ ਦੇ ਆਡੀਟੋਰੀਅਮ ਵਿੱਚ ਜ਼ਿਲ੍ਹਾ ਪੱਧਰੀ ਸੁਸ਼ਾਸਨ ਦਿਵਸ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ।ਇਸ ਦੌਰਾਨ ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਮਨੋਹਰ ਲਾਲ ਵੱਲੋਂ ਪੰਚਕੂਲਾ ਵਿੱਚ ਕਰਾਏ ਗਏ ਰਾਜ ਪੱਧਰੀ ਪ੍ਰੋਗਰਾਮ ਦਾ ਸਿੱਧਾ ਪ੍ਰਸਾਰਣ ਕੀਤਾ ਗਿਆ।ਮੁੱਖ ਮੰਤਰੀ ਨੇ ਸੁਸ਼ਾਸਨ ਦਿਵਸ 'ਤੇ ਸੂਬੇ ਦੇ ਲੋਕਾਂ ਨੂੰ ਸ਼ੁਭਕਾਮਨਾਵਾਂ ਦਿੱਤੀਆਂ ਅਤੇ ਸੰਬੋਧਨ ਕੀਤਾ।ਇਸੇ ਤਰ੍ਹਾਂ ਜ਼ਿਲ੍ਹਾ ਪੱਧਰੀ ਪ੍ਰੋਗਰਾਮ ਵਿੱਚ ਡਿਪਟੀ ਕਮਿਸ਼ਨਰ ਪਾਰਥ ਗੁਪਤਾ ਨੇ ਮੁੱਖ ਮਹਿਮਾਨ ਵਜੋ ਸ਼ਿਰਕਤ ਕੀਤੀ ਤੇ 15 ਆਂਗਣਵਾੜੀ ਵਰਕਰਾਂ ਨੂੰ ਸਮਾਰਟ ਫੋਨ ਵੰਡੇ।ਵਰਨਣਯੋਗ ਹੈ ਕਿ ਇਸਤਰੀ ਤੇ ਬਾਲ ਵਿਕਾਸ ਵਿਭਾਗ ਵੱਲੋਂ ਜ਼ਿਲ੍ਹੇ ਦੀਆਂ 1445 ਆਂਗਣਵਾੜੀ ਵਰਕਰਾਂ, ਸੁਪਰਵਾਈਜ਼ਰਾਂ ਤੇ ਸੀ.ਡੀ.ਪੀ.ਓਜ਼ ਨੂੰ ਵੱਖ-ਵੱਖ ਕੰਮਾਂ ਲਈ ਇਹ ਸਮਾਰਟਫ਼ੋਨ ਮੁਹੱਈਆ ਕਰਾਏ ਗਏ ਹਨ।ਸੁਸ਼ਾਸਨ ਦਿਵਸ ਦੀ ਵਧਾਈ ਦਿੰਦਿਆਂ ਡਿਪਟੀ ਕਮਿਸ਼ਨਰ ਗੁਪਤਾ ਨੇ ਕਿਹਾ ਕਿ ਸਮੂਹ ਅਧਿਕਾਰੀ ਤੇ ਕ੍ਰਮਚਾਰੀ ਤਨਦੇਹੀ ਅਤੇ ਜ਼ਿੰਮੇਵਾਰੀ ਨਾਲ ਕੰਮ ਕਰਨ ਅਤੇ ਲੋਕਾਂ ਨੂੰ ਆਪਣਾ ਪਰਵਾਰ ਸਮਝ ਕੇ ਉਨ੍ਹਾਂ ਨੂੰ ਸੂਬਾ ਸਰਕਾਰ ਦੀਆਂ ਲੋਕ ਭਲਾਈ ਸਕੀਮਾਂ ਦਾ ਲਾਭ ਦੇਣ ਤਾਂ ਜੁ ਸਰਕਾਰ ਦੇ ਸੁਸ਼ਾਸਨ ਦੇ ਸੰਕਲਪ ਨੂੰ ਸਾਕਾਰ ਕੀਤਾ ਜਾ ਸਕੇ।

# ਹੋਲੀ ਹਾਰਟ ਸਕੂਲ ਵਿਖੇ ਕੈਨੇਡਾ ਕਾਲਜ ਦੇ ਮੁੱਖ ਅਧਿਕਾਰੀਆਂ ਵੱਲੋਂ ਸੈਮੀਨਾਰ



**ਅਜੀਤਵਾਲ (ਨਛੱਤਰ ਸੰਧੂ)**-ਪ੍ਰਸਿੱਧ ਵਿੱਦਿਅਕ ਸੰਸਥਾ ਹੋਲੀ ਹਾਰਟ ਸਕੂਲ ਅਜੀਤਵਾਲ ਵਿਖੇ ਕੈਨੇਡਾ ਦੇ ਕਾਲਜਾਂ ਤੇ ਯੂਨੀਵਰਸਿਟੀਆਂ ਦੇ ਮੁੱਖ ਅਧਿਕਾਰੀਆਂ ਵੱਲੋਂ ਸੈਮੀਨਾਰ ਲਗਾਇਆ ਗਿਆ, ਤਾਂ ਜੋ ਬੱਚੇ ਆਪਣੀ 12ਵੀਂ ਦੀ ਪੜ੍ਹਾਈ ਕਰਕੇ ਸਹੀ ਕੋਰਸ ਦੀ ਚੋਣ ਕਰ ਸਕਣ। ਇਸ ਵਿੱਚ ਕਾਨਸਟੋਗਾ ਕਾਲਜ ਓਂਟਾਰੀਓ, ਨੋਰਥਵੈਸਟਨ ਪੋਲੀਟੈਕਨਿਕ ਕਾਲਜ ਅਲਵਾਰਟਾ, ਵੈਸਟਨ ਕਮਿਊਂਟੀ ਕਾਲਜ ਬ੍ਰਿਟਿਸ਼ ਕੋਲੰਬੀਆ, ਲੋਇਲਿਸਟ ਕਾਲਜ ਓਂਟਾਰੀਓ ਦੇ ਅਧਿਆਕਾਰੀ ਮੈਡਮ ਗੁਨੀਸ਼ਾ, ਮੈਡਮ ਸ਼ੈਲੀ ਗਾਂਧੀ ਤੇ ਮੋਹਿਤ ਘਈ ਪਹੁੰਚੇ। ਇਸ ਮੌਕੇ ਉਨ੍ਹਾਂ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਅਲੱਗ-ਅਲੱਗ ਕੋਰਸਾਂ ਜਿਵੇਂ ਇੰਜੀਨੀਅਰਿੰਗ, ਮੈਨੇਜਮੈਂਟ, ਕੰਪਿਊਟਰ, ਪੋਲੀਟੈਕਨਿਕ, ਰੀਸਰਚ, ਟੈਕਨੀਕਲ, ਡਿਪਲੋਮਾ ਕੋਰਸ ਆਦਿ ਬਾਰੇ ਦੱਸਿਆ। ਇਸ ਮੌਕੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਚੇਅਰਮੈਨ ਸੁਭਾਸ਼ ਪਲਤਾ, ਰਮਨ ਅਰੋੜਾ (ਗੋਲਡਨ ਐਜੂਕੇਸ਼ਨਜ਼), ਸਕੂਲ ਡਾਇਰੈਕਟਰ ਅਮਿਤ ਪਲਤਾ, ਸ਼੍ਰੇਆ ਪਲਤਾ ਤੇ ਸਕੂਲ ਪ੍ਰਿੰਸੀਪਲ ਸਾਕਸ਼ੀ ਗੁਲੇਰੀਆ ਨੇ ਕਿਹਾ ਕਿ ਕਈ ਵਾਰ ਵਿਦਿਆਰਥੀ 10ਵੀਂ ਜਾਂ 12ਵੀਂ ਕਰਨ ਤੋਂ ਬਾਅਦ ਆਪਣੇ ਕਰੀਅਰ ਨੂੰ ਲੈ ਕੇ ਕਈ ਤਰ੍ਹਾਂ ਦੀਆਂ ਸਮੱਸਿਆਵਾਂ ਵਿੱਚ ਉਲਝ ਜਾਂਦੇ ਹਨ ਕਿ ਕਿਹੜਾ ਕੋਰਸ ਚੁਣਿਆ ਜਾਵੇ। ਉਨ੍ਹਾਂ ਕਿਹਾ ਕਿ ਵਿਦਿਆਰਥੀਆਂ ਨੂੰ ਕਰੀਅਰ ਗਾਈਡੈਂਸ ਵਾਲੀਆਂ ਚੰਗੀਆਂ ਕਿਤਾਬਾਂ ਪੜ੍ਹਨੀਆਂ ਚਾਹੀਦੀਆਂ ਹਨ। ਇਨ੍ਹਾਂ ਕਿਤਾਬਾਂ ਨਾਲ ਬੱਚਿਆਂ ਦੀ ਜਾਣਕਾਰੀ ਵਿੱਚ ਵਾਧਾ ਹੁੰਦਾ ਹੈ, ਜਿਸ ਨਾਲ ਬੱਚੇ ਅੱਗੇ ਜਾ ਕੇ ਆਪਣਾ ਵਧੀਆ ਭਵਿੱਖ ਬਣਾ ਸਕਦੇ ਹਨ। ਬੱਚਿਆਂ ਨੂੰ ਲੋੜ ਪੈਣ 'ਤੇ ਸਮੇਂ ਸਮੇਂ ਆਪਣੇ ਅਧਿਆਪਕਾਂ ਤੇ ਮਾਪਿਆਂ ਦੀ ਉਚਿਤ ਸਲਾਹ ਤੇ ਸਹਿਯੋਗ ਲੈਣਾ ਚਾਹੀਦਾ ਹੈ। ਇਸ ਮੌਕੇ ਵਿਦਿਆਰਥੀਆਂ ਵੱਲੋਂ ਪ੍ਰਸ਼ਨ ਵੀ ਪੁੱਛੇ ਗਏ, ਜਿਨ੍ਹਾਂ ਦੇ ਉੱਤਰ ਮੁੱਖ ਅਧਿਕਾਰੀਆਂ ਨੇ ਬਹੁਤ ਹੀ ਵਧੀਆ ਤਰੀਕੇ ਨਾਲ ਦਿੱਤੇ।

# ਵਿਜ਼ਡਮ ਸਕੂਲ ਥਾਂਦੇਵਾਲਾ 'ਚ ਕ੍ਰਿਸਮਸ ਦਾ ਤਿਉਹਾਰ ਮਨਾਇਆ



**ਮੁਕਤਸਰ (ਸ਼ਮਿੰਦਰਪਾਲ, ਪੂਜਾ)**

ਵਿਜ਼ਡਮ ਸਕੂਲ ਥਾਂਦੇਵਾਲਾ ਵਿਖੇ ਚੇਅਰਮੈਨ ਸ੍. ਜਸਵਿੰਦਰ ਸਿੰਘ ਦੀ ਅਗਵਾਈ ਹੇਠ ਕ੍ਰਿਸਮਸ ਦਾ ਤਿਉਹਾਰ ਧੂਮਧਾਮ ਨਾਲ ਮਨਾਇਆ ਗਿਆ। ਇਸ ਮੌਕੇ ਨੰਨ੍ਹੇ ਮੁੰਨੇ ਬੱਚਿਆਂ ਨੇ ਸੰਟਾ ਕਲਾਜ ਦਾ ਰੋਲ ਅਦਾ ਕੀਤਾ। ਕਿੰਡਰਗਾਰਟਨ ਦੇ ਬੱਚਿਆਂ ਨੇ ਮੈਡਮ ਪੂਨਮ ਸ਼ਰਮਾ ਦੀ ਅਗਵਾਈ ਹੇਠ ਬੜੇ ਵਧੀਆ ਡਾਂਸ ਪੇਸ਼ ਕੀਤੇ। ਸਕੂਲ ਦੇ ਚੇਅਰਮੈਨ ਸ੍. ਜਸਵਿੰਦਰ ਸਿੰਘ ਨੇ ਬੱਚਿਆਂ ਨੂੰ ਕ੍ਰਿਸਮਸ ਦੀ ਵਧਾਈ ਦਿੱਤੀ। ਇਸ ਤੋਂ ਇਲਾਵਾ ਸਕੂਲ ਦੇ ਪ੍ਰਿੰਸੀਪਲ ਮੈਡਮ ਸੁਚੋਨਾ ਗੋਸਵਾਮੀ ਨੇ ਬੱਚਿਆਂ ਨੂੰ ਕ੍ਰਿਸਮਸ ਦੇ ਤਿਉਹਾਰ ਦੀ ਮੱਹਤਤਾ ਬਾਰੇ ਦੱਸਿਆ ਕਿ ਇਹ ਈਸਾਈ ਧਰਮ ਦੇ ਨਾਲ ਸਬੰਧਤ ਹੈ। ਉਨ੍ਹਾ ਦੱਸਿਆ ਕਿ ਇਸ ਦਿਨ ਈਸਾਈ ਧਰਮ ਦੇ ਪੈਰੋਕਾਰ ਯਿਸੂ ਮਸੀਹ ਦਾ ਜਨਮ ਹੋਇਆ ਸੀ। ਇਸ ਲਈ ਇਹ ਤਿਉਹਾਰ ਈਸਾਈ ਧਰਮ ਲਈ ਮਹੱਤਵਪੂਰਨ ਹੈ। ਇਸ ਪ੍ਰੋਗਰਾਮ ਨੂੰ ਸਫਲ ਬਣਾਉਣ ਲਈ ਵਾਈਸ ਪ੍ਰਿੰਸੀਪਲ ਮੈਡਮ ਸੋਨੀਆ, ਮੈਡਮ ਸੁਨੀਤਾ, ਮੈਡਮ ਰਜਨੀ, ਮੈਡਮ ਅਰਮਾਨ, ਮੈਡਮ ਸਿਫਾਲੀ , ਮੈਡਮ ਜੋਤੀ ਨੇ ਆਪਣਾ ਪੂਰਾ ਸਹਿਯੋਗ ਦਿੱਤਾ।

# ਇੰਪਰੂਵਮੈਂਟ ਟਰੱਸਟ ਵੱਲੋਂ ਸਾਹਿਬਜ਼ਾਦਿਆਂ ਦੀ ਸ਼ਹਾਦਤ ਨੂੰ ਸਮਰਪਤ ਸਮਾਗਮ



**ਨਾਭਾ (ਵਰਿੰਦਰ ਵਰਮਾ, ਤੇਜਾ ਸਿੰਘ)**

ਇੰਪਰੂਵਮੈਂਟ ਟਰੱਸਟ ਨਾਭਾ ਦੇ ਚੇਅਰਮੈਨ ਸੁਰਿੰਦਰ ਪਾਲ ਸ਼ਰਮਾ ਦੀ ਅਗਵਾਈ ਹੇਠ ਦਫਤਰ ਪਟਿਆਲਾ ਗੇਟ ਵਿਖੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਨੂੰ ਸਮਰਪਤ ਸ੍ਰੀ ਸੁਖਮਣੀ ਸਾਹਿਬ ਪਾਠ ਜੀ ਦੇ ਭੋਗ ਪਾਏ ਗਏ। ਰਾਗੀ ਸਿੰਘਾਂ ਵੱਲੋਂ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ ਗਿਆ। ਇਸ ਮੌਕੇ ਹਲਕਾ ਨਾਭਾ ਵਿਧਾਇਕ ਗੁਰਦੇਵ ਸਿੰਘ ਦੇਵ ਮਾਨ, ਜ਼ਿਲ੍ਹਾ ਯੋਜਨਾ ਬੋਰਡ ਚੇਅਰਮੈਨ ਜੱਸੀ ਸੋਹੀਆ ਵਾਲਾ, ਚਰਨ ਸਿੰਘ ਐੱਮ ਡੀ ਮਲਕੀਤ ਕੰਬਾਈਨ, ਹਰਵੀਰ ਸਿੰਘ ਢੀਂਡਸਾ, ਪ੍ਰਿੰਸੀਪਲ ਡਾਇਟ ਸੰਦੀਪ ਨਾਗਰ ਨੇ ਵਿਸ਼ੇਸ਼ ਤੌਰ 'ਤੇ ਹਾਜ਼ਰੀ ਲਗਵਾਈ ਅਤੇ ਕਿਹਾ ਕਿ ਸੁਰਿੰਦਰ ਪਾਲ ਸ਼ਰਮਾ ਵੱਲੋਂ ਕਰਵਾਇਆ ਗਿਆ ਧਾਰਮਿਕ ਸਮਾਗਮ ਬਹੁਤ ਹੀ ਵਧੀਆ ਉਪਰਾਲਾ ਹੈ। ਭੋਗ ਪਾਉਣ ਉਪਰੰਤ ਚੇਅਰਮੈਨ ਸੁਰਿੰਦਰ ਪਾਲ ਸ਼ਰਮਾ ਨੇ ਕਿਹਾ ਕਿ ਛੋਟੇ ਸਾਹਿਬਜ਼ਾਦਿਆਂ ਦੀ ਮਹਾਨ ਕੁਰਬਾਨੀ ਨੂੰ ਯਾਦ ਕਰਨਾ ਸਮੇਂ ਦੀ ਲੋੜ ਹੈ ਤਾਂ ਕਿ ਮਨੁੱਖੀ ਹੱਕਾਂ ਦੀਆਂ ਕਦਰਾਂ-ਕੀਮਤਾਂ ਨੂੰ ਹੋਰ ਮਜ਼ਬੂਤ ਕੀਤਾ ਜਾ ਸਕੇ। ਉਨ੍ਹਾ ਕਿਹਾ ਕਿ ਦਸੰਬਰ ਦਾ ਮਹੀਨਾ, ਜਿਸ ਦੌਰਾਨ ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਮੁੱਚੇ ਪਰਿਵਾਰ ਨੂੰ ਸ਼ਹੀਦ ਕੀਤਾ ਗਿਆ ਸੀ, ਸਮੁੱਚੀ ਮਨੁੱਖਤਾ ਲਈ ਸੋਗ ਦਾ ਮਹੀਨਾ ਹੈ। ਉਨ੍ਹਾ ਕਿਹਾ ਕਿ ਸੂਬਾ ਸਰਕਾਰ ਨੇ 20 ਤੋਂ 30 ਦਸੰਬਰ ਤੱਕ ਕੋਈ ਵੀ ਖੁਸ਼ੀ ਦਾ ਸਮਾਗਮ ਨਾ ਕਰਵਾਉਣ ਦਾ ਐਲਾਨ ਪਹਿਲਾਂ ਹੀ ਕੀਤਾ ਹੋਇਆ ਹੈ। ਉਨ੍ਹਾ ਕਿਹਾ ਕਿ ਇਹ ਉਪਰਾਲਾ ਸੂਬਾ ਸਰਕਾਰ ਵੱਲੋਂ ਦਸਮੇਸ਼ ਪਿਤਾ ਦੇ ਪਰਿਵਾਰ ਦੀ ਮਹਾਨ ਕੁਰਬਾਨੀ ਨੂੰ ਨਿਮਾਣੀ ਜਿਹੀ ਸ਼ਰਧਾਂਜਲੀ ਹੋਵੇਗੀ। ਸੁਰਿੰਦਰ ਪਾਲ ਸ਼ਰਮਾ ਨੇ ਕਿਹਾ ਕਿ ਫਤਹਿਗੜ੍ਹ ਸਾਹਿਬ ਦੀ ਪਵਿੱਤਰ ਧਰਤੀ ਨਾ ਸਿਰਫ ਸਿੱਖਾਂ ਲਈ ਸਗੋਂ ਸਮੁੱਚੀ ਮਨੁੱਖਤਾ ਲਈ ਪ੍ਰੇਰਣਾ ਦਾ ਸਰੋਤ ਹੈ, ਕਿਉਂਕਿ ਹਰ ਸਾਲ ਛੋਟੇ ਸਾਹਿਬਜ਼ਾਦਿਆਂ ਤੇ ਮਾਤਾ ਗੁਜਰੀ ਜੀ ਦੇ ਸ਼ਹੀਦੀ ਦਿਹਾੜੇ 'ਤੇ ਲੱਖਾਂ ਦੀ ਗਿਣਤੀ ਵਿੱਚ ਸ਼ਰਧਾਲੂ ਸਿਜਦਾ ਕਰਨ ਆਉਂਦੇ ਹਨ। ਉਨ੍ਹਾ ਕਿਹਾ ਕਿ ਸਾਹਿਬਜ਼ਾਦਿਆਂ ਵੱਲੋਂ ਛੋਟੀ ਉਮਰ ਵਿੱਚ ਮਹਾਨ ਕੁਰਬਾਨੀ ਦੇਣ ਦੀ ਮਿਸਾਲ ਦੁਨੀਆ ਦੇ ਇਤਿਹਾਸ ਵਿੱਚ ਕਿਧਰੇ ਨਹੀਂ ਮਿਲਦੀ। ਇਸ ਮੌਕੇ ਚੇਅਰਮੈਨ ਸੁਰਿੰਦਰ ਪਾਲ ਸ਼ਰਮਾ ਵੱਲੋਂ ਇਤਿਹਾਸਕ ਕਿਤਾਬਾਂ ਦਾ ਵਿਸ਼ੇਸ਼ ਲੰਗਰ ਲਗਾਇਆ ਗਿਆ। ਅੰਤ ਵਿੱਚ ਐੱਸ ਡੀ ਐੱਮ ਨਾਭਾ ਤਰਸੇਮ ਚੰਦ ਨੇ ਆਈਆਂ ਸੰਗਤਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ। ਇਸ ਮੌਕੇ ਸੰਤੋਖ ਸਿੰਘ ਹੀਰਾ ਕੰਬਾਈਨ, ਆਪ ਆਗੂ ਮਨਪ੍ਰੀਤ ਸਿੰਘ ਧਰੋਂਕੀ, ਹਰਸ਼ ਬਲੱਡ ਡੋਨਰ ਸੁਸਾਇਟੀ ਪ੍ਰਧਾਨ ਭੁਵੇਸ਼ ਬਾਂਸਲ, ਕੁਲਵੰਤ ਸਿੰਘ ਸਿਆਨ, ਵੇਦ ਚੰਦ ਮੰਡੋੜ, ਡਾਕਟਰ ਨਿਰਭੈ ਸਿੰਘ, ਰਾਜਵਿੰਦਰ ਸਿੰਘ ਦੁਲੱਦੀ, ਜਸ ਬੁੱਟਰ, ਗੁਰਚਰਨ ਸਿੰਘ ਮੱਲੀ, ਸਵਰਨਜੀਤ ਸਿੰਘ ਦੋਦਾ, ਸੁਖਜੀਤ ਸਿੰਘ ਸੋਜਾ, ਸੰਤ ਸਿੰਘ ਨਾਭਾ, ਅਵਤਾਰ ਸਿੰਘ ਧੀਮਾਨ, ਅਵਤਾਰ ਸਿੰਘ ਨਨਡੇ, ਸੁੱਖ ਘੁੰਮਣ, ਗੁਰਚਰਨ ਸਿੰਘ ਨੰਬਰਦਾਰ, ਭਗਵੰਤ ਸਿੰਘ, ਡਾਕਟਰ ਗਿਆਨ ਸਿੰਘ ਕਨੋੜਾ ਆਦਿ ਹਾਜ਼ਰ ਸਨ।

# ਕੁੱਲ ਹਿੰਦ ਕਿਸਾਨ ਸਭਾ ਨੇ ਕਰਾਇਆ ਸ਼ਹੀਦ ਊਧਮ ਸਿੰਘ ਯਾਦਗਾਰੀ ਸੈਮੀਨਾਰ

**ਸਿਰਸਾ (ਸੁਰਿੰਦਰ ਪਾਲ ਸਿੰਘ)**-ਕੁੱਲ ਹਿੰਦ ਕਿਸਾਨ ਸਭਾ ਵੱਲੋਂ ਸ਼ਹੀਦ ਊਧਮ ਸਿੰਘ ਦੇ ਜਨਮ ਦਿਨ ਮੌਕੇ ਖੈਰਪੁਰ ਸਥਿਤ ਕਾਮਗਾਰ ਭਵਨ ਵਿਖੇ ਯਾਦਗਾਰੀ ਸੈਮੀਨਾਰ ਕਰਾਇਆ ਗਿਆ। ਪ੍ਰੋਗਰਾਮ ਦੀ ਪ੍ਰਧਾਨਗੀ ਕਿਸਾਨ ਸਭਾ ਦੇ ਜ਼ਿਲ੍ਹਾ ਆਗੂ ਸੁਰਜੀਤ ਸਿੰਘ ਐਲਨਾਬਾਦ ਨੇ ਕੀਤੀ ਤੇ ਮੰਚ ਸੰਚਾਲਨ ਹਮਜਿੰਦਰ ਸਿੰਘ ਨੇ ਕੀਤਾ।ਕਿਸਾਨ ਸਭਾ ਦੇ ਜ਼ਿਲ੍ਹਾ ਕਨਵੀਨਰ ਹਮਜਿੰਦਰ ਸਿੱਧੂ ਨੇ ਦੱਸਿਆ ਕਿ ਸੈਮੀਨਾਰ ਦੇ ਮੁੱਖ ਬੁਲਾਰੇ ਕਿਸਾਨ ਸਭਾ ਦੇ ਸੂਬਾ ਪ੍ਰਧਾਨ ਬਲਬੀਰ ਸਿੰਘ ਦਾ ਕਹਿਣਾ ਸੀ ਕਿ ਸ਼ਹੀਦ ਊਧਮ ਸਿੰਘ ਆਪਣੀ ਜਾਨ ਦੀ ਪ੍ਰਵਾਹ ਕੀਤੇ ਬਿਨਾਂ ਆਜ਼ਾਦੀ ਦੀ ਲਹਿਰ ਵਿੱਚ ਕੁੱਦੇ ਅਤੇ ਉਨ੍ਹਾਂ ਆਪਣਾ ਜੀਵਨ ਦੇਸ਼ ਦੀ ਆਜ਼ਾਦੀ ਨੂੰ ਸਮਰਪਤ ਕੀਤਾ। ਸ਼ਹੀਦ ਊਧਮ ਸਿੰਘ ਜਲ੍ਹਿਆਂਵਾਲਾ ਬਾਗ ਦੇ ਸਾਕੇ ਦਾ ਬਦਲਾ ਲੈਣ ਲਈ ਲੰਡਨ ਗਏ ਤੇ ਆਪਣੇ ਆਪ ਨੂੰ ਰਾਮ ਮੁਹੰਮਦ ਸਿੰਘ ਆਜ਼ਾਦ ਵਜੋਂ ਪੇਸ਼ ਕੀਤਾ।ਉਨ੍ਹਾਂ ਕਿਹਾ ਕਿ ਜਿਸ ਤਰ੍ਹਾਂ ਬ੍ਰਿਟਿਸ਼ ਸਾਸ਼ਕਾਂ ਨੇ ਆਪਣਾ ਰਾਜ ਕਾਇਮ ਰੱਖਣ ਲਈ ਭਾਰਤ ਵਿੱਚ ਲੋਕਾਂ ਵਿੱਚ ਵੰਡੀਆਂ ਪਾਈਆਂ ਸਨ, ਉਸੇ ਤਰ੍ਹਾਂ ਅੱਜ ਦੀ ਭਾਜਪਾ ਸਰਕਾਰ ਦੇਸ਼ ਦੇ ਲੋਕਾਂ ਵਿੱਚ ਜਾਤ-ਪਾਤ ਤੇ ਧਰਮ ਦਾ ਜ਼ਹਿਰ ਫੈਲਾ ਰਹੀ ਹੈ।ਕਿਸਾਨਾਂ-ਮਜ਼ਦੂਰਾਂ ਦੇ ਮਸਲੇ ਹੱਲ ਕਰਨ ਦੀ ਬਜਾਏ ਕਾਰਪੋਰੇਟ ਘਰਾਣੇ ਅਮੀਰ ਹੋ ਰਹੇ ਹਨ। ਉਨ੍ਹਾਂ ਕਿਹਾ ਕਿ ਖੇਤੀ ਨੂੰ ਕਾਰਪੋਰੇਟ ਕੰਪਨੀਆਂ ਦੇ ਹਵਾਲੇ ਕਰਨ ਲਈ ਤਿੰਨ ਖੇਤੀ ਕਾਨੂੰਨ ਬਣਾਏ ਗਏ, ਜਿਨਾਂ ਦੇ ਖਿਲਾਫ ਕਿਸਾਨਾਂ ਨੂੰ 13 ਮਹੀਨਿਆਂ ਤੱਕ ਪ੍ਰਦਰਸ਼ਨ ਕਰਨਾ ਪਿਆ।ਜ਼ਿਲ੍ਹਾ ਕਨਵੀਨਰ ਹਮਜਿੰਦਰ ਸਿੱਧੂ ਨੇ ਦੱਸਿਆ ਕਿ ਸੈਮੀਨਾਰ ਤੋਂ ਬਾਅਦ ਕਿਸਾਨ ਸਭਾ ਵੱਲੋਂ ਕਿਸਾਨਾਂ ਦੀਆਂ ਸਮੱਸਿਆਵਾਂ ਬਾਰੇ ਵਿਚਾਰ-ਵਟਾਂਦਰਾ ਕੀਤਾ ਗਿਆ।

# ਐੱਨ ਐੱਸ ਐੱਸ ਕੈਂਪ ਦੌਰਾਨ ਸਾਹਿਬਜ਼ਾਦਿਆਂ ਨੂੰ ਸਮਰਪਤ ਸਮਾਗਮ

## ਸਕੂਲ ਮੈਗਜ਼ੀਨ 'ਨੰਨ੍ਹੀਆਂ ਕਲਮਾਂ' ਕੀਤੀ ਰਿਲੀਜ਼

**ਲੌਂਗੋਵਾਲ (ਕੁਲਦੀਪ ਅਤਰੀ, ਪ੍ਰਦੀਪ ਸਿੰਘ ਸੱਪਲ)**-ਕੌਮੀ ਸੇਵਾ ਯੋਜਨਾ ਇਕਾਈ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਮਹਿਲਾਂ ਵੱਲੋਂ ਯੁਵਕ ਸੇਵਾਵਾਂ ਵਿਭਾਗ ਪੰਜਾਬ ਦੀ ਸਰਪ੍ਰਸਤੀ ਹੇਠ ਲਗਾਏ ਗਏ ਸਪੈਸ਼ਲ ਸੱਤ ਰੋਜ਼ਾ ਕੈਂਪ ਦਾ ਚੌਥਾ ਦਿਨ ਸਰਬੰਸਦਾਨੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਾਰ ਸਹਿਬਜ਼ਾਦਿਆਂ ਨੂੰ ਸਮਰਪਤ ਕਰਦਿਆਂ ਉਨ੍ਹਾਂ ਦੇ ਦਰਸਾਏ ਮਾਰਗ 'ਤੇ ਚੱਲਣ ਦਾ ਆਹਿਦ ਲੈਣ ਦੀ ਲੋੜ 'ਤੇ ਜ਼ੋਰ ਦਿੱਤਾ ਗਿਆ। ਇਸ ਮੌਕੇ ਸਕੂਲ ਗਤੀਵਿਧੀਆਂ 'ਤੇ ਅਧਾਰਤ ਸਕੂਲ ਮੈਗਜ਼ੀਨ 'ਨੰਨ੍ਹੀਆਂ ਕਲਮਾਂ' ਦਾ ਤੀਸਰਾ ਅੰਕ ਜਾਰੀ ਕੀਤਾ ਗਿਆ। ਇਸ ਮੌਕੇ ਸਕੂਲ ਵੈੱਲਫੇਅਰ ਨਾਲ ਜੁੜੀਆਂ ਨਗਰ ਦੀਆਂ ਬਹੁਤ ਅਹਿਮ ਸ਼ਖਸੀਅਤਾਂ ਨੇ ਸ਼ਮੂਲੀਅਤ ਕਰਕੇ ਇਸ ਸਮਾਗਮ ਨੂੰ ਯਾਦਗਾਰੀ ਬਣਾਇਆ। ਸਕੂਲ ਦੇ ਇੰਚਾਰਜ ਪ੍ਰਿੰਸੀਪਲ ਤੇ ਪ੍ਰੋਗਰਾਮ ਅਫਸਰ ਪਰਮਿੰਦਰ ਕੁਮਾਰ ਲੌਂਗੋਵਾਲ ਨੇ ਸਮਾਗਮ ਵਿੱਚ ਪਹੁੰਚਣ ਵਾਲੇ ਸਾਰੇ ਨਗਰ ਨਿਵਾਸੀਆਂ ਨੂੰ ਸਤਿਕਾਰ ਦਿੰਦਿਆਂ ਕਿਹਾ ਕਿ ਸਾਡੇ ਇਸ ਕੈਂਪ ਦਾ ਮੁੱਖ ਉਦੇਸ਼ ਵਿਦਿਆਰਥੀਆਂ ਅੰਦਰ ਹੱਥੀਂ ਕਿਰਤ ਕਰਨ ਵਿੱਚ ਕਿਸੇ ਕਿਸਮ ਦੀ ਝਿਜਕ ਜਾਂ ਸ਼ਰਮ ਨਾ ਮਹਿਸੂਸ ਕਰਨ ਦੀ ਪ੍ਰੇਰਨਾ ਦੇਣਾ ਹੈ ਤਾਂ ਜੋ ਉਨ੍ਹਾਂ ਅੰਦਰ ਵਿਦੇਸ਼ਾਂ ਨੂੰ ਜਾਣ ਦੇ ਰੁਝਾਨ ਨੂੰ ਠੱਲ੍ਹ ਪਾਈ ਜਾ ਸਕੇ। ਇਸ ਦੌਰਾਨ ਲੈਕਚਰਾਰ ਹਿਸਟਰੀ ਸ੍ਰੀ ਰਾਜੇਸ਼ ਕੁਮਾਰ ਨੇ ਕੈਂਪ ਦੀ ਰਿਪੋਰਟ ਸਾਂਝੀ ਕੀਤੀ। ਸਮਾਗਮ ਦੌਰਾਨ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਭਾਰਤੀ ਕਿਸਾਨ ਯੂਨੀਅਨ ਉਗਰਾਹਾਂ ਦੇ ਆਗੂਆਂ ਹਰਜੀਤ ਸਿੰਘ ਫੌਜੀ, ਚਮਕੌਰ ਸਿੰਘ ਮਹਿਲਾਂ, ਅਮਨਦੀਪ ਸਿੰਘ ਨੇ ਕਿਹਾ ਕਿ ਸਾਨੂੰ ਨਸ਼ਿਆਂ ਦੀ ਜੰਗ ਵਿੱਚ ਹਰ ਤਰ੍ਹਾਂ ਦੀ ਲੜਾਈ ਲੜਨ ਵਿੱਚ ਸਹਿਯੋਗ ਦੇਣਾ ਚਾਹੀਦਾ ਹੈ, ਕਿਉਂਕਿ ਇਹ ਸਾਡੇ ਸਮਾਜ ਲਈ ਇੱਕ ਵੱਡਾ ਖਤਰਾ ਹੈ। ਉਨ੍ਹਾਂ ਸਕੂਲ ਦੀ ਮੈਨੇਜਮੈਂਟ ਕਮੇਟੀ ਤੇ ਸਟਾਫ ਵੱਲੋਂ ਸਕੂਲ ਦੀ ਦਿੱਖ, ਪੜ੍ਹਾਈ, ਅਨੁਸ਼ਾਸਨ ਲਈ ਕੀਤੇ ਜਾ ਰਹੇ ਯਤਨਾਂ ਦੀ ਵੀ ਸ਼ਲਾਘਾ ਕੀਤੀ ਤੇ ਹਰ ਕਦਮ 'ਤੇ ਸਹਿਯੋਗ ਦੇਣ ਦਾ ਵਿਸ਼ਵਾਸ ਦਿਵਾਇਆ। ਸਮਾਗਮ ਦੌਰਾਨ ਵੱਖ ਵੱਖ ਵਿਦਿਆਰਥੀਆਂ ਨੇ ਚਾਰ ਸਹਿਬਜ਼ਾਦਿਆਂ ਦੇ ਜੀਵਨ ਬਾਰੇ ਗੀਤ, ਕਵਿਤਾਵਾਂ, ਵਾਰਾਂ ਪੇਸ਼ ਕੀਤੀਆਂ। ਮੰਚ ਦਾ ਸੰਚਾਲਨ ਗਗਨਦੀਪ ਸਿੰਘ ਤੇ ਬੂਟਾ ਸਿੰਘ ਨੇ ਬਾਖੂਬੀ ਨਿਭਾਇਆ।

ਸਕੂਲ ਵਿੱਚ ਆਪਣੀਆਂ ਸ਼ਾਨਦਾਰ ਸੇਵਾਵਾਂ ਦੇਣ ਉਪਰੰਤ ਸੇਵਾ ਮੁਕਤ ਹੋ ਚੁੱਕੇ ਪ੍ਰਿੰਸੀਪਲ ਮੈਡਮ ਇਕਦੀਸ਼ ਕੌਰ ਨੇ ਸਕੂਲ ਸਟਾਫ ਵੱਲੋਂ ਆਯੋਜਤ ਐੱਨ ਐੱਸ ਐੱਸ ਕੈਂਪ ਤੇ ਸਕੂਲ ਦੇ ਮੈਗਜ਼ੀਨ ਲਈ ਵਧਾਈ ਦਿੱਤੀ ਅਤੇ ਵਿਦਿਆਰਥੀਆਂ ਨੂੰ ਸਖਤ ਮਿਹਨਤ ਕਰਨ ਲਈ ਪ੍ਰੇਰਿਤ ਕੀਤਾ।

ਇਸ ਮੌਕੇ ਸਰਪੰਚ ਬਲਦੇਵ ਸਿੰਘ ਨੰਬਰਦਾਰ, ਸ਼ਿਵ ਕੁਮਾਰ ਜਿੰਦਲ, ਹਰਦੇਵ ਸਿੰਘ ਬਿਲਖੂ, ਸਕੂਲ ਮੈਨੇਜਮੈਂਟ ਕਮੇਟੀ ਦੇ ਚੇਅਰਮੈਨ ਨਾਜਰ ਸਿੰਘ ਝੱਲੀ, ਗਗਨਦੀਪ ਸਿੰਘ ਮਿੱਠੂ, ਇਕਬਾਲ ਸਿੰਘ ਜੇਜੀ, ਗੁਰਸੇਵਕ ਸਿੰਘ, ਸੁਖਬੀਰ ਸਿੰਘ, ਰਕੇਸ਼ ਕੁਮਾਰ ਲੈਕਚਰਾਰ ਸਰੀਰਕ ਸਿੱਖਿਆ, ਗੁਰਦੀਪ ਸਿੰਘ, ਨਰੇਸ਼ ਰਾਣੀ, ਚਰਨਦੀਪ ਸੋਨੀਆ, ਸੁਖਵਿੰਦਰ ਕੌਰ ਮਡਾਹੜ, ਅੰਜਨ ਅੰਜੂ, ਭਰਤ ਸ਼ਰਮਾ, ਰਕੇਸ਼ ਕੁਮਾਰ ਸ਼ਰਮਾ, ਕਰਨੈਲ ਸਿੰਘ, ਲਖਵੀਰ ਸਿੰਘ, ਹਰਵਿੰਦਰ ਸਿੰਘ, ਸਮਸ਼ੇਰ ਸਿੰਘ, ਗਗਨਜੋਤ ਕੌਰ, ਦੀਪਸ਼ਿਖਾ ਬਹਿਲ, ਪ੍ਰੀਤੀ ਰਾਣੀ, ਸੰਦੀਪ ਸਿੰਘ, ਸਵੇਤਾ ਅਗਰਵਾਲ, ਸਵਿਤਾ ਵਸ਼ਿਸ਼ਟ, ਵੰਦਨਾ ਸਿੰਗਲਾ, ਪਰਮਜੀਤ ਕੌਰ, ਬਲਵਿੰਦਰ ਕੌਰ, ਹਰਵਿੰਦਰ ਸਿੰਘ, ਮਨਜਿੰਦਰ ਕੌਰ, ਕੁਸਮ ਲਤਾ, ਨਿਰਮਲ ਸਿੰਘ, ਅਸ਼ਵਨੀ ਕੁਮਾਰ, ਰਜਨੀ ਬਾਲਾ, ਸੰਜੀਵ ਕੁਮਾਰ ਤੇ ਸਮੂਹ ਸਟਾਫ ਹਾਜ਼ਰ ਸੀ।

# ਕੱਟੇ ਗਏ ਰਾਸ਼ਨ ਕਾਰਡਾਂ ਕਰਕੇ ਆਮ ਲੋਕ ਸਿਹਤ ਬੀਮਾ ਯੋਜਨਾ ਦੇ ਲਾਭ ਤੋਂ ਹੋ ਜਾਣਗੇ ਵਾਂਝੇ : ਯਸ਼ਪਾਲ ਕੁੰਡਲ

**ਦੀਨਾਨਗਰ (ਬਲਵਿੰਦਰ ਸਿੰਘ ਬਿੱਲਾ)**-ਪਿਛਲੇ ਸਮੇਂ ਦੌਰਾਨ ਕਾਂਗਰਸ ਸਰਕਾਰ ਵੇਲੇ ਵਿਧਾਨ ਸਭਾ ਹਲਕਾ ਦੀਨਾਨਗਰ ਵਿਖੇ ਆਮ ਲੋਕਾਂ ਦੇ ਰਾਸ਼ਨ ਕਾਰਡ ਵਿਧਾਇਕਾਂ ਵੱਲੋਂ ਸਬੰਧਤ ਮਹਿਕਮੇ ਤੋਂ ਕਟਵਾਏ ਗਏ ਸਨ ਜੋ ਅਜੇ ਤੱਕ ਮੌਜੂਦਾ ਸਰਕਾਰ ਵੱਲੋਂ ਵੀ ਨਹੀਂ ਬਣਾਏ ਗਏ। ਪੱਤਰਕਾਰਾਂ ਨਾਲ ਇਨ੍ਹਾਂ ਗੱਲਾਂ ਦਾ ਪ੍ਰਗਟਾਵਾ ਭਾਜਪਾ ਜ਼ਿਲ੍ਹਾ ਜਨਰਲ ਸਕੱਤਰ ਗੁਰਦਾਸਪੁਰ ਤੋਂ ਯਸ਼ਪਾਲ ਕੁੰਡਲ ਨੇ ਕੀਤਾ। ਉਨ੍ਹਾਂ ਕਿਹਾ ਕੇਂਦਰ ਸਰਕਾਰ ਵੱਲੋਂ ਦਿੱਤੀਆਂ ਗਾਰੰਟੀਆਂ ਦਾ ਹਿੱਸਾ ਆਯੁਸ਼ਮਾਨ ਯੋਜਨਾ ਹੈ ਅਤੇ ਹੈਲਥ ਕਾਰਡ ਤੋਂ ਆਮ ਲੋਕ ਵਾਂਝੇ ਰਹੇ ਹਨ। ਪਹਿਲਾਂ ਤਾਂ ਇਹ ਗਰੀਬ ਲੋਕਾਂ ਨੂੰ ਕੇਂਦਰ ਸਰਕਾਰ ਵੱਲੋਂ ਅੰਨ ਯੋਜਨਾ ਦਾ ਲਾਭ ਪ੍ਰਾਪਤ ਨਹੀਂ ਹੋਇਆ। ਜਿਥੇ ਆਮ ਲੋਕ ਅਤੇ ਗਰੀਬ ਲੋਕ ਇਕ ਤਾਂ ਰਾਸ਼ਨ ਤੋਂ ਵਾਂਝੇ ਰਹੇ ਹਨ ਉਥੇ ਹੀ ਸਿਹਤ ਬੀਮਾ ਯੋਜਨਾ ਦਾ ਕਾਰਡ ਨਾ ਬਣਨ ਕਰਕੇ ਬਹੁਤ ਪ੍ਰੇਸ਼ਾਨ ਹੋ ਰਹੇ ਹਨ। ਜੇਕਰ ਗੱਲ ਕੀਤੀ ਜਾਵੇ ਤਾਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਆਮ ਲੋਕਾਂ ਨੂੰ ਸਿਹਤ ਸਹੂਲਤੀ ਯੋਜਨਾ ਤਹਿਤ ਪੰਜ ਲੱਖ ਦੀ ਮਦਦ ਦਿੱਤੀ ਗਈ ਹੈ ਉਨ੍ਹਾਂ ਲੋਕਾਂ ਦੇ ਰਾਸ਼ਨ ਕਾਰਡ ਕੱਟੇ ਜਾਣ ਕਰਕੇ ਉਹ ਲੋਕ ਅੱਜ ਇਸ ਯੋਜਨਾ ਤੋਂ ਵਾਂਝੇ ਰਹਿ ਰਹੇ ਹਨ ਜਿਵੇਂ ਕਿ ਜੋ ਸੰਕਲਪ ਯਾਤਰਾ ਵਿਕਸਤ ਭਾਰਤ ਕੇਂਦਰ ਸਰਕਾਰ ਵੱਲੋਂ ਦਿੱਤੀਆਂ ਸਹੂਲਤਾਂ ਯੋਜਨਾਵਾਂ ਆਮ ਲੋਕਾਂ ਨੂੰ ਦਿੱਤੀਆਂ ਜਾ ਰਹੀਆਂ ਹਨ। ਉਸ ਸਮੇਂ ਇਹ ਆਮ ਲੋਕ ਵਿਚ ਇਕ ਰੋਸ ਵਾਲੀ ਭਾਵਨਾ ਪਾਈ ਜਾਂ ਰਹੀ ਹੈ।

ਉਨ੍ਹਾਂ ਕਿਹਾ ਕਿ ਜਿਨ੍ਹਾਂ ਲੋਕਾਂ ਕੋਲ ਰਾਸ਼ਨ ਕਾਰਡ ਨਹੀਂ ਹਨ ਉਨ੍ਹਾਂ ਦਾ ਆਯੁਸ਼ਮਾਨ ਕਾਰਡ ਨਹੀਂ ਬਣ ਰਿਹਾ। ਅੱਗੇ ਗੱਲਬਾਤ ਕਰਦਿਆਂ ਯਸ਼ਪਾਲ ਕੁੰਡਲ ਨੇ ਦੱਸਿਆ ਕਿ ਪਹਿਲਾਂ ਕਾਂਗਰਸ ਸਰਕਾਰ ਨੇ ਗਰੀਬਾਂ ਲੋਕਾਂ ਨੂੰ ਸੰਵਿਧਾਨ ਤੋਂ ਵਾਂਝਾ ਰੱਖਿਆ ਹੈ ਪਰ ਹੁਣ ਆਮ ਆਦਮੀ ਪਾਰਟੀ ਦੀ ਸਰਕਾਰ ਰਾਸ਼ਨ ਕਾਰਡ ਜੋ ਗਲਤ ਕੱਟੇ ਗਏ ਹਨ ਉਨ੍ਹਾਂ ਨੂੰ ਮੁੜ ਜਾਂਚ ਪੜਤਾਲ ਉਪਰੰਤ ਬਹਾਲ ਨਹੀਂ ਕਰ ਰਹੀ ਜਿਸ ਕਾਰਨ ਆਮ ਲੋਕ ਅੱਜ ਵੀ ਪੱਕਾ ਖਰਾਬ ਹੋਣ ਲਈ ਦਰ ਦਰ ਦੀਆਂ ਠੋਕਰਾਂ ਖਾ ਰਹੇ ਹਨ।

## ਪੱਤਰਕਾਰ ਗੁਰਦਿਆਲ ਸਿੰਘ ਫੁੱਲ ਦੀ 7ਵੀਂ ਬਰਸੀ ਭਲਕੇ

**ਫਤਿਹਗੜ੍ਹ ਚੂੜੀਆਂ (ਜਸਦੇਵ ਸਿੰਘ ਮਾਨ)**- ਉੱਘੇ ਸਾਹਿਤਕਾਰ ਅਤੇ ਪੱਤਰਕਾਰ ਗੁਰਦਿਆਲ ਸਿੰਘ ਫੁੱਲ ਦੀ 7ਵੀਂ ਬਰਸੀ 28 ਦਸੰਬਰ ਨੂੰ ਉਨ੍ਹਾਂ ਦੇ ਜੱਦੀ ਪਿੰਡ ਬੱਦੋਵਾਲ ਕਲਾਂ ਵਿਖੇ ਮਨਾਈ ਜਾਵੇਗੀ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਉਨ੍ਹਾਂ ਦੇ ਸਪੁੱਤਰ ਮਨਜਿੰਦਰਪ੍ਰੀਤ ਸਿੰਘ ਫੁੱਲ ਨੇ ਦੱਸਿਆ ਕਿ ਗੁਰਦਿਆਲ ਸਿੰਘ ਫੁੱਲ ਦੀ ਯਾਦ ਵਿਚ ਉਨ੍ਹਾਂ ਦੇ ਗ੍ਰਹਿ ਬੱਦੋਵਾਲ ਕਲਾਂ ਨਜ਼ਦੀਕ ਫਤਿਹਗੜ੍ਹ ਚੂੜੀਆਂ ਵਿਖੇ 1 ਵਜੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਜਾਣਗੇ। ਉਪਰੰਤ ਰਾਗੀ ਸਿੰਘਾਂ ਵੱਲੋਂ ਕੀਰਤਨ ਕੀਤਾ ਜਾਵੇਗਾ।

# ਓਹੀਓ ਸੂਬੇ ਦੇ ਸੱਭਿਆਚਾਰਕ ਸਿੱਖਿਆ ਬਿੱਲ ਸੰਬੰਧੀ ਦੂਜੀ ਸੁਣਵਾਈ 'ਚ ਸਿੱਖਾਂ ਨੇ ਕੀਤੀ ਸ਼ਮੂਲੀਅਤ

## ਸਿੱਖ ਧਰਮ ਨੂੰ ਵੀ ਸਕੂਲੀ ਪਾਠਕ੍ਰਮ 'ਚ ਸ਼ਾਮਲ ਕਰਵਾਉਣ ਲਈ ਕੀਤੀ ਗਈ ਪਹਿਲ : ਗੁਮਟਾਲਾ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)**-ਬੀਤੇ ਦਿਨੀਂ ਅਮਰੀਕਾ ਦੇ ਓਹੀਓ ਸੂਬੇ ਦੀ ਰਾਜਧਾਨੀ ਕੋਲੰਬਸ ਵਿੱਚ ਵੱਖ-ਵੱਖ ਸੱਭਿਆਚਾਰਾਂ ਅਤੇ ਧਰਮਾਂ ਸਬੰਧੀ ਬਹੁ-ਸੱਭਿਆਚਾਰਕ ਸਿੱਖਿਆ ਬਿੱਲ (ਐੱਚ ਬੀ 171) ਦੇ ਸਮਰਥਕਾਂ ਨੇ ਓਹੀਓ ਸਟੇਟ ਹਾਊਸ ਵਿੱਚ ਪ੍ਰਾਇਮਰੀ ਅਤੇ ਸੈਕੰਡਰੀ ਐਜੂਕੇਸ਼ਨ ਕਮੇਟੀ ਦੇ ਸਾਹਮਣੇ ਸੁਣਵਾਈ ਦੌਰਾਨ ਆਪਣਾ ਪੱਖ ਪੇਸ਼ ਕੀਤਾ। ਇਹ ਬਿੱਲ ਓਹੀਓ ਸੂਬੇ ਦੀ ਡਿਸਟ੍ਰਿਕਟ 4 ਦੇ ਪ੍ਰਤੀਨਿਧ (ਰਿਪਰੀਜ਼ੈਂਟੇਟਿਵ) ਮੇਰੀ ਲਾਈਟਬੌਡੀ ਜੋ ਕਿ ਡੈਮੋਕਰੇਟ ਪਾਰਟੀ ਤੋਂ ਹਨ, ਵੱਲੋਂ ਪੇਸ਼ ਕੀਤਾ ਗਿਆ ਹੈ। ਇਸ ਬਿੱਲ ਵਿੱਚ ਏਸ਼ੀਅਨ ਅਮੈਰੀਕਨ ਤੇ ਪੈਸੀਫਿਕ ਆਈਲੈਂਡਰ ਕਮਿਊਨਿਟੀ ਬਾਰੇ ਸਮਾਜਿਕ ਵਿਗਿਆਨ ਵਿੱਚ ਜਾਣਕਾਰੀ ਸ਼ਾਮਲ ਕਰਨ ਦੀ ਵਿਵਸਥਾ ਹੈ। ਇਸ ਸਮੇਂ ਸਕੂਲੀ ਪਾਠਕ੍ਰਮ ਵਿੱਚ ਸਿੱਖਾਂ ਸਣੇ ਕਈ ਹੋਰ ਘੱਟ ਗਿਣਤੀ ਭਾਈਚਾਰਿਆਂ ਬਾਰੇ ਜਾਣਕਾਰੀ ਪੜ੍ਹਾਈ ਵਿੱਚ ਸ਼ਾਮਲ ਨਹੀਂ ਹੈ। ਇਸ ਬਿੱਲ ਨੂੰ ਓਪੀਏਡਬਲਊਐੱਲ ਸੰਸਥਾ ਦੇ ਯਤਨਾਂ ਰਾਹੀਂ ਤਿਆਰ ਕੀਤਾ ਗਿਆ ਹੈ। ਇਸ ਮੁਹਿੰਮ ਦੀ ਪ੍ਰਬੰਧਕ ਅਰਿਆਨਾ ਕੋਲਾਵਾਲਾ, ਲੀਜ਼ਾ



ਫੈਕਟਰੀ ਬੇਰਚਰਜਸ, ਉਸਦੀ 8 ਸਾਲ ਦੀ ਧੀ ਰੋਜ਼ਾਈਓ ਬੇਰਚਰਜਸ ਅਤੇ ਓਹੀਓ ਕੌਂਸਲ ਆਫ ਦਿ ਸੋਸ਼ਲ ਸਟੱਡੀਜ਼ ਦੇ ਦੋ ਪ੍ਰਤੀਨਿਧਾਂ ਨੇ ਬਿੱਲ ਦੇ ਹੱਕ ਵਿੱਚ ਕਮੇਟੀ ਅੱਗੇ ਆਪਣਾ ਪੱਖ ਪੇਸ਼ ਕੀਤਾ। ਸੁਣਵਾਈ ਤੋਂ ਪਹਿਲਾਂ, ਕਲੀਵਲੈਂਡ ਤੋਂ ਅਧਿਆਪਕ ਸਨਮਪ੍ਰੀਤ ਕੌਰ ਗਿੱਲ ਸਣੇ ਹੋਰਨਾਂ ਭਾਈਚਾਰਿਆਂ ਦੇ ਤਕਰੀਬਨ 70 ਸਮਰਥਕਾਂ ਨੇ ਵੀ ਕਮੇਟੀ ਨੂੰ ਪੱਤਰ ਲਿਖ ਕੇ ਆਪਣਾ ਪੱਖ ਭੇਜਿਆ ਸੀ। ਜੇ ਇਹ ਬਿੱਲ ਪਾਸ ਹੋ ਜਾਂਦਾ ਹੈ ਤਾਂ ਸਿੱਖ ਧਰਮ ਸਮੇਤ ਏਸ਼ੀਅਨ ਖਿੱਤੇ ਦੇ ਵੱਖ-ਵੱਖ ਭਾਈਚਾਰਿਆਂ ਬਾਰੇ ਜਾਣਕਾਰੀ ਸਕੂਲਾਂ ਦੇ ਪਾਠਕ੍ਰਮ ਵਿੱਚ ਸ਼ਾਮਲ ਹੋ ਸਕੇਗੀ ਅਤੇ ਸਿੱਖ ਬੱਚਿਆਂ ਨਾਲ ਸਿੱਖ ਕਕਾਰਾਂ ਬਾਰੇ ਕੀਤੀ ਜਾਂਦੀ ਛੇੜਖਾਨੀ ਨੂੰ ਵੀ ਠੱਲ ਪੈ ਸਕੇਗੀ। ਇਸ ਸੁਣਵਾਈ ਤੋਂ ਪਹਿਲਾਂ ਰਿਪਰੀਜ਼ੈਂਟੇਟਿਵ ਮੇਰੀ ਲਾਈਟਬੌਡੀ ਸਣੇ ਓਹਾਈਓ ਐਜੂਕੇਸ਼ਨ ਐਸੋਸੀਏਸ਼ਨ, ਇਸਲਾਮੀਕ ਅਮੈਰੀਕਨ ਰਿਲੇਸ਼ਨ ਅਤੇ ਹੋਰਨਾਂ ਸੰਸਥਾਵਾਂ ਦੇ ਨੁਮਾਇੰਦਿਆ ਨੇ ਇਸ ਬਿੱਲ ਦੇ ਹੱਕ ਵਿੱਚ ਪ੍ਰੈੱਸ ਅਤੇ ਹਾਜ਼ਰ ਮੈਂਬਰਾਂ ਨਾਲ ਆਪਣੇ ਵਿਚਾਰ ਸਾਂਝੇ ਕੀਤੇ। ਸਿੱਖਾਂ ਦੀ ਨੁਮਾਇੰਦਗੀ ਕਰ ਰਹੀ ਸੰਸਥਾ ਸਿੱਖ ਕੋਲੀਸ਼ਨ ਦੇ ਸੱਦੇ 'ਤੇ ਸਿੱਖ ਭਾਈਚਾਰੇ ਵੱਲੋਂ ਸਮੀਪ ਸਿੰਘ ਗੁਮਟਾਲਾ ਨੇ ਸੰਬੋਧਨ ਕਰਦਿਆਂ ਬਿੱਲ ਨੂੰ ਪੇਸ਼ ਕਰਨ ਲਈ ਰਿਪਰੀਜ਼ੈਂਟੇਟਿਵ ਮੇਰੀ ਲਾਈਟਬੌਡੀ ਦਾ ਧੰਨਵਾਦ ਕੀਤਾ। ਉਨ੍ਹਾਂ ਦੱਸਿਆ ਕਿ ਸਿੱਖ 125 ਸਾਲਾਂ ਤੋਂ ਅਮਰੀਕਾ ਦਾ ਹਿੱਸਾ ਹਨ ਪਰ ਬਹੁਤੇ ਅਮਰੀਕਨ ਲੋਕਾਂ ਨੂੰ ਸਿੱਖਾਂ ਅਤੇ ਉਨ੍ਹਾਂ ਦੀ ਵੱਖਰੀ ਪਛਾਣ ਬਾਰੇ ਜਾਣਕਾਰੀ ਨਹੀਂ ਹੈ। ਸਕੂਲਾਂ ਵਿੱਚ ਹੋਰਨਾਂ ਧਰਮਾਂ ਦੀ ਜਾਣਕਾਰੀ ਦੇਣ ਸਮੇਂ ਸਿੱਖ ਧਰਮ ਬਾਰੇ ਨਾ ਦੱਸੇ ਜਾਣ ਕਾਰਨ ਸਿੱਖ ਬੱਚਿਆਂ ਨੂੰ ਕਈ ਵਾਰ ਵਿਤਕਰੇ (ਬੁਲਿੰਗ) ਦਾ ਸਾਹਮਣਾ ਕਰਨਾ ਪੈਂਦਾ ਹੈ। ਸਿੱਖ ਕੋਲੀਸ਼ਨ ਵੱਲੋਂ ਸਕੂਲਾਂ ਵਿੱਚ ਬੱਚਿਆਂ ਨਾਲ ਹੁੰਦੀ ਬੁਲਿੰਗ ਸੰਬੰਧੀ ਰਿਪੋਰਟ ਦਾ ਹਵਾਲਾ ਦਿੰਦੇ ਹੋਏ ਗੁਮਟਾਲਾ ਨੇ ਦੱਸਿਆ ਕਿ 67% ਸਿੱਖ ਬੱਚਿਆਂ ਨੂੰ ਆਪਣੀ ਦਸਤਾਰ ਜਾਂ ਕਕਾਰਾਂ ਰੱਖਣ 'ਤੇ ਬੁਲਿੰਗ ਕੀਤਾ ਜਾਂਦਾ ਹੈ। ਵੱਡੀ ਗਿਣਤੀ ਵਿੱਚ ਸਿੱਖ ਬੱਚਿਆਂ ਨਾਲ ਹੋ ਰਹੀ ਬੁਲਿੰਗ ਦੀ ਇਹ ਔਸਤ ਗਿਣਤੀ ਪੂਰੇ ਅਮਰੀਕਾ ਵਿੱਚ ਹੋਰਨਾਂ ਭਾਈਚਾਰਿਆਂ ਦੇ ਬੱਚਿਆਂ ਦੀ ਗਿਣਤੀ ਨਾਲੋਂ ਦੁੱਗਣੀ ਹੈ। ਮੈਂ ਸਕੂਲ ਵਿੱਚ ਪੜ੍ਹ ਰਹੇ 2 ਬੱਚਿਆਂ ਦਾ ਪਿਤਾ ਹਾਂ ਤੇ ਮੇਰੇ ਲਈ ਵੀ ਇੰਨੀ ਵੱਡੀ ਗਿਣਤੀ ਵਿੱਚ ਬੁਲਿੰਗ ਚਿੰਤਾਜਨਕ ਹੈ। ਰਿਪਰੀਜ਼ੈਂਟੇਟਿਵ ਮੇਰੀ ਲਾਈਟਬੌਡੀ ਨੇ ਗੁਮਟਾਲਾ, ਉਨ੍ਹਾਂ ਦੀ ਸਪੁੱਤਰੀ ਮਿਹਰ ਕੌਰ, ਸਕੂਲ ਅਧਿਆਪਕ ਸਨਮਦੀਪ ਕੌਰ ਗਿੱਲ ਨੂੰ ਕਿਹਾ ਕਿ ਮੈਨੂੰ ਉਮੀਦ ਹੈ ਇਸ ਬਿੱਲ ਦੇ ਪਾਸ ਹੋਣ ਨਾਲ ਸਕੂਲੀ ਪਾਠਕ੍ਰਮ ਵਿੱਚ ਸਿੱਖ ਕਮਿਊਨਿਟੀ ਬਾਰੇ ਵੀ ਜਾਣਕਾਰੀ ਓਹੀਓ ਦੇ ਵਿਦਿਆਰਥੀਆਂ ਨੂੰ ਮਿਲੇਗੀ। ਜੂਨ ਮਹੀਨੇ ਵਿੱਚ ਹੋਈ ਪਹਿਲੀ ਸੁਣਵਾਈ ਤੋਂ ਪਹਿਲਾਂ ਸਿੱਖ ਕੋਲੀਸ਼ਨ ਵੱਲੋਂ ਵਿੱਢੇ ਗਏ ਸੱਦੇ 'ਤੇ ਕੋਲੰਬਸ, ਸਿਨਸਿਨਾਟੀ, ਡੇਟਨ, ਕਲੀਵਲੈਂਡ ਤੇ ਹੋਰਨਾਂ ਸ਼ਹਿਰਾਂ ਤੋਂ ਵੱਡੀ ਗਿਣਤੀ ਵਿੱਚ ਸਿੱਖ, ਓਹੀਓ ਸਟੇਟ ਹਾਊਸ ਪੁੱਜੇ ਸਨ। ਇੱਥੇ ਉਨ੍ਹਾਂ ਨੇ ਇਸ ਬਿੱਲ ਦੇ ਸਮਰਥਕ ਹੋਰਨਾਂ ਭਾਈਚਾਰਿਆਂ ਨਾਲ ਮਿਲ ਕੇ ਸੂਬੇ ਦੇ ਵੱਖ ਪਾਰਟੀਆਂ ਦੇ ਚੁਣੇ ਹੋਏ ਪ੍ਰਤੀਨਿਧਾਂ ਕੋਲ ਜਾ ਕੇ ਹਾਊਸ ਬਿੱਲ 171 ਦੇ ਹੱਕ ਵਿੱਚ ਵੋਟਾਂ ਪਾਉਣ ਦੀ ਅਪੀਲ ਕੀਤੀ ਸੀ। ਸੂਬੇ ਦੇ ਵੱਖ-ਵੱਖ ਗੁਰਦੁਆਰਿਆਂ ਵੱਲੋਂ ਵੀ ਇਸ ਬਿੱਲ ਦੇ ਹੱਕ ਵਿੱਚ ਦਸਤਖਤੀ ਮੁਹਿੰਮ ਆਰੰਭੀ ਗਈ ਸੀ ਤੇ ਆਪਣੇ ਆਪਣੇ ਇਲਾਕੇ ਦੇ ਨੁਮਾਇੰਦਿਆਂ ਨੂੰ ਮੰਗ ਪੱਤਰ ਦਿੱਤੇ ਗਏ।

# ਮਾਤਾ ਗੁਜਰੀ ਤੇ ਚਾਰ ਸਾਹਿਬਜ਼ਾਦਿਆਂ ਦੀ ਲਾਸਾਨੀ ਸ਼ਹਾਦਤ ਨੂੰ ਸਮਰਪਿਤ ਗੁਰਮਤਿ ਚੇਤਨਾ ਮਾਰਚ ਕੱਢਿਆ



**ਧਾਰੀਵਾਲ (ਮਨਦੀਪ ਸਿੰਘ ਵਿੱਕੀ)**-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਅਤੇ ਸੁਖਮਿੰਦਰ ਸਿੰਘ ਵਿੱਦਿਆ ਸਕੱਤਰ ਐੱਸਜੀਪੀਸੀ ਦੀ ਸਰਪ੍ਰਸਤੀ ਹੇਠ ਚੱਲ ਰਹੀਆਂ ਸੰਸਥਾਵਾਂ ਬਾਬਾ ਅਜੈ ਸਿੰਘ ਖਾਲਸਾ ਕਾਲਜ ਗੁਰਦਾਸ ਨੰਗਲ ਅਤੇ ਬਾਬਾ ਅਜੈ ਸਿੰਘ ਖਾਲਸਾ ਪਬਲਿਕ ਸਕੂਲ ਗੁਰਦਾਸ ਨੰਗਲ ਵੱਲੋਂ ਮਾਤਾ ਗੁਜਰੀ ਜੀ ਅਤੇ ਚਾਰ ਸਾਹਿਬਜ਼ਾਦਿਆਂ ਦੀ ਲਾਸਾਨੀ ਸ਼ਹਾਦਤ ਨੂੰ ਸਮਰਪਿਤ ਧਾਰਮਿਕ ਸਮਾਗਮ ਕਰਵਾਇਆ ਗਿਆ। ਕਾਲਜ ਪ੍ਰਿੰਸੀਪਲ ਡਾ: ਗੁਰਜੀਤ ਸਿੰਘ ਅਤੇ ਸਕੂਲ ਪ੍ਰਿੰਸੀਪਲ ਬੀਬੀ ਸਰਬਜੀਤ ਕੌਰ ਦੇ ਪ੍ਰਬੰਧਾਂ ਹੇਠ ਕਰਵਾਏ ਸਮਾਗਮ ਵਿੱਚ ਸਭ ਤੋਂ ਪਹਿਲਾਂ ਵਿਦਿਆਰਥੀਆਂ ਅਤੇ ਸਮੂਹ ਸਟਾਫ ਵੱਲੋਂ ਜਪੁਜੀ ਸਾਹਿਬ, ਚੌਪਈ ਸਾਹਿਬ, ਸ਼ਬਦ ਕੀਰਤਨ ਅਤੇ ਅਨੰਦ ਸਾਹਿਬ ਜੀ ਦੀਆਂ ਛੇ ਪੌੜੀਆਂ ਦਾ ਪਾਠ ਕੀਤਾ ਗਿਆ। ਉਪਰੰਤ ਵਿਦਿਆਰਥੀਆਂ ਨੇ ਕਵਿਤਾਵਾਂ ਦੁਆਰਾ ਮਾਤਾ ਗੁਜਰੀ ਜੀ ਅਤੇ ਚਾਰ ਸਾਹਿਬਜ਼ਾਦਿਆਂ ਨੂੰ ਯਾਦ ਕੀਤਾ। ਇਸ ਉਪਰੰਤ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿੱਚ ਅਰਦਾਸ ਕਰਕੇ ਸਕੂਲ ਤੇ ਕਾਲਜ ਦੇ ਵਿਦਿਆਰਥੀਆਂ ਅਤੇ ਅਧਿਆਪਕਾਂ ਵੱਲੋਂ ਸ਼ਹਿਰ ਧਾਰੀਵਾਲ ਗੁਰਮਤਿ ਚੇਤਨਾ ਮਾਰਚ ਕੱਢਿਆ ਗਿਆ। ਇਹ ਚੇਤਨਾ ਮਾਰਚ ਗੁਰਦੁਆਰਾ ਸਾਹਿਬ ਰਣੀਆ ਤੋਂ ਸ਼ੁਰੂ ਹੋ ਕੇ ਸ਼ਹਿਰ ਦੇ ਮੁੱਖ ਬਾਜ਼ਾਰ ਵਿੱਚੋਂ ਹੁੰਦਾ ਹੋਇਆ ਗੁਰਦੁਆਰਾ ਨਾਨਕਪੁਰੀ ਨਵੀਂ ਆਬਾਦੀ ਧਾਰੀਵਾਲ ਤੋਂ ਹੋ ਕੇ ਵੱਖ ਵੱਖ ਥਾਵਾਂ ਤੋਂ ਹੁੰਦਾ ਹੋਇਆ ਗੁਰੂ ਅਰਜਨ ਦੇਵ ਜੀ ਦੇ ਚਰਨ ਛੋਹ ਪ੍ਰਾਪਤ ਇਤਿਹਾਸਕ ਗੁਰਦੁਆਰਾ ਸ੍ਰੀ ਬੁਰਜ ਸਾਹਿਬ ਧਾਰੀਵਾਲ ਵਿੱਖੇ ਪਹੁੰਚ ਕੇ ਸਮਾਪਤ ਹੋਇਆ। ਗੁਰਮਤਿ ਚੇਤਨਾ ਮਾਰਚ ਦੌਰਾਨ ਵਿਦਿਆਰਥੀਆਂ ਨੇ ਮਾਤਾ ਗੁਜਰੀ ਜੀ ਅਤੇ ਸਾਹਿਬਜ਼ਾਦਿਆਂ ਦੀ ਯਾਦ ਵਿੱਚ ਸਬਦ ਗਾਇਨ ਕੀਤੇ ਅਤੇ ਜੰਗਜੂਆਂ ਨੇ ਗਤਕੇ ਦਾ ਸ਼ਾਨਦਾਰ ਪ੍ਰਦਰਸ਼ਨ ਕੀਤਾ। ਗੁਰਮਤਿ ਚੇਤਨਾ ਮਾਰਚ ਵਿੱਚ ਗੁਰਦੁਆਰਾ ਬੁਰਜ ਸਾਹਿਬ ਦੇ ਮੈਨੇਜਰ ਰਣਜੀਤ ਸਿੰਘ ਕਲਿਆਣਪੁਰ, ਪ੍ਰਚਾਰਕ ਭਾਈ ਲਖਬੀਰ ਸਿੰਘ, ਭਾਈ ਜਗਰੂਪ ਸਿੰਘ, ਭਾਈ ਲਵਪ੍ਰੀਤ ਸਿੰਘ, ਭਾਈ ਗੁਰਵਿੰਦਰ ਸਿੰਘ ਵੜੈਚ ਅਤੇ ਬੀਬੀ ਰਾਜਬੀਰ ਕੌਰ (ਸਾਰੇ ਪ੍ਰਚਾਰਕ) ਸ਼ਾਮਲ ਸਨ। ਗੁਰਮਤਿ ਚੇਤਨਾ ਮਾਰਚ ਦਾ ਗੁਰਦੁਆਰਾ ਬੁਰਜ ਸਾਹਿਬ ਪਹੁੰਚਣ ਤੇ ਐੱਸਜੀਪੀਸੀ ਮੈਂਬਰ ਬੀਬੀ ਜਸਬੀਰ ਕੌਰ ਜਫਰਵਾਲ ਵਲੋਂ ਭਰਵਾਂ ਸਵਾਗਤ ਕੀਤਾ ਗਿਆ। ਇਸ ਮੌਕੇ ਕਾਲਜ ਪ੍ਰਿੰਸੀਪਲ ਡਾ: ਗੁਰਜੀਤ ਸਿੰਘ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਅਜੋਕੇ ਨੌਜਵਾਨ ਵਰਗ ਨੂੰ ਆਪਣੇ ਸ਼ਹੀਦਾਂ ਦੇ ਜੀਵਨ ਅਤੇ ਸ਼ਹਾਦਤ ਦੇ ਸਫਰ ਬਾਰੇ ਜਾਗਰੂਕ ਕਰਨਾ ਸਮੇਂ ਦੀ ਮੁੱਖ ਲੋੜ ਹੈ। ਸਕੂਲ ਪ੍ਰਿੰਸੀਪਲ ਬੀਬੀ ਸਰਬਜੀਤ ਕੌਰ ਨੇ ਕਿਹਾ ਕਿ ਸਾਨੂੰ ਆਪਣੇ ਅਮੀਰ ਵਿਰਸੇ ਅਤੇ ਮਾਤਾ ਗੁਜਰੀ ਜੀ ਤੇ ਸਾਹਿਬਜ਼ਾਦਿਆਂ ਦੀ ਅਦੁੱਤੀ ਸ਼ਹਾਦਤ ਬਾਰੇ ਜਾਣਕਾਰੀ ਹੋਣੀ ਬਹੁਤ ਚਾਹੀਦੀ ਹੈ।

# ਸੱਚਖੰਡ ਸ੍ਰੀ ਗੁਰੂ ਨਾਨਕ ਅਸਥਾਨ ਵਿਖੇ ਪੁੰਨਿਆ ਦਾ ਦਿਹਾੜਾ ਬੜੀ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ

**ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)**-ਪਹਿਲੀ ਪਾਤਸ਼ਾਹੀ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਚਰਨ ਛੋਹ ਪ੍ਰਾਪਤ ਇਤਿਹਾਸਕ ਕਸਬਾ ਡੇਰਾ ਬਾਬਾ ਨਾਨਕ ਦੇ ਮਹੁੱਲਾ ਚੋਲਾ ਸਾਹਿਬ ਸਥਿਤ ਗੁਰਦੁਆਰਾ ਸੱਚਖੰਡ ਸ੍ਰੀ ਗੁਰੂ ਨਾਨਕ ਅਸਥਾਨ ਵਿਖੇ ਬਾਬਾ ਅਵਤਾਰ ਸਿੰਘ ਜੀ ਬੇਦੀ ਗੱਦੀਨਸ਼ੀਨ ਸ੍ਰੀ ਚੋਲਾ ਸਾਹਿਬ ਵਾਲਿਆਂ ਦੀ ਅਗਵਾਈ ਹੇਠ ਪੋਹ ਮਹੀਨੇ ਦੀ ਪੁੰਨਿਆ ਦਾ ਦਿਹਾੜਾ ਅਤੇ ਸੱਚਖੰਡ ਵਾਸੀ ਬਾਬਾ ਅਨੂਪ ਸਿੰਘ ਬੇਦੀ ਸ੍ਰੀ ਚੋਲਾ ਸਾਹਿਬ ਵਾਲਿਆਂ ਦੀ ਸਾਲਾਨਾ 19ਵੀ ਬਰਸੀ ਬੜੀ ਸ਼ਰਧਾ ਤੇ ਉਤਸ਼ਾਹ ਨਾਲ ਮਨਾਈ ਗਈ। ਇਸ ਮੌਕੇ ਦੇਸ਼ ਵਿਦੇਸ਼ ਤੋਂ ਵੱਡੀ ਗਿਣਤੀ ਵਿੱਚ ਸੰਗਤਾਂ ਨੇ ਹਾਜ਼ਰੀ ਭਰੀ। ਇਸ ਮੌਕੇ ਸਭ ਤੋਂ ਪਹਿਲਾਂ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ।

ਉਪਰੰਤ ਬਾਬਾ ਅਵਤਾਰ ਸਿੰਘ ਬੇਦੀ ਗੱਦੀਨਸ਼ੀਨ ਸ੍ਰੀ ਚੋਲਾ ਸਾਹਿਬ ਵਾਲਿਆਂ ਵੱਲੋਂ ਸੰਗਤਾਂ ਸਮੇਤ ਬਾਬਾ ਸ੍ਰੀਚੰਦ ਜੀ ਦਾ ਆਰਤਾ ਗਾਇਨ ਕਰਕੇ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ ਗਈ। ਇਸ ਮੌਕੇ ਭਾਈ ਸ਼ਾਮ ਸਿੰਘ ਜੌੜੀਆਂ ਵਾਲਿਆਂ ਦੇ ਕੀਰਤਨੀ ਜਥੇ ਵੱਲੋਂ ਰਸਭਿੰਨਾ ਕੀਰਤਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ ਗਿਆ। ਇਸ ਮੌਕੇ ਬਾਬਾ ਅਵਤਾਰ ਸਿੰਘ ਬੇਦੀ ਨੇ ਸਹੀਦੀ ਦਿਹਾੜਿਆਂ ਨੂੰ ਯਾਦ ਕਰਦਿਆਂ ਧੰਨ-ਧੰਨ ਸ੍ਰੀ



ਗੁਰੂ ਗੋਬਿੰਦ ਮਹਾਰਾਜ, ਮਾਤਾ ਗੁਜਰ ਕੌਰ ਅਤੇ ਚਾਰ ਸਾਹਿਬਜ਼ਾਦਿਆ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ।

ਉਨ੍ਹਾਂ ਕਿਹਾ ਕਿ ਸਾਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਨੂੰ ਆਪਣੇ ਜੀਵਨ ਵਿੱਚ ਅਪਨਾ ਕੇ ਉਸ ਵਿੱਚੋਂ ਮਿਲੀਆਂ ਸਿੱਖਿਆਵਾ ਤੇ ਚੱਲਦਿਆਂ ਗੁਰਬਾਣੀ ਦੇ ਲੜ ਲੱਗ ਕੇ ਮਨੁੱਖਾ ਜੀਵਨ ਬਤੀਤ ਕਰਨਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਸਾਨੂੰ 84 ਲੱਖ ਜੂਨਾਂ ਭੋਗ ਕੇ ਇਹ ਮਨੁੱਖਾ ਜੀਵਨ ਨਸੀਬ ਹੋਇਆ ਹੈ, ਇਸ ਲਈ ਸਾਨੂੰ ਵੱਧ ਤੋ ਵੱਧ ਨਾਮ ਸਿਮਰਨ ਕਰਨਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਗੁਰੂ ਹੀ ਗਿਆਨ ਹੈ ਤੇ ਗਿਆਨ ਹੀ ਪ੍ਰਕਾਸ਼ ਹੈ। ਇਸ ਲਈ ਸਾਨੂੰ ਕੇਵਲ ਤੇ ਕੇਵਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਹੀ ਆਪਣਾ ਗੁਰੂ ਮੰਨਣਾ ਚਾਹੀਦਾ ਹੈ। ਇਸ ਮੌਕੇ ਗੁਰੂ ਕਾ ਅਤੁੱਟ ਲੰਗਰ ਵਰਤਾਇਆ ਗਿਆ।

# ਡਾ. ਦਲਬੀਰ ਸਿੰਘ ਕਥੂਰੀਆ ਪੰਜਾਬੀ ਸਾਹਿਤ ਅਕਾਦਮੀ ਲੁਧਿਆਣਾ ਦੇ ਨਵੇਂ ਸਰਪ੍ਰਸਤ ਬਣੇ



**ਬਾਬਾ ਬਕਾਲਾ (ਨਿਰਮਲ ਸਿੰਘ ਸੰਘਾ)**-ਜੰਡਿਆਲਾ ਗੁਰ (ਅੰਮ੍ਰਿਤਸਰ) ਦੇ ਜੰਮਪਲ ਵਿਸ਼ਵ ਪੰਜਾਬੀ ਸਭਾ ਕੇ ਵਿਸ਼ਵ ਪੰਜਾਬੀ ਭਵਨ ਬਰਾਂਪਟਨ (ਟੋਰਂਟੋ) ਕੈਨੇਡਾ ਦੇ ਸੰਸਥਾਪਕ ਡਾ. ਦਲਬੀਰ ਸਿੰਘ ਕਥੂਰੀਆ ਪੰਜਾਬੀ ਸਾਹਿਤ ਅਕਾਦਮੀ ਲੁਧਿਆਣਾ ਦੇ ਨਵੇਂ ਸਰਪ੍ਰਸਤ ਬਣੇ ਹਨ। ਉਨ੍ਹਾਂ ਸਰਪ੍ਰਸਤ ਵਜੋਂ ਆਪਣੀ ਮੈਂਬਰਸ਼ਿਪ ਦਾ ਇੱਕ ਲੱਖ ਰੁਪਿਆ ਅਕਾਦਮੀ ਦੇ ਜਨਰਲ ਸਕੱਤਰ ਡਾ. ਗੁਰਇਕਬਾਲ ਸਿੰਘ ਨੂੰ ਭੇਟ ਕੀਤਾ। ਡਾ. ਕਥੂਰੀਆ ਨੇ ਕਿਹਾ ਕਿ ਅੱਜ ਮੈਨੂੰ 70 ਸਾਲ ਪੁਰਾਣੀ ਸੰਸਥਾ ਨਾਲ ਜੁੜ ਕੇ ਬਹੁਤ ਮਾਣ ਮਹਿਸੂਸ ਹੋ ਰਿਹਾ ਹੈ। ਉਨ੍ਹਾਂ ਕਿਹਾ ਕਿ ਵਿਸ਼ਵ ਪੰਜਾਬੀ ਸਭਾ ਪੰਜਾਬੀ ਭਾਸਾ ਸਾਹਿਤ ਤੇ ਸੱਭਿਆਚਾਰ ਦੇ ਵਿਕਾਸ ਲਈ ਮੋਢੇ ਨਾਲ ਮੋਢਾ ਜੋੜ ਕੇ ਪੂਰੇ ਵਿਸ਼ਵ ਵਿੱਚ ਕੰਮ ਕਰੇਗੀ। ਉਨ੍ਹਾਂ ਇਸ ਗੱਲ 'ਤੇ ਵੀ ਮਾਣ ਮਹਿਸੂਸ ਕੀਤਾ ਕਿ ਡਾ. ਸ. ਪ. ਸਿੰਘ ਤੇ ਪ੍ਰੋ. ਗੁਰਭਜਨ ਸਿੰਘ ਗਿੱਲ ਵਿਸ਼ਵ ਪੰਜਾਬੀ ਸਭਾ ਦੇ ਸਰਪ੍ਰਸਤ ਹੋਣ ਕਾਰਨ ਹੀ ਮੈਂ ਪੰਜਾਬੀ ਸਾਹਿਤ ਅਕਾਦਮੀ ਲੁਧਿਆਣਾ ਤੇ ਇਸ ਦਾ ਹੈੱਡ ਕੁਆਰਟਰ ਪੰਜਾਬੀ ਭਵਨ ਨਾਲ ਜੁੜ ਸਕਿਆ ਹਾਂ ਜੋ ਸਾਡੇ ਸਭ ਪੰਜਾਬੀਆਂ ਲਈ ਤੀਰਥ ਵਾਂਗ ਹੈ ਕਿਉਂਕਿ ਇਹ ਲੇਖਕਾਂ, ਵਿਦਵਾਨਾਂ ਤੇ ਸੱਭਿਆਚਾਰਕ ਕਾਮਿਆਂ ਦਾ ਆਪਣਾ ਘਰ ਹੈ। ਪੰਜਾਬੀ ਸਾਹਿਤ ਅਕਾਦਮੀ ਦੇ ਸਾਬਕਾ ਪ੍ਰਧਾਨ ਪ੍ਰੋ. ਗੁਰਭਜਨ ਸਿੰਘ ਗਿੱਲ, ਪ੍ਰੋ. ਰਵਿੰਦਰ ਸਿੰਘ ਭੱਠਲ, ਜਨਰਲ ਸਕੱਤਰ ਡਾ. ਗੁਰਇਕਬਾਲ ਸਿੰਘ ਤੇ ਮੀਤ ਪ੍ਰਧਾਨ ਤ੍ਰੈਲੋਚਨ ਲੋਚੀ ਨੇ ਡਾ. ਦਲਬੀਰ ਸਿੰਘ ਕਥੂਰੀਆ ਦਾ ਪੰਜਾਬੀ ਸਾਹਿਤ ਅਕਾਦਮੀ ਪਰਿਵਾਰ ਵਿੱਚ ਸੁਆਗਤ ਕੀਤਾ। ਇਸ ਮੌਕੇ ਵਿਸ਼ਵ ਪੰਜਾਬੀ ਸਭਾ ਦੇ ਜਨਰਲ ਸਕੱਤਰ ਕੰਵਲਜੀਤ ਸਿੰਘ ਲੱਕੀ ਵੀ ਹਾਜ਼ਰ ਸਨ। ਇਸ ਮੌਕੇ ਡਾ. ਦਲਬੀਰ ਸਿੰਘ ਕਥੂਰੀਆ ਦਾ ਪੰਜਾਬ ਫੇਰੀ 'ਤੇ ਸਭਨਾਂ ਨੇ ਰਲ-ਮਿਲ ਸੁਆਗਤ ਕੀਤਾ।

# ਚੇਅਰਮੈਨ ਰਮਨ ਬਹਿਲ ਵੱਲੋਂ ਕਮਿਊਨਿਟੀ ਹੈਲਥ ਸੈਂਟਰ ਸਿੰਘੋਵਾਲ ਦਾ ਦੌਰਾ



**ਗੁਰਦਾਸਪੁਰ, (ਦਿਨੇਸ਼ ਕੁਮਾਰ)**-ਪੰਜਾਬ ਹੈਲਥ ਸਿਸਟਮਜ਼ ਕਾਰਪੋਰੇਸ਼ਨ ਦੇ ਚੇਅਰਮੈਨ ਰਮਨ ਬਹਿਲ ਵੱਲੋਂ ਦੀਨਾਨਗਰ ਵਿਧਾਨ ਸਭਾ ਹਲਕੇ ਅਧੀਨ ਪੈਂਦੇ ਕਮਿਊਨਿਟੀ ਹੈਲਥ ਸੈਂਟਰ ਸਿੰਘੋਵਾਲ ਦਾ ਦੌਰਾ ਕੀਤਾ ਗਿਆ।

ਇਸ ਮੌਕੇ ਉਨ੍ਹਾਂ ਨਾਲ ਉੱਘੇ ਜਨਤਕ ਆਗੂ ਸ਼ਮਸ਼ੇਰ ਸਿੰਘ ਅਤੇ ਸਿਵਲ ਸਰਜਨ ਗੁਰਦਾਸਪੁਰ ਡਾ. ਹਰਭਜਨ ਰਾਮ ਮਾਂਡੀ ਵੀ ਮੌਜੂਦ ਸਨ। ਦੌਰੇ ਦੌਰਾਨ ਚੇਅਰਮੈਨ ਰਮਨ ਬਹਿਲ ਨੇ ਇਥੇ ਮਿਲ ਰਹੀਆਂ ਸਿਹਤ ਸੇਵਾਵਾਂ ਦਾ ਜਾਇਜ਼ਾ ਲਿਆ ਅਤੇ ਦਵਾਈ ਲੈਣ ਆਏ ਮਰੀਜ਼ਾਂ ਨਾਲ ਗੱਲਬਾਤ ਕੀਤੀ। ਉਨ੍ਹਾਂ ਕਿਹਾ ਕਿ ਸਿੰਘੋਵਾਲ ਕਮਿਊਨਿਟੀ ਹੈਲਥ ਸੈਂਟਰ ਵਿੱਚ ਸਟਾਫ ਅਤੇ ਇਲਾਜ ਲਈ ਜ਼ਰੂਰੀ ਸਾਜ਼ੋ-ਸਾਮਾਨ ਦੀ ਘਾਟ ਨੂੰ ਪੂਰਾ ਕੀਤਾ ਜਾਵੇਗਾ ਅਤੇ ਨਾਲ ਹੀ ਇਸ ਸਿਹਤ ਸੰਸਥਾ ਵਿੱਚ ਦਵਾਈਆਂ ਦੀ ਕੋਈ ਘਾਟ ਨਹੀਂ ਰਹਿਣ ਦਿੱਤੀ ਜਾਵੇਗੀ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਸੂਬਾ ਵਾਸੀਆਂ ਨੂੰ ਉਨ੍ਹਾਂ ਦੇ ਘਰ ਦੇ ਨੇੜੇ ਹੀ ਮਿਆਰੀ ਸਿਹਤ ਸੇਵਾਵਾਂ ਦੇਣ ਲਈ ਪੂਰੀ ਤਰ੍ਹਾਂ ਵਚਨਬੱਧ ਹੈ। ਇਸ ਮੌਕੇ ਰਮਨ ਬਹਿਲ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਜ਼ਿਲ੍ਹਾ ਗੁਰਦਾਸਪੁਰ ਲਈ 21 ਹੋਰ ਆਮ ਆਦਮੀ ਕਲੀਨਿਕ ਮਨਜ਼ੂਰ ਕੀਤੇ ਗਏ ਹਨ। ਉਨ੍ਹਾਂ ਦੱਸਿਆ ਕਿ ਇਸ ਸਮੇਂ ਜ਼ਿਲ੍ਹੇ ਵਿੱਚ 35 ਆਮ ਆਦਮੀ ਕਲੀਨਿਕ ਚੱਲ ਰਹੇ ਹਨ, ਜਿਨਾਂ ਵਿੱਚੋਂ ਮਿਲ ਰਹੀਆਂ ਸਿਹਤ ਸਹੂਲਤਾਂ ਦਾ ਆਮ ਲੋਕ ਲਾਭ ਉਠਾ ਰਹੇ ਹਨ। ਉਨ੍ਹਾਂ ਕਿਹਾ ਕਿ ਇਸ ਤੋਂ ਇਲਾਵਾ 6 ਹੋਰ ਨਵੇਂ ਆਮ ਆਦਮੀ ਕਲੀਨਿਕ ਬਣ ਕੇ ਤਿਆਰ ਹਨ ਜਿਨਾਂ ਦਾ ਉਦਘਾਟਨ ਵੀ ਜਲਦੀ ਹੀ ਕਰ ਦਿੱਤਾ ਜਾਵੇਗਾ। ਉਨ੍ਹਾਂ ਕਿਹਾ ਕਿ ਆਮ ਆਦਮੀ ਕਲੀਨਿਕ ਖੁੱਲ੍ਹਣ ਨਾਲ ਨਾ ਸਿਰਫ ਸਿਹਤ ਸੇਵਾਵਾਂ ਵਿੱਚ ਕ੍ਰਾਂਤੀਕਾਰੀ ਸੁਧਾਰ ਹੋਇਆ ਹੈ ਬਲਕਿ ਇਸ ਨਾਲ ਮੈਡੀਕਲ ਖੇਤਰ ਵਿੱਚ ਬਹੁਤ ਸਾਰੇ ਡਾਕਟਰਾਂ ਅਤੇ ਪੈਰਾ ਮੈਡੀਕਲ ਸਟਾਫ ਨੂੰ ਰੁਜ਼ਗਾਰ ਵੀ ਮਿਲਿਆ ਹੈ। ਉਨਾਂ ਕਿਹਾ ਕਿ ਭਗਵੰਤ ਮਾਨ ਸਰਕਾਰ ਸੂਬੇ ਦੇ ਲੋਕਾਂ ਨੂੰ ਮਿਆਰੀ ਸਿਹਤ ਸੇਵਾਵਾਂ ਦੇਣ ਵਿੱਚ ਕੋਈ ਕਸਰ ਬਾਕੀ ਨਹੀਂ ਛੱਡੇਗੀ।

# ਸੰਘਣੀ ਧੁੰਦ ਨੇ ਜਨ-ਜੀਵਨ ਕੀਤਾ ਬੁਰੀ ਤਰ੍ਹਾਂ ਪ੍ਰਭਾਵਿਤ



**ਗੁਰਦਾਸਪੁਰ (ਜਨਕ ਮਹਾਜਨ)**-ਸਰਦੀ ਦਾ ਸੀਜ਼ਨ ਸ਼ੁਰੂ ਹੋਣ ਨਾਲ ਜਿੱਥੇ ਠੰਢ ਵਿਚ ਕਾਫ਼ੀ ਵਾਧਾ ਹੋਇਆ ਹੈ ਉਥੇ ਹੀ ਸਵੇਰ ਅਤੇ ਸ਼ਾਮ ਨੂੰ ਪਿੰਡਾਂ ਵਿਚ ਪੈਂਦੀ ਸੰਘਣੀ ਧੁੰਦ ਨੇ ਜਨ ਜੀਵਨ ਬੁਰੀ ਤਰ੍ਹਾਂ ਪ੍ਰਭਾਵਿਤ ਕੀਤਾ ਹੋਇਆ ਹੈ। ਇਸ ਧੁੰਦ ਨਾਲ ਆਵਾਜਾਈ ਵਿਚ ਕਾਫ਼ੀ ਵਿਘਨ ਪੈ ਰਿਹਾ ਹੈ। ਧੁੰਦ ਇੰਨੀ ਜ਼ਿਆਦਾ ਸੰਘਣੀ ਪੈ ਰਹੀ ਹੈ ਕਿ ਸੜਕ 'ਤੇ ਵਹੀਕਲ ਸਵਾਰਾਂ ਦਾ ਚੱਲਣਾ ਬਹੁਤ ਮੁਸ਼ਕਿਲ ਹੋ ਜਾਂਦਾ ਹੈ, ਕਿਉਂਕਿ ਰਸਤੇ ਵਿਚ ਧੁੰਦ ਕਾਰਨ ਸਾਹਮਣੇ ਤੋਂ ਆਉਂਦਾ ਵਹੀਕਲ ਦਿਖਾਈ ਨਹੀਂ ਦਿੰਦਾ। ਗੰਨੇ ਦਾ ਸੀਜ਼ਨ ਹੋਣ ਕਰਕੇ ਵੱਡੀ ਗਿਣਤੀ ਵਿਚ ਗੰਨੇ ਨਾਲ ਭਰੀਆਂ ਟਰਾਲੀਆਂ ਹਨੇਰੇ, ਸਵੇਰੇ ਸ਼ੂਗਰ ਮਿੱਲਾਂ ਨੂੰ ਜਾਂਦੀਆਂ ਹਨ ਅਤੇ ਕਈ ਟਰਾਲੀਆਂ 'ਤੇ ਰਿਫਲੈਕਟਰ ਵਗੈਰਾ ਨਹੀਂ ਲੱਗੇ ਹੁੰਦੇ ਤੇ ਵਾਰ ਟਰਾਲੀਆਂ ਆਉਂਦੀਆਂ ਦਿਖਾਈ ਨਹੀਂ ਦਿੰਦੀਆਂ। ਉਥੇ ਹੀ ਗੁਰਦਾਸਪੁਰ ਮੁਕੇਰੀਆਂ ਸੜਕ ਵਿਚਕਾਰ ਪਏ ਵੱਡੇ-ਵੱਡੇ ਟੋਏ ਅਤੇ ਸੜਕ ਦੀ ਚੌੜਾਈ ਘੱਟ ਹੋਣ ਕਾਰਨ ਇਨ੍ਹਾਂ ਗੰਨੇ ਨਾਲ ਭਰੀਆਂ ਟਰਾਲੀਆਂ ਨੇੜਿਓਂ ਵੱਡੇ ਵਹੀਕਲ ਦਾ ਲੰਘਣਾ ਔਖਾ ਹੋ ਜਾਂਦਾ ਹੈ। ਇਸ ਤਰ੍ਹਾਂ ਸੰਘਣੀ ਧੁੰਦ ਵਿਚ ਕੁਝ ਵੀ ਦਿਖਾਈ ਨਾ ਦੇਣ ਕਰਕੇ ਹਾਦਸੇ ਹੋਣ ਦਾ ਖਤਰਾ ਵਧ ਜਾਂਦਾ ਹੈ। ਇਸ ਨੂੰ ਧੁੰਦ ਨੂੰ ਦੇਖਦੇ ਹੋਇਆਂ ਲੋਕਾਂ ਨੂੰ ਖੁਦ ਹੀ ਵਹੀਕਲ ਚਲਾਉਂਦੇ ਸਮੇਂ ਸਾਵਧਾਨੀ ਵਰਤਣੀ ਚਾਹੀਦੀ ਹੈ ਅਤੇ ਆਪਣੇ ਵਹੀਕਲਾਂ 'ਤੇ ਅੱਗੇ, ਪਿੱਛੇ ਰਿਫਲੈਕਟਰ ਤੇ ਫੋਗ ਲਾਈਟਾਂ ਲਗਾਉਣੀਆਂ ਚਾਹੀਦੀਆ ਹਨ ਤਾਂ ਜੋ ਕਿਸੇ ਵੇਲੇ ਵੀ ਕੋਈ ਅਣਸੁਖਾਵੀਂ ਘਟਨਾ ਨਾ ਵਾਪਰੇ। ਇਥੇ ਵਰਣਨਯੋਗ ਹੈ ਕਿ ਸੜਕਾਂ 'ਤੇ ਖ਼ਰਾਬ ਹੋਏ ਵਹੀਕਲਾਂ ਨੂੰ ਰਾਤ ਦੇ ਸਮੇਂ ਵਹੀਕਲ ਦੇ ਅੱਗੇ ਪਿੱਛੇ ਲਾਈਟਾਂ ਆਦਿ ਜਗ੍ਹਾ ਕੇ ਰੱਖਣੀਆਂ ਚਾਹੀਦੀਆਂ ਹਨ ਤਾਂ ਜੋ ਅੱਗੋਂ, ਪਿੱਛੋਂ ਆਉਂਦੇ ਵਹੀਕਲਾਂ ਨੂੰ ਸੜਕ 'ਤੇ ਖੜਾ ਵਾਹਨ ਨਜ਼ਰ ਆਵੇ ਅਤੇ ਕੋਸ਼ਿਸ਼ ਕਰਨੀ ਚਾਹੀਦੀ ਹੈ ਕਿ ਕੋਈ ਵੀ ਵਹੀਕਲ ਸੜਕ 'ਤੇ ਖੜਾ ਨਾ ਕੀਤਾ ਜਾਵੇ।

# ਗੁਰਨੂਰ ਅਰੋੜਾ ਗੁਰਬਾਣੀ ਕੰਠ ਪ੍ਰੀਖਿਆ 'ਚ ਤੀਸਰੇ ਸਥਾਨ 'ਤੇ ਰਹੀ



**ਤਰਨ ਤਾਰਨ (ਪ੍ਰਿਤਪਾਲ ਸਿੰਘ)**-ਚੀਫ ਖਾਲਸਾ ਦੀਵਾਨ ਦੀ ਸੁਯੋਗ ਰਹਿਨੁਮਾਈ ਹੇਠ ਚੱਲ ਰਹੀ ਜ਼ਿਲ੍ਹੇ ਦੀ ਨਾਮਵਰ ਸੰਸਥਾ ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ ਤਰਨ ਤਾਰਨ ਦੀ ਵਿਦਿਆਰਥਣ ਗੁਰਨੂਰ ਅਰੋੜਾ ਨੇ ਸ਼ਹੀਦੀ ਗੁਰਪੁਰਬ ਪਾਤਸਾਹੀ ਨੌਵੀਂ ਦੇ ਅਵਸਰ ਤੇ ਐਜੂਕੇਸ਼ਨ ਕਮੇਟੀ ਚੀਫ ਖਾਲਸਾ ਦੀਵਾਨ ਅੰਮ੍ਰਿਤਸਰ ਵੱਲੋਂ ਆਯੋਜਿਤ ਗੁਰਬਾਣੀ ਕੰਠ ਮੁਕਾਬਲੇ ਦੀ ਪ੍ਰੀਖਿਆ ਨਾਲ ਸੰਬੰਧਿਤ ਜਪੁਜੀ ਸਾਹਿਬ ਅਤੇ ਸਬਦ ਹਜਾਰੇ ਪ੍ਰੀਖਿਆ ਵਿੱਚੋਂ ਤੀਸਰਾ ਸਥਾਨ ਹਾਸਲ ਕਰਨ ਤੇ ਹੌਸਲਾ ਅਫਜ਼ਾਈ ਵਜੋਂ 600 ਰੁਪਏ ਦਾ ਨਕਦ ਇਨਾਮ ਪ੍ਰਾਪਤ ਕੀਤਾ। ਚੀਫ ਖਾਲਸਾ ਦੀਵਾਨ ਦੇ ਅਡੀਸ਼ਨਲ ਆਨਰੇਰੀ ਸਕੱਤਰ, ਲੋਕਲ ਕਮੇਟੀ ਦੇ ਪ੍ਰਧਾਨ ਅਤੇ ਸਕੂਲ ਦੇ ਮੈਂਬਰ ਇੰਚਾਰਜ ਹਰਜੀਤ ਸਿੰਘ ਚੀਫ ਖਾਲਸਾ ਦੀਵਾਨ ਲੋਕਲ ਕਮੇਟੀ ਦੇ ਮੀਤ ਪ੍ਰਧਾਨ ਅਤੇ ਸਕੂਲ ਦੇ ਮੈਂਬਰ ਇੰਚਾਰਜ ਗੁਰਿੰਦਰ ਸਿੰਘ, ਸਕੂਲ ਦੇ ਮੈਂਬਰ ਇੰਚਾਰਜ ਰਣਦੀਪ ਸਿੰਘ ਨੇ ਬੱਚੀ ਨੂੰ ਸਨਮਾਨ ਹਾਸਲ ਕਰਨ 'ਤੇ ਵਧਾਈ ਦਿੱਤੀ। ਉਨ੍ਹਾਂ ਨੇ ਗੁਰੂ ਜੀ ਦੀ ਸਫਰ ਏ ਸ਼ਹਾਦਤ ਨੂੰ ਯਾਦ ਰੱਖਣ, ਗੁਰਬਾਣੀ ਨਾਲ ਜੁੜੇ ਰਹਿਣ, ਧਰਮ ਦੀ ਰਾਹ ਤੇ ਚੱਲਦਿਆਂ ਆਪਣੀ ਜ਼ਿੰਦਗੀ ਵਿੱਚ ਸ਼ਾਂਤੀ, ਨਿਮਰਤਾ ਅਤੇ ਸੇਵਾ ਭਾਵਨਾ ਬਣਾਈ ਰੱਖਣ ਲਈ ਪ੍ਰੇਰਿਤ ਕੀਤਾ। ਸਕੂਲ ਦੇ ਪ੍ਰਿੰਸੀਪਲ ਰਣਜੀਤ ਭਾਟੀਆ ਨੇ ਆਪਣੇ ਸੰਦੇਸ਼ ਵਿੱਚ ਕਿਹਾ ਕਿ ਸਾਨੂੰ ਗੁਰੂ ਤੇਗ ਬਹਾਦਰ ਜੀ ਦੇ ਸਮੁੱਚੇ ਪਰਿਵਾਰ ਦੀ ਲਾਸਾਨੀ ਸ਼ਹਾਦਤ ਅਤੇ ਸਿਦਕ ਤੋਂ ਪ੍ਰੇਰਨਾ ਲੈਣੀ ਚਾਹੀਦੀ ਹੈ। ਉਨ੍ਹਾਂ ਨੇ ਇਨਾਮ ਪ੍ਰਾਪਤ ਕਰਨ ਵਾਲੀ ਬੱਚੀ ਨੂੰ ਵਧਾਈ ਦਿੰਦਿਆਂ ਕਿਹਾ ਕਿ ਉਸ ਨੇ ਗੁਰਬਾਣੀ ਕੰਠ ਮੁਕਾਬਲੇ ਵਿਚ ਇਨਾਮ ਪ੍ਰਾਪਤ ਕਰ ਕੇ ਆਪਣੇ ਮਾਤਾ-ਪਿਤਾ ਅਤੇ ਸਕੂਲ ਦਾ ਨਾਮ ਰੌਸ਼ਨ ਕੀਤਾ ਹੈ। ਇਹੋ ਜਿਹੇ ਹੋਣਹਾਰ ਵਿਦਿਆਰਥੀ ਦੂਸਰਿਆਂ ਲਈ ਪ੍ਰੇਰਣਾ ਸਰੋਤ ਬਣਦੇ ਹਨ।

# ਦਿਹਾਤੀ ਸੰਪਰਕ ਸੜਕਾਂ 'ਤੇ ਉੱਗੀ ਜੜੀ ਬੂਟੀ ਬਣ ਰਹੀ ਹੈ ਲੋਕਾਂ ਦੀ ਪ੍ਰੇਸ਼ਾਨੀ ਦਾ ਕਾਰਨ



**ਗੁਰਦਾਸਪੁਰ (ਜਨਕ ਮਹਾਜਨ)**-ਗੁਰਦਾਸਪੁਰ ਜ਼ਿਲ੍ਹੇ ਦੇ ਬੇਟ ਖੇਤਰ ਤੇ ਨਹਿਰਾਂ ਕੰਢੇ ਜੜੀ ਬੂਟੀ ਵਧੇਰੇ ਮਾਤਰਾ ਵਿਚ ਹੋਣ ਕਰਕੇ ਲੋਕਾਂ ਦਾ ਜਨ ਜੀਵਨ ਬੁਰੀ ਤਰ੍ਹਾਂ ਪ੍ਰਭਾਵਿਤ ਹੋ ਰਿਹਾ ਹੈ। ਇਲਾਕਾ ਵਾਸੀਆਂ ਨੇ ਦੱਸਿਆ ਕਿ ਦਿਹਾਤੀ ਸੰਪਰਕ ਸੜਕਾਂ 'ਤੇ ਜੜੀ ਬੂਟੀ ਬਰਸਾਤ ਤੋਂ ਪਹਿਲਾਂ ਹੀ ਵਧੇਰੇ ਮਾਤਰਾ ਵਿਚ ਹੋਣ ਕਰਕੇ ਲੁਟੇਰੇ ਦਿਨ ਦਿਹਾੜੇ ਰਾਹਗੀਰ ਲੋਕਾਂ ਨੂੰ ਨਿਸ਼ਾਨਾਂ ਬਣਾ ਕੇ ਉਨ੍ਹਾਂ ਦੀ ਲੁੱਟ ਖੋਹ ਕਰ ਲੈਂਦੇ ਹਨ ਅਤੇ ਖ਼ਾਸ ਕਰਕੇ ਇਹ ਘਟਨਾਵਾਂ ਦੁਪਹਿਰ ਵੇਲੇ ਅਕਸਰ ਵਾਪਰਦੀਆਂ ਹਨ। ਉਨ੍ਹਾਂ ਦੱਸਿਆ ਕਿ ਗਾਜੀਕੋਟ ਤੋਂ ਕਾਹਨੂੰਵਾਲ ਸਠਿਆਲੀ ਪੁਲ ਅਤੇ ਪਿੰਡ ਕਰਾਲ ਤੇ ਗੁਰਦਾਸਪੁਰ ਮੁਕੇਰੀਆਂ ਮੁੱਖ ਸੜਕ 'ਤੇ ਜੜੀ ਬੂਟੀ ਦੀ ਭਰਮਾਰ ਆਮ ਦੇਖੀ ਜਾਂਦੀ ਹੈ ਜਿਸ ਵੱਲ ਸੰਬੰਧਿਤ ਵਿਭਾਗ ਬਿਲਕੁਲ ਵੀ ਧਿਆਨ ਨਹੀਂ ਦੇ ਰਿਹਾ। ਉਨ੍ਹਾਂ ਡਿਪਟੀ ਕਮਿਸ਼ਨਰ ਗੁਰਦਾਸਪੁਰ ਪਾਸੋਂ ਮੰਗ ਕੀਤੀ ਹੈ ਕਿ ਨਹਿਰਾਂ ਕੰਢੇ ਅਤੇ ਦਿਹਾਤੀ ਸੜਕਾਂ 'ਤੇ ਜੜੀ ਬੂਟੀ ਕਟਵਾਉਣ ਵਾਸਤੇ ਸੰਬੰਧਿਤ ਵਿਭਾਗ ਨੂੰ ਹਦਾਇਤਾਂ ਕੀਤੀਆਂ ਜਾਣ ਜਿਸ ਨਾਲ ਲੋਕ ਚੋਰੀ ਅਤੇ ਲੁੱਟਾਂ ਖੋਹਾਂ ਵਰਗੀਆਂ ਘਟਨਾਵਾਂ ਤੋਂ ਬਚ ਸਕਣ।

# ਗੁਰੂ ਗੋਬਿੰਦ ਸਿੰਘ ਮਾਡਰਨ ਸਕੂਲ ਬਖਤਪੁਰ ਵਿਖੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਨੂੰ ਸਮਰਪਿਤ ਸਮਾਗਮ



**ਧਾਰੀਵਾਲ (ਮਨਦੀਪ ਸਿੰਘ ਵਿੱਕੀ)**-ਗੁਰੂ ਗੋਬਿੰਦ ਸਿੰਘ ਮਾਡਰਨ ਸਕੂਲ ਬਖਤਪੁਰ ਦੇ ਵਿਦਿਆਰਥੀਆਂ ਵੱਲੋਂ ਚਾਰ ਸਾਹਿਬਜ਼ਾਦਿਆਂ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਧਾਰਮਿਕ ਸਮਾਗਮ ਆਯੋਜਿਤ ਕੀਤਾ ਗਿਆ। ਇਸ ਬਾਬਤ ਸਕੂਲ ਪ੍ਰਿੰਸੀਪਲ ਮੇਜਰ ਸਿੰਘ ਚਾਹਲ ਨੇ ਦੱਸਿਆ ਕਿ ਸਮਾਗਮ ਵਿਚ ਬੱਚਿਆਂ ਵੱਲੋਂ ਮਾਤਾ ਗੁਜਰੀ ਤੇ ਚਾਰੇ ਸਾਹਿਬਜ਼ਾਦਿਆਂ ਦੀ ਲਾਸਾਨੀ ਸ਼ਹਾਦਤ ਨੂੰ ਯਾਦ ਕਰਦੇ ਹੋਏ ਕੀਰਤਨ, ਕਵੀਸ਼ਰੀ, ਧਾਰਮਿਕ ਕਵਿਤਾਵਾਂ ਤੇ ਗੀਤ ਗਾਏ ਗਏ। ਨਰਸਰੀ ਜਮਾਤ ਦੀ ਛੋਟੀ ਜਿਹੀ ਬੱਚੀ ਨਿਮਰਤ ਕੌਰ ਵੱਲੋਂ ਮੂਲ ਮੰਤਰ ਦੇ ਪਾਠ ਨਾਲ ਸਮਾਗਮ ਦਾ ਅਰੰਭ ਹੋਇਆ। ਇਸ ਸਮਾਗਮ ਵਿਚ ਸਿਮਰਨਜੀਤ ਕੌਰ, ਸੁਮਨਪ੍ਰੀਤ ਕੌਰ, ਸੁਖਮਨਪ੍ਰੀਤ ਕੌਰ ਤੇ ਹਰਪ੍ਰਤਾਪ ਸਿੰਘ ਨੇ ਵੈਰਾਗਮਈ ਕੀਰਤਨ ਕੀਤਾ। ਉਪਰੰਤ ਮਨਸੀਰਤ ਕੌਰ ਤੇ ਪੁਨੀਤ ਕੌਰ ਨੇ 'ਤੁਹਾਡੇ ਨਾਲੋਂ ਪਹਿਲਾਂ ਵੱਡੇ ਵੀਰ ਜੀ' ਕਵਿਤਾ, ਸਿਮਰਨਜੀਤ ਕੌਰ ਨੇ 'ਕਲਗੀਆਂ ਵਾਲਿਆ' ਕਵਿਤਾ, ਸਾਜਪ੍ਰੀਤ ਕੌਰ ਨੇ 'ਵੇਲਾ ਆ ਗਿਆ ਏ ਦਾਦੀਏ ਜੁਦਾਈ ਦਾ', ਸਹਿਜਪ੍ਰੀਤ ਸਿੰਘ ਤੇ ਕਵਨਜੋਤ ਸਿੰਘ ਨੇ 'ਵਾਟਾਂ ਲੰਮੀਆਂ... ਗੀਤ, ਤਰਸਦੀਪ ਸਿੰਘ ਨੇ ਗੋਬਿੰਦ ਦੇ ਲਾਲ ਗੀਤ, ਨਵਨੀਤ ਕੌਰ ਨੇ ਆ ਚੱਲੀਏ ਹੁਣ ਆ ਚੱਲੀਏ, ਸਿਮਰਨਜੀਤ ਕੌਰ ਨੇ ਜੀਤਾਂ ਜਾਂਦੀ ਵਾਰੀ ਕਰ ਲੈ ਵਿਹਾਰ, ਜੀਆ ਤੇ ਸਿਮਰਨਜੀਤ ਕੌਰ ਨੇ ਵਾਟਾਂ ਲੰਮੀਆਂ, ਅਦਿੱਤਆਜੀਤ ਸਿੰਘ ਨੇ ਮਾਏ ਤੇਰੇ ਪੋਤਰੇ ਸ਼ਹੀਦੀ ਪਾ ਗਏ, ਰਣਜੋਧਵੀਰ ਸਿੰਘ ਤੇ ਗੁਰਨੂਰ ਸਿੰਘ ਨੇ ਤੇਰੇ ਨੈਣ ਨਕਸ਼ ਕਵੀਸ਼ਰੀ, ਹਰਮਨਦੀਪ ਕੌਰ ਨੇ ਦੇਹਿ ਸ਼ਿਵਾ ਸ਼ਬਦ, ਸਿਮਰਨਜੀਤ ਕੌਰ ਤੇ ਸੁਖਮਨਦੀਪ ਕੌਰ ਨੇ ਵਾਟਾਂ ਲੰਮੀਆਂ, ਗੁਰਲੀਨ ਕੌਰ ਨੇ ਮਾਏ ਤੇਰੇ ਪੋਤਰੇ, ਜਸਲੀਨ ਕੌਰ ਨੇ ਸੂਬੇ ਦੀ ਕਚਹਿਰੀ 'ਚ ਦੋ ਸ਼ੇਰ ਕਵਿਤਾ, ਸੁਖਮਨਪ੍ਰੀਤ ਕੌਰ ਨੇ ਵਿਚ ਕਚਹਿਰੀ ਜਾ ਕੇ ਕਵਿਤਾ, ਗਗਨਪ੍ਰੀਤ ਕੌਰ ਨੇ ਸੰਗਤੇ ਨੀ ਮੇਰਾ ਨਾਂ ਗੁਜਰੀ ਤੇ ਅਰਦਾਸ ਕਵਿਤਾ, ਬਿਕਰਮਜੀਤ ਸਿੰਘ, ਦਮਨਪ੍ਰੀਤ ਸਿੰਘ ਤੇ ਪ੍ਰਭਜੋਤ ਸਿੰਘ ਨੇ ਨੀਲ਼ੇ ਦੇ ਸ਼ਾਹ ਅਸਵਾਰਾਂ ਤੇ ਕਰਕੇ ਹਾਰ ਸ਼ਿੰਗਾਰ ਕਵਿਤਾ ਵਾਲ਼ੀ ਕਵੀਸ਼ਰੀ ਗਾ ਕੇ ਆਪਣੇ ਸ਼ਹੀਦਾਂ ਨੂੰ ਸਿਜਦਾ ਕੀਤਾ। ਇਸ ਮੌਕੇ ਸਕੂਲ ਦੇ ਡਾਇਰੈਕਟਰ ਡਾ: ਮਹਿੰਦਰਪਾਲ ਸਿੰਘ ਕਲੇਰ, ਪ੍ਰਧਾਨ ਮੈਡਮ ਰਣਜੀਤ ਕੌਰ, ਪ੍ਰਿੰਸੀਪਲ ਮੇਜਰ ਸਿੰਘ ਚਾਹਲ, ਮੈਡਮ ਸੁਖਵੰਤ ਕੌਰ, ਮੈਡਮ ਕੁਲਦੀਪ ਕੌਰ, ਮੈਡਮ ਕੁਲਜਿੰਦਰ ਕੌਰ, ਮੈਡਮ ਮਨਪ੍ਰੀਤ ਕੌਰ, ਮੈਡਮ ਰਮਨਦੀਪ ਕੌਰ ਅਤੇ ਮੈਡਮ ਰੇਨੂ ਬਾਲਾ ਆਦਿ ਸਮੇਤ ਸਮੂਹ ਸਟਾਫ ਮੈਂਬਰ ਹਾਜ਼ਿਰ ਸਨ।

# ਪੰਡੋਰੀ ਰੋਮਾਣਾ ਦੇ 25 ਪਰਵਾਰ ਆਮ ਆਦਮੀ ਪਾਰਟੀ 'ਚ ਸ਼ਾਮਲ

## ਪੰਜਾਬ ਨੂੰ ਮੁੜ ਤੋਂ ਰੰਗਲਾ ਪੰਜਾਬ ਬਣਾਉਣ ਲਈ ਲੋਕਾਂ ਦਾ ਸਹਿਯੋਗ ਜ਼ਰੂਰੀ : ਡਾ. ਸੋਹਲ

**ਸਰਾਏ ਅਮਾਨਤ ਖਾਂ (ਮੱਖਣ ਮਨੋਜ)**-ਹਲਕਾ ਤਰਨ ਤਾਰਨ ਦੇ ਵਿਧਾਇਕ ਡਾ. ਕਸ਼ਮੀਰ ਸਿੰਘ ਸੋਹਲ ਵੱਲੋਂ ਬੀਤੇ ਦਿਨੀਂ ਪਿੰਡ ਪੰਡੋਰੀ ਰੋਮਾਣਾ ਵਿਖੇ ਆਪ ਆਗੂ ਬਚਿੱਤਰ ਸਿੰਘ ਦੇ ਗ੍ਰਹਿ ਵਿਖੇ ਪਿੰਡ ਦੇ ਮੋਹਤਬਰ ਵਿਅਕਤੀਆਂ ਅਤੇ ਆਮ ਆਦਮੀ ਪਾਰਟੀ ਦੇ ਆਗੂਆਂ ਨਾਲ ਮੀਟਿੰਗ ਕੀਤੀ ਗਈ। ਮੀਟਿੰਗ ਵਿੱਚ ਵੱਡੀ ਗਿਣਤੀ ਵਿੱਚ ਪਿੰਡ ਵਾਸੀਆਂ ਨੇ ਹਾਜ਼ਰੀ ਭਰੀ ਅਤੇ ਵਿਧਾਇਕ ਡਾ. ਸੋਹਲ ਵੱਲੋਂ ਪਿੰਡ ਵਾਸੀਆਂ ਦੀਆਂ ਮੁਸ਼ਕਿਲਾਂ ਸੁਣੀਆਂ ਗਈਆਂ ਤੇ ਉਨ੍ਹਾਂ ਨੂੰ ਜਲਦ ਹੱਲ ਕਰਵਾਉਣ ਦਾ ਭਰੋਸਾ ਵੀ ਦਿੱਤਾ। ਮੀਟਿੰਗ ਤੋਂ ਬਾਅਦ ਆਪ ਆਗੂ ਬਚਿੱਤਰ ਸਿੰਘ ਦੀ ਪ੍ਰੇਰਨਾ ਸਦਕਾ ਪਿੰਡ ਦੇ ਤਕਰੀਬਨ 25 ਪਰਿਵਾਰ ਆਮ ਆਦਮੀ ਪਾਰਟੀ ਦੀਆਂ ਨੀਤੀਆਂ ਅਤੇ ਹਲਕਾ ਵਿਧਾਇਕ ਡਾ. ਕਸ਼ਮੀਰ ਸਿੰਘ ਸੋਹਲ ਦੇ ਕੰਮਾਂ ਤੋਂ ਪ੍ਰਭਾਵਿਤ ਹੋ ਕੇ ਆਮ ਆਦਮੀ ਪਾਰਟੀ ਵਿੱਚ ਸ਼ਾਮਿਲ ਹੋ ਗਏ। ਪਾਰਟੀ ਵਿੱਚ ਸ਼ਾਮਿਲ ਹੋਣ ਵਾਲੇ ਪਰਿਵਾਰਾਂ ਨੂੰ ਵਿਧਾਇਕ ਡਾ. ਸੋਹਲ ਨੇ ਜੀ ਆਇਆਂ ਕਿਹਾ ਅਤੇ ਉਨ੍ਹਾਂ ਨੂੰ ਵਿਸ਼ਵਾਸ ਦਿਵਾਇਆ ਕਿ ਪਾਰਟੀ ਵਿੱਚ ਉਨ੍ਹਾਂ ਨੂੰ ਬਣਦਾ ਮਾਣ-ਸਨਮਾਨ ਦਿੱਤਾ ਜਾਵੇਗਾ। ਭਾਰੀ ਇਕੱਠ ਨੂੰ ਸੰਬੋਧਨ ਕਰਦਿਆਂ ਹਲਕਾ ਵਿਧਾਇਕ ਡਾ. ਕਸ਼ਮੀਰ ਸਿੰਘ ਸੋਹਲ ਨੇ ਕਿਹਾ ਕਿ ਹਲਕੇ ਦੇ ਪਿੰਡਾਂ ਦੇ ਵਿਕਾਸ ਵਿੱਚ ਕੋਈ ਕਸਰ ਨਹੀਂ ਛੱਡੀ ਜਾਵੇਗੀ। ਉਨ੍ਹਾਂ ਕਿਹਾ ਕਿ ਪਿਛਲੀਆਂ ਰਵਾਇਤੀ ਪਾਰਟੀਆਂ ਦੇ ਆਗੂਆਂ ਨੇ ਵਿਕਾਸ ਦੇ ਨਾਮ 'ਤੇ ਪੰਜਾਬ ਅਤੇ ਪੰਜਾਬੀਆਂ ਨੂੰ ਸਿਰਫ ਲੁੱਟਿਆ ਹੀ ਹੈ ਜਿਸ ਦਾ ਖਮਿਆਜ਼ਾ ਪੂਰੇ



ਪੰਜਾਬ ਨੂੰ ਭੁਗਤਣਾ ਪੈ ਰਿਹਾ ਹੈ। ਵਿਧਾਇਕ ਸੋਹਲ ਨੇ ਦੱਸਿਆ ਕਿ ਜਦੋਂ ਦੀ ਪੰਜਾਬ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਬਣੀ ਹੈ ਪੰਜਾਬ ਮੁੜ ਤੋਂ ਵਿਕਾਸ ਦੀਆਂ ਲੀਹਾਂ ਵੱਲ ਤੁਰ ਪਿਆ ਹੈ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਪੰਜਾਬ ਨੂੰ ਮੁੜ ਤੋਂ ਰੰਗਲਾ ਪੰਜਾਬ ਬਣਾਉਣ ਲਈ ਆਮ ਆਦਮੀ ਪਾਰਟੀ ਦਾ ਵੱਧ ਤੋਂ ਵੱਧ ਸਾਥ ਦੇਣ। ਆਪ ਆਗੂ ਬਚਿੱਤਰ ਸਿੰਘ ਨੇ ਡਾ. ਸੋਹਲ ਦਾ ਧੰਨਵਾਦ ਕੀਤਾ ਅਤੇ ਕਿਹਾ ਕਿ ਹਲਕਾ ਵਿਧਾਇਕ ਡਾ. ਸੋਹਲ ਵੱਲੋਂ ਹਲਕੇ ਦੇ ਪਿੰਡਾਂ ਦਾ ਬੇਸ਼ੁਮਾਰ ਵਿਕਾਸ ਕਰਵਾਇਆ ਜਾ ਰਿਹਾ ਹੈ ਅਤੇ ਹਲਕੇ ਦੇ ਲੋਕ ਵਿਧਾਇਕ ਸੋਹਲ ਦੀਆਂ ਨੀਤੀਆਂ ਤੇ ਕੰਮਾਂ ਤੋਂ ਬੇਹਦ ਪ੍ਰਸੰਨ ਹਨ। ਉਨ੍ਹਾਂ ਕਿਹਾ ਕਿ ਅੱਜ ਕਿਸੇ ਵੀ ਵਿਅਕਤੀ 'ਤੇ ਝੂਠਾ ਪਰਚਾ ਨਹੀਂ ਹੋ ਰਿਹਾ। ਅੱਜ ਥਾਣਿਆਂ ਵਿੱਚੋਂ ਰੌਣਕਾਂ ਘੱਟ ਗਈਆਂ ਹਨ , ਜੋ ਕਿ ਸਿਰਫ ਤੇ ਸਿਰਫ ਵਿਧਾਇਕ ਸੋਹਲ ਦੀਆਂ ਨੀਤੀਆਂ ਸਦਕਾ ਹੀ ਸੰਭਵ ਹੋ ਸਕਿਆ ਹੈ। ਇਸ ਮੌਕੇ ਤੇ ਹਰਭਜਨ ਸਿੰਘ ਨੰਬਰਦਾਰ, ਗੁਰਪ੍ਰਤਾਪ ਸਿੰਘ ਪੰਚਾਇਤ ਮੈਂਬਰ, ਸਤਨਾਮ ਸਿੰਘ ਪੰਚਾਇਤ ਮੈਂਬਰ, ਸਿਮਰਨਜੀਤ ਕੌਰ, ਪੰਚਾਇਤ ਮੈਂਬਰ ਸੰਦੀਪ ਕੌਰ, ਪੰਚਾਇਤ ਮੈਂਬਰ ਬਲਕਾਰ ਸਿੰਘ, ਪੰਚਾਇਤ ਮੈਂਬਰ ਸਰਬਜੀਤ ਸਿੰਘ, ਸਾਬਕਾ ਗੰਗਾ ਸਿੰਘ, ਸਤਨਾਮ ਸਿੰਘ ਲਾਲੀ, ਕੁਲਦੀਪ ਸਿੰਘ ਸੋਨੀ, ਅਮਰਜੀਤ ਸਿੰਘ, ਸੁਖਦੇਵ ਸਿੰਘ, ਜਗਰੂਪ ਸਿੰਘ, ਸਵਿੰਦਰ ਸਿੰਘ, ਦਿਲਬਾਗ ਸਿੰਘ, ਸਲਵਿੰਦਰ ਸਿੰਘ, ਨਿਰਮਲ ਸਿੰਘ, ਗੁਰਜੰਟ ਸਿੰਘ, ਸਰਵਣ ਸਿੰਘ, ਹਰਜਿੰਦਰ ਸਿੰਘ, ਪਰਮਜੀਤ ਸਿੰਘ, ਰਣਜੀਤ ਸਿੰਘ, ਲਖਬੀਰ ਸਿੰਘ, ਬਚਿੱਤਰ ਸਿੰਘ ਪੰਚਾਇਤ ਮੈਂਬਰ, ਕੈਪਟਨ ਸਿੰਘ, ਕਰਮਜੀਤ ਸਿੰਘ, ਜਗਰੋਸਨ ਸਿੰਘ, ਕਮਲਪ੍ਰੀਤ ਸਿੰਘ, ਰਮਨਜੀਤ ਸਿੰਘ, ਸੁਬੇਗ ਸਿੰਘ, ਪ੍ਰਗਟ ਸਿੰਘ, ਲਵਪ੍ਰੀਤ ਸਿੰਘ, ਹਰਜਿੰਦਰ ਸਿੰਘ ਬਿੱਟੂ, ਹਰਪਾਲ ਸਿੰਘ ਫੌਜੀ, ਮਲੂਕ ਸਿੰਘ ਫੌਜੀ, ਪ੍ਰਦੀਪ ਸਿੰਘ, ਅਮਰੀਕ ਸਿੰਘ, ਸੁਖਜਿੰਦਰ ਸਿੰਘ, ਕੈਪਟਨ ਬਾਬਾ ਰਮਨਦੀਪ ਕੌਰ, ਕੁਲਦੀਪ ਸਿੰਘ, ਸੰਤੋਖ ਸਿੰਘ, ਲਖਵਿੰਦਰ ਸਿੰਘ ਕਾਲਾ, ਭਗਵੰਤ ਸਿੰਘ, ਜਸਵੰਤ ਸਿੰਘ, ਕੇਵਲ ਸਿੰਘ ਗੁਰਵੇਲ ਸਿੰਘ, ਕੁਲਵਿੰਦਰ ਕੌਰ, ਰਾਜਵੀਰ ਕੌਰ, ਮਨਪ੍ਰੀਤ ਕੌਰ, ਡਾਕਟਰ ਹਰਜੀਤ ਸਿੰਘ ਬਲਾਕ ਪ੍ਰਧਾਨ, ਡਾਕਟਰ ਕੁਲਦੀਪ ਸਿੰਘ, ਪੰਡੋਰੀ ਰਾਮ ਸਿੰਘ, ਗੁਰਮੁਖ ਸਿੰਘ, ਪਾਲ ਸਿੰਘ, ਹਰਮਨਜੀਤ ਸਿੰਘ ਰੰਧਾਵਾ ਆਦਿ ਹਾਜ਼ਰ ਸਨ।

# ਰੋਟਰੀ ਕਲੱਬ ਮੇਨ ਵੱਲੋਂ ਰਿਕਸ਼ਾ ਚਾਲਕਾਂ ਨੂੰ ਗਰਮ ਕੱਪੜੇ ਤੇ ਜੁਰਾਬਾਂ ਭੇਟ

**ਅੰਮ੍ਰਿਤਸਰ (ਅਰੋੜਾ)**: ਰੋਟਰੀ ਕਲੱਬ ਅੰਮ੍ਰਿਤਸਰ ਮੇਨ ਵੱਲੋਂ ਕਲੱਬ ਦੇ ਪ੍ਰਧਾਨ ਸਮਾਜ ਸੇਵਕ ਦੀਪਕ ਖੰਨਾ, ਸਕੱਤਰ ਸਾਵਨ ਕੁਮਾਰ ਅਰੋੜਾ ਅਤੇ ਪ੍ਰੋਜੈਕਟ ਚੇਅਰਮੈਨ ਸਾਬਕਾ ਪ੍ਰਧਾਨ ਵਿਕਾਸ ਕੁਮਾਰ ਦੀ ਦੇਖਰੇਖ ਵਿੱਚ ਇੱਕ ਸ਼ਲਾਘਾਯੋਗ ਪ੍ਰੋਜੈਕਟ ਨੂੰ ਅੰਜਾਮ ਦਿੰਦੇ ਹੋਏ ਸਰਦੀ ਵਿੱਚ ਠਰਦੇ ਰਿਕਸ਼ਾ ਚਾਲਕਾਂ ਦੀ ਸਹਾਇਤਾ ਲਈ ਉਨ੍ਹਾਂ ਨੂੰ ਗਰਮ ਕੱਪੜੇ ਅਤੇ ਜੁਰਾਬਾਂ ਵੰਡੀਆਂ ਗਈਆਂ।ਪ੍ਰਧਾਨ ਦੀਪਕ ਖੰਨਾ, ਸੀ. ਏ. ਵਿਕਾਸ ਕੁਮਾਰ ਨੇ ਦੱਸਿਆ ਕਿ ਸਰਦੀ ਦਾ ਪ੍ਰਕੋਪ ਦਿਨ ਵ ਦਿਨ ਵੱਧਦਾ ਜਾ ਰਿਹਾ ਹੈ। ਇਸ ਲਈ ਲੋੜਵੰਦ ਗਰੀਬ ਮਜ਼ਦੂਰਾਂ ਅਤੇ ਰਿਕਸ਼ਾ ਚਾਲਕਾਂ ਦੇ ਕੋਲ ਪਾਉਣ ਦੇ ਲਈ ਢੰਗ ਦੇ ਗਰਮ ਕੱਪੜੇ ਵੀ ਨਹੀ ਹੁੰਦੇ ਜਿਸਨੂੰ ਧਿਆਨ ਵਿੱਚ ਰੱਖਦੇ ਹੋਏ ਰੋਟਰੀ ਕਲੱਬ ਮੇਨ ਵੱਲੋਂ ਇਹ ਪ੍ਰੋਜੈਕਟ ਕੀਤਾ ਗਿਆ। ਉਨ੍ਹਾਂ ਨੇ ਕਿਹਾ ਕਿ ਰੋਟਰੀ ਮੇਨ ਦੇ ਵੱਲੋਂ ਮਜੀਠਾ ਰੋਡ, ਰੇਲਵੇ ਸਟੇਸ਼ਨ, ਲਾਰੰਸ ਰੋਡ ਅਤੇ ਬਟਾਲਾ ਰੋਡ ਜਿਸ ਜਗ੍ਹਾ ਤੇ ਵੀ ਰਿਕਸ਼ਾ ਚਾਲਕ ਇਕੱਠੇ ਹੁੰਦੇ ਹਨ ਉਨ੍ਹਾਂ ਦੀ ਸਹਾਇਤਾ ਕੀਤਾ ਗਈ ਹੈ। ਸੀ. ਏ. ਵਿਕਾਸ ਨੇ ਕਿਹਾ ਕਿ ਬਹੁਤ ਜਲਦੀ ਅਗਲਾ ਪ੍ਰੋਜੈਕਟ ਵੀ ਰੋਟਰੀ ਮੇਨ ਦੇ ਵੱਲੋ ਕੀਤਾ ਜਾਏਗਾ। ਇਸ ਮੌਕੇ ਰੋਟਰੀ ਦੇ ਸਾਬਾ ਗਵਰਨਰ ਸੀ. ਏ. ਦਵਿੰਦਰ ਸਿੰਘ, ਸੀਨੀਅਰ ਰੋਟੇਰੀਅਨ ਸੁਰਿੰਦਰ ਸਿੰਘ, ਡਾ. ਪੀਐਸ ਮਲਹੋਤਰਾ, ਰੋਟਰੀ ਦੇ ਸਾਬਕਾ ਪ੍ਰਧਾਨ ਰਾਜੇਸ਼ ਮੇਹਰਾ ਮਹਿੰਦਰ ਸ਼ਰਮਾ, ਸਕੱਤਰ ਸਚਿਨ ਅਰੋੜਾ ਅਤੇ ਰੋਟਰੀ ਕਲੱਬ ਮੇਨ ਦੇ ਕਈ ਮੈਂਬਰ ਮੌਜੂਦ ਸਨ।

# ਬੜੀ ਸ਼ਰਧਾ ਤੇ ਸਤਿਕਾਰ ਸਹਿਤ ਮਨਾਇਆ ਸ਼ਹੀਦ ਊਧਮ ਸਿੰਘ ਦਾ ਜਨਮ ਦਿਹਾੜਾ



**ਜੰਡਿਆਲਾ ਗੁਰੂ (ਹਰਿੰਦਰ ਪਾਲ ਸਿੰਘ)**-ਸ਼ਹੀਦ ਊਧਮ ਸਿੰਘ ਸਪੋਰਟਸ ਕਲੱਬ (ਰਜਿ:) ਜੰਡਿਆਲਾ ਗੁਰੂ ਵੱਲੋਂ ਸ਼ਹੀਦ ਊਧਮ ਸਿੰਘ ਦਾ ਜਨਮ ਦਿਹਾੜਾ ਇਸ ਵਾਰ ਵੀ ਸ਼ਹੀਦ ਊਧਮ ਸਿੰਘ ਚੌਕ (ਨੇੜੇ ਬੁੱਤ) ਵਿਖੇ ਐਡਵੋਕੇਟ ਅਮਰੀਕ ਸਿੰਘ ਮਲਹੋਤਰਾ ਦੀ ਅਗਵਾਈ ਹੇਠ ਬੜੀ ਸ਼ਰਧਾ ਤੇ ਸਤਿਕਾਰ ਸਹਿਤ ਮਨਾਇਆ ਗਿਆ। ਇਸ ਮੌਕੇ ਮੁੱਖ ਮਹਿਮਾਨ ਵਜੋਂ ਸੰਦੀਪ ਸਿੰਘ ਏ. ਆਰ. ਸੀਨੀਅਰ ਮੀਤ ਪ੍ਰਧਾਨ ਯੂਥ ਅਕਾਲੀ ਦਲ (ਬ) ਸ਼ਾਮਲ ਹੋਏ। ਇਸ ਮੌਕੇ ਕਲੱਬ ਦੇ ਅਹੁਦੇਦਾਰਾਂ, ਮੈਂਬਰਾਂ ਤੇ ਹੋਰ ਪਹੁੰਚੀਆਂ ਸ਼ਖਸੀਅਤਾਂ ਵੱਲੋਂ ਸ਼ਹੀਦ ਊਧਮ ਸਿੰਘ ਦੇ ਬੁੱਤ 'ਤੇ ਫੁੱਲਮਾਲਾ ਪਾ ਕੇ ਸੱਚੀ ਸੁੱਚੀ ਸ਼ਰਧਾਂਜਲੀ ਭੇਟ ਕੀਤੀ ਗਈ। ਇਸ ਮੌਕੇ ਹੋਰਨਾਂ ਤੋਂ ਇਲਾਵਾ ਕਲੱਬ ਪ੍ਰਧਾਨ ਰਣਜੀਤ ਸਿੰਘ ਜੋਸਨ, ਕਾਮਰੇਡ ਸ਼ੇਰਗਿੱਲ ਬਲਾਕ ਸਕੱਤਰ ਸੀ.ਪੀ.ਆਈ., ਜਸਵਿੰਦਰ ਸਿੰਘ ਝੰਡ ਬਲਾਕ ਪ੍ਰਧਾਨ ਕਾਂਗਰਸ, ਚਰਨਜੀਤ ਸਿੰਘ ਟੀਟੋ, ਅਵਤਾਰ ਸਿੰਘ ਟੱਕਰ ਸਾਬਕਾ ਪ੍ਰਧਾਨ ਆਟੋ ਯੂਨੀਅਨ, ਡਾ: ਨਿਰਮਲ ਸਿੰਘ, ਡਾ. ਹਰਜਿੰਦਰ ਸਿੰਘ ਧੰਜਲ, ਪ੍ਰਦੀਪ ਸਿੰਘ ਥਿੰਦ, ਚਰਨਜੀਤ ਸਿੰਘ ਟੀਟੋ, ਡਾ. ਗੁਲਜ਼ਾਰ ਸਿੰਘ ਜੋਸਨ, ਸਿਕੰਦਰ ਮਾਨ, ਰੌਕੀ ਜੈਨ, ਦਿਨੇਸ਼ ਬਜਾਜ, ਗੁਰਮੀਤ ਸਿੰਘ ਥਿੰਦ, ਧਰਮਵੀਰ ਬਿੱਟੂ, ਸਵਿੰਦਰ ਸਿੰਘ, ਡਾਕਟਰ ਦਵਿੰਦਰ ਸਿੰਘ, ਵਰਿੰਦਰ ਸਿੰਘ, ਸੰਜੀਵ ਕੁਮਾਰ, ਪ੍ਰਭੂ, ਹਰਜਿੰਦਰ ਸਿੰਘ, ਭੁਪਿੰਦਰ ਸਿੰਘ ਆਦਿ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ ਜਿਨ੍ਹਾਂ ਸ਼ਹੀਦ ਊਧਮ ਸਿੰਘ ਦੇ ਬੁੱਤ 'ਤੇ ਫੁੱਲਮਾਲਾ ਪਾਉਣ ਉਪਰੰਤ ਸ਼ਰਧਾਂਜਲੀ ਭੇਟ ਕਰਦਿਆਂ ਕਿਹਾ ਕਿ ਸ਼ਹੀਦ ਕੌਮ ਦਾ ਸਰਮਾਇਆ ਹੁੰਦੇ ਹਨ, ਲੋੜ ਹੈ ਸ਼ਹੀਦਾਂ ਦੀ ਸੋਚ 'ਤੇ ਪਹਿਰਾ ਦੇ ਕੇ ਚੰਗੇ ਸਮਾਜ ਦੀ ਸਿਰਜਣਾ ਕਰਨ ਦੀ ਤਾਂ ਜੋ ਨੌਜਵਾਨ ਪੀੜ੍ਹੀ ਨੂੰ ਸਹੀ ਸੇਧ ਮਿਲ ਸਕੇ। ਇਸ ਮੌਕੇ ਨਸ਼ਿਆਂ ਖਿਲਾਫ ਡਟਣ ਦਾ ਵੀ ਪ੍ਰਣ ਕੀਤਾ ਗਿਆ। ਇਸ ਮੌਕੇ ਸ਼ਹੀਦ ਊਧਮ ਸਿੰਘ ਦੇ ਬੁੱਤ 'ਤੇ ਫੁੱਲਮਾਲਾ ਪਾ ਕੇ ਸ਼ਰਧਾਂਜਲੀ ਭੇਟ ਕੀਤੀ ਗਈ ਅਤੇ ਹਾਜ਼ਰ ਸ਼ਖਸੀਅਤਾਂ ਨੂੰ ਕਲੱਬ ਮੈਂਬਰਾਂ ਵੱਲੋਂ ਸਨਮਾਨਿਤ ਕੀਤਾ ਗਿਆ।

# ਸ਼ਹੀਦੀ ਜੋੜ ਮੇਲ 'ਤੇ ਫਤਿਹਗੜ੍ਹ ਸਾਹਿਬ ਵਿਸ਼ੇਸ਼ ਸਪਲੀਮੈਂਟ

## ਸੰਦੇਸ਼



11 ਤੋਂ 13 ਪੋਹ ਦਾ ਸਮਾਂ ਸਿੱਖ ਇਤਿਹਾਸ ਵਿੱਚ ਵਿਸ਼ੇਸ਼ ਮਹੱਤਵ ਰੱਖਦਾ ਹੈ। ਇਨ੍ਹਾਂ ਦਿਨਾਂ ਵਿੱਚ ਹੀ ਸਰਹਿੰਦ ਦੀ ਇਸ ਧਰਤੀ 'ਤੇ ਅੱਜ ਤੋਂ 318 ਸਾਲ ਪਹਿਲਾ ਮਹਾਨ ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਸਾਹਿਬਾਦਿਆਂ ਅਤੇ ਮਾਤਾ ਗੁਜਰੀ ਜੀ ਨੇ ਸਰਹਿੰਦ ਦੇ ਨਵਾਬ ਵਜ਼ੀਰ ਖਾਨ ਦੀ ਕੈਦ ਠੰਢੇ ਬੁਰਜ਼ ਵਿੱਚ ਕੱਟੀ ਅਤੇ ਅੰਤ ਕਾਜ਼ੀ ਦੇ ਫਤਵੇ 'ਤੇ ਨਿੱਕੀਆਂ ਮਾਸੂਮ ਜਿੰਦਾਂ ਨੂੰ ਜਿਊਂਦਿਆਂ ਨੀਹਾਂ ਵਿੱਚ ਚਿਣਵਾ ਦਿੱਤਾ ਗਿਆ ਅਤੇ ਠੰਢੇ ਬੁਰਜ ਵਿੱਚ ਹੀ ਕੈਦ ਮਾਤਾ ਗੁਜਰੀ ਜੀ ਨੇ ਵੀ ਸ਼ਹਾਦਤ ਦਿੱਤੀ। ਇਨ੍ਹਾਂ ਲਾਸਾਨੀ ਸ਼ਹਾਦਤਾਂ ਨੂੰ ਯਾਦ ਕਰਕੇ ਅੱਜ ਵੀ ਹਰ ਇਨਸਾਨੀ ਹਿਰਦਾ ਕੰਬ ਉਠਦਾ ਹੈ ਅਤੇ ਇਨ੍ਹਾਂ ਕੁਰਬਾਨੀਆਂ ਦੀ ਯਾਦ ਵਿੱਚ ਲੱਗਣ ਵਾਲੇ ਸ਼ਹੀਦੀ ਜੋੜ ਮੇਲ ਮੌਕੇ ਲੱਖਾ ਦੀ ਤਾਦਾਤ ਵਿੱਚ ਸੰਗਤਾਂ ਗੁਰਦੁਆਰਾ ਸ੍ਰੀ ਫ਼ਤਿਹਗੜ੍ਹ ਸਾਹਿਬ, ਗੁਰਦੁਆਰਾ ਸ੍ਰੀ ਜੋਤੀ ਸਰੂਪ ਸਾਹਿਬ ਵਿੱਚ ਪੁੱਜ ਕੇ ਇਨ੍ਹਾਂ ਕੁਰਬਾਨੀਆਂ ਪ੍ਰਤੀ ਨਤਮਸਤਕ ਹੁੰਦੀਆਂ ਹਨ। ਇਸ ਮੌਕੇ ਮੈਂ ਮਹਾਨ ਸ਼ਹੀਦਾਂ ਪ੍ਰਤੀ ਆਪਣੀ ਸ਼ਰਧਾਂਜਲੀ ਅਰਪਿਤ ਕਰਦਾ ਹਾਂ।

**- ਲਖਵੀਰ ਸਿੰਘ ਰਾਏ**
**ਵਿਧਾਇਕ ਫਤਿਹਗੜ੍ਹ ਸਾਹਿਬ**

## ਸੰਦੇਸ਼




ਬਸ ਏਕ ਤੀਰਥ ਹੈ ਯਹਾਂ ਯਾਤਰਾ ਕੇ ਲੀਏ,
ਕਟਾਏ ਬਾਪ ਨੇ ਬੱਚੇ ਜਹਾਂ ਖੁਦਾ ਕੇ ਲੀਏ।

ਇਹ ਕਾਵਿ ਸਤਰਾਂ ਪਾਵਨ ਅਸਥਾਨ ਸ੍ਰੀ ਫਤਿਹਗੜ੍ਹ ਸਾਹਿਬ ਦੀ ਉਸਤਤਿ ਅਤੇ ਇੱਥੇ ਤਿੰਨ ਸਦੀਆਂ ਪਹਿਲਾਂ ਵਾਪਰੇ ਮਹਾਨ ਸਾਕੇ ਦਾ ਭਾਵਪੂਰਤ ਚਿੱਤਰਣ ਕਰਦੀਆਂ ਹਨ, ਜੋ ਅੱਜ ਵੀ ਦੇਸ਼ਾਂ ਵਿਦੇਸ਼ਾਂ ਵਿੱਚ ਵਸਦੇ ਪੰਜਾਬੀਆਂ ਅਤੇ ਵਿਸ਼ੇਸ਼ ਕਰਕੇ ਸਿੱਖਾਂ ਲਈ ਸ਼ਰਧਾ ਅਤੇ ਸਤਿਕਾਰ ਦਾ ਕੇਂਦਰ ਹੈ। ਇਸ ਲਾਸਾਨੀ ਸ਼ਹਾਦਤ ਨੇ ਆਪਸੀ ਸਨੇਹ ਅਤੇ ਸਦਭਾਵਨਾ ਦਾ ਸੰਦੇਸ਼ ਤਾਂ ਦਿੱਤਾ ਹੀ, ਪਰ ਇਸ ਨੇ ਦੱਬੀ-ਕੁਚਲੀ ਲੋਕਾਈ ਨੂੰ ਸੱਚ, ਧਰਮ ਲਈ ਅਣਖ ਅਤੇ ਸਵੈਮਾਣ ਨਾਲ ਜਿਊਣ ਦਾ ਸੁਨੇਹਾ ਵੀ ਦਿੱਤਾ। ਇਹ ਇਸੇ ਪ੍ਰੇਰਨਾ ਸਦਕਾ ਸੀ ਕਿ ਤਕਰੀਬਨ ਦੋ ਸਦੀਆਂ ਤੱਕ ਚੱਲੇ ਅੰਗਰੇਜ਼ ਸ਼ਾਸ਼ਨ ਤੋਂ ਦੇਸ਼ ਨੂੰ ਪੰਜਾਬੀਆਂ ਨੇ ਹੀ ਸਭ ਤੋਂ ਵੱਧ ਕੁਰਬਾਨੀਆਂ ਦੇ ਕੇ ਆਜ਼ਾਦ ਕਰਵਾਇਆ। ਮੈਂ ਇਸ ਅਵਸਰ 'ਤੇ ਮਹਾਨ ਸ਼ਹੀਦਾਂ ਪ੍ਰਤੀ ਆਪਣੀ ਸ਼ਰਧਾਂਜਲੀ ਅਰਪਿਤ ਕਰਦੀ ਹਾਂ।

**- ਬੀਬਾ ਜੈਇੰਦਰ ਕੌਰ**
**ਪ੍ਰਧਾਨ ਭਾਜਪਾ ਮਹਿਲਾ ਮੋਰਚਾ, ਪੰਜਾਬ**

## ਸੰਦੇਸ਼



11 ਤੋਂ 13 ਪੋਹ ਦਾ ਸਮਾਂ ਸਿੱਖ ਇਤਿਹਾਸ ਵਿੱਚ ਵਿਸ਼ੇਸ਼ ਮਹੱਤਵ ਰੱਖਦਾ ਹੈ। ਇਨ੍ਹਾਂ ਦਿਨਾਂ ਵਿੱਚ ਹੀ ਸਰਹਿੰਦ ਦੀ ਇਸ ਧਰਤੀ 'ਤੇ ਅੱਜ ਤੋਂ 318 ਸਾਲ ਪਹਿਲਾ ਮਹਾਨ ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਸਾਹਿਬਾਦਿਆਂ ਅਤੇ ਮਾਤਾ ਗੁਜਰੀ ਜੀ ਨੇ ਸਰਹਿੰਦ ਦੇ ਨਵਾਬ ਵਜ਼ੀਰ ਖਾਨ ਦੀ ਕੈਦ ਠੰਢੇ ਬੁਰਜ਼ ਵਿੱਚ ਕੱਟੀ ਅਤੇ ਅੰਤ ਕਾਜ਼ੀ ਦੇ ਫਤਵੇ 'ਤੇ ਨਿੱਕੀਆਂ ਮਾਸੂਮ ਜਿੰਦਾਂ ਨੂੰ ਜਿਊਂਦਿਆਂ ਨੀਹਾਂ ਵਿੱਚ ਚਿਣਵਾ ਦਿੱਤਾ ਗਿਆ ਅਤੇ ਠੰਢੇ ਬੁਰਜ ਵਿੱਚ ਹੀ ਕੈਦ ਮਾਤਾ ਗੁਜਰੀ ਜੀ ਨੇ ਵੀ ਸ਼ਹਾਦਤ ਦਿੱਤੀ। ਇਨ੍ਹਾਂ ਲਾਸਾਨੀ ਸ਼ਹਾਦਤਾਂ ਨੂੰ ਯਾਦ ਕਰਕੇ ਅੱਜ ਵੀ ਹਰ ਇਨਸਾਨੀ ਹਿਰਦਾ ਕੰਬ ਉਠਦਾ ਹੈ ਅਤੇ ਇਨ੍ਹਾਂ ਕੁਰਬਾਨੀਆਂ ਦੀ ਯਾਦ ਵਿੱਚ ਲੱਗਣ ਵਾਲੇ ਸ਼ਹੀਦੀ ਜੋੜ ਮੇਲ ਮੌਕੇ ਲੱਖਾ ਦੀ ਤਾਦਾਤ ਵਿੱਚ ਸੰਗਤਾਂ ਗੁਰਦੁਆਰਾ ਸ੍ਰੀ ਫ਼ਤਿਹਗੜ੍ਹ ਸਾਹਿਬ, ਗੁਰਦੁਆਰਾ ਸ੍ਰੀ ਜੋਤੀ ਸਰੂਪ ਸਾਹਿਬ ਵਿੱਚ ਪੁੱਜ ਕੇ ਇਨ੍ਹਾਂ ਕੁਰਬਾਨੀਆਂ ਪ੍ਰਤੀ ਨਤਮਸਤਕ ਹੁੰਦੀਆਂ ਹਨ। ਇਸ ਮੌਕੇ ਮੈਂ ਮਹਾਨ ਸ਼ਹੀਦਾਂ ਪ੍ਰਤੀ ਆਪਣੀ ਸ਼ਰਧਾਂਜਲੀ ਅਰਪਿਤ ਕਰਦਾ ਹਾਂ।

**- ਹਰਦਿਆਲ ਸਿੰਘ ਮਾਨ ਸਾਬਕਾ ਆਈ ਪੀ ਐਸ**
**ਮੈਂਬਰ ਪੰਜਾਬ ਪਬਲਿਕ ਸਰਵਿਸ ਕਮਿਸ਼ਨ**


ਧੰਨ ਮੋਤੀ ਜਿਨ੍ਹ ਪੁੰਨ ਕਮਾਇਆ, ਗੁਰਲਾਲਾਂ ਤਾਈ ਦੁੱਧ ਪਿਆਇਆ।



ਛੋਟੇ ਸਾਹਿਬਜਾਦੇ ਬਾਬਾ ਜੋਰਾਵਰ ਸਿੰਘ, ਬਾਬਾ ਫਤਹਿ ਸਿੰਘ ਅਤੇ ਮਾਤਾ ਗੁਜਰੀ ਜੀ ਸਮੇਤ ਗੁਰੂ ਘਰ ਦੇ ਅਨਿਨ ਸੇਵਕ ਅਮਰ ਸ਼ਹੀਦ ਬਾਬਾ ਮੋਤੀ ਰਾਮ ਮਹਿਰਾ ਜੀ ਤੇ ਉਨ੍ਹਾ ਦੇ ਪਰਵਾਰ ਦੀ ਅਦੁੱਤੀ ਕੁਰਬਾਨੀ ਦੀ ਯਾਦ ਨੂੰ ਸਮਰਪਤ

**ਮਹਾਨ ਸ਼ਹੀਦੀ ਦੀਵਾਨ 26 ਤੋਂ 29 ਦਸੰਬਰ 2023 ਤੱਕ**

ਸ਼ਰਧਾ ਪੂਰਵ ਹਰ ਸਾਲ ਦੀ ਤਰ੍ਹਾਂ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਗੁਰਦੁਆਰਾ ਅਮਰ ਸ਼ਹੀਦ ਬਾਬਾ ਮੋਤੀ ਰਾਮ ਮਹਿਰਾ ਯਾਦਗਾਰ ਫਤਿਹਗੜ੍ਹ ਸਾਹਿਬ ਵਿਖੇ ਲੱਗਣਗੇ।

26 ਤੋਂ 29 ਦਸੰਬਰ 2023 ਤੱਕ ਅਮਰ ਸ਼ਹੀਦਾਂ ਦੀ ਯਾਦ 'ਚ ਪ੍ਰਸਿੱਧ ਕਵੀਸ਼ਰੀ, ਰਾਗੀ ਢਾਡੀ, ਕਥਾਵਾਚਕ ਅਤੇ ਕੀਰਤਨੀ ਜਥੇ ਸ਼ਬਦ ਅਤੇ ਵਾਰਾਂ ਨਾਲ ਗੁਰਇਤਿਹਾਸ ਨਾਲ ਸੰਗਤਾਂ ਨੂੰ ਜੋੜਨਗੇ। ਗੁਰੂ ਕਾ ਲੰਗਰ ਅਤੇ ਦੁੱਧ ਦੇ ਲੰਗਰ ਵੀ ਅਤੁੱਟ ਵਰਤਣਗੇ।

ਗੁਰੂ ਗੁਰ ਦੇ ਸੇਵਕ : ਨਿਰਮਲ ਸਿੰਘ ਐਸ ਐਸ ਚੇਅਰਮੈਨ ਅਤੇ ਸਮੂਹ ਪ੍ਰਬੰਧਕ ਕਮੇਟੀ ਅਮਰ ਸ਼ਹੀਦ ਬਾਬਾ ਮੋਤੀ ਰਾਮ ਮਹਿਰਾ ਮੈਮੋਰੀਅਲ ਚੈਰੀਟੇਬਲ ਟਰੱਸਟ, ਸ੍ਰੀ ਫਤਿਹਗੜ੍ਹ ਸਾਹਿਬ



ਨਿਰਮਲ ਸਿੰਘ ਐਸ ਐਸ ਚੇਅਰਮੈਨ
ਮੋਬਾ. 98140-05215

ਫੋਨ : 01763-232333



ਦਸਮ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਲਖ਼ਤੇ ਜਿਗਰ ਧੰਨ ਧੰਨ ਬਾਬਾ ਜੋਰਾਵਰ ਸਿੰਘ, ਬਾਬਾ ਫ਼ਤਹਿ ਸਿੰਘ ਅਤੇ ਮਾਤਾ ਗੁਜਰ ਕੌਰ ਜੀ ਦੀ ਲਾਸਾਨੀ ਸ਼ਹਾਦਤ ਨੂੰ

**ਕੋਟਿ-ਕੋਟਿ ਪ੍ਰਣਾਮ**



ਅਰਵਿੰਦ ਕੇਜਰੀਵਾਲ ਮੁੱਖ ਮੰਤਰੀ ਦਿੱਲੀ



ਭਗਵੰਤ ਮਾਨ ਮੁੱਖ ਮੰਤਰੀ ਪੰਜਾਬ



ਰਾਘਵ ਚੱਢਾ ਮੈਂਬਰ ਰਾਜ ਸਭਾ



ਪ੍ਰਿੰ. ਬੁੱਧ ਰਾਮ ਕਾਰਜਕਾਰੀ ਸੂਬਾ ਪ੍ਰਧਾਨ



ਲਖਵੀਰ ਸਿੰਘ ਰਾਏ
ਵਿਧਾਇਕ ਫਤਿਹਗੜ੍ਹ ਸਾਹਿਬ

**ਜਾਰੀ ਕਰਤਾ : ਆਮ ਆਦਮੀ ਪਾਰਟੀ ਹਲਕਾ ਫ਼ਤਿਹਗੜ੍ਹ ਸਾਹਿਬ**





ਧੰਨ ਧੰਨ ਮਾਤਾ ਗੁਜਰੀ ਜੀ ਅਤੇ ਛੋਟੇ ਸਾਹਿਬਜ਼ਾਦਿਆਂ ਦੀ ਲਾਸਾਨੀ ਸ਼ਹਾਦਤ ਨੂੰ ਕੋਟਿ-ਕੋਟਿ ਪ੍ਰਣਾਮ

**ਮਾਤਾ ਗੁਜਰੀ ਕਾਲਜ**

ਸ੍ਰੀ ਫ਼ਤਹਿਗੜ੍ਹ ਸਾਹਿਬ (ਪੰਜਾਬ)
ਅਟੌਨੋਮਸ ਕਾਲਜ
ਪੰਜਾਬੀ ਯੂਨੀਵਰਸਿਟੀ, ਪਟਿਆਲਾ ਨਾਲ ਸਬੰਧਿਤ

**ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ**
ਸ੍ਰੀ ਅੰਮ੍ਰਿਤਸਰ ਸਾਹਿਬ ਦੇ ਪ੍ਰਬੰਧ ਅਧੀਨ

**ਨੈਕ ਦੁਆਰਾ 'ਏ' ਗ੍ਰੇਡ ਨਾਲ ਪ੍ਰਮਾਣਿਤ**

- ਖੇਤੀਬਾੜੀ ਕੋਰਸਾਂ ਲਈ ਪੰਜਾਬ ਸਟੇਟ ਕਾਊਂਸਲ ਫ਼ਾਰ ਐਗਰੀਕਲਚਰਲ ਐਜੂਕੇਸ਼ਨ ਵੱਲੋਂ ਮਾਨਤਾ ਪ੍ਰਾਪਤ
- ਐੱਮ.ਬੀ.ਏ. ਅਤੇ ਐੱਮ.ਸੀ.ਏ. ਕੋਰਸਾਂ ਲਈ AICTE ਵੱਲੋਂ ਮਾਨਤਾ ਪ੍ਰਾਪਤ
- ਲੜਕੇ ਅਤੇ ਲੜਕੀਆਂ ਲਈ ਵੱਖਰੇ-ਵੱਖਰੇ ਹੋਸਟਲ
- ਲੜਕੀਆਂ ਲਈ ਨੇੜਲੇ ਇਲਾਕਿਆਂ ਲਈ ਬੱਸ ਸੁਵਿਧਾ

www.matagujricollege.org | 01763-504500

ਡਾ. ਕਸ਼ਮੀਰ ਸਿੰਘ, ਡਾਇਰੈਕਟਰ ਪ੍ਰਿੰਸੀਪਲ
ਸ. ਜਗਦੀਪ ਸਿੰਘ ਚੀਮਾ, ਐਡੀਸ਼ਨਲ ਆਨਰੇਰੀ ਸੈਕਟਰੀ



**Loan & Exchange Mela**



Insurance Free
Easy Finance Available
Exchange Facility Available

**Manglam Honda** Near Chawla Chowk, G.T. Road, Sirhind M. : 87280-30005, 93574-29600, 93575-29600



ਅਮਰ ਸ਼ਹੀਦ ਛੋਟੇ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰ ਕੌਰ ਦੀ ਲਾਸਾਨੀ ਸ਼ਹਾਦਤ ਨੂੰ ਕੋਟਿ ਕੋਟਿ ਪ੍ਰਣਾਮ

**GURTIRATH DIAGNOSTIC CENTRE**




Defence Bandh, Near No. 4 Octroi, Sirhind
Ph.01763-220500
E-mail : gurtirathdiagnostics@yahoo.in



Dr. Gursharan Singh
M.D. (Radio-Diagnosis)
(Ex. Sr. Resident DMC Ludhiana)
M. 98153-12149

S. Gurcharan Singh
(General Manager)
M. 98153-22700





ਪ੍ਰਣਾਮ ਸ਼ਹੀਦਾਂ ਨੂੰ

21 ਸਾਲਾਂ ਦਾ ਵਿਸ਼ਵਾਸ
21 YEARS OF TRUST

**RANA HOSPITAL**
Come with PILES! Go with SMILES!
www.ranapileshospital.com

**ਰਾਣਾ ਹਸਪਤਾਲ**
ਨੇੜੇ ਬੀ.ਡੀ.ਓ. ਦਫਤਰ, ਸਰਹਿੰਦ

- ਬਵਾਸੀਰ (ਲੇਜ਼ਰ/ਦੂਰਬੀਨ ਰਾਂਹੀ ਇਲਾਜ)
- ਗੰਜਾਪਣ
- ਬਾਂਝਪਣ



ਡਾ. ਹਿਤੇਂਦਰ ਸੂਰੀ

ਰਾਣਾ ਹਸਪਤਾਲ ਦਾ ਨਾਮ ਲਿਮਕਾ ਬੁੱਕ ਆਫ ਰਿਕਾਰਡ ਅਤੇ ਗਿਨੀਜ਼ ਬੁਕ ਆਫ ਵਰਲਡ ਰਿਕਾਰਡ ਵਿਚ ਵੀ ਸ਼ਾਮਿਲ ਹੈ।



ਡਾ. ਦੀਪਿਕਾ ਸੂਰੀ

ਐਮਰਜੈਂਸੀ: 98141-28667, 98554-21467



ਅਮਰ ਸ਼ਹੀਦ ਛੋਟੇ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰ ਕੌਰ ਦੀ ਲਾਸਾਨੀ ਸ਼ਹਾਦਤ ਨੂੰ ਕੋਟਿ ਕੋਟਿ ਪ੍ਰਣਾਮ



ਦੀਦਾਰ ਸਿੰਘ ਭੱਟੀ
ਸਾਬਕਾ ਐਮ ਐਲ ਏ, ਜ਼ਿਲ੍ਹਾ ਪ੍ਰਧਾਨ ਭਾਜਪਾ



ਹਰੀਸ਼ ਅੱਗਰਵਾਲ
ਸੀਨੀਅਰ ਆਗੂ ਭਾਜਪਾ



ਅਜੈਬ ਸਿੰਘ ਜਖਵਾਲੀ
ਸੀਨੀਅਰ ਆਗੂ ਭਾਜਪਾ



ਕੁਲਦੀਪ ਸਿੰਘ ਸਿੱਧੂਪੁਰ
ਸੀਨੀਅਰ ਆਗੂ ਭਾਜਪਾ



ਡਾ. ਨਰੇਸ਼ ਚੌਹਾਨ
ਸੀਨੀਅਰ ਆਗੂ ਭਾਜਪਾ



ਗੁਰਬਖ਼ਸ਼ ਸਿੰਘ ਬਖ਼ਸ਼ੀ
ਸੀਨੀਅਰ ਆਗੂ ਭਾਜਪਾ


## ਸੰਦੇਸ਼



ਦੇਸ਼ ਦੇ ਇਤਿਹਾਸ ਵਿੱਚ ਸਾਕਾ ਸਰਹਿੰਦ ਛੋਟੇ ਸਾਹਿਬਜ਼ਾਦਿਆਂ ਬਾਬਾ ਜ਼ੋਰਾਵਰ ਸਿੰਘ, ਫਤਿਹ ਸਿੰਘ ਅਤੇ ਮਾਤਾ ਗੁਜਰੀ ਜੀ ਦੀ ਸ਼ਹਾਦਤ ਵਿਸ਼ੇਸ਼ ਮਹੱਤਵ ਰੱਖਦੀ ਹੈ। ਇਸ ਹਿਰਦੇ-ਵੇਧਕ ਇਤਿਹਾਸਕ ਸਾਕੇ ਨੂੰ ਚਿਤਵਦਿਆਂ ਹਰ ਇਨਸਾਨ ਨਤਮਸਤਕ ਹੁੰਦਾ ਹੈ। ਮੇਰੇ ਵੱਲੋਂ ਇਨ੍ਹਾਂ ਮਹਾਨ ਸ਼ਹੀਦਾਂ ਨੂੰ ਸੱਚੀ ਸ਼ਰਧਾਂਜਲੀ ਅਰਪਿਤ ਕਰਦਾ ਹਾਂ।

**ਸੰਦੀਪ ਸਿੰਘ ਪੁਲਸ ਇੰਸਪੈਕਟਰ,**
**ਸ੍ਰੀ ਫਤਿਹਗੜ੍ਹ ਸਾਹਿਬ**


PROJECT: SHIROMANI GURDWARA PARBANDHAK COMMITTEE

**SRI GURU GRANTH SAHIB WORLD UNIVERSITY**

ESTABLISHED UNDER PUNJAB STATE ACT 20/2008 & APPROVED BY UGC
FATEHGARH SAHIB (NEAR CHANDIGARH), PUNJAB

**ADMISSION OPEN 2024-25**

COURSES AFTER GRADUATION

- M.Tech.
- MCA
- MBA
- M.Com.
- PGDCA
- M.A.
- M.Sc.
- M.Sc. (Hons.)
- LLB
- PG DIPLOMA
- LLM
- MPT
- B.P.Ed.
- M.P.Ed.

Ph.D. in Various Disciplines

COURSES AFTER 10+2

- B.Tech.
- B.Sc.
- B.Sc.(Hons.)
- B.Sc.(Med/Non-Med)
- BA-LLB(Integrated)
- BCA
- BPES
- BBA
- B.Com.(Hons.)
- BA-B.Ed.(Integrated)
- B.A.(Hons.)
- B.A.
- BPT
- BMS
- DIPLOMA IN VARIOUS DISCIPLINES

Advt. No. 26/2023

9875903359, 9875903361
TOLL FREE NO. 1800 180 2803
admission@sggswu.edu.in www.sggswu.edu.in



ਅਮਰ ਸ਼ਹੀਦ ਛੋਟੇ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰ ਕੌਰ ਦੀ ਲਾਸਾਨੀ ਸ਼ਹਾਦਤ ਨੂੰ ਕੋਟਿ ਕੋਟਿ ਪ੍ਰਣਾਮ



ਵੈਭਵ, ਪਲਕ ਅਤੇ ਬੇਬੀ ਤਕਸ਼ (ਦੇਹਰਾਦੂਨ)



ਪੰਕਜ ਭਾਰਦਵਾਜ਼, ਪਰਵਿੰਦਰ ਕੌਰ ਭਾਰਦਵਾਜ਼



ਸ਼ੋਭਿਤ ਭਾਰਦਵਾਜ਼, ਤਕਸ਼



ਪ੍ਰਮੋਦ ਭਾਰਦਵਾਜ਼ ਵੱਲੋਂ ਸਾਰੇ ਸਹਿਯੋਗੀਆਂ ਦਾ ਦਿਲ ਦੀਆਂ ਗਹਿਰੀਆਂ ਤੋਂ ਧੰਨਵਾਦ

ਮੋਬਾ. 98158-22335



IMMIGRATION ARRIVED SYDNEY AIRPORT 152W AUSTRALIA

Agam Group
Education & Migration Consultants

**AUSTRALIA STUDY VISA**
Secure your Admission for 2023
MEET MARA AGENT
BOOK APPOINTMENT
+91 9781 814 901 - IND



Jaswinder S Mann
(MARA Agent)

AGAM IMMIGRATION CONSULTANTS
Mansa Devi Complex First Floor
DSS 109, Sector 5, Panchkula
HARYANA 134114
info@AgamGroup.com.au | (MARN) 0960765


## ਸੰਦੇਸ਼



ਦੇਸ਼ ਦੇ ਇਤਿਹਾਸ ਵਿੱਚ ਸਾਕਾ ਸਰਹਿੰਦ ਛੋਟੇ ਸਾਹਿਬਜ਼ਾਦਿਆਂ ਬਾਬਾ ਜ਼ੋਰਾਵਰ ਸਿੰਘ, ਫਤਿਹ ਸਿੰਘ ਅਤੇ ਮਾਤਾ ਗੁਜਰੀ ਜੀ ਦੀ ਸ਼ਹਾਦਤ ਵਿਸ਼ੇਸ਼ ਮਹੱਤਵ ਰੱਖਦੀ ਹੈ। ਇਸ ਹਿਰਦੇ ਵੇਧਕ ਇਤਿਹਾਸਕ ਸਾਕੇ ਨੂੰ ਚਿਤਵਦਿਆਂ ਹਰ ਇਨਸਾਨ ਨਤਮਸਤਕ ਹੁੰਦਾ ਹੈ। ਮੈਂ ਇਨ੍ਹਾਂ ਮਹਾਨ ਸ਼ਹੀਦਾਂ ਨੂੰ ਸੱਚੀ ਸ਼ਰਧਾਂਜਲੀ ਅਰਪਿਤ ਕਰਦਾ ਹਾਂ ਅਤੇ ਇਸ ਜੋੜ ਮੇਲ ਨੂੰ ਪੂਰਨ ਮਰਿਆਦਾ ਮਈ ਢੰਗ ਨਾਲ ਅਤੇ ਨਿਰੋਲ ਧਾਰਮਿਕ ਰੂਪ ਵਿਚ ਮਨਾਉਣ ਦੇ ਉਦੇਸ਼ ਨਾਲ ਸਾਡੀ ਸਾਰਿਆਂ ਦੀ ਇਹ ਹੀ ਕੋਸ਼ਿਸ਼ ਹੋਣੀ ਚਾਹੀਦੀ ਹੈ। ਮੈਂ ਇਸ ਅਵਸਰ 'ਤੇ ਮਹਾਨ ਸ਼ਹੀਦਾਂ ਪ੍ਰਤੀ ਆਪਣੀ ਸ਼ਰਧਾਂਜਲੀ ਅਰਪਿਤ ਕਰਦਾ ਹਾਂ।

**- ਦੀਦਾਰ ਸਿੰਘ ਭੱਟੀ, ਸਾਬਕਾ ਐਮ ਐਲ ਏ, ਪ੍ਰਧਾਨ ਭਾਜਪਾ ਜ਼ਿਲ੍ਹਾ ਫਤਿਹਗੜ੍ਹ ਸਾਹਿਬ**

## ਸੰਦੇਸ਼



ਇਤਿਹਾਸਕ 'ਸਾਕਾ ਸਰਹਿੰਦ' ਦੁਆਰਾ ਦੋ ਨਿੱਕੀਆਂ ਜਿੰਦਾਂ ਨੇ ਲੋਕਾਈ ਨੂੰ ਆਪਣੇ ਧਰਮ ਪ੍ਰਤੀ ਫਰਜ਼ਾਂ ਦੇ ਪਾਲਣ ਦੀ ਅਜਿਹੀ ਮਿਸ਼ਾਲ ਪੇਸ਼ ਕੀਤੀ ਹੈ, ਜੋ ਰਹਿੰਦੀ ਦੁਨੀਆ ਤੱਕ ਜ਼ੁਲਮ ਦੇ ਖਿਲਾਫ਼ ਮਨੁੱਖਤਾ ਦਾ ਮਾਰਗ ਦਰਸ਼ਨ ਕਰਦੀ ਰਹੇਗੀ। ਅਨਿਆਏ ਅਤੇ ਅਤੇ ਜ਼ੁਲਮ ਵਿਰੁੱਧ ਪੂਰੇ ਸਿਦਕ ਨਾਲ ਸਮੁੱਚੀ ਮਨੁੱਖਤਾ ਲਈ ਗੁਰੂ ਘਰ ਦੀ ਪ੍ਰੰਪਰਾ 'ਤੇ ਚਲਦਿਆਂ ਦੋਵੇਂ ਛੋਟੇ ਸਾਹਿਬਜ਼ਾਦੇ ਬਾਬਾ ਜ਼ੋਰਾਵਰ ਸਿੰਘ, ਬਾਬਾ ਫਤਹਿ ਸਿੰਘ ਨੇ ਆਪਣੇ ਆਪ ਨੂੰ ਧਰਮ ਨਾ ਬਦਲਣ ਬਦਲੇ ਛੋਟੀ ਉਮਰੇ ਦੀਵਾਰਾਂ ਵਿੱਚ ਚਿਣਵਾਉਣਾ ਸਵੀਕਾਰ ਕੀਤਾ ਅਤੇ ਕੁਰਬਾਨੀ ਦੀ ਖ਼ਬਰ ਸੁਣਦਿਆਂ ਹੀ ਮਾਤਾ ਗੁਜਰੀ ਜੀ ਨੇ ਵੀ ਸ਼ਹੀਦੀ ਦਾ ਜਾਮ ਪੀਤਾ। ਇਸ ਮਹਾਨ ਸਾਕੇ ਦੀ ਯਾਦ ਵਿੱਚ ਸ਼ਹੀਦੀ ਜੋੜ ਮੇਲ ਮੌਕੇ ਮੈਂ ਮਹਾਨ ਸ਼ਹੀਦਾਂ ਪ੍ਰਤੀ ਆਪਣੀ ਸ਼ਰਧਾਂਜਲੀ ਅਰਪਿਤ ਕਰਦਾ ਹੋਇਆ ਨਤਮਸਤਕ ਹੁੰਦਾ ਹਾਂ।

**- ਗੁਰਪ੍ਰੀਤ ਸਿੰਘ ਭੁੱਲਰ ਆਈ ਪੀ ਐਸ**
**ਪੁਲਸ ਕਮਿਸ਼ਨਰ, ਸ੍ਰੀ ਅੰਮ੍ਰਿਤਸਰ ਸਾਹਿਬ**

## ਸੰਦੇਸ਼



ਬਸ ਏਕ ਤੀਰਥ ਹੈ ਯਹਾਂ ਯਾਤਰਾ ਕੇ ਲੀਏ,
ਕਟਾਏ ਬਾਪ ਨੇ ਬੱਚੇ ਜਹਾਂ ਖੁਦਾ ਕੇ ਲੀਏ।

ਇਹ ਕਾਵਿ ਸਤਰਾਂ ਪਾਵਨ ਅਸਥਾਨ ਸ੍ਰੀ ਫਤਿਹਗੜ੍ਹ ਸਾਹਿਬ ਦੀ ਉਸਤਤਿ ਅਤੇ ਇੱਥੇ ਤਿੰਨ ਸਦੀਆਂ ਪਹਿਲਾਂ ਵਾਪਰੇ ਮਹਾਨ ਸਾਕੇ ਦਾ ਭਾਵਪੂਰਤ ਚਿੱਤਰਣ ਕਰਦੀਆਂ ਹਨ, ਜੋ ਅੱਜ ਵੀ ਦੇਸ਼ਾਂ ਵਿਦੇਸ਼ਾਂ ਵਿੱਚ ਵਸਦੇ ਪੰਜਾਬੀਆਂ ਅਤੇ ਵਿਸ਼ੇਸ਼ ਕਰਕੇ ਸਿੱਖਾਂ ਲਈ ਸ਼ਰਧਾ ਅਤੇ ਸਤਿਕਾਰ ਦਾ ਕੇਂਦਰ ਹੈ। ਇਸ ਲਾਸਾਨੀ ਸ਼ਹਾਦਤ ਨੇ ਆਪਸੀ ਸਨੇਹ ਅਤੇ ਸਦਭਾਵਨਾ ਦਾ ਸੰਦੇਸ਼ ਤਾਂ ਦਿੱਤਾ ਹੀ, ਪਰ ਇਸ ਨੇ ਦੱਬੀ-ਕੁਚਲੀ ਲੋਕਾਈ ਨੂੰ ਸੱਚ, ਧਰਮ ਲਈ ਅਣਖ ਅਤੇ ਸਵੈਮਾਣ ਨਾਲ ਜਿਊਣ ਦਾ ਸੁਨੇਹਾ ਵੀ ਦਿੱਤਾ। ਇਹ ਇਸੇ ਪ੍ਰੇਰਨਾ ਸਦਕਾ ਸੀ ਕਿ ਤਕਰੀਬਨ ਦੋ ਸਦੀਆਂ ਤੱਕ ਚੱਲੇ ਅੰਗਰੇਜ਼ ਸ਼ਾਸ਼ਨ ਤੋਂ ਦੇਸ਼ ਨੂੰ ਪੰਜਾਬੀਆਂ ਨੇ ਹੀ ਸਭ ਤੋਂ ਵੱਧ ਕੁਰਬਾਨੀਆਂ ਦੇ ਕੇ ਆਜ਼ਾਦ ਕਰਵਾਇਆ। ਮੈਂ ਇਸ ਅਵਸਰ 'ਤੇ ਮਹਾਨ ਸ਼ਹੀਦਾਂ ਪ੍ਰਤੀ ਆਪਣੀ ਸ਼ਰਧਾਂਜਲੀ ਅਰਪਿਤ ਕਰਦੀ ਹਾਂ।

**- ਡਾ. ਦਵਿੰਦਰਜੀਤ ਕੌਰ**
**ਚੀਫ ਮੈਡੀਕਲ ਅਫ਼ਸਰ ਫਤਿਹਗੜ੍ਹ ਸਾਹਿਬ**

## ਸੰਦੇਸ਼



ਦੇਸ਼ ਦੇ ਇਤਿਹਾਸ ਵਿੱਚ ਸਾਕਾ ਸਰਹਿੰਦ ਛੋਟੇ ਸਾਹਿਬਜ਼ਾਦਿਆਂ ਬਾਬਾ ਜ਼ੋਰਾਵਰ ਸਿੰਘ, ਫਤਿਹ ਸਿੰਘ ਅਤੇ ਮਾਤਾ ਗੁਜਰੀ ਜੀ ਦੀ ਸ਼ਹਾਦਤ ਵਿਸ਼ੇਸ਼ ਮਹੱਤਵ ਰੱਖਦੀ ਹੈ। ਇਸ ਹਿਰਦੇ ਵੇਧਕ ਇਤਿਹਾਸਕ ਸਾਕੇ ਨੂੰ ਚਿਤਵਦਿਆਂ ਹਰ ਇਨਸਾਨ ਨਤਮਸਤਕ ਹੁੰਦਾ ਹੈ। ਮੇਰੇ ਵੱਲੋਂ ਇਨ੍ਹਾਂ ਮਹਾਨ ਸ਼ਹੀਦਾਂ ਨੂੰ ਸੱਚੀ ਸ਼ਰਧਾਂਜਲੀ ਅਰਪਿਤ ਕਰਦਾ ਹਾਂ।

**ਇੰਸਪੈਕਟਰ ਮਨਪ੍ਰੀਤ ਸਿੰਘ ਦਿਓਲ**
**ਇੰਚਾਰਜ ਵਿਜੀਲੈਂਸ, ਸ੍ਰੀ ਫਤਿਹਗੜ੍ਹ ਸਾਹਿਬ**

## ਸੰਦੇਸ਼



ਦੇਸ਼ ਦੇ ਇਤਿਹਾਸ ਵਿੱਚ ਸਾਕਾ ਸਰਹਿੰਦ ਛੋਟੇ ਸਾਹਿਬਜ਼ਾਦਿਆਂ ਬਾਬਾ ਜ਼ੋਰਾਵਰ ਸਿੰਘ, ਫਤਿਹ ਸਿੰਘ ਅਤੇ ਮਾਤਾ ਗੁਜਰੀ ਜੀ ਦੀ ਸ਼ਹਾਦਤ ਵਿਸ਼ੇਸ਼ ਮਹੱਤਵ ਰੱਖਦੀ ਹੈ। ਇਸ ਹਿਰਦੇ ਵੇਧਕ ਇਤਿਹਾਸਕ ਸਾਕੇ ਨੂੰ ਚਿਤਵਦਿਆਂ ਹਰ ਇਨਸਾਨ ਨਤਮਸਤਕ ਹੁੰਦਾ ਹੈ। ਮੇਰੇ ਵੱਲੋਂ ਇਨ੍ਹਾਂ ਮਹਾਨ ਸ਼ਹੀਦਾਂ ਨੂੰ ਸੱਚੀ ਸ਼ਰਧਾਂਜਲੀ ਅਰਪਿਤ ਕਰਦਾ ਹਾਂ।

**ਰਤਨ ਲਾਲ**
**ਇੰਚਾਰਜ ਜੀ ਆਰ ਪੀ ਥਾਣਾ ਸਰਹਿੰਦ**

## ਸੰਦੇਸ਼





ਫਤਿਹਗੜ੍ਹ ਸਾਹਿਬ ਦੀ ਪਾਵਨ ਭਵਿੱਤਰ ਧਰਤੀ 'ਤੇ 26 ਤੋਂ 28 ਦਸੰਬਰ ਤੱਕ ਇਹ ਜੋੜ ਮੇਲ ਮਹਾਨ ਕੁਰਬਾਨੀਆਂ ਦੀ ਅਨੂਠੀ ਗਾਥਾ ਨੂੰ ਚੇਤੇ ਕਰਵਾਉਂਦਾ ਹੈ। 318 ਸਾਲ ਪੂਰਵ 1704 ਈਸਵੀ ਨੂੰ ਸਰਹਿੰਦ ਦੀ ਇਤਿਹਾਸਕ ਧਰਤੀ 'ਤੇ ਛੋਟੇ ਸਾਹਿਬਜ਼ਾਦਿਆਂ ਬਾਬਾ ਜ਼ੋਰਾਵਰ ਸਿੰਘ, ਫਤਿਹ ਸਿੰਘ ਅਤੇ ਮਾਤਾ ਗੁਜਰੀ ਜੀ ਦੀ ਸ਼ਹਾਦਤ ਨਾਲ ਖਾਲਸਾ ਪੰਥ ਦੇ ਸਿਰਜਣਹਾਰ ਦਸਮ ਜੋਤ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਸਰਬੰਸਦਾਨੀ ਕਹਿਲਾਏ। ਇਨ੍ਹਾਂ ਮਹਾਨ ਕੁਰਬਾਨੀਆਂ ਦੇ ਸਦਕਾ ਹੀ ਅੱਜ ਸਿੱਖ ਧਰਮ ਅਤੇ ਗੁਰੂਆਂ ਵੱਲੋਂ ਵਰਸਾਈ ਧਰਤੀ ਵਿਕਾਸ ਅਤੇ ਖੁਸ਼ਹਾਲੀ ਵੱਲ ਦਿਨ ਦੁੱਗਣੀ ਅਤੇ ਰਾਤ ਚੌਗੁਣੀ ਤਰੱਕੀ ਨਾਲ ਅੱਗੇ ਵੱਧ ਰਹੀ ਹੈ। ਇਨ੍ਹਾਂ ਮਹਾਨ ਸ਼ਹੀਦਾਂ ਨੂੰ ਸ਼ਰਧਾਂਜਲੀ ਅਰਪਿਤ ਕਰਦਿਆਂ ਮੈਂ ਪਰਵਾਰ ਸਮੇਤ ਨਤਮਸਤਕ ਹੁੰਦਾ ਹਾਂ।

**ਸਰਹਿੰਦ ਦੇ ਮਸ਼ਹੂਰ ਹਕੀਮ ਸ੍ਰੀ ਚਰੰਜੀ ਲਾਲ ਜੀ ਦੇ ਪੋਤਰੇ ਅਜੈ ਮੰਜੂ ਅਤੇ ਸਮੂਹ ਮੰਜੂ ਪਰਵਾਰ**


ਹਮ ਜਾਨ ਦੇ ਕੇ ਔਰੋਂ ਕੀ ਜਾਨੇਂ ਬਚਾ ਚਲੇ
ਸਿੱਖੀ ਕੀ ਨੀਵ ਹਮ ਹੈਂ ਸਰੋਂ ਪਰ ਉਠਾ ਚਲੇ

**ਛੋਟੇ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰ ਕੌਰ ਜੀ**
ਦੀ ਲਾਸਾਨੀ ਸ਼ਹਾਦਤ ਨੂੰ ਕੋਟਿ-ਕੋਟਿ ਪ੍ਰਣਾਮ





Lt. Sh. O.P. Verma, Founder of O.P. Jewellers
Sunil Verma

**OP JEWELLERS** SIRHIND
+91-1763-222603-04
+91-82644-45401
(ਖੇੜੇ ਵਾਲੇ)



ਮਿਤੀ 26 ਤੇ 27 ਦਸੰਬਰ 2023

ਧੰਨ ਧੰਨ ਅਮਰ ਸ਼ਹੀਦ
ਬਾਬਾ ਜੋਰਾਵਰ ਸਿੰਘ ਬਾਬਾ ਫਤਹਿ ਸਿੰਘ ਪਰਮ ਪੂਜਨਿਕ ਮਾਤਾ ਗੁਜਰ ਕੌਰ ਜੀ
ਦੀ ਮਹਾਨ ਲਾਸਾਨੀ ਕੁਰਬਾਨੀ ਦੀ ਯਾਦ ਨੂੰ ਸਮਰਪਿਤ

**ਮਹਾਨ ਸ਼ਹੀਦੀ ਸਮਾਗਮ**

**26-27 ਦਸੰਬਰ 2023**



ਸੰਤ ਬਾਬਾ ਹਰੀ ਸਿੰਘ ਜੀ ਰੰਧਾਵੇ ਵਾਲੇ

ਸਮਾਂ ਸਵੇਰੇ 11:00 ਵਜੇ ਤੋਂ ਰਾਤ 03:00 ਵਜੇ ਤੱਕ
ਮੁੱਖ ਸਥਾਨ: ਬੇਨਤੀ ਕਰਤਾ ਜੱਥਾ ਰੰਧਾਵਾ ਅਤੇ ਰਾੜਾ ਸਾਹਿਬ ਲੰਗਰਾਂ ਵਾਲੇ ਸਮੂਹ ਸੇਵਾਦਾਰ
ਸਪੰਰਕ : 98155-82053, 92162-25450
ਭਾਈ ਗੁਰਪ੍ਰੀਤ ਸਿੰਘ ਰੰਧਾਵਾ ਮੈਂਬਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧ ਕਮੇਟੀ, ਸ੍ਰੀ ਅੰਮ੍ਰਿਤਸਰ ਸਾਹਿਬ